Ad Space Available
Please Call
Ph: 847-359-0746


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Ad Space Available
Please Call
Ph: 847-359-0746



Twentieth Year of Publication | ਕੈਲੀਫੋਰਨੀਆ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 20, Issue 1, January 5, 2018 — 20451 N. Plum Grove Rd., Palatine, IL 60074 — Ph:847-359-0746, Fax:847-705-9388


# ਪੰਚਾਇਤੀ ਚੋਣਾਂ: ਕਾਂਗਰਸ ਨੇ ਚੰਮ ਦੀਆਂ ਚਲਾਈਆਂ

## ਸਰਪੰਚੀ ਦੇ ਨੱਬੇ ਫੀਸਦੀ ਉਮੀਦਵਾਰ ਜੇਤੂ ਰਹੇ

**ਚੰਡੀਗੜ੍ਹ:** ਪੰਜਾਬ ਵਿਚ ਪੰਚਾਇਤੀ ਚੋਣਾਂ ਦੌਰਾਨ ਸੱਤਾਧਾਰੀ ਕਾਂਗਰਸ ਦੀ ਚੜ੍ਹਤ ਰਹੀ। ਜਿਹੜੇ ਪਿੰਡਾਂ ਵਿਚ ਪਿਛਲੇ 10 ਸਾਲਾਂ ਤੋਂ ਅਕਾਲੀ ਜਥੇਦਾਰਾਂ ਦੀ ਤੂਤੀ ਬੋਲਦੀ ਸੀ, ਉਥੇ ਪਈਆਂ ਸਰਪੰਚੀ-ਪੰਚੀ ਦੀਆਂ ਚੋਣਾਂ ਵਿਚ ਕਾਂਗਰਸੀ ਆਗੂਆਂ ਦਾ ਜਾਦੂ ਸਿਰ ਚੜ੍ਹ ਬੋਲਿਆ ਹੈ। ਅਕਾਲੀ ਦਲ ਅਤੇ 'ਆਪ' ਦੇ ਉਮੀਦਵਾਰ ਭਾਵੇਂ ਬਹੁਤੇ ਪਿੰਡਾਂ ਵਿਚ ਸਿੱਧੇ ਤੌਰ 'ਤੇ ਸਾਹਮਣੇ ਨਹੀਂ ਆਏ ਸਨ, ਫਿਰ ਵੀ ਇਨ੍ਹਾਂ ਨੇ ਕਾਂਗਰਸ ਦੇ ਉਮੀਦਵਾਰਾਂ ਨੂੰ ਹਰਾਉਣ ਲਈ ਹਰ ਵਾਹ ਲਾਈ ਸੀ। ਇਨ੍ਹਾਂ ਚੋਣਾਂ ਦਾ ਸਿੱਧਾ ਸਬੰਧ ਭਾਵੇਂ ਹੋਰ ਚਹੁੰ ਮਹੀਨਿਆਂ ਨੂੰ ਆ ਰਹੀਆਂ ਲੋਕ ਸਭਾ ਚੋਣਾਂ ਨਾਲ ਨਹੀਂ ਹੈ ਪਰ ਸਿਆਸੀ ਮਾਹਿਰਾਂ ਦਾ ਆਖਣਾ ਹੈ ਕਿ ਇਸ ਦਾ ਅਸਰ ਲੋਕ ਸਭਾ ਚੋਣਾਂ ਉਤੇ ਪਵੇਗਾ।

ਸਰਪੰਚੀ ਦੀ ਚੋਣ ਲੜ ਰਹੇ ਕਾਂਗਰਸ ਦੇ 90 ਫੀਸਦੀ ਸਰਪੰਚ ਜੇਤੂ ਰਹੇ ਹਨ। ਕੁੱਲ 13175 ਸਰਪੰਚਾਂ ਵਿਚੋਂ 11241 ਸਰਪੰਚ ਕਾਂਗਰਸ ਪਾਰਟੀ ਨਾਲ ਸਬੰਧਤ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਕ੍ਰਮਵਾਰ 981 ਤੇ 100 ਸਰਪੰਚ ਹੀ ਚੁਣੇ ਗਏ ਹਨ। 813 ਸਰਪੰਚ ਹੋਰ ਛੋਟੀਆਂ ਪਾਰਟੀਆਂ ਤੇ ਆਜ਼ਾਦ ਉਮੀਦਵਾਰ ਵਜੋਂ ਚੁਣੇ ਗਏ। ਮਾਨਸਾ ਨੇੜਲੇ ਮੂਸੇ ਪਿੰਡ ਵਿਚ ਲੰਬਾ ਸਮਾਂ ਸਰਪੰਚੀ ਅਕਾਲੀ ਦਲ ਦਾ ਉਮੀਦਵਾਰ ਹੀ ਜਿੱਤਦੇ ਰਹੇ ਹਨ ਅਤੇ ਉਥੇ ਇਸ ਵਾਰ ਲਗਭਗ 599 ਵੋਟਾਂ 'ਤੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਮਾਤਾ ਚੋਣ ਜਿੱਤ ਗਈ। ਉਹ ਕਾਂਗਰਸੀ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਆਏ ਸਨ। ਬਾਦਲ ਪਿੰਡ 'ਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕਰੀਬੀ ਰਿਸ਼ਤੇਦਾਰ ਉਦੈਵੀਰ ਢਿੱਲੋਂ ਕਾਂਗਰਸ ਹਮਾਇਤੀ ਉਮੀਦਵਾਰ ਕੋਲੋਂ ਸਰਪੰਚੀ ਦੀ ਚੋਣ ਹਾਰ ਗਿਆ। 'ਆਪ' ਦੇ ਬਾਗੀ ਆਗੂ ਸੁਖਪਾਲ ਸਿੰਘ ਖਹਿਰਾ ਦੀ ਨਜ਼ਦੀਕੀ ਰਿਸ਼ਤੇਦਾਰ ਕਿਰਨਬੀਰ ਕੌਰ ਸਰਪੰਚੀ ਦੀ ਚੋਣ ਹਾਰ ਗਈ। ਨੂਰਪੁਰ ਬੇਦੀ ਬਲਾਕ ਦੇ ਸੰਵੇਦਨਸ਼ੀਲ ਐਲਾਨੇ ਗਏ ਪਿੰਡ ਕਲਵਾਂ 'ਚ ਸਰਪੰਚੀ ਦੀ ਚੋਣ ਲਈ ਖੜ੍ਹੀ ਉਮੀਦਵਾਰ ਰਾਜ ਰਾਣੀ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਜ਼ਿਲ੍ਹਾ ਇੰਚਾਰਜ ਬਲਜਿੰਦਰ ਕੌਰ ਨੂੰ 595 ਵੋਟਾਂ ਨਾਲ ਹਰਾਇਆ। ਰਾਜ ਰਾਣੀ ਨੂੰ 890 ਵੋਟਾਂ, ਜਦਕਿ ਬਲਜਿੰਦਰ ਕੌਰ ਨੂੰ ਸਿਰਫ 295 ਵੋਟਾਂ ਹੀ ਮਿਲੀਆਂ।

ਇਸ ਤਰ੍ਹਾਂ ਪਿੰਡ ਬਾਕਰਪੁਰ 'ਚ ਪਹਿਲੀ ਵਾਰ ਦੋ ਵਾਰਡਾਂ ਦੇ ਪੰਚਾਂ ਦੇ ਉਮੀਦਵਾਰਾਂ ਖਿਲਾਫ 'ਨੋਟਾ' ਦੀ ਜਿੱਤ ਹੋਈ। ਹਾਲਾਂਕਿ ਪੰਚਾਇਤ ਚੋਣਾਂ ਵਿਚ ਹੋਈ ਹਿੰਸਾ ਤੇ ਕਈ ਥਾਂਵਾਂ 'ਤੇ ਬੂਥਾਂ ਉਤੇ ਕਬਜ਼ਿਆਂ ਕਾਰਨ ਜਮਹੂਰੀਅਤ ਧੜੇਬਾਜ਼ੀ ਵਾਲੀ ਸਿਆਸਤ ਦਾ ਸ਼ਿਕਾਰ ਹੁੰਦੀ ਦਿਖਾਈ ਦਿੱਤੀ। ਫਿਰੋਜ਼ਪੁਰ ਜ਼ਿਲ੍ਹੇ ਦੇ ਮਮਦੋਟ ਵਿਚ ਇਕ ਵਿਅਕਤੀ ਦੇ ਹੋਏ ਕਤਲ, ਬੈਲਟ ਬਾਕਸ ਨੂੰ ਲਗਾਈ ਅੱਗ ਤੇ ਇਸੇ ਜ਼ਿਲ੍ਹੇ ਦੇ ਇਕ ਹੋਰ ਪਿੰਡ ਵਿਚ ਭਗਦੜ ਦੌਰਾਨ ਇਕ ਨੌਜਵਾਨ ਦੀ ਮੌਤ ਨੇ ਚੋਣ ਦੰਗਲ ਨੂੰ ਹਿੰਸਕ ਰੂਪ ਦੇ ਦਿੱਤਾ। ਪਟਿਆਲਾ, ਲੁਧਿਆਣਾ, ਜਲੰਧਰ, ਮੋਗਾ, ਗੁਰਦਾਸਪੁਰ, ਅੰਮ੍ਰਿਤਸਰ ਵਿਚ ਕੁਝ ਬੂਥਾਂ 'ਤੇ ਕਬਜ਼ੇ ਅਤੇ ਹਿੰਸਕ ਝੜਪਾਂ ਹੋਈਆਂ ਜਿਨ੍ਹਾਂ ਵਿਚ ਕੁਝ ਵਿਅਕਤੀ ਜ਼ਖਮੀ ਵੀ ਹੋਏ ਹਨ। ਇਕੱਲੇ ਪਟਿਆਲਾ ਵਿਚ ਦਰਜਨ ਦੇ ਕਰੀਬ ਪਿੰਡਾਂ ਵਿਚ ਇੱਟਾਂ-ਪੱਥਰ ਚੱਲਣ ਦੀਆਂ ਰਿਪੋਰਟਾਂ ਹਨ। ਉਧਰ, ਅਕਾਲੀ ਦਲ ਬਾਦਲ ਨੇ ਦੋਸ਼ ਲਾਏ ਕਿ ਪਹਿਲਾਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀ ਚੋਣਾਂ 'ਚ ਕਾਂਗਰਸ ਸਰਕਾਰ ਨੇ ਲੋਕਤੰਤਰ ਦਾ ਘਾਣ ਕੀਤਾ ਅਤੇ ਹੁਣ ਪਿੰਡਾਂ ਦੀਆਂ ਪੰਚਾਇਤ ਚੋਣਾਂ ਵਿਚ ਸਿੱਧੀ ਦਖਲਅੰਦਾਜ਼ੀ ਕਰ ਕੇ ਵੱਡੀ ਪੱਧਰ 'ਤੇ ਧੱਕੇਸ਼ਾਹੀਆਂ ਕੀਤੀਆਂ ਹਨ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਚਾਇਤ ਚੋਣਾਂ ਦੌਰਾਨ ਕਾਂਗਰਸ ਸਰਕਾਰ ਨੇ ਹਜ਼ਾਰਾਂ ਹੀ ਸਰਪੰਚੀ ਤੇ ਪੰਚੀ ਦੇ ਉਮੀਦਵਾਰਾਂ ਦੇ ਕਾਗਜ਼ ਰੱਦ ਕਰ ਦਿੱਤੇ ਜਾਂ ਦਾਖਲ ਨਹੀਂ ਹੋਣ ਦਿੱਤੇ ਅਤੇ ਅਦਾਲਤ ਦੇ ਹੁਕਮਾਂ ਦੀ ਵੀ ਪਰਵਾਹ ਨਹੀਂ ਕਰ ਰਹੀ।

ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿਚ ਕਾਂਗਰਸ ਦੇ ਵੱਡੇ ਆਗੂਆਂ ਦੇ ਵੱਖ-ਵੱਖ ਸਮਰਥਕ ਹੀ ਇਕ ਦੂਸਰੇ ਦੇ ਖਿਲਾਫ ਮੈਦਾਨ ਵਿਚ ਨਿੱਤਰੇ। ਕੁੱਲ 12,787,395 ਯੋਗ ਵੋਟਰਾਂ ਵਿਚੋਂ 85 ਫੀਸਦੀ ਨੇ ਆਪਣੀ ਵੋਟ ਹੱਕ ਦਾ ਇਸਤੇਮਾਲ ਕੀਤਾ ਜੋ ਸੂਬੇ ਲਈ ਇਕ ਰਿਕਾਰਡ ਹੈ। ਅੰਮ੍ਰਿਤਸਰ ਵਿਚ 68 ਫੀਸਦੀ, ਬਠਿੰਡਾ 84.75, ਫਤਹਿਗੜ੍ਹ ਸਾਹਿਬ 83.89, ਫਰੀਦਕੋਟ 83, ਫਾਜ਼ਿਲਕਾ 86, ਮੋਗਾ 78, ਸ੍ਰੀ ਮੁਕਤਸਰ ਸਾਹਿਬ 77.92, ਪਟਿਆਲਾ 82, ਪਠਾਨਕੋਟ 82, ਸਾਹਿਬਜ਼ਾਦਾ ਅਜੀਤ ਸਿੰਘ ਨਗਰ 84, ਸੰਗਰੂਰ 81 ਅਤੇ ਜਲੰਧਰ ਵਿਖੇ 75.21 ਫੀਸਦੀ ਵੋਟਾਂ ਪਈਆਂ।


*(ਪੰਚਾਇਤੀ ਚੋਣਾਂ ਸਬੰਧੀ ਹੋਰ ਖਬਰਾਂ ਸਫਾ 5 'ਤੇ ਪੜ੍ਹੋ)*


# ਸਿੱਖ ਕਤਲੇਆਮ: ਸੱਜਣ ਕੁਮਾਰ ਨੂੰ ਆਖਰਕਾਰ ਮਿਲੀ ਜੇਲ੍ਹ




**ਨਵੀਂ ਦਿੱਲੀ:** ਸਿੱਖ ਕਤਲੇਆਮ ਨਾਲ ਜੁੜੇ ਮਾਮਲੇ ਵਿਚ ਪਹਿਲੀ ਵਾਰ ਵੱਡੇ ਕੱਦ ਵਾਲੇ ਆਗੂ ਦੇ ਜੇਲ੍ਹ ਜਾਣ ਨਾਲ ਜਿਥੇ ਸਿੱਖ ਹਿਰਦਿਆਂ ਅਤੇ ਇਨਸਾਫ ਪਸੰਦ ਲੋਕਾਂ ਦੇ ਦਿਲਾਂ ਨੂੰ ਕੁਝ ਰਾਹਤ ਮਿਲੀ ਹੈ, ਉਥੇ ਹੀ ਦੇਸ਼ ਦੀ ਨਿਆਂ ਪ੍ਰਣਾਲੀ 'ਚ ਟੁੱਟਦਾ ਵਿਸ਼ਵਾਸ ਕੁਝ ਹੱਦ ਤੱਕ ਬਹਾਲ ਹੋਇਆ ਹੈ।

ਸਿੱਖ ਕਤਲੇਆਮ ਦੇ ਕੇਸ ਵਿਚ ਦੋਸ਼ੀ ਠਹਿਰਾਏ ਗਏ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਅਤੇ ਉਸ ਦੇ ਦੋ ਸਾਥੀਆਂ ਨੇ ਕੜਕੜਡੂਮਾ ਦੀ ਅਦਾਲਤ ਅੱਗੇ ਆਤਮ ਸਮਰਪਣ ਕਰ ਦਿੱਤਾ। ਦਿੱਲੀ ਹਾਈ ਕੋਰਟ ਵੱਲੋਂ ਤਾਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਮਗਰੋਂ ਉਸ ਨੂੰ 31 ਦਸੰਬਰ ਤੱਕ ਆਤਮ ਸਮਰਪਣ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਸੱਜਣ ਕੁਮਾਰ ਨੂੰ ਮੰਡੋਲੀ ਜੇਲ੍ਹ ਅਤੇ ਦੋ



*(ਬਾਕੀ ਸਫਾ 6 ਉਤੇ)*


## ਪਾਠਕਾਂ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 352ਵੇਂ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ

**ਨਵਾਂ ਸਾਲ 2019 ਮੁਬਾਰਕ !**


Tanya`s Beauty Salon

*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832


Fall Special Fare
Jan 10th to 31st March, 2019
ਦਿੱਲੀ $839
ਟੈਕਸ ਸਮੇਤ


WorldWide Travel
www.fly2world.com
866 66 INDIA
4 6 3 4 2
734 838 9998
24 ਘੰਟੇ ਐਮਰਜੈਂਸੀ ਸੇਵਾ
Fares shown are from Detroit and may change without notice, please call our office for more details. Other conditions apply.

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App

Sarbjit Singh Khakh
(Sabhi)
Accountant
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

**242-25 Braddock Ave., Bellerose, NY 11426**

## ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ

ਨਵਾਂ ਸਾਲ ਮੁਬਾਰਕ

## ਲੱਖ ਲੱਖ ਵਧਾਈ ਹੋਵੇ

ਨਵਾਂ ਸਾਲ ਮੁਬਾਰਕ

ਕਲਗੀਧਰ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 13 ਜਨਵਰੀ, ਐਤਵਾਰ ਨੂੰ ਆ ਰਿਹਾ ਹੈ, ਜੋ ਗੁਰਦੁਆਰਾ ਸੰਤ ਸਾਗਰ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਗੁਰਪੁਰਬ ਸਬੰਧੀ 7 ਜਨਵਰੀ 2019 ਤੋਂ ਪ੍ਰੋਗਰਾਮ ਉਲੀਕੇ ਗਏ ਹਨ। ਰੋਜ਼ਾਨਾ ਸ਼ਾਮ 5:30 ਤੋਂ ਰਾਤ 9 ਵਜੇ ਤੱਕ ਦੀਵਾਨ ਹੋਇਆ ਕਰਨਗੇ। ਰਾਗੀ ਜਥਾ ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲੇ ਅਤੇ ਕਥਾਵਾਚਕ ਭਾਈ ਅਜੈਬ ਸਿੰਘ ਕਰਨਾਲ ਵਾਲੇ ਤੇ ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਹਰ ਰੋਜ਼ ਦੀਵਾਨ ਵਿਚ ਹਾਜ਼ਰੀ ਭਰਨਗੇ।

### ਪ੍ਰੋਗਰਾਮ ਦਾ ਵੇਰਵਾ

**11 ਜਨਵਰੀ 2019 (ਸ਼ੁੱਕਰਵਾਰ)**

ਅਰੰਭ ਸ੍ਰੀ ਅਖੰਡ ਪਾਠ ਸਵੇਰੇ 9 ਵਜੇ

**12 ਜਨਵਰੀ 2019 (ਸਨਿਚਰਵਾਰ)**

ਮਹਾਨ ਕੀਰਤਨ ਦੀਵਨ: ਸ਼ਾਮ 5:30 ਵਜੇ ਤੋਂ

ਪਹੁੰਚ ਰਹੇ ਰਾਗੀ-ਢਾਡੀ ਜਥੇ ਤੇ ਕਥਾਵਾਚਕ:

ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲੇ
ਭਾਈ ਗੁਰਪ੍ਰੀਤ ਸਿੰਘ ਬੱਲੜ੍ਹਵਾਲ ਵਾਲੇ
ਭਾਈ ਬਲਜਿੰਦਰ ਸਿੰਘ ਪਿਹੋਵੇ ਵਾਲੇ
ਢਾਡੀ ਜਥਾ ਬੀਬੀ ਜਸਵਿੰਦਰ ਕੌਰ ਖਾਲਸਾ ਰਾਮਾਮੰਡੀ
ਕਥਾਵਾਚਕ ਭਾਈ ਅਜੈਬ ਸਿੰਘ ਕਰਨਾਲ ਵਾਲੇ

ਪ੍ਰਕਾਸ਼ ਦਿਹਾੜੇ ਕੀ ਕਥਾ: ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਕੀ ਕਥਾ ਰਾਤ 11:30 ਤੋਂ 12:05 ਵਜੇ ਤੱਕ ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ (ਹੈਡ ਗ੍ਰੰਥੀ, ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ ਵਾਲੇ) ਕਰਨਗੇ। ਸਤਿਗੁਰੂ ਜੀ ਕੇ ਪ੍ਰਕਾਸ਼ ਸਮੇਂ ਆਰਤੀ ਕੀਰਤਨ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਹੋਵੇਗੀ।

**13 ਜਨਵਰੀ 2019 (ਐਤਵਾਰ)**

ਅਖੰਡ ਪਾਠ ਦਾ ਭੋਗ ਸਵੇਰੇ 8:45 ਵਜੇ

ਉਪਰੰਤ 9:30 ਵਜੇ ਤੋਂ ਅਰੰਭ ਹੋ ਕੇ ਬਾਅਦ ਦੁਪਹਿਰ 2:30 ਵਜੇ ਤੱਕ ਦੀਵਾਨ ਸਜੇਗਾ। ਦੀਵਾਨ ਵਿਚ ਰਾਗੀ ਜਥਾ ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲੇ ਸ਼ਬਦ ਕੀਰਤਨ ਅਤੇ ਕਥਾਵਾਚਕ ਭਾਈ ਅਜੈਬ ਸਿੰਘ ਕਰਨਾਲ ਵਾਲੇ ਕਥਾ ਵਿਆਖਿਆ ਕਰਨਗੇ। ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ (ਹੈਡ ਗ੍ਰੰਥੀ, ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ) ਬਾਅਦ ਦੁਪਹਿਰ 1:40 ਤੋਂ 2:30 ਵਜੇ ਤੱਕ ਕਥਾ ਕਰਨਗੇ

ਐਤਵਾਰ ਸ਼ਾਮ 5:30 ਤੋਂ ਰਾਤ 9:30 ਵਜੇ ਤੱਕ ਦੀਵਾਨ ਸਜਾਏ ਜਾਣਗੇ ਜਿਸ ਵਿਚ ਉਪਰ ਲਿਖੇ ਕੀਰਤਨੀ ਜਥੇ ਅਤੇ ਕਥਾਵਾਚਕ ਹਾਜ਼ਰੀ ਲੈਣਗੇ।



### ਗੁਰੂ ਕਾ ਲੰਗਰ ਅਤੁੱਟ ਵਰਤੇਗਾ

**ਸਮੂਹ ਸੰਗਤਾਂ ਨੂੰ ਉਲੀਕੇ ਗਏ ਪ੍ਰੋਗਰਾਮਾਂ ਅਨੁਸਾਰ ਗੁਰੂ ਘਰ ਵਿਖੇ ਹਾਜਰੀ ਭਰ ਕੇ ਜੀਵਨ ਸਫਲ ਕਰਨ ਦੀ ਬੇਨਤੀ ਹੈ ਜੀ।**

**ਗੁਰੂ ਰੂਪ ਸੰਗਤਾਂ ਦਾ ਦਾਸ: ਭਾਈ ਸੱਜਣ ਸਿੰਘ, ਫੋਨ: 718-343-1030**

ਸਾਬਕਾ ਹਜੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ, ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

## ਟਿਊਬਵੈੱਲ ਕੁਨੈਕਸ਼ਨ ਲਈ ਕਿਸਾਨ ਨੂੰ ਕੱਢਣੇ ਪਏ ਤਰਲੇ

**ਸ਼ਿਵਪੁਰੀ:** ਮੱਧ ਪ੍ਰਦੇਸ਼ ਦੇ ਗੁਨਾ ਜ਼ਿਲ੍ਹੇ ਵਿਚ ਕਰਜ਼ੇ ਦੇ ਭਾਰ ਹੇਠ ਦੱਬੇ ਕਿਸਾਨ ਨੇ ਖ਼ੁਦਕੁਸ਼ੀ ਕਰ ਲਈ ਹੈ। ਮਾਂਡੀਖੇੜਾਂ ਦਾ ਨਾਗਜੀ ਭੀਲ 40,000 ਰੁਪਏ ਦਾ ਕਰਜ਼ਾਈ ਸੀ, ਜੋ ਹੁਣ ਵਧ ਕੇ 70,000 ਰੁਪਏ ਹੋ ਗਿਆ ਸੀ। ਪੁਲਿਸ ਸੂਤਰਾਂ ਅਨੁਸਾਰ ਕਿਸਾਨ ਨੇ ਦੁਖੀ ਹੋ ਕੇ ਕੀਟਨਾਸ਼ਕ ਦਵਾਈ ਪੀ ਲਈ। ਇਸ ਦੇ ਨਾਲ ਹੀ ਮੱਧ ਪ੍ਰਦੇਸ਼ ਦੇ ਸ਼ਿਵਪੁਰੀ ਵਿਚ ਟਿਊਬਵੈੱਲ ਕੁਨੈਕਸ਼ਨ ਲਈ ਤਰਲੇ ਕੱਢਦੇ ਇਕ ਕਿਸਾਨ ਦੀ ਵੀਡੀਓ ਸੋਸ਼ਲ ਮੀਡੀਆ ਦੇ ਉੱਤੇ ਵਾਇਰਲ ਹੋ ਗਈ ਹੈ।

ਰਨੌਦ ਪਿੰਡ ਦਾ ਕਿਸਾਨ ਕਿਸਾਨ ਅਜੀਤ ਜਾਟਵ ਜ਼ਿਲ੍ਹਾ ਕੁਲੈਕਟਰ ਦੇ ਦਫਤਰ ਵਿਚ ਆਪਣੀ ਫਰਿਆਦ ਲੈ ਕੇ ਗਿਆ ਸੀ ਅਤੇ ਸਵੇਰ ਤੋਂ ਉਹ ਉਡੀਕ ਕਰ ਰਿਹਾ ਸੀ ਪਰ ਦੁਪਹਿਰ ਨੂੰ ਜਦੋਂ ਡੀਸੀ ਅਨੁਗ੍ਰਾਹਾ ਪੀ ਦਫਤਰ ਵਿਚੋਂ ਨਿਕਲੀ ਤਾਂ ਕਿਸਾਨ ਉਸਦੇ ਪੈਰਾਂ ਵਿਚ ਪੈ ਗਿਆ ਸੀ।

## ਮਨਪ੍ਰੀਤ ਦੀ ਸਿਆਸੀ ਤਰੱਕੀ ਪਿੱਛੇ ਉਸ ਦੇ ਤਾਏ ਦਾ ਹੱਥ: ਗੁਰਦਾਸ ਬਾਦਲ

**ਲੰਬੀ:** ਪੰਜਾਬ ਦਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਜਿਸ ਵੀ ਸਿਆਸੀ ਸਟੇਜ 'ਤੇ ਹੈ, ਉਸ ਪਿੱਛੇ ਉਸ ਦੇ ਤਾਇਆ ਜੀ ਭਾਵ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਹੱਥ ਹੈ।

ਇਹ ਦਾਅਵਾ ਪੰਚਾਇਤ ਚੋਣਾਂ ਦੌਰਾਨ ਪਿੰਡ ਬਾਦਲ ਦੇ ਬੂਥ ਨੰ: 103 ਵਿਚ ਆਪਣੀ ਵੋਟ ਪਾਉਣ ਤੋਂ ਬਾਅਦ ਮਨਪ੍ਰੀਤ ਸਿੰਘ ਬਾਦਲ ਕੈਬਨਿਟ ਮੰਤਰੀ ਪੰਜਾਬ ਸਰਕਾਰ ਦੇ ਪਿਤਾ ਗੁਰਦਾਸ ਸਿੰਘ ਬਾਦਲ ਸਾਬਕਾ ਸੰਸਦ ਮੈਂਬਰ ਨੇ ਕੀਤਾ।

ਉਨ੍ਹਾਂ ਨੇ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਤਾਂ ਭਾਈ ਹੁਣ ਮੇਰੇ ਤੋਂ ਵੀ ਸਿਆਣਾ ਹੈ ਤੇ ਹੁਣ ਉਸ ਨੂੰ ਹੋਰ ਸਮਝਾਉਣ ਦੀ ਜ਼ਰੂਰਤ ਨਹੀਂ।

ਜਦ ਪੱਤਰਕਾਰਾਂ ਨੇ ਪੁੱਛਿਆ ਕਿ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਾਂਗ ਪੰਚਾਇਤੀ ਚੋਣਾਂ ਵਿਚ ਵੀ ਸਰਕਾਰ ਤੇ ਅਫਸਰ ਮਿਲ ਕੇ ਖਾਸਕਰ ਅਕਾਲੀ ਦਲ ਉਮੀਦਵਾਰਾਂ ਨਾਲ ਧੱਕੇਸ਼ਾਹੀਆਂ ਕਰ ਰਹੇ ਹਨ ਤਾਂ ਉਨ੍ਹਾਂ ਕਿਹਾ ਕਿ ਮੈਨੂੰ ਇਸ ਬਾਰੇ ਪਤਾ ਨਹੀਂ। ਉਨ੍ਹਾਂ ਨੇ ਐਨਾ ਜ਼ਰੂਰ ਕਿਹਾ ਕਿ ਇਹ ਚੋਣਾਂ ਸਿਰਫ ਪਿੰਡਾਂ ਦੇ ਵਿਕਾਸ ਦੇ ਆਧਾਰ 'ਤੇ ਹੋਣੀਆਂ ਚਾਹੀਦੀਆਂ ਹਨ, ਨਾ ਕਿ ਕਿਸੇ ਪਾਰਟੀ ਵਲੋਂ ਇਹ ਚੋਣਾਂ ਲੜੀਆਂ ਜਾਣ।


## ਗੁਰੂ ਗ੍ਰੰਥ ਸਾਹਿਬ ਖੋਜ ਕੇਂਦਰ ਲਈ ਗਰਾਂਟ ਮੰਗੀ

**ਫਤਿਹਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਯੂ.ਜੀ.ਸੀ. ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਗ੍ਰੰਥ ਸਾਹਿਬ ਖੋਜ ਕੇਂਦਰ ਲਈ ਮਨਜ਼ੂਰ ਕੀਤੀ ਗਰਾਂਟ ਵਿਚੋਂ 30 ਕਰੋੜ ਰੁਪਏ ਬਕਾਇਆ ਜਾਰੀ ਨਾ ਕਰਨ ਨੂੰ ਮੰਦਭਾਗਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਸੰਸਾਰ ਪੱਧਰ 'ਤੇ ਗੁਰੂ ਨਾਨਕ ਦੇਵ ਦਾ 550 ਸਾਲਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।

ਪ੍ਰੋ. ਬਡੂੰਗਰ ਨੇ ਕਿਹਾ ਕਿ 2011 ਵਿਚ ਕੇਂਦਰ ਸਰਕਾਰ ਨੇ ਯੂਨੀਵਰਸਿਟੀ ਵਿਚ ਗੁਰੂ ਗ੍ਰੰਥ ਸਾਹਿਬ ਖੋਜ ਕੇਂਦਰ ਲਈ 47 ਕਰੋੜ ਰੁਪਏ ਦੀ ਗਰਾਂਟ ਮਨਜ਼ੂਰ ਕੀਤੀ ਸੀ। ਇਸ ਵਿਚੋਂ ਹੁਣ ਤੱਕ ਕੇਵਲ 17 ਕਰੋੜ ਰੁਪਏ ਹੀ ਜਾਰੀ ਹੋਏ ਹਨ ਤੇ 30 ਕਰੋੜ ਰੁਪਏ ਅਜੇ ਬਕਾਇਆ ਹਨ। ਉਨ੍ਹਾਂ ਕਿਹਾ ਕਿ ਗਰਾਂਟ ਜਾਰੀ ਨਾ ਹੋਣ ਕਾਰਨ ਖੋਜਾਰਥੀਆਂ ਦਾ ਨੁਕਸਾਨ ਹੋ ਰਿਹਾ ਹੈ ਤੇ ਉਨ੍ਹਾਂ ਦਾ ਕੰਮ ਪ੍ਰਭਾਵਿਤ ਹੋ ਰਿਹਾ ਹੈ। ਖੋਜਾਰਥੀਆਂ ਦੇ ਭਵਿੱਖ ਨੂੰ ਮੱਦੇਨਜ਼ਰ ਰੱਖਦੇ ਹੋਏ ਯੂਜੀਸੀ ਨੂੰ ਬਕਾਇਆ ਗਰਾਂਟ ਜਲਦੀ ਤੋਂ ਜਲਦੀ ਜਾਰੀ ਕਰਨੀ ਚਾਹੀਦੀ ਹੈ।

## ਕ੍ਰਿਸਮਸ ਮੌਕੇ ਤਿੰਨ ਭਾਰਤੀ ਬੱਚੇ ਅੱਗ 'ਚ ਸੜੇ

**ਕੋਲਿਰਵਿਲ, ਟੈਨੇਸੀ:** ਇਥੇ ਇਕ ਘਰ ਅੰਦਰ ਕ੍ਰਿਸਮਸ ਦੇ ਜਸ਼ਨ ਉਸ ਸਮੇਂ ਮਾਤਮ 'ਚ ਤਬਦੀਲ ਹੋ ਗਏ ਜਦੋਂ ਅੱਗ ਲੱਗਣ ਕਰ ਕੇ ਮਹਿਲਾ ਅਤੇ ਤਿੰਨ ਭਾਰਤੀ ਬੱਚਿਆਂ ਦੀ ਮੌਤ ਹੋ ਗਈ। 'ਯੂ.ਐਸ.ਏ. ਟੂਡੇ' ਮੁਤਾਬਕ ਤਿਲੰਗਾਨਾ ਦੇ ਨਾਇਕ ਪਰਿਵਾਰ ਦੇ ਤਿੰਨ ਬੱਚੇ ਸ਼ੈਰੋਨ (17), ਜੁਆਇ (15) ਅਤੇ ਆਰੋਨ (14) ਅਤੇ ਕੋਲਿਰਵਿਲ ਦੀ ਕਾਰੀ ਕੂਡਰਿਏਟ ਅੱਗ 'ਚ ਮਾਰੇ ਗਏ। ਕੋਲਿਰਵਿਲ ਬਾਈਬਲ ਚਰਚ ਨੇ ਦੱਸਿਆ ਕਿ ਘਰ ਅੰਦਰ ਅੱਗ ਰਾਤ 11 ਵਜੇ ਦੇ ਕਰੀਬ ਲੱਗੀ। ਕੂਡਰਿਏਟ



*ਅੱਗ 'ਚ ਸੜ ਗਏ ਭਾਰਤੀ ਪਰਿਵਾਰ ਦੇ ਤਿੰਨ ਜੀਅ*

ਪਰਿਵਾਰ ਤਿੰਨੇ ਭਾਰਤੀ ਬੱਚਿਆਂ ਨਾਲ ਕ੍ਰਿਸਮਸ ਮਨਾ ਰਿਹਾ ਸੀ ਜੋ ਉਨ੍ਹਾਂ ਨਾਲ ਛੁੱਟੀਆਂ ਮਨਾਉਣ ਲਈ ਆਏ ਹੋਏ ਸਨ। ਤਿੰਨੇ ਭਾਰਤੀ ਬੱਚੇ ਮਿਸੀਸਿੱਪੀ 'ਚ ਫਰੈਂਚ ਕੈਂਪ ਅਕੈਡਮੀ 'ਚ ਪੜ੍ਹਦੇ ਸਨ।

ਮੀਡੀਆ ਮੁਤਾਬਕ ਕਾਰੀ ਦਾ ਪਤੀ ਡੈਨੀ ਅਤੇ ਪੁੱਤਰ ਕੋਲ, ਤਾਕੀਆਂ ਰਾਹੀਂ ਛਾਲ ਮਾਰ ਕੇ ਘਰ ਤੋਂ ਬਾਹਰ ਆਉਣ 'ਚ ਕਾਮਯਾਬ ਰਹੇ ਅਤੇ ਦੋਹਾਂ ਦੇ ਬਚਣ ਦੀ ਸੰਭਾਵਨਾ ਹੈ।

## ਭਾਰਤੀ ਮੂਲ ਦੇ ਪੁਲਿਸ ਅਫਸਰ ਦਾ ਕਤਲ

**ਨਿਊਮੈਨ, ਕੈਲੀਫੋਰਨੀਆ:** ਇਥੇ 33 ਸਾਲਾਂ ਭਾਰਤੀ ਮੂਲ ਦੇ ਪੁਲਿਸ ਅਧਿਕਾਰੀ ਦਾ ਇਕ ਅਣਪਛਾਤੇ ਵਿਅਕਤੀ ਵੱਲੋਂ ਉਸ ਸਮੇਂ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਜਦੋਂ ਉਹ ਟ੍ਰੈਫਿਕ ਕੰਟਰੋਲ ਕਰ ਰਹੇ ਸਨ। ਨਿਊਮੈਨ ਪੁਲਿਸ ਵਿਭਾਗ ਦੇ ਕਾਰਪੋਰਲ ਰੌਨਿਲ ਸਿੰਘ ਕ੍ਰਿਸਮਸ ਵਾਲੀ ਰਾਤ ਨੂੰ ਓਵਰਟਾਈਮ ਕਰ ਰਹੇ ਸਨ, ਜਦੋਂ ਉਨ੍ਹਾਂ ਨੂੰ ਕਿਸੇ ਨੇ ਗੋਲੀ ਮਾਰ ਦਿੱਤੀ।

ਜ਼ਖਮੀ ਅਧਿਕਾਰੀ ਨੂੰ ਸਥਾਨਕ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਅਧਿਕਾਰੀ ਨੇ ਦੱਸਿਆ ਕਿ ਪੁਲਿਸ ਦੇ ਮੌਕੇ ਉਤੇ ਪੁੱਜਣ ਤੋਂ ਪਹਿਲਾਂ ਹਮਲਾਵਰ ਫਰਾਰ ਹੋ ਚੁੱਕਾ ਸੀ। ਵਿਭਾਗ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਹਮਲਾਵਰ ਤੇ ਉਸ ਦੇ ਵਾਹਨ ਦੀਆਂ ਤਸਵੀਰਾਂ ਜਾਰੀ ਕੀਤੀਆਂ ਗਈਆਂ ਹਨ। ਰੌਨਿਲ ਸਿੰਘ ਨੂੰ ਨਿਊਮੈਨ ਪੁਲਿਸ ਵਿਭਾਗ ਵਿਚ ਕੰਮ ਕਰਦਿਆਂ ਸੱਤ ਸਾਲ ਹੋ ਗਏ ਸਨ।

## ਗਣਤੰਤਰ ਦਿਵਸ: ਮੁੱਖ ਮਹਿਮਾਨ ਹੋਣਗੇ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ

**ਨਵੀਂ ਦਿੱਲੀ:** ਦੇਸ਼ ਦੇ ਗਣਤੰਤਰ ਦਿਵਸ ਮੌਕੇ ਇਸ ਵਾਰ ਮੁੱਖ ਮਹਿਮਾਨ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਹੋਣਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਜਾਣਕਾਰੀ ਦਿੱਤੀ। ਸ੍ਰੀ ਮੋਦੀ ਨੇ 'ਮਨ ਕੀ ਬਾਤ' ਪ੍ਰੋਗਰਾਮ ਸਮੇਂ ਕਿਹਾ, 'ਇਸ ਸਾਲ ਅਸੀਂ ਮਹਾਤਮਾ ਗਾਂਧੀ ਦੀ 150ਵੀਂ ਜਨਮ ਵਰ੍ਹੇਗੰਢ ਮਨ੍ਹਾ ਰਹੇ ਹਾਂ ਅਤੇ ਇਸ ਵਾਰ ਗਣਤੰਤਰ ਦਿਵਸ ਮੌਕੇ ਮੁੱਖ ਮਹਿਮਾਨ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਹੋਣਗੇ। ਸਾਡੇ ਲਈ ਇਹ ਮਾਣ ਵਾਲੀ ਗੱਲ ਹੈ ਕਿਉਂਕਿ ਮਹਾਤਮਾ ਗਾਂਧੀ ਤੇ ਦੱਖਣੀ ਅਫਰੀਕਾ ਦਾ ਡੂੰਘਾ ਰਿਸ਼ਤਾ ਰਿਹਾ ਹੈ।'

ਸ੍ਰੀ ਮੋਦੀ ਨੇ ਕਿਹਾ ਕਿ ਜਨਵਰੀ ਮਹੀਨੇ ਗਣਤੰਤਰ ਦਿਵਸ ਸਮਾਗਮ ਨੂੰ ਲੈ ਕੇ ਦੇਸ਼ ਵਾਸੀਆਂ ਦੇ ਦਿਲਾਂ ਅੰਦਰ ਬਹੁਤ ਉਤਸ਼ਾਹ ਰਹਿੰਦਾ ਹੈ। ਉਸ ਦਿਨ ਅਸੀਂ ਆਪਣੀਆਂ ਉਨ੍ਹਾਂ ਮਹਾਨ ਹਸਤੀਆਂ ਨੂੰ ਯਾਦ ਕਰਦੇ ਹਾਂ ਜਿਨ੍ਹਾਂ ਦੇਸ਼ ਦਾ ਸੰਵਿਧਾਨ ਬਣਾਇਆ। ਉਨ੍ਹਾਂ ਕਿਹਾ ਕਿ ਸਰਦਾਰ ਪਟੇਲ ਨੇ ਆਪਣੀ ਪੂਰੀ ਜ਼ਿੰਦਗੀ ਦੇਸ਼ ਦੀ ਏਕਤਾ ਨੂੰ ਸਮਰਪਿਤ ਕਰ ਦਿੱਤੀ।

ਉਨ੍ਹਾਂ, 'ਸਰਦਾਰ ਪਟੇਲ ਦੀ ਦੇਸ਼ ਪ੍ਰਤੀ ਭਾਵਨਾ ਦਾ ਸਨਮਾਨ ਕਰਦੇ ਹੋਏ ਅਸੀਂ 'ਸਰਦਾਰ ਪਟੇਲ ਪੁਰਸਕਾਰ' ਸ਼ੁਰੂ ਕਰ ਰਹੇ ਹਾਂ। ਇਹ ਪੁਰਸਕਾਰ ਉਨ੍ਹਾਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਕਿਸੇ ਵੀ ਰੂਪ 'ਚ ਕੌਮੀ ਏਕਤਾ ਲਈ ਆਪਣਾ ਯੋਗਦਾਨ ਦਿੱਤਾ ਹੋਵੇ।' ਉਨ੍ਹਾਂ ਕਿਹਾ ਕਿ 13 ਜਨਵਰੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਵੀ ਹੈ।

## ਚੌਲ ਬਰਾਮਦ ਕਰਨ 'ਚ ਮੋਹਰੀ ਸੂਬਾ ਬਣਿਆ ਪੰਜਾਬ

**ਜਲੰਧਰ:** ਅਨਾਜ ਉਤਪਾਦਨ 'ਚ ਪੰਜਾਬ ਦੀ ਗਿਣਤੀ ਦੇਸ਼ ਦੇ ਮੋਹਰੀ ਰਾਜਾਂ ਵਿਚ ਹੁੰਦੀ ਹੈ ਪਰ ਚੌਲ ਬਰਾਮਦ ਕਰਨ ਵਾਲਾ ਵੀ ਪੰਜਾਬ ਮੋਹਰੀ ਸੂਬਾ ਬਣ ਗਿਆ ਹੈ। ਦੇਸ਼ ਤੋਂ ਸਭ ਤੋਂ ਜ਼ਿਆਦਾ ਚੌਲ ਈਰਾਨ ਨੂੰ ਬਰਾਮਦ ਕੀਤੇ ਗਏ ਹਨ। ਪਾਕਿਸਤਾਨ ਸਮੇਤ ਹੋਰ ਦੇਸ਼ਾਂ ਨਾਲ ਸਖਤ ਮੁਕਾਬਲੇ ਬਾਵਜੂਦ ਪੰਜਾਬ ਦੇ ਚੌਲਾਂ ਨੇ ਆਪਣੀ ਖ਼ੁਸ਼ਬੂ ਬਰਕਰਾਰ ਰੱਖੀ ਹੈ ਜਿਸ ਕਰ ਕੇ ਉਸ ਦੀ ਬਰਾਮਦ ਸਭ ਤੋਂ ਜ਼ਿਆਦਾ ਹੈ।

ਪੰਜਾਬ ਤੋਂ ਇਸ ਸਾਲ ਦੀ ਪਹਿਲੀ ਤਿਮਾਹੀ 'ਚ 31.76%, ਦੂਜੀ 'ਚ 38, ਤੀਜੀ 'ਚ 30.25, ਚੌਥੀ 'ਚ 23.18% ਅਤੇ ਹਰਿਆਣਾ ਤੋਂ ਪਹਿਲੀ ਤਿਮਾਹੀ 23.50%, ਦੂਜੀ 18. 79, ਤੀਜੀ 16.25 ਤੇ ਚੌਥੀ ਵਿਚ 17.41%, ਦਿੱਲੀ ਤੋਂ 14.84, 16.53, 16.37, 17.18% ਅਤੇ ਮਹਾਰਾਸ਼ਟਰ ਤੋਂ 10.45, 10.45, 14.42, 12.79%, ਛੱਤੀਸਗੜ੍ਹ ਤੋਂ 5.42, 2.31, 8.56 ਤੇ 14.49% ਤੇ ਹੋਰ ਰਾਜਾਂ ਤੋਂ 14.03, 13.93, 14.15, 14.95% ਚੌਲ ਬਰਾਮਦ ਕੀਤੇ ਗਏ ਹਨ। ਇਕ ਕੰਪਨੀ ਡਰਿੱਪ ਕੈਪੀਟਲ ਦੀ ਰਿਪੋਰਟ ਮੁਤਾਬਕ 2018-19 'ਚ ਦੇਸ਼ ਤੋਂ ਕੁੱਲ ਬਰਾਮਦ ਦਾ ਵਾਧਾ ਹੋਇਆ ਤੇ ਸਤੰਬਰ ਦੇ ਆਖਰ ਤੱਕ 6875 ਅਰਬ ਡਾਲਰ ਮੁੱਲ ਦੀਆਂ 62,112 ਖੇਪਾਂ ਰਵਾਨਾ ਕੀਤੀਆਂ ਸਨ। ਇਸ ਸਾਲ ਸਤੰਬਰ 'ਚ ਆਈ ਗਿਰਾਵਟ ਤੋਂ ਬਾਅਦ ਬੰਗਲਾ ਦੇਸ਼ 'ਚ ਹੋਣ ਵਾਲੇ ਬਰਾਮਦ ਵਿਚ ਕਾਫੀ ਵਾਧਾ ਦੇਖਿਆ ਗਿਆ। ਇਸ ਸਾਲ ਆਮ ਤਿਮਾਹੀ 'ਚ ਇਨ੍ਹਾਂ ਦੇਸ਼ਾਂ ਨੂੰ ਬਰਾਮਦ ਕੀਤੇ ਚੌਲਾਂ ਦੀ ਖੇਪ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਈਰਾਨ, ਸਾਊਦੀ ਅਰਬ, ਡੁਬਈ ਤੇ ਕੁਵੈਤ ਭਾਰਤੀ ਚੌਲ ਬਰਾਮਦ ਦੇ ਵੱਡੇ ਬਾਜ਼ਾਰ ਬਣੇ ਹੋਏ ਹਨ।

ਜੀ.ਐਸ.ਟੀ. ਦਾ ਚੌਲਾਂ ਦੀ ਬਰਾਮਦ 'ਤੇ ਕਾਫੀ ਘੱਟ ਅਸਰ ਪਿਆ ਹੈ। ਚੌਲਾਂ ਨੂੰ ਜੀ. ਐਸ. ਟੀ. ਤੋਂ ਛੋਟ ਦਿੱਤੀ ਗਈ ਹੈ। ਬਰਾਮਦਕਾਰਾਂ ਨੂੰ ਅਜੇ ਕਰੈਡਿਟ ਸਬੰਧੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਨਾਲ ਭਵਿੱਖ 'ਚ ਉਨ੍ਹਾਂ ਦੇ ਵਿਕਾਸ ਉਤੇ ਅਸਰ ਪੈ ਸਕਦਾ ਹੈ। ਭਾਰਤ ਦੇ ਬਰਾਮਦਕਾਰਾਂ ਲਈ ਬਾਜ਼ਾਰ ਵੀ ਖੁੱਲ ਰਹੇ ਹਨ ਜਿਸ 'ਚ ਚੀਨ ਨੂੰ ਸਭ ਤੋਂ ਵੱਡੇ ਮੌਕੇ ਵਜੋਂ ਦੇਖਿਆ ਜਾ ਰਿਹਾ ਹੈ। ਮੰਗ ਵਿਚ ਜ਼ਿਆਦਾ ਵਾਧੇ ਦੇ ਆਧਾਰ 'ਤੇ ਡਰਿੱਪ ਕੈਪੀਟਲ ਦੀ ਰਿਪੋਰਟ ਭਾਰਤੀ ਬਰਾਮਦਕਾਰਾਂ ਨੂੰ ਸੰਸਾਰ ਦੇ 6 ਹੋਰ ਬਾਜ਼ਾਰਾਂ ਕਤਰ, ਯਮਨ, ਇਜ਼ਰਾਈਲ, ਫਿਲਪਾਈਨਸ, ਕੀਨੀਆ, ਯੂਕਰੇਨ 'ਚ ਉਪਲਬਧ ਮੌਕੇ ਦਾ ਸੁਝਾਅ ਦਿੰਦੀ ਰਹੀ ਹੈ। ਖੋਜ ਕੰਪਨੀ ਦੇ ਪੁਸ਼ਕਰ ਮੁਕੇਸ਼ਵਰ ਨੇ ਦੱਸਿਆ ਕਿ ਇਸ ਤਿਮਾਹੀ ਵਿਚ ਹੁਣ ਤੱਕ ਨਵੰਬਰ 2018 ਭਾਰਤ ਦੇ ਮੋਹਰੀ 100 ਚੌਲ ਬਰਾਮਦਕਾਰਾਂ ਨੇ ਅਲੱਗ ਦੇਸ਼ਾਂ ਨੂੰ ਜਹਾਜ਼ ਤੋਂ 183 ਮਿਲੀਅਨ ਡਾਲਰ ਤੋਂ ਜਿਆਦਾ ਮੁੱਲ ਦੇ ਚੌਲ ਦੀ ਖੇਪ ਭੇਜੀ ਹੈ। ਸਾਲਾਨਾ ਮੌਸਮੀ ਮੰਗ ਵਧਣ ਅਤੇ ਚੀਨ ਨੂੰ ਵੱਧ ਗ਼ੈਰ-ਬਾਸਮਤੀ ਚੌਲ ਭੇਜਣ ਕਾਰਨ ਭਾਰਤੀ ਚੌਲ ਬਰਾਮਦਕਾਰ ਆਉਣ ਵਾਲੇ ਮਹੀਨਿਆਂ ਵਿਚ ਆਪਣੀ ਬਰਾਮਦ 'ਚ ਵਾਧਾ ਹੋਣ ਦੀ ਆਸ ਕਰ ਰਹੇ ਹਨ।

## ਪੀ.ਆਈ.ਏ. ਨੇ ਜਾਅਲੀ ਡਿਗਰੀਆਂ ਵਾਲੇ 50 ਮੁਲਾਜ਼ਮ ਕੱਢੇ

**ਲਾਹੌਰ:** ਪਾਕਿਸਤਾਨ ਦੀ ਕੌਮੀ ਹਵਾਈ ਸੇਵਾ ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ ਨੇ ਸੱਤ ਪਾਇਲਟਾਂ ਸਮੇਤ 50 ਮੁਲਾਜ਼ਮਾਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਹਨ। ਇਨ੍ਹਾਂ ਕੋਲ ਜਾਅਲੀ ਡਿਗਰੀਆਂ ਸਨ। ਪਾਕਿਸਤਾਨ ਸੁਪਰੀਮ ਕੋਰਟ ਦੇ ਵੱਲੋਂ ਜਾਅਲੀ ਡਿਗਰੀਆਂ ਵਾਲੇ ਪਾਇਲਟਾਂ ਅਤੇ ਹੋਰ ਅਮਲੇ ਵਿਰੁੱਧ ਸੁਣਾਏ ਫੈਸਲੇ ਬਾਅਦ ਏਅਰਲਾਈਨਜ਼ ਨੇ ਇਹ ਕਦਮ ਚੁੱਕਿਆ ਹੈ। ਪਾਕਿਸਤਾਨ ਸ਼ਹਿਰੀ ਹਵਾਬਾਜ਼ੀ ਅਥਾਰਿਟੀ ਵੱਲੋਂ ਜਾਰੀ ਕੀਤੇ ਬਿਆਨ ਅਨੁਸਾਰ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਪਾਇਲਟਾਂ ਅਤੇ ਹੋਰ ਅਮਲੇ ਵੱਲੋਂ ਸਬੰਧਤ ਸੰਸਥਾਵਾਂ ਤੋਂ ਹਾਸਲ ਕੀਤੀਆਂ ਡਿਗਰੀਆਂ ਜਾਅਲੀ ਹਨ।

ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ (ਪੀ.ਆਈ.ਏ.) ਦੇ ਬੁਲਾਰੇ ਮਸੂਦ ਤਾਜਵਰ ਅਨੁਸਾਰ ਸਟਾਫ ਦੇ ਜਿਨ੍ਹਾਂ ਵੀ ਮੈਂਬਰਾਂ ਕੋਲ ਜਾਅਲੀ ਡਿਗਰੀਆਂ ਸਨ, ਉਨ੍ਹਾਂ ਵਿਰੁੱਧ ਪੜਤਾਲ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਬਾਕੀ ਦੇ 400 ਸਟਾਫ ਮੈਂਬਰਾਂ ਦੀਆਂ ਡਿਗਰੀਆਂ ਦੀ ਵੀ ਜਾਂਚ-ਪੜਤਾਲ ਕੀਤੀ ਜਾ ਰਹੀ ਹੈ। ਸ਼ਹਿਰੀ ਹਵਾਬਾਜ਼ੀ ਅਥਾਰਿਟੀ ਦੇ ਡਾਇਰੈਕਟਰ ਜਨਰਲ ਹਸਨ ਬੇਗ ਨੇ ਉਨ੍ਹਾਂ ਪਾਇਲਟਾਂ ਅਤੇ ਮੁਲਾਜ਼ਮਾਂ ਦੀਆਂ ਸੇਵਾਵਾਂ ਵੀ ਮੁਅੱਤਲ ਕਰਨ ਦਾ ਐਲਾਨ ਕਰ ਦਿੱਤਾ ਹੈ, ਜਿਨ੍ਹਾਂ ਨੇ ਅਜੇ ਤੱਕ ਆਪਣੀਆਂ ਡਿਗਰੀਆਂ ਅਥਾਰਿਟੀ ਕੋਲ ਜਮ੍ਹਾਂ ਨਹੀਂ ਕਰਵਾਈਆਂ। ਉਨ੍ਹਾਂ ਕਿਹਾ ਕਿ ਪਾਇਲਟਾਂ ਦੇ ਲਾਇਸੈਂਸ ਉਦੋਂ ਤੱਕ ਮੁਅੱਤਲ ਰੱਖੇ ਜਾਣਗੇ ਜਦੋਂ ਤੱਕ ਉਹ ਉਹ ਲੋੜੀਂਦੇ ਦਸਤਾਵੇਜ਼ ਜਮ੍ਹਾਂ ਨਹੀਂ ਕਰਵਾ ਦਿੰਦੇ।

ਜ਼ਿਕਰਯੋਗ ਹੈ ਕਿ ਸ਼ਹਿਰੀ ਹਵਾਬਾਜ਼ੀ ਅਥਾਰਿਟੀ ਨੇ ਇਸ ਹਫਤੇ ਸੁਪਰੀਮ ਕੋਰਟ ਵਿਚ ਜਾਣਕਾਰੀ ਦਿੱਤੀ ਸੀ ਕਿ ਸੱਤ ਪਾਇਲਟਾਂ ਦੀ ਅਕਾਦਮਿਕ ਯੋਗਤਾ ਸਬੰਧੀ ਡਿਗਰੀਆਂ ਜਾਅਲੀ ਹਨ। ਸੁਪਰੀਮ ਕੋਰਟ ਪਾਇਲਟਾਂ ਦੀਆਂ ਡਿਗਰੀਆਂ ਦੀ ਪੜਤਾਲ ਨਾਲ ਸਬੰਧਤ ਇੱਕ ਮਾਮਲੇ ਦੀ ਸੁਣਵਾਈ ਕਰ ਰਹੀ ਸੀ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

**Michigan Truck Driving School**
6405 Middlebelt Road, Romulus, MI 48174

ਖੁਸ਼ਖਬਰੀ ! ਖੁਸ਼ਖਬਰੀ !! ਖੁਸ਼ਖਬਰੀ !!!
ਹੁਣ 48 ਸਟੇਟਾਂ ਵਿਚ ਮਨਜੂਰਸੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

Raj Jamarai Cell:734-644-1010 Office:734-747-4298

# ਸ਼ਹੀਦੀ ਜੋੜ ਮੇਲ: ਦੇਸ਼-ਵਿਦੇਸ਼ ਤੋਂ ਲੱਖਾਂ ਸੰਗਤਾਂ ਨੇ ਭਰੀ ਹਾਜ਼ਰੀ

**ਫਤਹਿਗੜ੍ਹ ਸਾਹਿਬ:** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਸਭਾ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਜਾਏ ਗਏ ਨਗਰ ਕੀਰਤਨ 'ਚ ਦੇਸ਼-ਵਿਦੇਸ਼ ਤੋਂ ਲੱਖਾਂ ਸੰਗਤਾਂ ਸਮੇਤ ਧਾਰਮਿਕ, ਰਾਜਨੀਤਕ ਤੇ ਸਮਾਜਿਕ ਸ਼ਖ਼ਸੀਅਤਾਂ ਦੇ ਨਾਲ-ਨਾਲ ਧਾਰਮਿਕ ਸਭਾ-ਸੁਸਾਇਟੀਆਂ, ਨਿਹੰਗ ਸਿੰਘ ਦਲਾਂ, ਗੁਰਮਤਿ ਟਕਸਾਲਾਂ ਦੇ ਨੁਮਾਇੰਦਿਆਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ।



ਨਗਰ ਕੀਰਤਨ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਤੱਕ ਸਜਾਇਆ ਗਿਆ। ਇਸ ਤੋਂ ਪਹਿਲਾਂ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਖੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਮੁੱਖ ਗ੍ਰੰਥੀ ਭਾਈ ਹਰਪਾਲ ਸਿੰਘ ਨੇ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਦੇ ਜੀਵਨ ਇਤਿਹਾਸ 'ਤੇ ਚਾਨਣਾ ਪਾਇਆ। ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਸੰਗਤੀ ਰੂਪ 'ਚ ਜਪੁਜੀ ਸਾਹਿਬ ਦੇ ਪਾਠ ਮਗਰੋਂ ਅਰਦਾਸ ਕੀਤੀ ਗਈ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਸਰਵਣ ਕਰਵਾਇਆ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਪੰਜ ਪਿਆਰਿਆਂ ਤੇ ਨਿਸ਼ਾਨਚੀ ਸਿੰਘਾਂ ਨੂੰ ਸਿਰੋਪਾਉ ਭੇਟ ਕੀਤੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਜੈਕਾਰਿਆਂ ਦੀ ਗੂੰਜ 'ਚ ਸੁਨਹਿਰੀ ਪਾਲਕੀ ਸਾਹਿਬ 'ਚ ਸੁਸ਼ੋਭਿਤ ਕੀਤਾ। ਨਗਰ ਕੀਰਤਨ 'ਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ, ਗਤਕਾ ਅਖਾੜਿਆਂ ਨੇ ਜੰਗਜੂ ਜੌਹਰ ਦਿਖਾਉਂਦਿਆਂ ਸਾਹਿਬਜ਼ਾਦਿਆਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਨਗਰ ਕੀਰਤਨ ਦੀ ਸਮਾਪਤੀ ਸਮੇਂ ਸਜਾਏ ਗੁਰਮਤਿ ਸਮਾਗਮ 'ਚ ਰਾਗੀ ਜਥਿਆਂ ਨੇ ਕੀਰਤਨ ਕੀਤਾ।

## ਸੰਗਤ ਵੱਲੋਂ ਅਕਾਲ ਤਖਤ ਦੇ ਜਥੇਦਾਰ ਦਾ ਵਿਰੋਧ

**ਫਤਹਿਗੜ੍ਹ ਸਾਹਿਬ:** ਨਗਰ ਕੀਰਤਨ ਦੀ ਸਮਾਪਤੀ ਮੌਕੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਵਿਖੇ ਸਜਾਏ ਗਏ ਗੁਰਮਤਿ ਸਮਾਗਮ ਵਿਚ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਿੱਖ ਕੌਮ ਦੇ ਨਾਂ ਸੰਦੇਸ਼ ਦੇ ਰਹੇ ਸਨ ਤਾਂ ਸੰਗਤ ਵਿਚੋਂ ਹੀ ਕੁਝ ਨਿਹੰਗ ਸਿੰਘਾਂ ਨੇ ਗਿਆਨੀ ਹਰਪ੍ਰੀਤ ਸਿੰਘ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ।

ਇਸ ਦੌਰਾਨ ਸੰਗਤ ਨੇ ਉਨ੍ਹਾਂ ਦਾ ਭਾਸ਼ਣ ਰੋਕਣ ਲਈ ਸਤਿਨਾਮ ਵਾਹਿਗੁਰੂ ਦਾ ਜਾਪ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਨਿਹੰਗ ਸਿੰਘ ਜੈਕਾਰੇ ਲਾਉਂਦੇ ਹੋਏ ਸਟੇਜ ਵੱਲ ਵਧ ਰਹੇ ਸਨ ਤਾਂ ਗਿਆਨੀ ਹਰਪ੍ਰੀਤ ਸਿੰਘ ਨੇ ਮੌਕੇ ਦੀ ਨਜ਼ਾਕਤ ਨੂੰ ਦੇਖਦਿਆਂ ਉਨ੍ਹਾਂ ਦੇ ਸਟੇਜ ਨੇੜੇ ਪਹੁੰਚਣ ਤੋਂ ਪਹਿਲਾਂ ਹੀ ਸੰਦੇਸ਼ ਸਮਾਪਤ ਕਰ ਦਿੱਤਾ।

ਵਿਰੋਧ ਕਰਨ ਵਾਲਿਆਂ ਵਿਚ ਸ਼ਾਮਲ ਗੁਰਮੁਖ ਸਿੰਘ ਵਾਸੀ ਆਨੰਦਪੁਰ ਸਾਹਿਬ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਨ ਵਾਲਿਆਂ ਨੂੰ ਸਜ਼ਾਵਾਂ ਕਿਉਂ ਨਹੀਂ ਦਿਵਾਉਂਦੇ? ਉਨ੍ਹਾਂ ਕਿਹਾ ਕਿ ਬਾਦਲਾਂ ਦੀ ਜੇਬ ਵਿਚੋਂ ਨਿਕਲਿਆ ਜਥੇਦਾਰ ਉਨ੍ਹਾਂ ਨੂੰ ਮਨਜ਼ੂਰ ਨਹੀਂ ਹੈ। ਜਥੇਦਾਰ ਕਰਨੈਲ ਸਿੰਘ ਪੰਜੋਲੀ ਸਮੇਤ ਕੁਝ ਐਸ.ਜੀ.ਪੀ.ਸੀ. ਮੈਂਬਰਾਂ ਅਤੇ ਸੰਗਤ ਨੇ ਨਿਹੰਗ ਸਿੰਘਾਂ ਦੀ ਇਸ ਕਾਰਵਾਈ ਦੀ ਨਿੰਦਾ ਕੀਤੀ। ਕੌਮ ਦੇ ਨਾਂ ਸੰਦੇਸ਼ ਦਿੰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਜਿੱਥੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਲਾਸਾਨੀ ਸ਼ਹਾਦਤ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ, ਉਥੇ ਹੀ ਪੰਥ ਵਿਰੋਧੀ ਲੋਕਾਂ ਦੀਆਂ ਚਾਲਾਂ ਤੋਂ ਕੌਮ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਆਖਿਆ ਕਿ ਕੁਝ ਮੁੱਠੀ ਭਰ ਲੋਕ ਸਿੱਖ ਕੌਮ ਨੂੰ ਸ੍ਰੀ ਅਕਾਲ ਤਖਤ ਸਾਹਿਬ ਨਾਲੋਂ ਤੋੜਨ ਦਾ ਯਤਨ ਕਰ ਰਹੇ ਹਨ ਅਤੇ ਇਨ੍ਹਾਂ ਲੋਕਾਂ ਦਾ ਮੰਤਵ ਕੇਵਲ ਪੰਥ ਨੂੰ ਕਮਜ਼ੋਰ ਕਰਨਾ ਹੈ।

### ਲੌਂਗੋਵਾਲ ਨੇ ਕੀਰਤਨ ਰਾਹੀਂ ਹਾਜ਼ਰੀ ਭਰੀ

**ਫਤਹਿਗੜ੍ਹ ਸਾਹਿਬ:** ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਫਤਹਿਗੜ੍ਹ ਸਾਹਿਬ ਵਿਚ ਅਖੰਡ ਕੀਰਤਨੀ ਜਥੇ ਦੇ ਸਾਲਾਨਾ ਕੇਂਦਰੀ ਸਮਾਗਮ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਹਾਜ਼ਰੀ ਭਰੀ। ਇਸ ਤੋਂ ਪਹਿਲਾਂ ਅਖੰਡ ਕੀਰਤਨੀ ਜਥੇ ਵੱਲੋਂ 15 ਦਸੰਬਰ ਤੋਂ ਸ਼ਹੀਦੀ ਸਭਾ ਦੇ ਪੰਜ ਅਖੰਡ ਪਾਠ ਸਾਹਿਬ ਕੀਤੇ ਗਏ ਸਨ। ਇਸ ਦੌਰਾਨ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਲੌਂਗੋਵਾਲ ਨੇ ਸ਼ਮੂਲੀਅਤ ਕੀਤੀ ਸੀ। ਗੁਰਦੁਆਰਾ ਜੋਤੀ ਸਰੂਪ ਸਾਹਿਬ ਵਿਚ ਸ਼ਹੀਦੀ ਸਭਾ ਦੇ ਰੈਣਿ ਸਬਾਈ ਕੀਰਤਨ ਦੌਰਾਨ ਭਾਈ ਲੌਂਗੋਵਾਲ ਨੇ ਕੀਰਤਨ ਕੀਤਾ।

# ਕਰਤਾਰਪੁਰ ਲਾਂਘਾ: ਸਿੱਖ ਸ਼ਰਧਾਲੂਆਂ ਨੂੰ ਨਿਯਮਾਂ ਦਾ ਕਰਨਾ ਪਵੇਗਾ ਪਾਲਣ

## ਪਾਕਿਸਤਾਨ ਨੇ ਵੀਜ਼ਾ ਮੁਕਤ ਯਾਤਰਾ ਲਈ ਭੇਜੀਆਂ ਸਿਫਾਰਸ਼ਾਂ

**ਇਸਲਾਮਾਬਾਦ:** ਪਾਕਿਸਤਾਨ ਨੇ ਕਰਤਾਰਪੁਰ ਲਾਂਘੇ ਰਾਹੀਂ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਵੀਜ਼ਾ-ਮੁਕਤ ਯਾਤਰਾ ਦੀ ਸਹੂਲਤ ਦੇਣ ਲਈ ਭਾਰਤ ਨੂੰ ਕੁਝ ਸਿਫਾਰਸ਼ਾਂ ਭੇਜੀਆਂ ਹਨ। ਰਿਪੋਰਟ 'ਚ ਦਾਅਵਾ ਕੀਤਾ ਹੈ ਕਿ ਇਸਲਾਮਾਬਾਦ ਨੇ ਨਵੀਂ ਦਿੱਲੀ ਨੂੰ 59 ਸਫ਼ਿਆਂ ਦਾ ਦਸਤਾਵੇਜ਼ ਭੇਜਿਆ ਹੈ, ਜਿਸ 'ਚ ਕਰਤਾਰਪੁਰ ਲਾਂਘੇ ਤੋਂ ਦਾਖਲੇ ਸਬੰਧੀ 14 ਅਹਿਮ ਸਿਫਾਰਸ਼ਾਂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਭਾਰਤੀ ਸ਼ਰਧਾਲੂਆਂ ਨੂੰ ਮੁਫ਼ਤ ਦਾਖਲਾ ਤੇ ਸਰਹੱਦ ਦੇ ਦੋਵੇਂ ਪਾਸੇ ਫੈਸਿਲੀਟੇਸ਼ਨ (ਸਹੂਲਤ) ਕੇਂਦਰਾਂ ਤੇ ਸੁਰੱਖਿਆ ਚੌਕੀਆਂ ਦੀ ਸਥਾਪਤੀ ਵੀ ਸ਼ਾਮਲ ਹੈ।

ਪ੍ਰਸਤਾਵ 'ਚ ਦਰਜ ਸ਼ਰਤਾਂ ਮੁਤਾਬਕ ਕਰਤਾਰਪੁਰ ਲਾਂਘੇ ਦੀ ਮਾਰਫਤ ਭਾਰਤੀ ਸ਼ਰਧਾਲੂ ਬਿਨਾਂ ਵੀਜ਼ਾ ਪਰਮਿਟ ਰਾਹੀਂ ਇਹ ਯਾਤਰਾ ਕਰ ਸਕਣਗੇ। ਦੋਵਾਂ ਦੇਸ਼ਾਂ ਨੂੰ ਆਪਣੇ-ਆਪਣੇ ਪਾਸੇ ਜਾਂਚ ਤੇ ਸੁਰੱਖਿਆ ਚੌਕੀਆਂ, ਸੜਕਾਂ, ਇਮੀਗ੍ਰੇਸ਼ਨ ਦਫਤਰ ਤੇ ਹੋਰ ਬੁਨਿਆਦੀ ਢਾਂਚੇ ਕਾਇਮ ਕਰਨੇ ਹੋਣਗੇ। ਸ਼ਰਧਾਲੂਆਂ ਦੀ ਗਿਣਤੀ ਤੇ ਉਨ੍ਹਾਂ ਸਬੰਧੀ ਹੋਰ ਜਾਣਕਾਰੀ ਦਾ ਮੁਕੰਮਲ ਰਿਕਾਰਡ ਰੱਖਿਆ ਜਾਵੇਗਾ। ਇਸ ਦੇ ਨਾਲ-ਨਾਲ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਆਉਣ ਵਾਲੇ ਭਾਰਤੀ ਸ਼ਰਧਾਲੂ ਨੂੰ ਚਾਰ ਪ੍ਰਮੁੱਖ ਸ਼ਰਤਾਂ ਦਾ ਪਾਲਣ ਕਰਨਾ ਹੋਵੇਗਾ, ਜਿਸ ਅਧੀਨ ਸ਼ਰਧਾਲੂ ਘੱਟੋ-ਘੱਟ 15 ਮੈਂਬਰਾਂ ਦੇ ਸਮੂਹ 'ਚ ਆਉਣਗੇ, ਹਰ ਇਕ ਦੇ ਕੋਲ ਭਾਰਤੀ ਪਾਸਪੋਰਟ ਤੇ ਸਕਿਓਰਿਟੀ ਕਲੀਅਰੈਂਸ ਸਰਟੀਫਿਕੇਟ ਹੋਣਾ ਲਾਜ਼ਮੀ ਰਹੇਗਾ, ਯਾਤਰਾ ਉਤੇ ਆਉਣ ਤੋਂ ਘੱਟੋ-ਘੱਟ ਤਿੰਨ ਦਿਨ ਪਹਿਲਾਂ ਸੂਚਨਾ ਦੇਣੀ ਹੋਵੇਗੀ ਅਤੇ ਸ਼ਰਧਾਲੂ ਗੁਰਦੁਆਰਾ ਸਾਹਿਬ 'ਚ ਆਉਣ 'ਤੇ ਉਥੋਂ ਬਾਹਰ ਨਹੀਂ ਜਾ ਸਕਣਗੇ।

ਯਾਤਰੂ ਉਥੇ ਰਾਤ ਨਹੀਂ ਰੁਕ ਸਕਣਗੇ ਅਤੇ ਨਿਰਧਾਰਤ ਕੀਤੇ ਸਮੇਂ ਦੇ ਅੰਦਰ ਉਨ੍ਹਾਂ ਨੂੰ ਵਾਪਸ ਪਰਤਣਾ ਹੋਵੇਗਾ। ਉਕਤ ਦੇ ਇਲਾਵਾ ਲਾਂਘੇ ਦੀ ਮਾਰਫਤ ਰੋਜ਼ਾਨਾ 500 ਸ਼ਰਧਾਲੂ ਹੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ 'ਚ ਪਹੁੰਚ ਸਕਣਗੇ ਤੇ ਉਨ੍ਹਾਂ ਨੂੰ ਰੋਜ਼ਾਨਾ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ 9 ਘੰਟੇ ਲਈ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਦੀ ਮਨਜ਼ੂਰੀ ਹੋਵੇਗੀ। ਸੁਰੱਖਿਆ ਨੂੰ ਧਿਆਨ 'ਚ ਰੱਖਦਿਆਂ ਸ਼ਰਧਾਲੂਆਂ ਨੂੰ ਆਉਣ ਤੋਂ ਇਨਕਾਰ ਕਰਨ ਜਾਂ ਯਾਤਰਾ ਲਈ ਦਿੱਤਾ ਸਮਾਂ ਘੱਟ ਕਰਨ ਦਾ ਪਾਕਿਸਤਾਨ ਸਰਕਾਰ ਨੂੰ ਪੂਰਾ ਹੱਕ ਹੋਵੇਗਾ। ਭਾਰਤ ਤੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਇਹ ਸਮਝਾਉਣਾ ਭਾਰਤ ਸਰਕਾਰ ਦੀ ਜ਼ਿੰਮੇਵਾਰੀ ਹੋਵੇਗੀ ਕਿ ਸ਼ਰਧਾਲੂ ਪਾਕਿਸਤਾਨ ਆਉਣ 'ਤੇ ਕਿਸੇ ਪ੍ਰਕਾਰ ਦਾ ਕੋਈ ਨਿਯਮ ਭੰਗ ਨਾ ਕਰਨ। ਇਸ ਲਾਂਘੇ ਨੂੰ ਲੈ ਕੇ ਜੇਕਰ ਭਵਿੱਖ 'ਚ ਕੋਈ ਵਿਵਾਦ ਉਠਦਾ ਹੈ ਤਾਂ ਦੋਵਾਂ ਦੇਸ਼ਾਂ ਦੇ ਕੂਟਨੀਤਕ ਸਾਂਝੇ ਤੌਰ ਉਤੇ ਉਸ ਨੂੰ ਹੱਲ ਕਰਨ ਦੇ ਉਪਰਾਲੇ ਕਰਨਗੇ। ਪਾਕਿਸਤਾਨ ਸਰਕਾਰ ਨੇ ਇਹ ਵੀ ਸ਼ਰਤ ਰੱਖੀ ਹੈ ਕਿ ਉਕਤ ਸਮਝੌਤੇ ਦਾ ਕੋਈ ਵੀ ਅਸਰ ਭਾਰਤ-ਪਾਕਿਸਤਾਨ ਵਿਚਾਲੇ ਹੋਏ ਪੁਰਾਣੇ ਦੁਵੱਲੇ ਸਮਝੌਤਿਆਂ 'ਤੇ ਨਹੀਂ ਪਵੇਗਾ ਅਤੇ ਭਵਿੱਖ 'ਚ ਜਦੋਂ ਵੀ ਦੋਵੇਂ ਦੇਸ਼ਾਂ ਵਿਚੋਂ ਕਿਸੇ ਨੇ ਵੀ ਸ੍ਰੀ ਕਰਤਾਰਪੁਰ ਸਾਹਿਬ-ਡੇਰਾ ਬਾਬਾ ਨਾਨਕ ਲਾਂਘੇ ਨੂੰ ਲੈ ਕੇ ਕੀਤਾ ਸਮਝੌਤਾ ਤੋੜਨਾ ਹੋਵੇ ਤਾਂ ਉਹ ਦੂਜੇ ਦੇਸ਼ ਨੂੰ ਘੱਟੋ-ਘੱਟ ਇਕ ਮਹੀਨਾ ਪਹਿਲਾਂ ਲਿਖਤੀ ਨੋਟਿਸ ਦੇਵੇਗਾ।



ਇਹ ਵੀ ਜਾਣਕਾਰੀ ਮਿਲੀ ਹੈ ਕਿ ਭਾਰਤ ਸਰਕਾਰ ਵੱਲੋਂ ਇਸ ਲਾਂਘੇ ਲਈ ਜੋ ਸ਼ਰਤਾਂ ਰੱਖੀਆਂ ਗਈਆਂ, ਉਨ੍ਹਾਂ ਅਨੁਸਾਰ ਕੋਈ ਵੀ ਭਾਰਤੀ ਸ਼ਰਧਾਲੂ ਸਾਲ 'ਚ ਸਿਰਫ ਇਕ ਵਾਰ ਹੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਦੇ ਦਰਸ਼ਨਾਂ ਲਈ ਜਾ ਸਕੇਗਾ। ਯਾਤਰਾ ਦਾ ਕੋਈ ਖਰਚ ਨਹੀਂ ਲਿਆ ਜਾਵੇਗਾ। ਯਾਤਰਾ 'ਤੇ ਜਾਣ ਦੇ ਇੱਛਕ ਆਨ-ਲਾਈਨ ਰਜਿਸਟਰੇਸ਼ਨ ਕਰਨਗੇ ਅਤੇ ਉਪਰੰਤ ਉਨ੍ਹਾਂ ਲਈ ਪੁਲਿਸ ਜਾਂਚ ਜ਼ਰੂਰੀ ਹੋਵੇਗੀ। ਇਸ ਯਾਤਰਾ ਦਾ ਲਾਭ ਪਰਵਾਸੀ (ਐਨ.ਆਰ.ਆਈ.) ਭਾਰਤੀ ਨਹੀਂ ਲੈ ਸਕਣਗੇ ਅਤੇ ਇਮੀਗ੍ਰੇਸ਼ਨ ਸਬੰਧੀ ਕਾਰਵਾਈ ਤੇ ਬਾਇਓਮਿਟ੍ਰਿਕ ਮਸ਼ੀਨਾਂ ਦੀ ਪ੍ਰਕਿਰਿਆ ਪੂਰੀ ਹੋਣ ਉਪਰੰਤ ਹੀ ਸ਼ਰਧਾਲੂ ਪਾਕਿਸਤਾਨ ਜਾ ਸਕਣਗੇ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਕੌਮਾਂਤਰੀ ਸਰਹੱਦ ਉਤੇ ਭਾਰਤ ਸਰਕਾਰ ਵੱਲੋਂ ਉਸਾਰੇ ਜਾਣ ਵਾਲੇ ਟਰਮੀਨਲ ਤੋਂ ਪਾਕਿਸਤਾਨ ਟਰਾਂਸਪੋਰਟ ਦੀਆਂ ਵਿਸ਼ੇਸ਼ ਬੱਸਾਂ ਰਾਹੀਂ ਸ਼ਰਧਾਲੂਆਂ ਨੂੰ ਪਾਕਿਸਤਾਨ ਇਮੀਗ੍ਰੇਸ਼ਨ ਦਫਤਰ ਤੱਕ ਪਹੁੰਚਾਇਆ ਜਾਵੇਗਾ। ਇਮੀਗ੍ਰੇਸ਼ਨ ਹਾਲ 'ਚ ਸ਼ਰਧਾਲੂਆਂ ਦੇ ਪਾਸਪੋਰਟ ਅਤੇ ਹੋਰ ਸਬੰਧਤ ਦਸਤਾਵੇਜ਼ਾਂ ਦੀ ਸ਼ਨਾਖਤ ਲਈ 12 ਕਾਊਂਟਰ ਸਥਾਪਤ ਕੀਤੇ ਜਾ ਰਹੇ ਹਨ। ਇਮੀਗ੍ਰੇਸ਼ਨ ਸਬੰਧੀ ਕਾਰਵਾਈ ਪੂਰੀ ਹੋਣ ਉਤੇ ਸ਼ਰਧਾਲੂ ਗੁਰਦੁਆਰਾ ਸਾਹਿਬ 'ਚ ਪ੍ਰਵੇਸ਼ ਕਰਨਗੇ ਅਤੇ ਦਿੱਤੇ ਸਮੇਂ ਦੌਰਾਨ ਉਹ ਗੁਰਦੁਆਰਾ ਸਾਹਿਬ ਵਿਚ ਬਿਨਾਂ ਕਿਸੇ ਰੁਕਾਵਟ ਦੇ ਦਰਸ਼ਨ ਕਰ ਸਕਣਗੇ।

## ਕਰਤਾਰਪੁਰ ਲਾਂਘਾ ਪਾਕਿਸਤਾਨ ਦੀ ਕੂਟਨੀਤਕ ਰਣਨੀਤੀ ਦਾ ਅਹਿਮ ਹਿੱਸਾ

**ਇਸਲਾਮਾਬਾਦ:** ਪਾਕਿਸਤਾਨ ਦਾ ਕਹਿਣਾ ਹੈ ਕਿ ਕਰਤਾਰਪੁਰ ਲਾਂਘਾ ਇਮਰਾਨ ਖਾਨ ਸਰਕਾਰ ਦੀ 'ਕੂਟਨੀਤਕ ਰਣਨੀਤੀ ਦੇ ਅਹਿਮ ਨੁਕਤਿਆਂ' ਵਿਚ ਸ਼ਾਮਲ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਮੁਹੰਮਦ ਫ਼ੈਜ਼ਲ ਨੇ ਇਹ ਵੀ ਮੰਨਿਆ ਕਿ ਭਾਰਤ ਨਾਲ ਟਕਰਾਅ ਵਾਲੇ ਬਹੁਤੇ ਮੁੱਦਿਆਂ 'ਤੇ ਫਿਲਹਾਲ ਕੋਈ 'ਉਸਾਰੂ ਸਹਿਮਤੀ' ਨਹੀਂ ਬਣ ਸਕੀ ਹੈ।




ਉਨ੍ਹਾਂ ਕਿਹਾ ਕਿ ਕਸ਼ਮੀਰ ਮੁੱਦਾ 'ਪਾਕਿਸਤਾਨ ਦੀ ਕੂਟਨੀਤਕ ਨੀਤੀ' ਵਿਚ ਪਹਿਲਾਂ ਵਾਂਗ ਸਿਖਰ 'ਤੇ ਹੀ ਹੈ। ਉਨ੍ਹਾਂ ਕਿਹਾ ਕਿ ਅਫ਼ਗਾਨਿਸਤਾਨ ਵਿਚ ਸ਼ਾਂਤੀ ਬਹਾਲੀ ਲਈ ਸਰਕਾਰ ਯਤਨਸ਼ੀਲ ਹੈ। ਵਿਦੇਸ਼ ਮੰਤਰਾਲੇ ਦੇ ਅਧਿਕਾਰੀ ਨੇ ਕਿਹਾ ਕਿ ਕਰਤਾਰਪੁਰ ਲਾਂਘੇ ਬਾਰੇ ਲਏ ਗਏ ਫੈਸਲੇ ਦਾ ਪੂਰੇ ਸੰਸਾਰ ਵਿਚ ਸਵਾਗਤ ਹੋਇਆ ਹੈ ਤੇ ਕਰਤਾਰਪੁਰ ਵਿਚ ਲਾਂਘੇ ਲਈ ਲੋੜੀਂਦੇ ਢਾਂਚੇ ਦੀ ਉਸਾਰੀ ਲਗਾਤਾਰ ਚੱਲ ਰਹੀ ਹੈ।

## ਭਾਰਤ ਸਰਕਾਰ ਨੇ ਵਿਖਾਈ ਸੁਸਤੀ

**ਬਟਾਲਾ:** ਕਰਤਾਰਪੁਰ-ਰਾਵੀ ਦਰਸ਼ਨ ਅਭਿਲਾਸ਼ੀ ਸੰਸਥਾ ਦੇ ਜਨਰਲ ਸਕੱਤਰ ਗੁਰਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਇਕ ਮਹੀਨਾ ਪਹਿਲਾ ਭਾਰਤ ਸਰਕਾਰ ਦੁਆਰਾ ਡੇਰਾ ਬਾਬਾ ਨਾਨਕ 'ਚ ਕਰਤਾਰਪੁਰ ਲਾਂਘੇ ਦੇ ਨੀਂਹ ਪੱਥਰ ਰੱਖਣ ਦੌਰਾਨ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਸਾਢੇ ਚਾਰ ਮਹੀਨਿਆਂ 'ਚ ਕੰਮ ਪੂਰਾ ਕਰਨ ਦਾ ਵਾਅਦਾ ਕੀਤਾ ਸੀ, ਪਰ ਮਹੀਨਾ ਲੰਘ ਜਾਣ ਉਤੇ ਇਕ ਇੰਚ ਵੀ ਕੰਮ ਨਹੀਂ ਹੋਇਆ। ਕੇਂਦਰੀ ਮੰਤਰੀ ਗਡਕਰੀ ਨੇ ਸਾਢੇ ਚਾਰ ਮਹੀਨੇ 'ਚ ਕੰਮ ਸੰਪੂਰਨ ਕਰਨ ਦਾ ਐਲਾਨ ਕੀਤਾ ਸੀ ਪਰ ਇਸ ਐਲਾਨ ਪਿੱਛੇ ਜ਼ਮੀਨੀ ਹਕੀਕਤ ਕੁਝ ਹੋਰ ਵੀ ਦਿਖਾਈ ਦੇ ਰਹੀ ਹੈ ਕਿਉਂਕਿ ਭਾਰਤ ਵਾਲੇ ਪਾਸਿਉਂ ਅਜੇ ਤੱਕ ਰੱਤੀ ਭਰ ਵੀ ਕੰਮ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਕੰਮ ਸ਼ੁਰੂ ਹੋਣ 'ਚ ਹੋ ਰਹੀ ਦੇਰੀ ਨੂੰ ਲੈ ਕੇ ਸ਼ਰਧਾਲੂਆਂ ਵਿਚ ਕਈ ਤਰ੍ਹਾਂ ਦੀ ਸ਼ੰਕਾ ਪੈਦਾ ਹੋ ਰਹੀ ਹੈ ਕਿ ਕਿਧਰੇ ਇਹ ਸਭ ਐਲਾਨ ਤੱਕ ਹੀ ਸੀਮਤ ਤਾਂ ਨਹੀਂ।

# ਹਰਿਮੰਦਰ ਸਾਹਿਬ ਨੂੰ ਜਾਂਦਾ ਰਸਤਾ ਹੋਵੇਗਾ ਪ੍ਰਦੂਸ਼ਣ ਮੁਕਤ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ 31 ਦਸੰਬਰ ਤੋਂ ਦਫਤਰੀ ਜਾਂ ਨਿੱਜੀ ਵਾਹਨ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਨਾ ਲੈ ਕੇ ਜਾਣ ਦਾ ਫੈਸਲਾ ਕੀਤਾ ਹੈ ਤਾਂ ਜੋ ਸ੍ਰੀ ਹਰਿਮੰਦਰ ਸਾਹਿਬ ਦੇ ਰਸਤੇ ਨੂੰ ਸੰਗਤ ਦੀ ਸਹੂਲਤ ਵਾਸਤੇ ਟਰੈਫਿਕ ਅਤੇ ਪ੍ਰਦੂਸ਼ਣ ਮੁਕਤ ਕੀਤਾ ਜਾ ਸਕੇ। ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਅਤੇ ਸਰਾਵਾਂ ਵਿਚ ਰੋਜ਼ਾਨਾ ਸੈਂਕੜਿਆਂ ਦੀ ਗਿਣਤੀ ਵਿਚ ਚਾਰ-ਪਹੀਆ ਵਾਹਨਾਂ ਦੀ ਆਵਾਜਾਈ ਹੁੰਦੀ ਹੈ।

ਖਾਸ ਕਰ ਕੇ ਸੁਲਤਾਨਵਿੰਡ ਗੇਟ ਰਸਤੇ ਇਹ ਆਵਾਜਾਈ ਸ੍ਰੀ ਹਰਿਮੰਦਰ ਸਾਹਿਬ ਤੱਕ ਚੱਲਦੀ ਹੈ ਜਿਸ ਕਾਰਨ ਹਮੇਸ਼ਾ ਜਾਮ ਲੱਗਾ ਰਹਿੰਦਾ ਹੈ। ਇਹ ਰਸਤਾ ਸ਼ਹਿਰ ਦੀ ਪੁਰਾਤਨ ਚਾਰਦੀਵਾਰੀ ਵਾਲਾ ਰਸਤਾ ਹੈ, ਜਿਥੇ ਤੰਗ ਤੇ ਭੀੜੇ ਬਾਜ਼ਾਰ ਹਨ, ਜੋ ਹੁਣ ਮੌਜੂਦਾ ਸਥਿਤੀ ਕਾਰਨ ਖੁੱਲ੍ਹੇ ਨਹੀਂ ਹੋ ਸਕਦੇ। ਇਸ ਇਲਾਕੇ ਨੂੰ ਸੰਗਤ ਦੀ ਸਹੂਲਤ ਲਈ ਖੁੱਲ੍ਹਾ ਅਤੇ ਪ੍ਰਦੂਸ਼ਣ ਮੁਕਤ ਰੱਖਣ ਵਾਸਤੇ ਵਾਹਨਾਂ ਦੀ ਆਵਾਜਾਈ ਨੂੰ ਘਟਾਉਣਾ ਹੀ ਇਸ ਦਿਸ਼ਾ ਵਿਚ ਸਹੀ ਫੈਸਲਾ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਨਵੇਂ ਸਾਲ ਦੀ ਆਮਦ 'ਤੇ ਸ਼੍ਰੋਮਣੀ ਕਮੇਟੀ ਨੇ ਇਸ ਦਿਸ਼ਾ ਵਿਚ ਨਵੀਂ ਪਹਿਲਕਦਮੀ ਕੀਤੀ ਹੈ।

31 ਦਸੰਬਰ ਤੋਂ ਸ਼੍ਰੋਮਣੀ ਕਮੇਟੀ ਦੇ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਦੀ ਦਫਤਰੀ ਜਾਂ ਨਿੱਜੀ ਗੱਡੀ ਇਸ ਖੇਤਰ ਵਿਚ ਨਹੀਂ ਜਾਵੇਗੀ। ਖਾਸ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੇ ਅੰਦਰ ਦਾਖਲ ਨਹੀਂ ਹੋਵੇਗੀ।

ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਭਰੋਸੇ ਵਿਚ ਲੈ ਕੇ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਹੈ, ਜਿਸ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਲਈ ਪਿਛਲੇ ਦੋ ਦਿਨ ਤੋਂ ਤਜਰਬਾ ਕੀਤਾ ਜਾ ਰਿਹਾ ਸੀ, ਜੋ ਸਫਲ ਰਿਹਾ ਹੈ। ਇਸ ਸਬੰਧ ਵਿਚ ਗੁਰਦੁਆਰਾ ਰਾਮਸਰ ਨੇੜੇ ਬਣਾਈ ਗਈ ਬਹੁਮੰਜ਼ਿਲੀ ਸਰਾਂ ਵਿਚ ਚਾਰ-ਪਹੀਆ ਵਾਹਨਾਂ ਨੂੰ ਖੜ੍ਹਾ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦਾ ਅਮਲਾ ਇਥੋਂ ਪੈਦਲ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਸ਼੍ਰੋਮਣੀ ਕਮੇਟੀ ਦੇ ਦਫਤਰ ਤੱਕ ਜਾਵੇਗਾ। ਉਨ੍ਹਾਂ ਦੱਸਿਆ ਕਿ ਸਿਰਫ ਹੰਗਾਮੀ ਸਥਿਤੀ ਵਿਚ ਹੀ ਕੋਈ ਵਾਹਨ ਅੱਗੇ ਜਾਵੇਗਾ।

# ਜੰਗ ਦਾ ਮੈਦਾਨ ਬਣੀਆਂ ਪੰਜਾਬ ਦੀਆਂ ਪੰਚਾਇਤ ਚੋਣਾਂ

**ਚੰਡੀਗੜ੍ਹ:** ਪੰਜਾਬ ਵਿਚ ਪੰਚਾਇਤ ਚੋਣਾਂ ਜੰਗ ਦਾ ਮੈਦਾਨ ਬਣ ਗਈਆਂ। ਵੋਟਾਂ ਵਾਲੇ ਦਿਨ ਖੁੱਲ੍ਹੇ ਕੇ ਡਾਂਗਾਂ ਸੋਟੇ ਚੱਲੇ। ਕਈ ਥਾਈਂ ਫਾਇਰਿੰਗ ਵੀ ਹੋਈ। ਹਿੰਸਾ ਦੀਆਂ ਘਟਨਾਵਾਂ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਤੇ ਵੱਡੀ ਗਿਣਤੀ ਜ਼ਖਮੀ ਹੋ ਗਏ। ਫਿਰੋਜ਼ਪੁਰ ਦੇ ਚੋਣ ਕੇਂਦਰ ਵਿਚ ਕੁਝ ਸ਼ਰਾਰਤੀਆਂ ਵੱਲੋਂ ਬੂਥ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਦੌਰਾਨ ਇਕ ਬਜ਼ੁਰਗ ਵੋਟਰ ਦੀ ਮੋਟਰ ਗੱਡੀ ਨਾਲ ਟਕਰਾਉਣ ਕਾਰਨ ਮੌਤ ਹੋ ਗਈ।

ਇਸ ਤੋਂ ਇਲਾਵਾ ਪਟਿਆਲਾ, ਲੁਧਿਆਣਾ, ਜਲੰਧਰ, ਮੋਗਾ, ਗੁਰਦਾਸਪੁਰ, ਅੰਮ੍ਰਿਤਸਰ ਵਿਚ ਕੁਝ ਬੂਥਾਂ 'ਤੇ ਕਬਜ਼ੇ ਅਤੇ ਹਿੰਸਕ ਝੜਪਾਂ ਹੋਈਆਂ ਜਿਨ੍ਹਾਂ ਵਿਚ ਕੁਝ ਵਿਅਕਤੀ ਜ਼ਖਮੀ ਵੀ ਹੋਏ ਹਨ। ਇਕੱਲੇ ਪਟਿਆਲਾ ਵਿਚ ਦਰਜਨ ਦੇ ਕਰੀਬ ਪਿੰਡਾਂ ਵਿਚ ਇੱਟਾਂ-ਪੱਥਰ ਚੱਲਣ ਦੀਆਂ ਰਿਪੋਰਟਾਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸੁਰਜੀਤ ਸਿੰਘ ਗੜ੍ਹੀ ਦੇ ਪਿੰਡ ਫਤਹਿਪੁਰ ਗੜ੍ਹੀ 'ਚ ਪੋਲਿੰਗ ਬੂਥ ਉਤੇ ਕੁਝ ਬਾਹਰਲੇ ਵਿਅਕਤੀਆਂ ਨੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ।

ਅਕਾਲੀ ਆਗੂ ਵੱਲੋਂ ਵਿਰੋਧ ਕੀਤੇ ਜਾਣ 'ਤੇ ਧੱਕਾ-ਮੁੱਕੀ ਵਿਚ ਉਸ ਦੀ ਪੱਗ ਵੀ ਲਹਿ ਗਈ। ਗੁੱਸੇ ਵਿਚ ਆਏ ਪਿੰਡ ਵਾਸੀਆਂ ਨੇ ਚੋਣ ਅਮਲੇ ਦੇ ਵਾਹਨ ਭੰਨ ਦਿੱਤੇ। ਇਸ ਪਿੰਡ ਤੋਂ ਅਕਾਲੀ ਆਗੂ ਦੀ ਪਤਨੀ ਸਰਪੰਚੀ ਦੀ ਚੋਣ ਲੜ ਰਹੀ ਹੈ। ਪਟਿਆਲਾ ਸ਼ਹਿਰ ਤੋਂ ਤਕਰੀਬਨ ਨੌਂ ਕਿਲੋਮੀਟਰ ਦੂਰ ਪੈਂਦੇ ਪਿੰਡ ਹੀਰਾਗੜ੍ਹ ਦੇ ਪੋਲਿੰਗ ਬੂਥ ਵਿਚ ਬਾਹਰਲੇ ਬੰਦਿਆਂ ਨੇ ਦਾਖਲ ਹੋਣ ਦਾ ਯਤਨ ਕੀਤਾ ਤਾਂ ਪਿੰਡ ਵਾਸੀਆਂ ਨੇ ਤਿੰਨ ਬੰਦਿਆਂ ਨੂੰ ਫੜ ਕੇ ਕਮਰੇ ਵਿਚ ਬੰਦ ਕਰ ਦਿੱਤਾ। ਜ਼ਿਲ੍ਹੇ ਦੇ ਝੁੱਗੀਆਂ, ਰਾਏਪੁਰ, ਧਰੇੜੀ ਜੱਟਾਂ, ਮਰਦਾਂਹੇੜੀ ਅਤੇ ਬੌਸਰ ਕਲਾਂ ਪਿੰਡ ਵਿਚ ਝਗੜੇ ਹੋਣ ਅਤੇ ਧੱਕੇ ਨਾਲ ਵੋਟਾਂ ਪਾਉਣ ਦੀਆਂ ਸ਼ਿਕਾਇਤਾਂ ਮਿਲੀਆਂ ਹਨ।

## ਵਿਆਪਕ ਹਿੰਸਾ-ਇਕ ਦੀ ਮੌਤ

ਮੋਗਾ ਜ਼ਿਲ੍ਹੇ ਦੇ ਦੀਨਾ ਪਿੰਡ ਵਿਚ ਗੋਲੀ ਚੱਲਣ ਅਤੇ ਮੁੱਲਾਂਪੁਰ ਦਾਖਾ ਵਿਚ ਕੁਝ ਬੂਥਾਂ 'ਤੇ ਕਬਜ਼ੇ ਦੀਆਂ ਰਿਪੋਰਟਾਂ ਹਨ। ਸੁਲਤਾਨਪੁਰ ਲੋਧੀ 'ਚ ਵੀ ਅਜਿਹੀਆਂ ਰਿਪੋਰਟਾਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੇ ਧੱਕੇਸ਼ਾਹੀ ਵਿਰੁੱਧ ਵੱਖ ਵੱਖ ਥਾਵਾਂ 'ਤੇ ਨਾਅਰੇਬਾਜ਼ੀ ਕੀਤੀ ਅਤੇ ਧਰਨੇ ਲਗਾਏ। ਪਟਿਆਲਾ-ਰਾਜਪੁਰਾ ਜੀਟੀ ਰੋਡ ਵੀ ਰੋਕੀ ਗਈ। ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਹਲਕੇ ਦੇ ਸ਼ਕੜੀ ਪਿੰਡ ਵਿਚ ਇਕ ਅਕਾਲੀ ਆਗੂ ਨੇ ਗੜਬੜ ਕਰਨ ਦੀ ਕੋਸ਼ਿਸ਼ ਕੀਤੀ। ਹਾਲਾਂਕਿ ਲੋਕਾਂ ਨੇ ਵੋਟ ਪ੍ਰਕਿਰਿਆ ਸਬੰਧੀ ਕਾਫੀ ਦਿਲਚਸਪੀ ਦਿਖਾਈ ਤੇ 80 ਫੀਸਦੀ ਪੋਲਿੰਗ ਹੋਈ। ਅੰਮ੍ਰਿਤਸਰ ਵਿਖੇ 68 ਫੀਸਦੀ, ਬਠਿੰਡਾ 84.75, ਫਤਹਿਗੜ੍ਹ ਸਾਹਿਬ 83.89, ਫਰੀਦਕੋਟ 83, ਫਾਜ਼ਿਲਕਾ 86, ਮੋਗਾ 78, ਸ੍ਰੀ ਮੁਕਤਸਰ ਸਾਹਿਬ 77.92, ਪਟਿਆਲਾ 82, ਪਠਾਨਕੋਟ 82, ਸਾਹਿਬਜ਼ਾਦਾ ਅਜੀਤ ਸਿੰਘ ਨਗਰ 84, ਸੰਗਰੂਰ 81 ਅਤੇ ਜਲੰਧਰ ਵਿਖੇ 75.21 ਫੀਸਦੀ ਵੋਟਾਂ ਪਈਆਂ। ਗੁਰਦਾਸਪੁਰ ਵਿਚ ਇਕ ਗ੍ਰਾਮ ਪੰਚਾਇਤ ਦੀ ਚੋਣ 'ਚ 2 ਉਮੀਦਵਾਰਾਂ ਦੇ ਨਾਮ ਨਾ ਛਪਣ ਕਾਰਨ ਉਥੋਂ ਦੀ ਚੋਣ ਮੁਲਤਵੀ ਕਰ ਦਿੱਤੀ ਗਈ। ਫਿਰੋਜ਼ਪੁਰ ਵਿਚ ਲਖਮੀਰ ਕੇ ਵਿਖੇ ਵੋਟਾਂ ਵਾਲੀ ਪੇਟੀ ਨੂੰ ਅੱਗ ਲਗਾਈ ਗਈ।



ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਸ਼ਕਰੀ 'ਚ ਪੰਚਾਇਤੀ ਚੋਣ ਮੌਕੇ ਮਾਹੌਲ ਉਸ ਸਮੇਂ ਤਣਾਅ ਵਾਲਾ ਬਣ ਗਿਆ, ਜਦੋਂ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਨੇ ਅਕਾਲੀ ਵਰਕਰਾਂ ਸਮੇਤ ਕਾਂਗਰਸ 'ਤੇ ਬੂਥ ਉਤੇ ਕਬਜ਼ਾ ਕਰਨ ਦਾ ਦੋਸ਼ ਲਗਾਉਂਦਿਆਂ ਧਰਨਾ ਲਗਾ ਦਿੱਤਾ। ਲੰਗਾਹ ਨੇ ਕਿਹਾ ਕਿ ਹਲਕਾ ਵਿਧਾਇਕ ਸੁਖੀ ਰੰਧਾਵਾ ਗੁੰਡਾਗਰਦੀ ਦੀਆਂ ਸਾਰੀਆਂ ਹੱਦਾ ਪਾਰ ਕਰ ਚੁੱਕੇ ਹਨ ਤੇ ਸਮਾਂ ਆਉਣ 'ਤੇ ਇਸ ਦਾ ਜਵਾਬ ਦਿਆਂਗੇ। ਪਿੰਡ ਚੋਰਾਂਵਾਲੀ ਦੇ ਵਾਸੀਆਂ ਵੱਲੋਂ ਚੋਣਾਂ ਦਾ ਬਾਈਕਾਟ ਕਰ ਕੇ ਐਸ.ਡੀ.ਐਮ. ਬਟਾਲਾ ਤੇ ਬੀ.ਡੀ.ਪੀ.ਓ. ਬਟਾਲਾ ਦੇ ਦਫਤਰਾਂ ਅੱਗੇ ਧਰਨਾ ਦਿੰਦਿਆਂ ਰੋਸ ਪ੍ਰਦਰਸ਼ਨ ਕੀਤਾ। ਜਲਾਲਾਬਾਦ ਦੇ ਪਿੰਡ ਝੁੱਗੇ ਟੇਕ ਸਿੰਘ ਵਿਖੇ ਚੋਣਾਂ ਦੌਰਾਨ ਬੂਥ ਨੰਬਰ 130 ਉਤੇ ਸ਼ਰਾਰਤੀ ਅਨਸਰਾਂ ਵੱਲੋਂ ਬੈਲਟ ਬਾਕਸ 'ਚ ਜਲਣਸ਼ੀਲ ਪਦਾਰਥ ਰਾਹੀਂ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ ਗਈ। ਸਰਪੰਚੀ ਦੇ ਉਮੀਦਵਾਰ ਅਮਰ ਸਿੰਘ ਨੇ ਦੱਸਿਆ ਕਿ ਵਿਰੋਧੀ ਉਮੀਦਵਾਰ ਜਸਵਿੰਦਰ ਸਿੰਘ ਦੇ ਭਰਾ ਬਲਵਿੰਦਰ ਸਿੰਘ ਨੇ ਇਹ ਕਾਰਾ ਕੀਤਾ ਹੈ। ਬੈਲਟ ਬਾਕਸ 'ਚ 10 ਦੇ ਕਰੀਬ ਵੋਟਾਂ ਖਰਾਬ ਹੋ ਗਈਆਂ। ਦਾਖਾ 'ਚ ਪੈਂਦੇ ਪਿੰਡ ਦੇਵਤਵਾਲ ਵਿਚ 2 ਪੋਲਿੰਗ ਬੂਥਾਂ 'ਤੇ ਕੁਝ ਲੋਕਾਂ ਵੱਲੋਂ ਬੈਲਟ ਪੇਪਰ ਚੋਰੀ ਕਰਨ ਤੇ ਜਾਅਲੀ ਵੋਟਾਂ ਪਾਉਣ ਤੋਂ ਬਾਅਦ ਹਵਾ 'ਚ ਗੋਲੀਆਂ ਚੱਲਣ ਦੀ ਸੂਚਨਾ ਮਿਲਦਿਆਂ ਹੀ ਅਧਿਕਾਰੀ ਮੌਕੇ 'ਤੇ ਪਹੁੰਚੇ। ਪਿੰਡ ਦੇਵਤਵਾਲ ਵਿਖੇ ਜਾਅਲੀ ਵੋਟਾਂ ਪਾਉਣ ਤੇ ਬੈਲਟ ਪੇਪਰ ਚੋਰੀ ਹੋਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਸਾਬਕਾ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਵਲੋਂ ਕਾਂਗਰਸ ਦੀ ਧੱਕੇਸ਼ਾਹੀ ਵਿਰੁੱਧ ਆਪਣੇ ਸਮਰਥਕਾਂ ਨੂੰ ਨਾਲ ਲੈ ਕੇ ਧਰਨਾ ਲਗਾ ਦਿੱਤਾ ਗਿਆ। ਇਯਾਲੀ ਨੇ ਕਿਹਾ ਕਿ ਅਕਾਲੀ ਉਮੀਦਵਾਰ ਦੀ ਸੰਭਾਵੀ ਜਿੱਤ ਤੋਂ ਬੁਖਲਾਹਟ 'ਚ ਆ ਕੇ ਕਾਂਗਰਸ ਦੇ ਕਰਿੰਦਿਆਂ ਨੇ ਹੁੱਲੜਬਾਜ਼ੀ ਕੀਤੀ ਤੇ ਹਵਾਈ ਫਾਇਰ ਕੀਤੇ।

ਬਠਿੰਡਾ ਜ਼ਿਲ੍ਹੇ ਦੇ ਪਿੰਡ ਜਲਾਲ 'ਚ 8-10 ਗੱਡੀਆਂ 'ਤੇ ਸਵਾਰ ਹੋ ਕੇ ਆਏ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਚਲਾਈਆਂ ਗਈਆਂ ਤੇ ਪਥਰਾਅ ਕਰਕੇ ਗੱਡੀਆਂ ਦੀ ਭੰਨ ਤੋੜ ਕੀਤੀ ਗਈ। ਇਸ ਤੋਂ ਇਲਾਵਾ ਪਿੰਡ ਦਿਓਣ ਵਿਖੇ ਨਤੀਜਿਆਂ ਨੂੰ ਲੈ ਕੇ ਹੋਈ ਬਹਿਸਬਾਜ਼ੀ ਉਪਰੰਤ ਪੱਥਰਬਾਜ਼ੀ ਨਾਲ ਇਕ ਪੁਲਿਸ ਮੁਲਾਜ਼ਮ ਜ਼ਖਮੀ ਹੋ ਗਿਆ। ਇਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਜ਼ਿਲ੍ਹੇ 'ਚ ਵੋਟਾਂ ਦਾ ਅਮਲ ਅਮਨ-ਅਮਾਨ ਨਾਲ ਸਮਾਪਤ ਹੋ ਗਿਆ।

## ਬਾਦਲ ਦੇ 'ਪੋਤੇ' ਦੀ ਪਿੱਠ ਲਵਾਉਣ ਵਾਲਾ ਜ਼ਬਰਜੰਗ ਇਕ ਸਾਧਾਰਨ ਕਿਸਾਨ

**ਬਠਿੰਡਾ:** ਬਾਦਲ ਪਿੰਡ ਦੇ ਸਾਧਾਰਨ ਕਿਸਾਨ ਨੇ ਸਾਬਕਾ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਪਿੰਡ ਵਿਚ ਹੀ ਰਿਸ਼ਤੇ ਵਿਚੋਂ ਉਨ੍ਹਾਂ ਦੇ ਪੋਤਰੇ ਨੂੰ ਸਰਪੰਚੀ ਦੀ ਚੋਣ ਵਿਚ ਹਰਾ ਦਿੱਤਾ। ਜ਼ਬਰਜੰਗ ਸਿੰਘ ਬਰਾੜ ਉਰਫ ਮੁੱਖਾ ਨੇ ਉਦੈਵੀਰ ਸਿੰਘ ਢਿੱਲੋਂ ਨੂੰ 376 ਵੋਟਾਂ ਨਾਲ ਮਾਤ ਦੇ ਕੇ ਸਰਪੰਚੀ ਜਿੱਤੀ। ਬੇਸ਼ੱਕ ਕਾਂਗਰਸ ਨੇ ਸਰਪੰਚੀ ਜਿੱਤ ਲਈ ਹੈ ਪਰ 10 ਮੈਂਬਰੀ ਪੰਚਾਇਤ ਵਿਚ ਪੰਜ ਅਕਾਲੀ ਪੰਚਾਂ ਨੇ ਵੀ ਆਪਣੀ ਥਾਂ ਬਣਾ ਲਈ ਹੈ।




ਪਿੰਡ ਬਾਦਲ ਦੀ ਪੰਚਾਇਤ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਕਾਂਗਰਸ ਹੱਥੋਂ ਨਾਮੋਸ਼ੀਜਨਕ ਹਾਰ ਦੇਣ ਵਾਲਾ ਕੋਈ ਧਨਾਢ ਜਾਂ ਰਸੂਖਵਾਨ ਨਹੀਂ ਬਲਕਿ, ਸਾਢੇ ਤਿੰਨ ਏਕੜ ਜ਼ਮੀਨ ਦੇ ਮਾਲਕ ਤੇ ਨਿਮਨ ਕਿਸਾਨ ਜ਼ਬਰਜੰਗ ਸਿੰਘ ਹੈ। ਉਦੈਵੀਰ, ਮਰਹੂਮ ਨੰਬਰਦਾਰ ਮਹਿੰਦਰ ਸਿੰਘ ਢਿੱਲੋਂ ਦਾ ਪੋਤਰਾ ਹੈ ਤੇ ਵੱਡਾ ਸਰਮਾਏਦਾਰ ਅਤੇ ਦਿੱਲੀ ਤੋਂ ਬੀ.ਕਾਮ. ਪਾਸ ਹੈ, ਜਦਕਿ ਮੁੱਖਾ ਬਾਰ੍ਹਵੀਂ ਪਾਸ ਹੈ ਤੇ ਤਿੰਨ ਧੀਆਂ ਦਾ ਪਿਤਾ ਹੈ। ਜ਼ਬਰਜੰਗ ਸਿੰਘ ਨੂੰ ਕਾਂਗਰਸੀ ਲੀਡਰ ਮਹੇਸ਼ਇੰਦਰ ਸਿੰਘ ਬਾਦਲ ਤੇ ਸਾਬਕਾ ਮੰਤਰੀ ਹਰਦੀਪਇੰਦਰ ਸਿੰਘ ਦੀ ਹਮਾਇਤ ਹਾਸਲ ਹੈ। ਉਸ ਦੀ ਜਿੱਤ ਦਾ ਵੱਡਾ ਕਾਰਨ ਲੋਕਾਂ ਨਾਲ ਜ਼ਮੀਨੀ ਪੱਧਰ 'ਤੇ ਤਾਲਮੇਲ ਦੱਸਿਆ ਜਾ ਰਿਹਾ ਹੈ। ਉਦੈਵੀਰ ਦੀ ਹਾਰ ਦਾ ਵੱਡਾ ਕਾਰਨ ਉਸ ਦਾ ਜ਼ਿਆਦਾਤਰ ਪਿੰਡ ਤੋਂ ਬਾਹਰ ਰਹਿਣਾ ਦੱਸਿਆ ਜਾ ਰਿਹਾ ਹੈ। ਪਿੰਡ ਬਾਦਲ 'ਚ ਕੁੱਲ 2,919 ਵੋਟਰ ਹਨ।

## ਸੂਬਾ ਚੋਣ ਕਮਿਸ਼ਨ ਨੇ ਪੱਖਪਾਤੀ ਭੂਮਿਕਾ ਨਿਭਾਈ: ਸੁਖਬੀਰ

**ਸ੍ਰੀ ਮੁਕਤਸਰ ਸਾਹਿਬ:** ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਪਹਿਲਾਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ 'ਚ ਕਾਂਗਰਸ ਸਰਕਾਰ ਨੇ ਲੋਕਤੰਤਰ ਦਾ ਘਾਣ ਕੀਤਾ ਅਤੇ ਹੁਣ ਪਿੰਡਾਂ ਦੀਆਂ ਪੰਚਾਇਤ ਚੋਣਾਂ ਵਿਚ ਸਿੱਧੀ ਦਖਲਅੰਦਾਜ਼ੀ ਕਰ ਕੇ ਵੱਡੀ ਪੱਧਰ 'ਤੇ ਧੱਕੇਸ਼ਾਹੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਪੰਚਾਇਤ ਚੋਣਾਂ ਦੌਰਾਨ ਕਾਂਗਰਸ ਸਰਕਾਰ ਨੇ ਹਜ਼ਾਰਾਂ ਹੀ ਸਰਪੰਚੀ ਤੇ ਪੰਚੀ ਦੇ ਉਮੀਦਵਾਰਾਂ ਦੇ ਕਾਗਜ਼ ਰੱਦ ਕਰ ਦਿੱਤੇ ਜਾਂ ਦਾਖਲ ਨਹੀਂ ਹੋਣ ਦਿੱਤੇ ਅਤੇ ਅਦਾਲਤ ਦੇ ਹੁਕਮਾਂ ਦੀ ਵੀ ਪਰਵਾਹ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਪੰਚਾਇਤੀ ਚੋਣਾਂ 'ਚ ਧਾਂਦਲੀਆਂ ਦੀ ਸੀ.ਬੀ.ਆਈ. ਜਾਂਚ ਕਰਵਾਈ ਜਾਵੇ। ਅਕਾਲੀ-ਭਾਜਪਾ ਸਰਕਾਰ ਆਉਣ 'ਤੇ ਇਸ ਦੀ ਜਾਂਚ ਕਰਵਾਈ ਜਾਵੇਗੀ।

## ਮਨਪ੍ਰੀਤ ਸਿੰਘ ਬਾਦਲ ਦੀ ਜਾਅਲੀ ਵੋਟ ਭੁਗਤੀ

**ਮੰਡੀ ਕਿੱਲਿਆਂਵਾਲੀ:** ਪੰਜਾਬ ਸਰਕਾਰ ਵੱਲੋਂ ਨਿਰਪੱਖ ਪੰਚਾਇਤ ਚੋਣਾਂ ਕਰਵਾਉਣ ਦੇ ਫੋਕੇ ਦਾਅਵਿਆਂ ਦੇ ਸ਼ਿਕਾਰ ਸੂਬੇ ਦੇ ਵਜ਼ੀਰ-ਏ-ਖਜ਼ਾਨਾ ਹੀ ਹੋ ਗਏ। ਪਿੰਡ ਬਾਦਲ ਵਿਖੇ ਚੋਣ ਬੂਥ 103 'ਤੇ ਵਾਰਡ ਅੱਠ ਦੀ ਵੋਟ ਨੰਬਰ 14 ਦੀ ਜਾਅਲੀ ਵੋਟ ਭੁਗਤ ਗਈ। ਇਹ ਵੋਟ ਨੰਬਰ ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਹੈ, ਜੋ ਕਿ ਪੰਜਾਬ ਤੋਂ ਬਾਹਰ ਕਿਸੇ ਕਾਨਫਰੰਸ ਵਿਚ ਹਿੱਸਾ ਲੈਣ ਗਏ ਹੋਏ ਹਨ। ਅਜਿਹੇ ਵਿਚ ਸੂਬੇ ਦੇ ਕੈਬਨਿਟ ਮੰਤਰੀ ਦੀ ਵੋਟ ਦਾ ਜਾਅਲੀ ਤੌਰ 'ਤੇ ਭੁਗਤਣਾ ਸਰਕਾਰੀ ਪ੍ਰਬੰਧਾਂ ਅਤੇ ਸਮਾਜਿਕ ਮਾਹੌਲ ਦੇ ਵਿਗੜਦੇ ਪਰਿਦ੍ਰਿਸ਼ ਨੂੰ ਜ਼ਾਹਰ ਕਰਦਾ ਹੈ।



ਮਨਪ੍ਰੀਤ ਸਿੰਘ ਬਾਦਲ ਦੀ ਵੋਟ ਜਾਅਲੀ ਭੁਗਤਣ ਦਾ ਖੁਲਾਸਾ ਹੋਣ 'ਤੇ ਚੋਣ ਬੂਥ ਵਿਚ ਅਮਲੇ ਅਤੇ ਪੋਲਿੰਗ ਏਜੰਟਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਚੋਣ ਅਮਲੇ ਅਤੇ ਪ੍ਰੀਜ਼ਾਈਡਿੰਗ ਅਫਸਰ ਦੇਵ ਵਰਤ ਨੇ ਆਖਿਆ ਕਿ ਮਨਪ੍ਰੀਤ ਸਿੰਘ ਤਾਂ ਵੋਟ ਪਾਉਣ ਲਈ ਨਹੀਂ ਪੁੱਜੇ ਅਤੇ ਨਾ ਉਨ੍ਹਾਂ ਨੂੰ ਇਹ ਪਤਾ ਕਿ ਵੋਟ ਕਿਸ ਨੇ ਪਾਈ ਹੈ। ਇੰਨਾ ਜ਼ਰੂਰ ਹੈ ਕਿ ਸਾਰੇ ਉਮੀਦਵਾਰਾਂ ਦੇ ਪੋਲਿੰਗ ਏਜੰਟਾਂ ਨੇ ਆਪਸੀ ਸਹਿਮਤੀ ਨਾਲ ਖਜ਼ਾਨਾ ਮੰਤਰੀ ਦੀ ਵੋਟ ਭੁਗਤਾਈ ਹੈ।

## ਗਾਇਕ ਸਿੱਧੂ ਮੂਸੇ ਵਾਲਾ ਦੀ ਮਾਂ ਬਣੀ ਸਰਪੰਚ

**ਮਾਨਸਾ:** ਨੌਜਵਾਨਾਂ ਦੇ ਚਹੇਤੇ ਗਾਇਕ ਸਿੱਧੂ ਮੂਸੇ ਵਾਲੇ ਦੀ ਮਾਤਾ ਚਰਨ ਕੌਰ ਪਿੰਡ ਮੂਸਾ ਤੋਂ ਸਰਪੰਚ ਦੀ ਚੋਣ ਜਿੱਤ ਗਏ। ਉਨ੍ਹਾਂ ਆਪਣੀ ਵਿਰੋਧੀ ਮਨਜੀਤ ਕੌਰ ਨੂੰ 599 ਵੋਟਾਂ ਦੇ ਫਰਕ ਨਾਲ ਹਰਾਇਆ ਹੈ।

ਜ਼ਿਕਰਯੋਗ ਹੈ ਕਿ ਗਾਇਕ ਮੂਸੇ ਵਾਲਾ, ਜਿਸ ਨੇ ਆਪਣੀ ਮਾਤਾ ਦੀ ਚੋਣ ਮੁਹਿੰਮ ਖੁਦ ਸੰਭਾਲੀ ਹੋਈ ਸੀ ਅਤੇ ਇਸੇ ਕਾਰਨ ਪਿੰਡ ਦੀ ਸਰਪੰਚ ਦੀ ਚੋਣ 'ਤੇ ਦੇਸ਼-ਵਿਦੇਸ਼ ਦੇ ਪੰਜਾਬੀਆਂ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਸਨ ਅਤੇ ਪਿਛਲੇ ਦਿਨਾਂ ਦੌਰਾਨ ਬਿਜਲਈ ਤੇ ਸੋਸ਼ਲ ਮੀਡੀਆ ਤੋਂ ਇਲਾਵਾ ਇਹ ਪਿੰਡ ਪ੍ਰਿੰਟ ਮੀਡੀਆ 'ਚ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ। ਦੋਵੇਂ ਉਮੀਦਵਾਰ ਕਾਂਗਰਸ ਪਾਰਟੀ ਦੇ ਸਮਰਥਕ ਸਨ।

## ਪਹਿਲੀ ਵਾਰ ਆਇਆ 'ਨੋਟਾ' ਪਰ ਸਰਕਾਰ ਨੇ ਚੋਣ ਤਰੀਕ ਤੋਂ ਪਹਿਲਾਂ ਲੁਕੋ ਕੇ ਰੱਖਿਆ

**ਸੰਗਰੂਰ:** ਪੰਜਾਬ ਵਿਚ ਹੋਈਆਂ ਪੰਚਾਇਤ ਚੋਣਾਂ ਦੌਰਾਨ ਪੰਚਾਇਤ ਚੋਣਾਂ ਦੇ ਇਤਿਹਾਸ 'ਚ ਪਹਿਲੀ ਵਾਰ ਸੀ ਕਿ ਚੋਣ ਬੈਲਟ ਪੇਪਰਾਂ ਵਿਚ ਸਰਪੰਚੀ ਅਤੇ ਪੰਚੀ ਦੇ ਉਮੀਦਵਾਰਾਂ ਲਈ 'ਨੋਟਾ' ਦਾ ਕਾਲਮ ਬਣਿਆ ਹੋਇਆ ਹੋਵੇ ਪਰ ਪੰਜਾਬ ਸਰਕਾਰ ਨੇ ਚੋਣ ਤਰੀਕ ਤੋਂ ਪਹਿਲਾਂ ਆਮ ਲੋਕਾਂ ਦੇ ਇਸ ਅਧਿਕਾਰ 'ਨੋਟਾ' ਨੂੰ ਲੁਕੋ ਕੇ ਰੱਖਿਆ। ਲਗਭਗ ਹਰ ਵੋਟਰ ਨੂੰ 'ਨੋਟਾ' ਬਾਰੇ ਪੋਲਿੰਗ ਸਟੇਸ਼ਨ 'ਤੇ ਹੀ ਜਾ ਕੇ ਪਤਾ ਲੱਗਿਆ।

ਭਾਰਤ 'ਚ ਈ.ਵੀ.ਐਮ. ਮਸ਼ੀਨ ਤੇ ਬੈਲਟ ਪੇਪਰਾਂ ਵਿਚ 'ਨੋਟਾ' ਦੀ ਸਹੂਲਤ ਲਾਗੂ ਕਰਵਾਉਣ ਲਈ ਸੰਘਰਸ਼ ਕਰਨ ਲਈ ਜਥੇਬੰਦੀ ਦੇ ਕਾਰਕੁਨ ਕਰਨੈਲ ਸਿੰਘ ਜਖੇਪਲ ਨੇ ਦੱਸਿਆ ਕਿ ਬੈਲਟ ਪੇਪਰਾਂ 'ਚ 'ਨੋਟਾ' ਦਾ ਕਾਲਮ ਸਭ ਤੋਂ ਹੇਠਾਂ ਸੀ ਪਰ ਚੋਣ ਪ੍ਰਚਾਰ ਦੌਰਾਨ ਸਰਕਾਰ ਨੇ ਇਸ ਬਾਰੇ ਵੋਟਰਾਂ ਨੂੰ ਬਿਲਕੁਲ ਜਾਗਰੂਕ ਨਾਂ ਕੀਤਾ।

# ਸਰਪੰਚੀ ਦੇ ਮੁਕਾਬਲੇ 'ਚ ਨੂੰਹ ਨੇ ਸੱਸ ਨੂੰ ਹਰਾਇਆ

**ਜਲੰਧਰ:** ਪਿੰਡ ਬੇਗਮਪੁਰਾ ਵਿਚ ਇਕੋ ਛੱਤ ਥੱਲੇ ਰਹਿਣ ਵਾਲੀਆਂ ਨੂੰਹ-ਸੱਸ ਵਿਚ ਸਰਪੰਚੀ ਦੀ ਹੋਈ ਟੱਕਰ ਵਿਚ ਪੜ੍ਹੀ-ਲਿਖੀ ਨੂੰਹ ਨੇ ਬਾਜ਼ੀ ਮਾਰ ਲਈ ਹੈ। ਕਮਲਜੀਤ ਕੌਰ ਨੇ 88 ਵੋਟਾਂ ਹਾਸਲ ਕਰਕੇ ਆਪਣੀ ਸੱਸ ਬਿਮਲਾ ਦੇਵੀ ਨੂੰ 47 ਵੋਟਾਂ ਦੇ ਫਰਕ ਨਾਲ ਹਰਾਇਆ। ਬਿਮਲਾ ਦੇਵੀ, ਜੋ ਪਿੰਡ ਦੀ 15 ਸਾਲਾਂ ਤੱਕ ਪੰਚ ਬਣਦੀ ਆ ਰਹੀ ਸੀ, ਸਿਰਫ 41 ਵੋਟਾਂ ਹੀ ਹਾਸਲ ਕਰ ਸਕੀ। ਬੇਗਮਪੁਰਾ ਛੋਟਾ ਜਿਹਾ ਪਿੰਡ ਹੈ, ਜਿਸ ਦੀਆਂ 160 ਵੋਟਾਂ ਹਨ। ਹਾਲਾਂ ਕਿ ਇਸ ਪਿੰਡ ਵਿਚ ਸਰਪੰਚੀ ਦੇ ਤਿੰਨ ਉਮੀਦਵਾਰ ਸਨ ਪਰ ਮੁੱਖ ਮੁਕਾਬਲਾ ਨੂੰਹ-ਸੱਸ ਵਿਚ ਹੀ ਰਿਹਾ। ਤੀਜੀ ਉਮੀਦਵਾਰ ਨੂੰ 31 ਵੋਟਾਂ ਮਿਲੀਆਂ।

ਗਿਣਤੀ ਕੇਂਦਰ ਦੇ ਬਾਹਰ ਖੜ੍ਹੀ ਕਮਲਜੀਤ ਕੌਰ ਪੂਰੇ ਭਰੋਸੇ ਵਿਚ ਸੀ ਕਿ ਉਹ ਹੀ ਚੋਣ ਜਿੱਤੇਗੀ। ਚੋਣਾਂ ਵਿਚ ਆਪਣੀ ਸੱਸ ਨੂੰ ਹਰਾਉਣ ਤੋਂ ਬਾਅਦ ਪਿੰਡ ਦੇ ਗੁਰਦੁਆਰੇ ਵਿਚ ਮੱਥਾ ਟੇਕਣ ਉਪਰੰਤ ਜੇਤੂ ਰਹੀ ਕਮਲਜੀਤ ਕੌਰ ਨੇ ਕਿਹਾ ਕਿ ਇਸ ਲੜਾਈ ਨੂੰ ਮੀਡੀਆ ਨੇ ਭਾਵੇਂ ਨੂੰਹ-ਸੱਸ ਦੀ ਲੜਾਈ ਬਣਾ ਕੇ ਪੇਸ਼ ਕੀਤਾ ਜਦ ਕਿ ਅਸਲ ਵਿਚ ਇਹ ਲੜਾਈ ਪਿੰਡ ਦੀ ਤਰੱਕੀ ਲਈ ਲੜੀ ਜਾ ਰਹੀ ਸੀ। ਲੋਕਾਂ ਨੇ ਪੜ੍ਹੇ ਲਿਖਿਆਂ ਦਾ ਸਾਥ ਦੇ ਕੇ ਪਿੰਡ ਦੀ ਤਰੱਕੀ ਦਾ ਰਾਹ ਚੁਣਿਆ ਹੈ। ਗੁਰਦੁਆਰੇ ਵਿਚ ਉਸ ਨੇ ਸਮਰਥਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਹੁਣ ਰਲ ਕੇ ਚੱਲਣਾ ਹੈ ।

ਗੁਰਦੁਆਰੇ ਵਿਚ ਮੱਥਾ ਟੇਕਣ ਤੋਂ ਬਾਅਦ ਕਮਲਜੀਤ ਕੌਰ ਸਮਰਥਕਾਂ ਨਾਲ ਆਪਣੇ ਘਰ ਗਈ, ਜਿਥੇ ਉਸ ਦੀ ਹਾਰੀ ਹੋਈ ਸੱਸ ਨੇ ਤੇਲ ਚੁਆ ਕੇ ਸਵਾਗਤ ਕੀਤਾ ਤੇ ਉਸ ਦਾ ਮੂੰਹ ਮਿੱਠਾ ਕਰਵਾਇਆ। ਜਾਣਕਾਰੀ ਅਨੁਸਾਰ ਸੱਸ ਬਿਮਲਾ ਦੇਵੀ ਨੂੰਹ ਹੱਥੋਂ ਹੋਈ ਹਾਰ ਕਾਰਨ ਭਰੀ-ਪੀਤੀ ਤਾਂ ਬੈਠੀ ਸੀ ਪਰ ਸਾਬਕਾ ਸਰਪੰਚ ਰਾਮਪਾਲ ਦੇ ਕਹਿਣ 'ਤੇ ਉਸ ਨੇ ਆਪਣੀ ਨੂੰਹ ਦਾ ਸਵਾਗਤ ਕੀਤਾ। ਸੱਸ ਦੇ ਹਾਰ ਜਾਣ ਕਾਰਨ ਨੂੰਹ ਨੇ ਆਪਣੇ ਸਮਰਥਕਾਂ ਨੂੰ ਢੋਲ ਵਜਾਉਣ ਤੋਂ ਮਨ੍ਹਾਂ ਕੀਤਾ ਹੋਇਆ ਸੀ। ਚੋਣ ਪ੍ਰਚਾਰ ਦੌਰਾਨ ਘਰ ਵਿਚ ਤਣਾਅ ਬਣਿਆ ਰਿਹਾ ਸੀ ਪਰ ਆਪਣੀ ਹਾਰ ਤੋਂ ਬਾਅਦ ਵੀ ਨੂੰਹ ਨੂੰ ਦਿੱਤੇ ਆਸ਼ੀਰਵਾਦ ਨਾਲ ਕੁਝ ਹੱਦ ਤੱਕ ਇਹ ਕੁੜੱਤਣ ਘੱਟ ਜ਼ਰੂਰ ਗਈ ਹੈ।

## ਜੇਲ੍ਹ 'ਚ ਬੈਠਾ ਜਿੱਤਿਆ ਸਰਪੰਚੀ ਦੀ ਚੋਣ

**ਮਾਛੀਵਾੜਾ ਸਾਹਿਬ:** ਮਾਛੀਵਾੜਾ ਬਲਾਕ ਦੇ ਪਿੰਡ ਤੱਖਰਾਂ-ਖੋਖਰਾਂ ਦੇ ਚੋਣ ਨਤੀਜਿਆਂ 'ਤੇ ਇਲਾਕੇ ਭਰ ਦੇ ਲੋਕਾਂ ਦੀਆਂ ਨਜ਼ਰਾਂ ਟਿਕੀਆਂ ਸਨ ਕਿਉਂਕਿ ਇਸ ਪਿੰਡ ਤੋਂ 2014 'ਚ ਦੋ ਸਕੇ ਭਰਾਵਾਂ ਦੀ ਜਮਾਲਪੁਰ ਵਿਚ ਹੋਈ ਹੱਤਿਆ ਦੇ ਮਾਮਲੇ 'ਚ ਜੇਲ੍ਹ ਵਿਚ ਬੰਦ ਗੁਰਜੀਤ ਸਿੰਘ ਸੈਮ ਸਰਪੰਚੀ ਦੀ ਚੋਣ ਲੜ ਰਿਹਾ ਸੀ ਤੇ ਪਹਿਲਾਂ ਇਹ ਬਲਾਕ ਸੰਮਤੀ ਮੈਂਬਰ ਵੀ ਰਹਿ ਚੁੱਕਾ ਹੈ। ਪਿੰਡ ਦੇ ਵੋਟਰਾਂ ਨੇ ਗੁਰਜੀਤ ਸੈਮ ਨੂੰ 97 ਵੋਟਾਂ ਨਾਲ ਜਿਤਾਇਆ ਜਦਕਿ ਉਸ ਦੇ ਮੁਕਾਬਲੇ ਖੜ੍ਹੇ ਕਾਂਗਰਸੀ ਆਗੂ ਪਰਮਿੰਦਰ ਤਿਵਾੜੀ ਇਹ ਚੋਣ ਹਾਰ ਗਏ। ਗੁਰਜੀਤ ਸੈਮ ਦੀ ਚੋਣ ਮੁਹਿੰਮ ਉਨ੍ਹਾਂ ਦੇ ਭਰਾ ਗੁਰਮੀਤ ਸਿੰਘ ਪੀਟਰ ਤੇ ਉਨ੍ਹਾਂ ਦੀ ਪਤਨੀ ਰਾਜਵਿੰਦਰ ਕੌਰ ਨੇ ਸੰਭਾਲੀ ਰੱਖੀ।

## ਸਿਮਰਨਜੀਤ ਸਿੰਘ ਮਾਨ ਦੇ ਕਸ਼ਮੀਰ ਵਾਦੀ 'ਚ ਦਾਖਲੇ 'ਤੇ ਪਾਬੰਦੀ

**ਸ੍ਰੀਨਗਰ:** ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਸਾਥੀਆਂ ਸਣੇ ਜ਼ਿਲ੍ਹਾ ਰਾਮਬਣ 'ਚ ਕਾਨੂੰਨ ਵਿਵਸਥਾ ਬਣਾਏ ਰੱਖਣ ਲਈ ਵੜਨ 'ਤੇ ਪਾਬੰਦੀ ਲਗਾ ਦਿੱਤੀ ਗਈ। ਪਾਰਟੀ ਦੇ ਇਕ ਸੀਨੀਅਰ ਆਗੂ ਜਸਕਰਨ ਸਿੰਘ ਕਾਨਸਿੰਘਵਾਲਾ ਨੇ ਦੱਸਿਆ ਕਿ ਸਿਮਰਨਜੀਤ ਸਿੰਘ ਮਾਨ ਵਾਦੀ ਕਸ਼ਮੀਰ ਦੇ 15 ਮੈਂਬਰੀ ਵਫਦ ਨਾਲ 2 ਹਫਤੇ ਦੇ ਦੌਰੇ 'ਤੇ ਜਾ ਰਹੇ ਸਨ, ਜਿਥੇ ਉਨ੍ਹਾਂ ਦਾ ਦੱਖਣੀ ਕਸ਼ਮੀਰ ਦੇ ਜ਼ਿਲ੍ਹਿਆਂ ਕੁੱਲਗਾਮ, ਪੁਲਵਾਮਾ, ਸ਼ੋਪੀਆਂ ਆਦਿ ਸਥਾਨਾਂ 'ਤੇ ਜਿਥੇ ਸੁਰੱਖਿਆ ਬਲਾਂ ਅਤੇ ਅਤਿਵਾਦੀਆਂ ਵਿਚਾਲੇ ਮੁਕਾਬਲੇ ਦੌਰਾਨ ਕਈ ਨਾਗਰਿਕ ਮਾਰੇ ਗਏ ਸਨ, ਪੀੜਤ ਪਰਿਵਾਰਾਂ ਨਾਲ ਮਿਲਣ ਦਾ ਪ੍ਰੋਗਰਾਮ ਸੀ।

ਇਸ ਤੋਂ ਬਿਨਾ ਉਨ੍ਹਾਂ ਦਾ ਅਨੰਤਨਾਗ, ਚਿੱਠੀਸਿੰਘਪੁਰਾ ਪਿੰਡ ਵਿਖੇ ਪਿੱਛੇ ਅੱਗ ਦੀ ਘਟਨਾ 'ਚ ਗੁਰਦੁਆਰਾ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਵੀ ਵਫਦ ਸਮੇਤ ਪਹੁੰਚਣਾ ਸੀ।

ਸ. ਮਾਨ ਦਾ ਵਾਦੀ ਕਸ਼ਮੀਰ ਦੇ ਸਿੱਖ ਸੰਗਠਨਾਂ ਦੇ ਇਲਾਵਾ ਹੁਰੀਅਤ ਅਤੇ ਹੋਰ ਵੱਖਵਾਦੀ ਸੰਗਠਨਾਂ ਦੇ ਆਗੂਆਂ ਨਾਲ ਮਿਲ ਕੇ ਕਸ਼ਮੀਰ ਦੀ ਤਾਜ਼ਾ ਸਥਿਤੀ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਸੀ। ਜ਼ਿਲ੍ਹਾ ਰਾਮਬਣ ਦੇ ਜ਼ਿਲ੍ਹਾ ਮੈਜਿਸਟ੍ਰੇਟ ਸ਼ੌਕਤ ਇਜ਼ਾਜ ਭੱਟ ਨੇ ਮਾਨ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਰਾਮਬਣ ਇਲਾਕੇ 'ਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਅਗਲੇ ਨਿਰਦੇਸ਼ ਤੱਕ ਵੜਨ 'ਤੇ ਪਾਬੰਦੀ ਲਗਾ ਕੇ ਤੁਰਤ ਜ਼ਿਲ੍ਹੇ ਤੋਂ ਬਾਹਰ ਚੱਲ ਜਾਣ ਲਈ ਲਿਖਤੀ ਨੋਟਿਸ ਦਿੱਤਾ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸ਼ੇਖ ਹਸੀਨਾ ਤੀਜੀ ਵਾਰ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਬਣੀ

**ਢਾਕਾ:** ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਅਗਵਾਈ ਵਾਲੇ ਸੱਤਾਧਾਰੀ ਗੱਠਜੋੜ ਨੇ ਆਮ ਚੋਣਾਂ ਵਿਚ ਹੂੰਝਾ ਫੇਰਦਿਆਂ ਵੱਡੀ ਜਿੱਤ ਦਰਜ ਕੀਤੀ ਹੈ। ਇਸ ਜਿੱਤ ਨਾਲ ਹਸੀਨਾ (71) ਦਾ ਲਗਾਤਾਰ ਤੀਜੀ ਵਾਰ (ਕੁੱਲ ਮਿਲਾ ਕੇ ਚੌਥੀ ਵਾਰ) ਮੁਲਕ ਦੀ ਪ੍ਰਧਾਨ ਮੰਤਰੀ ਬਣਨ ਲਈ ਰਾਹ ਪੱਧਰਾ ਹੋ ਗਿਆ ਹੈ। ਉਧਰ, ਵਿਰੋਧੀ ਪਾਰਟੀਆਂ ਨੇ ਚੋਣ ਨਤੀਜਿਆਂ ਨੂੰ 'ਹਾਸੋਹੀਣਾ' ਕਰਾਰ ਦਿੱਤਾ ਹੈ।

ਇਸ ਦੌਰਾਨ ਬੰਗਲਾਦੇਸ਼ ਦੇ ਮੁੱਖ ਚੋਣ ਕਮਿਸ਼ਨਰ ਕੇ.ਐੱਮ.ਨੁਰੁਲ ਹੁਦਾ ਨੇ ਚੋਣਾਂ ਵਿੱਚ ਪੱਖਪਾਤ ਜਾਂ ਗੜਬੜੀ ਦੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਵਿਰੋਧੀ ਧਿਰ ਵੱਲੋਂ ਸੱਜਰੀਆਂ ਚੋਣਾਂ ਕਰਾਏ ਜਾਣ ਦੀ ਮੰਗ ਖਾਰਜ ਕਰ ਦਿੱਤੀ। ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਤੇ ਅਵਾਮੀ ਲੀਗ ਦੀ ਮੁਖੀ ਸ਼ੇਖ ਹਸੀਨਾ ਨੇ ਕਿਹਾ ਕਿ ਵਿਰੋਧੀ ਧਿਰ ਨੂੰ ਲੱਗੇ ਧੱਕੇ ਦਾ ਮੁੱਖ ਕਾਰਨ ਲੀਡਰਸ਼ਿਪ ਦਾ ਖੱਪਾ ਹੈ।

ਅਵਾਮੀ ਲੀਗ ਦੀ ਅਗਵਾਈ ਵਾਲੇ ਮਹਾਂਗੱਠਜੋੜ ਨੇ ਤਿੰਨ ਸੌ ਮੈਂਬਰੀ ਸੰਸਦ ਦੀਆਂ 288 ਸੀਟਾਂ ਜਿੱਤ ਲਈਆਂ ਹਨ। ਸਾਲ 2008 ਦੀ ਆਪਣੀ ਸਰਵੋਤਮ ਕਾਰਗੁਜ਼ਾਰੀ ਨੂੰ ਮਾਤ ਪਾਉਂਦਿਆਂ ਐਤਕੀਂ ਗੱਠਜੋੜ ਦੇ ਹੱਕ ਵਿਚ ਕੁਲ ਪੋਲ ਹੋਈਆਂ ਵੋਟਾਂ ਦਾ 82 ਫੀਸਦੀ ਭੁਗਤਿਆ ਹੈ। ਦਸ ਸਾਲ ਪਹਿਲਾਂ ਗੱਠਜੋੜ ਨੇ 263 ਸੀਟਾਂ 'ਤੇ ਜਿੱਤ ਦਰਜ ਕੀਤੀ ਸੀ।

# ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿਚ ਮੁਫਤ ਖੂਨ ਦੀ ਸਹੂਲਤ

**ਚੰਡੀਗੜ੍ਹ:** ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਵਿਚ ਨਵੇਂ ਸਾਲ ਦੇ ਪਹਿਲੇ ਦਿਨ ਤੋਂ ਮੁਫਤ ਖੂਨ ਦੀ ਸਹੂਲਤ ਦਿੱਤੀ ਜਾਵੇਗੀ। ਮਿਸ਼ਨ 'ਤੰਦਰੁਸਤ ਪੰਜਾਬ' ਤਹਿਤ ਸੂਬੇ ਦੇ ਸਾਰੇ ਸਰਕਾਰੀ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਬਲੱਡ ਤੇ ਬਲੱਡ ਕੰਪੋਨੈਂਟਸ ਮੁਫਤ ਦਿੱਤੇ ਜਾਣਗੇ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਕਿ ਮੁਫਤ ਖੂਨ ਮੁਹੱਈਆ ਕਰਵਾਉਣ ਦੇ ਨਾਲ ਹੀ ਸਾਰੇ ਹਸਪਤਾਲਾਂ ਵਿਚ ਖੂਨ ਦੀ 24 ਘੰਟੇ ਉਪਲੱਬਧਤਾ ਯਕੀਨੀ ਬਣਾਈ ਜਾਵੇਗੀ।

ਸਰਕਾਰ ਦੇ ਇਸ ਕਦਮ ਨਾਲ ਸੂਬੇ ਭਰ ਦੇ ਉਨ੍ਹਾਂ ਹਜ਼ਾਰਾਂ ਮਰੀਜ਼ਾਂ ਨੂੰ ਲਾਭ ਮਿਲੇਗਾ, ਜਿਨ੍ਹਾਂ ਨੂੰ ਸਿਵਲ ਹਸਪਤਾਲਾਂ ਅਤੇ ਸਰਕਾਰੀ ਮੈਡੀਕਲ ਕਾਲਜਾਂ ਵਿਚ ਪ੍ਰੋਸੈਸਿੰਗ ਚਾਰਜ ਵਜੋਂ ਪ੍ਰਤੀ ਯੂਨਿਟ ਬਲੱਡ ਦੇ 300 ਅਤੇ 500 ਰੁਪਏ ਅਦਾ ਕਰਨੇ ਪੈਂਦੇ ਸਨ। ਹੁਣ ਤੋਂ ਸਰਕਾਰੀ ਹਸਪਤਾਲਾਂ ਵਿਚ ਬਲੱਡ ਅਤੇ ਬਲੱਡ ਕੰਪੋਨੈਂਟਸ, ਜਿਨ੍ਹਾਂ ਵਿਚ ਪੈਕਡ ਆਰ.ਬੀ.ਸੀ., ਫਰੈੱਸ਼ ਫਰੋਜ਼ਨ ਪਲਾਜ਼ਮਾ, ਕਰਾਇਓਪ੍ਰੈਸੀਪੀਟੇਟ, ਪਲੇਟਲੈੱਟਸ ਭਰਪੂਰ ਪਲਾਜ਼ਮਾ, ਪਲੇਟਲੈੱਟਸ ਕੌਨਸਨਟਰੇਟ ਸ਼ਾਮਲ ਹਨ, ਮਰੀਜ਼ਾਂ ਨੂੰ ਮੁਫਤ ਮੁਹੱਈਆ ਕਰਵਾਏ ਜਾਣਗੇ। ਪੰਜਾਬ ਵਿੱਚ ਕੁੱਲ 116 ਬਲੱਡ ਬੈਂਕ ਹਨ, ਜਿਨ੍ਹਾਂ ਵਿਚੋਂ 46 ਸਰਕਾਰ ਦੁਆਰਾ, 6 ਫੌਜ ਦੁਆਰਾ ਅਤੇ 64 ਬਲੱਡ ਬੈਂਕ ਪ੍ਰਾਈਵੇਟ ਸੰਸਥਾਵਾਂ ਦੁਆਰਾ ਚਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਦੌਰਾਨ ਸਰਕਾਰੀ ਬਲੱਡ ਬੈਂਕਾਂ ਦੁਆਰਾ ਬਲੱਡ ਦੇ 2 ਲੱਖ 26 ਹਜ਼ਾਰ ਯੂਨਿਟ ਇਕੱਤਰ ਕੀਤੇ ਗਏ ਸਨ।

# ਰਾਮ ਮੰਦਿਰ ਬਾਰੇ ਅਦਾਲਤੀ ਫੈਸਲਾ ਉਡੀਕਾਂਗੇ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਅਯੁੱਧਿਆ ਵਿਚ ਰਾਮ ਮੰਦਿਰ ਦੀ ਉਸਾਰੀ ਨਾਲ ਸਬੰਧਤ ਆਰਡੀਨੈਂਸ ਬਾਰੇ ਕੋਈ ਫੈਸਲਾ ਲੈਣ ਤੋਂ ਪਹਿਲਾਂ ਅਦਾਲਤੀ ਫੈਸਲੇ ਦੀ ਉਡੀਕ ਕਰਾਂਗੇ। ਪ੍ਰਧਾਨ ਮੰਤਰੀ ਨੇ ਦੁਹਰਾਇਆ ਕਿ ਸਰਕਾਰ ਆਪਣੀ ਇਸ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰੇਗੀ। ਸ੍ਰੀ ਮੋਦੀ ਨੇ ਕਿਹਾ, 'ਜੁਡੀਸ਼ਲ ਅਮਲ ਨੂੰ ਪੂਰਾ ਹੋਣ ਦਾ ਸਮਾਂ ਦਿੱਤਾ ਜਾਵੇ। ਇਸ ਨੂੰ ਸਿਆਸੀ ਨਜ਼ਰੀਏ ਨਾਲ ਨਾ ਤੋਲਿਆ ਜਾਵੇ।

ਜੁਡੀਸ਼ਲ ਅਮਲ ਮੁਕੰਮਲ ਹੋਣ ਮਗਰੋਂ ਸਰਕਾਰ ਵਜੋਂ ਸਾਡੀ ਜਿਹੜੀ ਵੀ ਜ਼ਿੰਮੇਵਾਰੀ ਹੋਵੇਗੀ, ਅਸੀਂ ਉਹਨੂੰ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ।' ਸ੍ਰੀ ਮੋਦੀ ਨੇ ਇਹ ਟਿੱਪਣੀਆਂ ਰਾਇਟਰਜ਼ ਦੇ ਭਾਈਵਾਲ ਏ.ਐਨ.ਆਈ. ਨੂੰ ਦਿੱਤੀ ਇੰਟਰਵਿਊ 'ਚ ਕੀਤੀਆਂ ਹਨ ਹੈ। ਉਧਰ, ਭਾਜਪਾ ਨੇ ਦਾਅਵਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਨੇ ਇਸ ਵਿਸਤਰਿਤ ਇੰਟਰਵਿਊ ਰਾਹੀਂ ਵਿਰੋਧੀ ਪਾਰਟੀਆਂ ਦੇ 'ਉਕਸਾਊ ਏਜੰਡੇ' ਨੂੰ ਪੂਰੀ ਤਰ੍ਹਾਂ ਢਾਹ ਦਿੱਤਾ ਹੈ।

ਇਸ ਦੌਰਾਨ ਕਾਂਗਰਸ ਨੇ ਕੁਝ ਟੀਵੀ ਚੈਨਲਾਂ 'ਤੇ ਪ੍ਰਸਾਰਿਤ ਇਸ ਇੰਟਰਵਿਊ ਨੂੰ 'ਫਿਕਸ ਮੈਚ' ਕਰਾਰ ਦਿੰਦਿਆਂ ਸ੍ਰੀ ਮੋਦੀ ਨੂੰ ਪੱਤਰਕਾਰਾਂ ਦਾ ਸਾਹਮਣਾ ਕਰਨ ਦੀ ਚੁਣੌਤੀ ਦਿੱਤੀ ਹੈ। ਆਰ.ਐਸ.ਐਸ. ਨੇ ਸ੍ਰੀ ਮੋਦੀ ਦੀਆਂ ਰਾਮ ਮੰਦਿਰ ਬਾਰੇ ਟਿੱਪਣੀਆਂ ਦੇ ਪ੍ਰਤੀਕ੍ਰਮ ਵਿਚ ਕਿਹਾ ਕਿ ਲੋਕਾਂ ਨੂੰ ਆਸ ਹੈ ਕਿ ਮੋਦੀ ਸਰਕਾਰ ਰਾਮ ਮੰਦਿਰ ਦੀ ਪਿੱਛੇ ਰਹਿ ਗਏ, ਪਰ ਜਿੱਤ ਜਾਂ ਹਾਰ ਹੀ ਸਿਰਫ ਕਸਵੱਟੀ ਜਾਂ ਪੈਮਾਨਾ ਨਹੀਂ ਹੋ ਸਕਦੀ।

## ਮੋਬਾਈਲ ਫੋਨ 'ਤੇ ਗੱਲਾਂ ਕਰਦਾ ਪੰਜਵੀਂ ਮੰਜ਼ਿਲ ਤੋਂ ਡਿੱਗਿਆ

**ਨੋਇਡਾ:** ਇਕ ਵਿਅਕਤੀ ਮੋਬਾਈਲ ਫੋਨ 'ਤੇ ਗੱਲਾਂ ਕਰਦਾ ਪੰਜਵੀਂ ਮੰਜ਼ਿਲ ਦੀ ਆਪਣੀ ਬਾਲਕਨੀ ਤੋਂ ਹੇਠਾਂ ਡਿੱਗ ਗਿਆ। ਉਸ ਦੀ ਥਾਏਂ ਮੌਤ ਹੋ ਗਈ।

ਮ੍ਰਿਤਕ ਦੀ ਪਛਾਣ ਵਿਵੇਕ ਪਰਮਾਰ (28) ਵਜੋਂ ਹੋਈ ਹੈ, ਜੋ ਸੈਕਟਰ 120 ਦੀ ਅਮਰਾਪਾਲੀ ਜ਼ੌਡੀਐਕ ਸੁਸਾਇਟੀ ਦਾ ਵਸਨੀਕ ਸੀ।

# ਸੱਜਣ ਕੁਮਾਰ ਨੂੰ ਆਖਰਕਾਰ ਮਿਲੀ ਜੇਲ੍ਹ

*(ਸਫਾ ਇਕ ਦੀ ਬਾਕੀ)*

ਹੋਰ ਦੋਸ਼ੀਆਂ ਮਹਿੰਦਰ ਯਾਦਵ ਤੇ ਕ੍ਰਿਸ਼ਨ ਖੋਖਰ ਨੂੰ ਤਿਹਾੜ ਜੇਲ੍ਹ ਭੇਜਿਆ ਗਿਆ ਹੈ। ਦਿੱਲੀ ਹਾਈ ਕੋਰਟ ਵੱਲੋਂ 17 ਦਸੰਬਰ ਨੂੰ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਅਤੇ 31 ਦਸੰਬਰ ਤੱਕ ਆਤਮ ਸਮਰਪਣ ਦੇ ਹੁਕਮ ਤੋਂ ਬਾਅਦ ਸੱਜਣ ਕੁਮਾਰ ਨੇ 20 ਦਸੰਬਰ ਨੂੰ ਦਿੱਲੀ ਹਾਈ ਕੋਰਟ 'ਚ ਪਟੀਸ਼ਨ ਦਾਖਲ ਕਰ ਕੇ ਆਤਮ ਸਮਰਪਣ ਲਈ ਇਕ ਮਹੀਨੇ ਦੀ ਮੋਹਲਤ ਮੰਗੀ ਸੀ। ਇਸ ਪਟੀਸ਼ਨ 'ਚ ਖੁਦ ਨੂੰ ਬੇਕਸੂਰ ਅਤੇ ਨਿੱਜੀ ਕਾਰਨਾਂ ਤੇ ਸਿਹਤ ਦਾ ਹਵਾਲਾ ਦਿੱਤਾ ਗਿਆ ਸੀ ਪਰ ਹਾਈ ਕੋਰਟ ਨੇ ਉਸ ਦੀ ਮੋਹਲਤ ਮੰਗਣ ਵਾਲੀ ਇਸ ਪਟੀਸ਼ਨ ਨੂੰ ਰੱਦ ਕਰ ਦਿੱਤਾ ਜਿਸ ਪਿੱਛੋਂ ਸੱਜਣ ਕੁਮਾਰ ਕੋਲ ਆਤਮ ਸਮਰਪਣ ਤੋਂ ਬਿਨਾਂ ਕੋਈ ਚਾਰਾ ਨਾ ਰਿਹਾ।

ਸੱਜਣ ਨੇ ਖੁਦ ਨੂੰ ਤਿਹਾੜ ਜੇਲ੍ਹ 'ਚ ਰੱਖਣ ਦੀ ਗੁਜ਼ਾਰਿਸ਼ ਕੀਤੀ ਸੀ ਪਰ ਅਦਾਲਤ ਨੇ ਉਸ ਦੀ ਇਹ ਬੇਨਤੀ ਠੁਕਰਾ ਦਿੱਤੀ। ਹਾਲਾਂਕਿ ਕੁਝ ਦਿਨ ਪਹਿਲਾਂ ਕੁਮਾਰ ਨੇ ਨਿੱਜੀ ਕਾਰਨਾਂ ਤੇ ਸਿਹਤ ਦਾ ਹਵਾਲਾ ਦੇ ਕੇ ਆਤਮ-ਸਮਰਪਣ ਦੀ ਸਮੇਂ ਹੱਦ 'ਚ ਵਾਧਾ ਕਰਨ ਦੀ ਮੰਗ ਕੀਤੀ ਸੀ ਪਰ ਦਿੱਲੀ ਹਾਈ ਕੋਰਟ ਨੇ ਉਸ ਦੀ ਅਪੀਲ ਰੱਦ ਕਰ ਦਿੱਤੀ ਸੀ ਜਿਸ ਪਿੱਛੋਂ ਸੱਜਣ ਕੁਮਾਰ ਕੋਲ 31 ਦਸੰਬਰ ਤੱਕ ਆਤਮ ਸਮਰਪਣ ਕਰਨ ਤੋਂ ਇਲਾਵਾ ਕੋਈ ਰਸਤਾ ਨਹੀਂ ਰਹਿ ਗਿਆ ਸੀ। ਸੱਜਣ ਤੋਂ ਇਲਾਵਾ ਇਸ ਮਾਮਲੇ ਦੇ ਦੂਜੇ ਦੋਸ਼ੀ ਕ੍ਰਿਸ਼ਨ ਖੋਖਰ ਤੇ ਮਹਿੰਦਰ ਯਾਦਵ ਨੇ ਵੀ ਜੱਜ ਅਦਿੱਤੀ ਗਰਗ ਸਾਹਮਣੇ ਆਤਮ ਸਮਰਪਣ ਕਰ ਦਿੱਤਾ। ਇਨ੍ਹਾਂ ਦੋਵਾਂ ਨੂੰ 10-10 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ। ਜੇਲ੍ਹ ਵਿਚ ਸੱਜਣ ਕੁਮਾਰ ਨੂੰ ਸਿੱਖ ਕੈਦੀਆਂ ਤੋਂ ਦੂਰ ਰੱਖੇ ਜਾਣ ਦਾ ਫੈਸਲਾ ਕੀਤਾ ਗਿਆ ਹੈ ਕਿਉਂਕਿ ਜੇਲ੍ਹ ਸੂਤਰਾਂ ਮੁਤਾਬਕ ਸਿੱਖ ਕਤਲੇਆਮ ਨਾਲ ਜੁੜੇ ਹੋਣ ਕਾਰਨ ਉਸ ਖਿਲਾਫ ਸਿੱਖ ਭਾਈਚਾਰੇ 'ਚ ਭਾਰੀ ਗੁੱਸਾ ਹੈ। ਇਸ ਲਈ ਉਸ ਨੂੰ ਜੇਲ੍ਹ ਅੰਦਰ ਵੀ ਸਿੱਖ ਕੈਦੀਆਂ ਤੋਂ ਦੂਰ ਰੱਖਿਆ ਜਾਵੇਗਾ।

ਦਰਅਸਲ ਸਾਰਿਆਂ ਨੂੰ ਉਮੀਦ ਸੀ ਕਿ ਆਤਮ ਸਮਰਪਣ ਉਪਰੰਤ ਸੱਜਣ ਕੁਮਾਰ ਨੂੰ ਤਿਹਾੜ ਜੇਲ੍ਹ ਭੇਜਿਆ ਜਾਵੇਗਾ ਪਰ ਸਾਰੇ ਅੰਦਾਜ਼ਿਆਂ ਦੇ ਉਲਟ ਅਦਾਲਤ ਵਲੋਂ ਉਸ ਨੂੰ ਪੂਰਬੀ ਦਿੱਲੀ ਦੇ ਨੰਦ ਨਗਰੀ ਵਿਖੇ ਸਥਿਤ ਮੰਡੋਲੀ ਜੇਲ੍ਹ 'ਚ ਭੇਜਣ ਦਾ ਫੈਸਲਾ ਕੀਤਾ ਗਿਆ। ਦੱਸਿਆ ਜਾ ਰਿਹਾ ਹੈ ਕਿ ਸਿੱਖ ਕੈਦੀਆਂ ਦੀ ਗਿਣਤੀ ਤਿਹਾੜ ਜੇਲ੍ਹ ਦੇ ਮੁਕਾਬਲੇ ਮੰਡੋਲੀ ਜੇਲ੍ਹ 'ਚ ਕਾਫੀ ਘੱਟ ਹੈ। ਸਿੱਖ ਆਗੂਆਂ ਵੱਲੋਂ ਕੜਕੜਡੂਮਾ ਅਦਾਲਤ ਕੋਲ ਨਾ ਜਾਣ ਦੀ ਅਪੀਲ ਕੀਤੇ ਜਾਣ ਦੇ ਬਾਵਜੂਦ ਦਿੱਲੀ ਕਮੇਟੀ ਦੇ ਆਗੂ ਅਤੇ ਸਿੱਖ ਕਤਲੇਆਮ ਦੇ ਪੀੜਤ ਅਦਾਲਤ ਦੇ ਬਾਹਰ ਬਾਣੀ ਦਾ ਜਾਪ ਕਰਦੇ ਰਹੇ। ਸੱਜਣ ਕੁਮਾਰ ਨੂੰ ਪਾਲਮ ਕਾਲੋਨੀ ਦੇ ਰਾਜ ਨਗਰ ਪਾਰਟ-1 ਵਿਚ 5 ਸਿੱਖਾਂ ਦੇ ਕਤਲ ਅਤੇ ਰਾਜ ਨਗਰ ਦੇ ਪਾਰਟ-2 ਵਿਖੇ ਗੁਰਦੁਆਰਾ ਸਾੜਨ ਦੇ ਮੁਕੱਦਮੇ ਵਿਚ ਤਾਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ।

## ਪਾਕਿਸਤਾਨ ਵਿਚ ਭਾਰਤੀ ਸਫੀਰ ਦੇ ਘਰ ਦੀ ਬਿਜਲੀ ਕੱਟੀ

**ਨਵੀਂ ਦਿੱਲੀ:** ਪਾਕਿਸਤਾਨ ਵਿਚ ਭਾਰਤੀ ਸਫੀਰਾਂ ਨੂੰ ਤੰਗ ਪਰੇਸ਼ਾਨ ਕਰਨ ਦੀ ਲੜੀ 'ਚ ਭਾਰਤੀ ਸਫੀਰ ਦੇ ਘਰ ਦੀ ਬਿਜਲੀ ਕੱਟਣ ਦਾ ਨਵਾਂ ਮਾਮਲਾ ਜੁੜ ਗਿਆ ਹੈ। ਜਾਣਕਾਰੀ ਅਨੁਸਾਰ ਲੰਘੇ ਇਸਲਾਮਾਬਾਦ ਵਿਚ ਰਹਿੰਦੇ ਭਾਰਤੀ ਸਫੀਰ ਦੇ ਘਰ ਦਾ ਬਿਜਲੀ ਕੁਨੈਕਸ਼ਨ ਕਰੀਬ ਚਾਰ ਘੰਟਿਆਂ ਲਈ ਕੱਟ ਦਿੱਤਾ ਗਿਆ।

ਅਧਿਕਾਰਤ ਸੂਤਰਾਂ ਮੁਤਾਬਕ ਭਾਰਤੀ ਹਾਈ ਕਮਿਸ਼ਨ ਨੇ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਕੋਲ ਇਸ ਸਬੰਧੀ ਇਤਰਾਜ਼ ਦਰਜ ਕਰਵਾ ਦਿੱਤਾ ਹੈ। ਸੂਤਰਾਂ ਨੇ ਕਿਹਾ ਕਿ ਭਾਰਤੀ ਮਿਸ਼ਨ ਨੇ ਮੰਤਰਾਲੇ ਨੂੰ ਲਿਖੇ ਨੋਟ ਵਿਚ ਸਾਫ ਕਰ ਦਿੱਤਾ ਕਿ ਦੋਇਮ ਸਕੱਤਰ ਦੀ ਰਿਹਾਇਸ਼ ਵਿਚ ਬਿਜਲੀ ਦੀ ਕੋਈ ਗੜਬੜੀ ਨਹੀਂ ਸੀ, ਜਿਸ ਤੋਂ ਇਹੀ ਸੰਕੇਤ ਮਿਲਦਾ ਹੈ ਕਿ ਬਿਜਲੀ ਸਪਲਾਈ ਜਾਣਬੁੱਝ ਕੇ ਕੱਟੀ ਗਈ।

## ਬਿੱਗ ਬੌਸ 12 ਦਾ ਮੁਕਾਬਲਾ ਦੀਪਿਕਾ ਕੱਕੜ ਨੇ ਜਿੱਤਿਆ

**ਮੁੰਬਈ:** ਟੈਲੀਵਿਜ਼ਨ ਕਲਾਕਾਰ ਦੀਪਿਕਾ ਕੱਕੜ ਬਿਗ ਬੌਸ 12 ਦੀ ਜੇਤੂ ਬਣ ਗਈ ਹੈ। ਫਿਨਾਲੇ ਵਿਚ ਸਲਮਾਨ ਖਾਨ ਨੇ ਦੀਪਿਕਾ ਦੇ ਜਿੱਤਣ ਦਾ ਐਲਾਨ ਕੀਤਾ। ਦੀਪਿਕਾ ਨੇ ਸਖਤ ਮੁਕਾਬਲੇ ਵਿਚ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਮੈਂਬਰ ਐਸ ਸ਼੍ਰੀਸੰਤ ਨੂੰ ਹਰਾਇਆ। ਤੀਜੇ ਨੰਬਰ 'ਤੇ ਦੀਪਕ ਠਾਕੁਰ 20 ਲੱਖ ਰੁਪਏ ਲੈ ਕੇ ਸ਼ੋਅ ਤੋਂ ਬਾਹਰ ਹੋ ਗਏ। ਟੀਵੀ ਲੜੀਵਾਰ 'ਸਸੁਰਾਲ ਸਿਮਰ ਕਾ' ਤੋਂ ਪ੍ਰਸਿੱਧ ਹੋਈ ਦੀਪਿਕਾ 'ਨੀਰ ਭਰੇ ਤੇਰੇ ਨੈਨਾ' ਅਤੇ 'ਅਗਲੇ ਜਨਮ ਮੋਹੇ ਬਿਟੀਆ ਹੀ ਕੀਜੋ' ਵਿਚ ਵੀ ਕੰਮ ਕਰ ਚੁੱਕੀ ਹੈ।

## ਮਮਤਾ ਵਲੋਂ ਨਵੀਂ ਕਿਸਾਨ ਬੀਮਾ ਯੋਜਨਾ ਦਾ ਐਲਾਨ

**ਕੋਲਕਾਤਾ:** ਮੁੱਖ ਮੰਤਰੀ ਮਮਤਾ ਬੈਨਰਜੀ ਨੇ ਐਲਾਨ ਕੀਤਾ ਹੈ ਕਿ ਇਕ ਕਿਸਾਨ ਦੀ ਮੌਤ ਹੋ ਜਾਣ 'ਤੇ ਸਰਕਾਰ ਪੀੜਤ ਪਰਿਵਾਰ ਨੂੰ ਦੋ ਲੱਖ ਰੁਪਏ ਦੇਵੇਗੀ। 'ਕ੍ਰਿਸ਼ੀ ਕ੍ਰਿਸ਼ਕ ਬੰਧੂ' ਸਕੀਮ ਤਹਿਤ 18 ਤੋਂ 60 ਸਾਲ ਦੇ ਕਿਸੇ ਵੀ ਕਿਸਾਨ ਦੀ ਮੌਤ ਹੋਣ 'ਤੇ ਪੀੜਤ ਪਰਿਵਾਰ ਨੂੰ ਇਹ ਰਾਸ਼ੀ ਦਿੱਤੀ ਜਾਵੇਗੀ। ਇਹ ਸਕੀਮ ਪਹਿਲੀ ਜਨਵਰੀ ਤੋਂ ਲਾਗੂ ਹੋ ਜਾਵੇਗੀ।

ਮੁੱਖ ਮੰਤਰੀ ਬੈਨਰਜੀ ਨੇ ਕਿਹਾ ਕਿ ਸੂਬੇ ਵਿਚ ਕੁੱਲ 72 ਲੱਖ ਕਿਸਾਨ ਪਰਿਵਾਰ ਹਨ। ਅਸੀਂ ਉਨ੍ਹਾਂ ਨੂੰ ਦੁਖੀ ਨਹੀਂ ਵੇਖਣਾ ਚਾਹੁੰਦੇ। ਉਨ੍ਹਾਂ ਦੱਸਿਆ ਕਿ ਇਸੇ ਸਕੀਮ ਅਧੀਨ ਪ੍ਰਤੀ ਏਕੜ ਇਕ ਫਸਲ ਉਗਾਉਣ ਲਈ ਕਿਸਾਨਾਂ ਨੂੰ ਸਾਲ ਵਿਚ ਦੋ ਵਾਰ 2500 ਰੁਪਏ ਵੀ ਮਿਲਣਗੇ। ਉਨ੍ਹਾਂ ਕਿਹਾ ਕਿ ਇਸ ਸਕੀਮ ਅਧੀਨ ਸਰਕਾਰ ਵੱਲੋਂ ਕਿਸਾਨਾਂ ਲਈ ਕਰੋੜਾਂ ਰੁਪਏ ਖਰਚੇ ਜਾਣਗੇ।

## ਅਦਾਕਾਰ ਕਾਦਰ ਖਾਨ ਦਾ ਦੇਹਾਂਤ

**ਟੋਰਾਂਟੋ:** ਆਪਣੇ ਦਮਦਾਰ ਸੰਵਾਦਾਂ ਤੇ ਮਜ਼ਾਹੀਆ ਟਾਈਮਿੰਗ ਲਈ ਜਾਣੇ ਜਾਂਦੇ ਉਘੇ ਅਦਾਕਾਰ ਕਾਦਰ ਖਾਨ ਦਾ ਲੰਮਾ ਸਮਾਂ ਬਿਮਾਰ ਰਹਿਣ ਮਗਰੋਂ ਦੇਹਾਂਤ ਹੋ ਗਿਆ। ਉਹ 81 ਵਰ੍ਹਿਆਂ ਦੇ ਸਨ। ਉਹ ਚਾਰ ਮਹੀਨਿਆਂ ਤੋਂ ਵੱਧ ਸਮੇਂ ਤੋਂ ਹਫਤਿਆਂ ਤੋਂ ਹਸਪਤਾਲ ਵਿਚ ਦਾਖਲ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਸਮੇਤ ਪੂਰੀ ਬਾਲੀਵੁੱਡ ਇੰਡਸਟਰੀ ਨੇ ਅਦਾਕਾਰ ਨੂੰ ਸ਼ਰਧਾਂਜਲੀ ਦਿੱਤੀ ਹੈ।

ਕਾਬੁਲ ਵਿਚ ਜੰਮੇ ਖਾਨ ਨੇ ਆਪਣੇ ਐਕਟਿੰਗ ਕਰੀਅਰ ਦੀ ਸ਼ੁਰੂਆਤ 1973 ਵਿਚ ਰਾਜੇਸ਼ ਖੰਨਾ ਦੀ ਫਿਲਮ 'ਦਾਗ਼' ਤੋਂ ਕੀਤੀ ਸੀ। ਖਾਨ ਨੇ ਆਪਣੇ ਫਿਲਮੀ ਕਰੀਅਰ ਦੌਰਾਨ ਤਿੰਨ ਸੌ ਤੋਂ ਵਧ ਫਿਲਮਾਂ ਕੀਤੀਆਂ। ਉਂਜ ਅਦਾਕਾਰੀ ਦੇ ਖੇਤਰ ਵਿਚ ਪੈਰ ਧਰਨ ਤੋਂ ਪਹਿਲਾਂ ਖਾਨ ਨੇ ਢਾਈ ਸੌ ਤੋਂ ਵੱਧ ਫਿਲਮਾਂ ਲਈ ਸੰਵਾਦ ਵੀ ਲਿਖੇ। ਪਟਕਥਾ ਲੇਖਕ ਵਜੋਂ ਖਾਨ ਨੇ ਸਭ ਤੋਂ ਵੱਧ ਫਿਲਮਸਾਜ਼ ਮਨਮੋਹਨ ਦੇਸਾਈ ਤੇ ਪ੍ਰਕਾਸ਼ ਮਹਿਰਾ ਨਾਲ ਕੰਮ ਕੀਤਾ। ਕਾਦਰ ਖਾਨ ਨੇ ਦੇਸਾਈ ਲਈ 'ਧਰਮ ਵੀਰ', 'ਗੰਗਾ ਜਮੁਨਾ ਸਰਸਵਤੀ', 'ਕੁਲੀ', 'ਅਮਰ ਅਕਬਰ ਐਂਥਨੀ' ਤੇ ਮਹਿਰਾ ਲਈ 'ਜਵਾਲਾਮੁਖੀ', 'ਸ਼ਰਾਬੀ', 'ਲਾਵਾਰਿਸ' ਆਦਿ ਫਿਲਮਾਂ 'ਚ ਕੰਮ ਕੀਤਾ। ਇਸ ਦੌਰਾਨ ਖਾਨ ਨਾਲ ਇਕੱਠਿਆਂ ਕਈ ਫਿਲਮਾਂ ਕਰਨ ਵਾਲੇ ਮੈਗਾਸਟਾਰ ਅਮਿਤਾਭ ਬੱਚਨ, ਅਨੁਪਮ ਖੇਰ, ਮਨੋਜ ਬਾਜਪਾਈ ਤੇ ਅਰਜੁਨ ਕਪੂਰ ਨੇ ਅਦਾਕਾਰ ਵੱਲੋਂ ਸਿਨੇਮਾ 'ਚ ਪਾਏ ਯੋਗਦਾਨ ਨੂੰ ਯਾਦ ਕੀਤਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਨਸ਼ਾ ਤਸਕਰਾਂ ਨੂੰ ਰਾਹੇ ਪਾਉਣ 'ਚ ਨਾਕਾਮ ਰਹੀ ਪੁਲਿਸ

## ਜੇਲ੍ਹੀਂ ਡੱਕੇ 75 ਫੀਸਦੀ ਮੁਲਜ਼ਮ ਬਾਹਰ ਆਏ

**ਬਠਿੰਡਾ:** ਕੈਪਟਨ ਸਰਕਾਰ ਵੱਲੋਂ ਨਸ਼ਾ ਤਸਕਰੀ ਦੇ ਦੋਸ਼ ਵਿਚ ਜੇਲ੍ਹੀਂ ਸੁੱਟੇ 75 ਫੀਸਦੀ ਮੁਲਜ਼ਮ ਬਾਹਰ ਆਉਣ ਵਿਚ ਸਫਲ ਰਹੇ ਹਨ। ਕਾਂਗਰਸ ਸਰਕਾਰ ਵੱਲੋਂ ਨਸ਼ਾ ਤਸਕਰੀ 'ਚ ਪਹਿਲੇ ਸਵਾ ਸਾਲ ਵਿਚ ਜੋ 25,515 ਮੁਲਜ਼ਮ ਜੇਲ੍ਹਾਂ ਵਿਚ ਬੰਦ ਕੀਤੇ ਗਏ ਸਨ, ਉਨ੍ਹਾਂ 'ਚੋਂ ਕਮਰਸ਼ੀਅਲ' ਮਾਤਰਾ 'ਚ ਨਸ਼ਾ ਫੜਿਆ ਗਿਆ ਸੀ। ਬਹੁਤੇ ਮੁਲਜ਼ਮਾਂ ਨੂੰ ਅਦਾਲਤਾਂ ਵਿਚੋਂ ਜ਼ਮਾਨਤ ਲੈਣ ਵਿਚ ਬਹੁਤੀ ਦੇਰ ਨਹੀਂ ਲੱਗੀ। ਵੇਰਵਿਆਂ ਅਨੁਸਾਰ ਜਦੋਂ ਕੈਪਟਨ ਸਰਕਾਰ ਨੇ ਪੰਜਾਬ ਵਿਚ ਗੱਦੀ ਸੰਭਾਲੀ ਸੀ ਤਾਂ ਉਦੋਂ 31 ਮਾਰਚ 2017 ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਨਸ਼ਾ ਤਸਕਰੀ ਵਿਚ 7288 ਵਿਅਕਤੀ ਬੰਦ ਸਨ, ਜਿਨ੍ਹਾਂ 'ਚੋਂ 3686 ਕੈਦੀ ਸਨ ਜਦੋਂ ਕਿ 3602 ਹਵਾਲਾਤੀ ਸਨ।



ਸਵਾ ਸਾਲ ਮਗਰੋਂ ਪੰਜਾਬ ਦੀਆਂ ਜੇਲ੍ਹਾਂ ਵਿਚ 31 ਜੁਲਾਈ 2018 ਤੱਕ ਨਸ਼ਾ ਤਸਕਰੀ ਵਾਲੇ 10922 ਬੰਦੀ ਸਨ ਜਿਨ੍ਹਾਂ ਵਿਚੋਂ 7225 ਹਵਾਲਾਤੀ ਸਨ ਜਦੋਂ ਕਿ 3697 ਕੈਦੀ ਸਨ। ਇਸੇ ਸਮੇਂ ਦੌਰਾਨ ਭਾਵ 31 ਮਾਰਚ 2017 ਤੋਂ 31 ਜੁਲਾਈ 2018 ਤੱਕ ਜੇਲ੍ਹਾਂ ਵਿਚ ਐਨ.ਡੀ.ਪੀ.ਐਸ. ਐਕਟ ਤਹਿਤ 25,515 ਮੁਲਜ਼ਮ ਬੰਦ ਕੀਤੇ ਗਏ, ਜਿਨ੍ਹਾਂ 'ਚੋਂ 19310 ਅਦਾਲਤਾਂ ਵਿਚੋਂ ਜ਼ਮਾਨਤ ਮਿਲਣ ਮਗਰੋਂ ਰਿਹਾਅ ਹੋ ਚੁੱਕੇ ਹਨ। ਇਸੇ ਸਵਾ ਸਾਲ ਦੌਰਾਨ ਨਸ਼ਾ ਤਸਕਰੀ ਵਾਲੇ 1132 ਹਵਾਲਾਤੀ ਅਦਾਲਤਾਂ 'ਚੋਂ ਬਰੀ ਹੋਏ ਹਨ। ਕੋਈ ਸ਼ੱਕ ਨਹੀਂ ਕਿ 19,310 ਮੁਲਜ਼ਮ ਅਦਾਲਤਾਂ ਵਿਚੋਂ ਜ਼ਮਾਨਤ ਹੋਣ ਮਗਰੋਂ ਜੇਲ੍ਹਾਂ ਤੋਂ ਬਾਹਰ ਆ ਗਏ ਹਨ। ਦੇਖਿਆ ਜਾਵੇ ਤਾਂ ਨਵੀਂ ਸਰਕਾਰ ਵੱਲੋਂ ਫੜੇ ਮੁਲਜ਼ਮਾਂ 'ਚੋਂ 75 ਫੀਸਦੀ ਦੀਆਂ ਜ਼ਮਾਨਤਾਂ ਹੋ ਚੁੱਕੀਆਂ ਹਨ।

ਪੰਜਾਬ ਸਰਕਾਰ ਤਰਫੋਂ ਨਸ਼ਾ ਤਸਕਰੀ ਨੂੰ ਠੱਲ੍ਹਣ ਲਈ ਬਕਾਇਦਾ ਐਸ.ਟੀ.ਐਫ ਦਾ ਗਠਨ ਕੀਤਾ ਹੋਇਆ ਹੈ, ਜਿਸ ਦੇ ਅਧਿਕਾਰੀ ਖੁਦ ਮੰਨਦੇ ਹਨ ਕਿ ਕਰੀਬ 725 ਮੁਲਜ਼ਮਾਂ ਦੀ ਨਸ਼ਾ ਤਸਕਰੀ 'ਚ ਇਸ ਕਰਕੇ ਜ਼ਮਾਨਤ ਹੋ ਗਈ ਕਿਉਂਕਿ ਜ਼ਿਲ੍ਹਾ ਪੁਲਿਸ ਤਰਫੋਂ ਸਮੇਂ ਸਿਰ ਮੁਲਜ਼ਮਾਂ ਖਿਲਾਫ ਚਲਾਨ ਪੇਸ਼ ਨਹੀਂ ਕੀਤਾ ਗਿਆ। ਕੋਤਾਹੀ ਵਰਤਣ ਵਾਲੇ ਕਈ ਤਫਤੀਸ਼ੀ ਅਫਸਰਾਂ ਖਿਲਾਫ ਕਾਰਵਾਈ ਵੀ ਕੀਤੀ ਗਈ ਹੈ। ਸੂਤਰ ਆਖਦੇ ਹਨ ਕਿ ਪੰਜਾਬ ਪੁਲਿਸ ਨੇ ਅਕਾਲੀ ਤਰਜ਼ 'ਤੇ ਨਸ਼ਾ ਤਸਕਰਾਂ ਦਾ ਗ੍ਰਿਫਤਾਰੀ ਦਾ ਵੱਡਾ ਅੰਕੜਾ ਦਿਖਾਉਣ ਲਈ ਨਸ਼ੇੜੀਆਂ ਨੂੰ ਵੀ ਫੜ ਕੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਜਿਨ੍ਹਾਂ ਕੋਲੋਂ 'ਨਾਨ

ਐਸ.ਟੀ.ਐਫ. ਨੇ ਵੱਡੇ ਮੱਛ ਵੀ ਫੜੇ ਹਨ ਅਤੇ ਨਸ਼ਾ ਵੱਡੀ ਮਾਤਰਾ ਵਿਚ ਬਰਾਮਦ ਵੀ ਕੀਤਾ ਹੈ। ਅੰਕੜਾ ਵਧਾਉਣ ਲਈ ਨਸ਼ੇੜੀ ਵੀ ਰਗੜੇ ਹੇਠ ਆਏ ਜਿਨ੍ਹਾਂ ਨੂੰ ਜ਼ਮਾਨਤਾਂ ਮਿਲੀਆਂ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਤੋਂ ਪਹਿਲਾਂ ਗੁਟਕਾ ਸਾਹਿਬ ਦੀ ਸਹੁੰ ਚੁੱਕ ਕੇ ਨਸ਼ਾ 4 ਹਫਤੇ ਵਿਚ ਖਤਮ ਕਰਨ ਦਾ ਪ੍ਰਣ ਕੀਤਾ ਸੀ।

ਪੰਜਾਬ ਪੁਲਿਸ ਨੇ ਪਹਿਲੇ ਚਾਰ ਹਫਤਿਆਂ ਵਿਚ ਪੰਜਾਬ 'ਚ ਨਸ਼ਾ ਤਸਕਰੀ ਦੇ 1468 ਕੇਸ ਦਰਜ ਕੀਤੇ ਸਨ ਅਤੇ 1468 ਵਿਅਕਤੀ ਗ੍ਰਿਫਤਾਰ ਕੀਤੇ ਸਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 4 ਜੁਲਾਈ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਪੱਤਰ ਲਿਖ ਕੇ ਨਸ਼ਾ ਤਸਕਰਾਂ ਨੂੰ ਫਾਂਸੀ ਦੀ ਸਜ਼ਾ ਦਿੱਤੇ ਜਾਣ ਦੀ ਵਿਵਸਥਾ ਕੀਤੇ ਜਾਣ ਦਾ ਪ੍ਰਸਤਾਵ ਭੇਜਿਆ ਸੀ। ਪੰਜਾਬ ਵਿਚ ਇਸ ਵੇਲੇ 24 ਜੇਲ੍ਹਾਂ ਹਨ ਜਿਨ੍ਹਾਂ ਦੀ ਸਮਰੱਥਾ 23,488 ਬੰਦੀਆਂ ਦੀ ਹੈ। ਅੱਠ ਜੇਲ੍ਹਾਂ ਵਿਚ ਨਸ਼ਾ ਛੁਡਾਊ ਕੇਂਦਰ ਵੀ ਖੋਲ੍ਹੇ ਗਏ ਹਨ।

## ਬਿਨਾ ਮੁਕੱਦਮੇ ਤੋਂ ਨਸ਼ਾ ਤਸਕਰਾਂ ਦੀ ਨਜ਼ਰਬੰਦੀ ਲਈ ਬਣੇਗਾ ਸਲਾਹਕਾਰ ਬੋਰਡ

**ਚੰਡੀਗੜ੍ਹ:** ਬਿਨਾ ਮੁਕੱਦਮਾ ਚਲਾਏ ਇਕ ਸਾਲ ਵਾਸਤੇ ਨਸ਼ਾ ਤਸਕਰਾਂ ਦੀ ਨਜ਼ਰਬੰਦੀ ਸਬੰਧੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਲਾਹਕਾਰ ਬੋਰਡ ਬਣਾਉਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ 'ਚ ਵੱਖਰੀ ਡਰੱਗ ਡਿਵੀਜ਼ਨ ਕਾਇਮ ਕੀਤੀ ਜਾਵੇਗੀ, ਤਾਂ ਜੋ ਸਰਕਾਰੀ ਅਤੇ ਨਿੱਜੀ ਕੇਂਦਰਾਂ ਵੱਲੋਂ ਕੀਤੀਆਂ ਜਾ ਰਹੀਆਂ ਨਸ਼ਾ ਛੁਡਾਉਣ ਦੀਆਂ ਕੋਸ਼ਿਸ਼ਾਂ 'ਚ ਤਾਲਮੇਲ ਬਿਠਾਇਆ ਜਾ ਸਕੇ।

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਜਿਨ੍ਹਾਂ ਖੇਤਰਾਂ 'ਚੋਂ ਨਸ਼ੇ ਫੜੇ ਜਾਣਗੇ, ਉਨ੍ਹਾਂ ਖੇਤਰਾਂ ਦੇ ਥਾਣਿਆਂ ਵਿਚ ਤਾਇਨਾਤ ਕਰਮਚਾਰੀ ਸਿੱਧੇ ਤੌਰ 'ਤੇ ਜਵਾਬਦੇਹ ਹੋਣਗੇ। ਪ੍ਰਸਤਾਵਿਤ ਸਲਾਹਕਾਰੀ ਬੋਰਡ ਨੂੰ ਨਾਰਕੋਟਿਕਸ, ਐਲ.ਡੀ.ਪੀ.ਐਸ. ਐਕਟ ਵਿਚ ਪਰੀਵੈਨਸ਼ਨ ਆਫ ਇਲਿਸਿਟ ਟ੍ਰੈਫਿਕ (ਪੀ.ਆਈ.ਟੀ.) ਹੇਠ ਗਠਿਤ ਕੀਤਾ ਜਾਵੇਗਾ। ਇਸ ਦਾ ਉਦੇਸ਼ ਬਿਨਾਂ ਮੁਕੱਦਮਾ ਚਲਾਏ ਇਕ ਸਾਲ ਵਾਸਤੇ ਨਸ਼ਾ ਤਸਕਰਾਂ ਦੀ ਨਜ਼ਰਬੰਦੀ ਦੀ ਇਜਾਜ਼ਤ ਦੇਣ ਦੇ ਨਾਲ-ਨਾਲ ਇਸ ਐਕਟ ਤਹਿਤ ਇਸ਼ਤਿਹਾਰੀ ਭਗੌੜਿਆਂ ਦੀ ਜਾਇਦਾਦਾਂ ਨੂੰ ਜ਼ਬਤ ਕਰਨਾ ਹੈ।

## ਖਾਲਿਸਤਾਨ ਲਿਬਰੇਸ਼ਨ ਫੋਰਸ ਪਾਬੰਦੀਸ਼ੁਦਾ ਜਥੇਬੰਦੀ ਕਰਾਰ

**ਨਵੀਂ ਦਿੱਲੀ:** ਭਾਰਤੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਇਕ ਹੁਕਮ ਮੁਤਾਬਕ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇ.ਐਲ.ਐਫ.) ਨੂੰ ਪਾਬੰਦੀਸ਼ੁਦਾ ਜਥੇਬੰਦੀਆਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ।

ਕੇ.ਐਲ.ਐਫ. ਪੰਜਾਬ ਸੂਬੇ ਨੂੰ ਭਾਰਤ ਨਾਲੋਂ ਵੱਖ ਕਰ ਕੇ "ਹਿੰਸਕ ਮਨਸੂਬਿਆਂ" ਨਾਲ ਇਕ ਆਜ਼ਾਦ ਮੁਲਕ ਬਣਾਉਣ ਦੀ ਚਾਹਵਾਨ ਹੈ। ਕੇ.ਐਲ.ਐਫ. 'ਤੇ ਪੁਲਿਸ ਅਧਿਕਾਰੀਆਂ ਤੇ ਬੇਦੋਸ਼ੇ ਲੋਕਾਂ ਦੀਆਂ ਹੱਤਿਆਵਾਂ ਅਤੇ ਬੰਬ ਧਮਾਕਿਆਂ 'ਚ ਸ਼ਮੂਲੀਅਤ ਦਾ ਦੋਸ਼ ਹੈ।

ਇਨ੍ਹਾਂ ਮਾਮਲਿਆਂ ਨੂੰ ਹੀ ਕੇ.ਐਲ.ਐਫ. 'ਤੇ ਪਾਬੰਦੀ ਲਾਉਣ ਦਾ ਆਧਾਰ ਬਣਾਇਆ ਗਿਆ ਹੈ। ਗ੍ਰਹਿ ਮੰਤਰਾਲੇ ਦੇ ਹੁਕਮ ਤਹਿਤ ਖਾਲਿਸਤਾਨ ਲਿਬਰੇਸ਼ਨ ਫੋਰਸ ਤੇ ਇਸ ਨੂੰ ਪ੍ਰਗਟ ਕਰਦੀ ਹਰ ਗਤੀਵਿਧੀ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਗਿਆ ਹੈ। ਵੱਖ-ਵੱਖ ਏਜੰਸੀਆਂ ਨੇ ਵੀ ਕੇ.ਐਲ.ਐਫ. ਦੀ ਕਈ ਦਹਿਸ਼ਤੀ ਸਾਜ਼ਿਸ਼ਾਂ ਦਾ ਪਰਦਾਫਾਸ਼ ਕੀਤਾ ਹੈ। ਇਨ੍ਹਾਂ ਤੋਂ ਸੂਬੇ ਵਿਚ ਅਤਿਵਾਦ ਮੁੜ ਸੁਰਜੀਤ ਕਰਨ ਦੀਆਂ ਕੋਸ਼ਿਸ਼ਾਂ ਦੇ ਸੰਕੇਤ ਮਿਲੇ ਹਨ।

## ਚੌਕਸੀ ਸਦਕਾ ਟਕਰਾਉਣ ਤੋਂ ਬਚੇ ਸਨ ਤਿੰਨ ਜਹਾਜ

**ਮੁੰਬਈ:** ਦਿੱਲੀ ਉਡਾਣ ਸੂਚਨਾ ਖੇਤਰ ਵਿਚ ਪਿਛਲੇ ਦਿਨੀਂ ਤਿੰਨ ਵਿਦੇਸ਼ੀ ਜਹਾਜ਼ਾਂ ਦੀ ਆਪਸੀ ਟੱਕਰ ਹੋਣ ਤੋਂ ਬਚ ਗਈ ਸੀ। ਇਨ੍ਹਾਂ ਤਿੰਨੇ ਜਹਾਜ਼ਾਂ ਵਿਚ ਸੈਂਕੜੇ ਯਾਤਰੀ ਸਵਾਰ ਸਨ। ਏਅਰ ਟਰੈਫਿਕ ਕੰਟਰੋਲ ਵੱਲੋਂ ਵਾਰ-ਵਾਰ ਦਿੱਤੀਆਂ ਗਈਆਂ ਚਿਤਾਵਨੀਆਂ ਤੋਂ ਬਾਅਦ ਇਸ ਹਾਦਸੇ ਤੋਂ ਬਚਾਅ ਹੋ ਸਕਿਆ।

ਜਹਾਜ ਹਾਦਸਾ ਜਾਂਚ ਬਿਊਰੋ ਨੇ ਇਸ ਘਟਨਾ ਦੀ ਜਾਂਚ ਆਰੰਭ ਦਿੱਤੀ ਹੈ। ਅਧਿਕਾਰੀ ਨੇ ਦੱਸਿਆ ਕਿ ਡੱਚ ਕਰੀਅਰ ਕੇ. ਐਲ. ਐਮ. ਈਵਾ ਏਅਰ ਅਤੇ ਅਮਰੀਕਾ ਆਧਾਰਤ ਨੈਸ਼ਨਲ ਏਅਰਲਾਈਨਜ਼ ਦੀਆਂ ਉਡਾਣਾਂ ਹਾਦਸੇ ਦਾ ਸ਼ਿਕਾਰ ਹੋਣ ਤੋਂ ਬਚੀਆਂ ਸਨ।

# ਜੇਲ੍ਹਾਂ ਵਿਚ ਨਸ਼ਾ ਸਪਲਾਈ ਰੋਕਣ ਵਿਚ ਨਾਕਾਮੀ

**ਚੰਡੀਗੜ੍ਹ:** ਭਾਵੇਂ ਜੇਲ੍ਹ ਵਿਭਾਗ ਵੱਲੋਂ ਨਸ਼ਿਆਂ ਦੀ ਸਪਲਾਈ 'ਤੇ ਰੋਕ ਲਾਉਣ ਲਈ ਕਈ ਕਦਮ ਚੁੱਕੇ ਗਏ ਪਰ ਸਾਲ ਦੇ ਅੰਤਿਮ ਮਹੀਨੇ ਵੀ ਪੰਜਾਬ ਦੀਆਂ ਜੇਲ੍ਹਾਂ 'ਚ ਅਜਿਹੇ ਤਰੀਕਿਆਂ ਨਾਲ ਨਸ਼ੀਲੇ ਪਦਾਰਥ ਲੈ ਕੇ ਜਾਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਜਿਸ ਨੂੰ ਦੇਖ ਕੇ ਜੇਲ੍ਹ ਵਿਭਾਗ ਦੀਆਂ ਅੱਖਾਂ ਵੀ ਖੁੱਲ੍ਹੀਆਂ ਰਹਿ ਗਈਆਂ।

ਸਖਤੀ ਦੇ ਬਾਵਜੂਦ ਵੱਖ-ਵੱਖ ਜੇਲ੍ਹਾਂ ਵਿਚੋਂ ਨਸ਼ੀਲਾ ਪਾਊਡਰ, ਨਸ਼ੀਲੀਆਂ ਗੋਲੀਆਂ ਮੋਬਾਈਲ ਤੇ ਹੋਰ ਸਾਮਾਨ ਜਿਸ 'ਤੇ ਰੋਕ ਲਗਾਈ ਗਈ ਹੈ, ਜੇਲ੍ਹਾਂ 'ਚ ਹੈਰਾਨੀਜਨਕ ਤਰੀਕਿਆਂ ਰਾਹੀਂ ਪਹੁੰਚ ਗਿਆ।

ਦਸੰਬਰ ਮਹੀਨੇ ਜੇਲ੍ਹ ਵਿਭਾਗ ਵੱਲੋਂ ਖੁਲਾਸਾ ਕੀਤਾ ਗਿਆ ਹੈ ਕਿ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ 'ਚ ਕੈਦੀਆਂ ਤੋਂ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ ਸਨ ਜੋ ਉਹ ਆਪਣੇ 'ਗੁਪਤ ਅੰਗ' ਵਿਚ ਲੁਕਾ ਕੇ ਜੇਲ੍ਹ ਅੰਦਰ ਲੈ ਆਏ ਸਨ। ਅਜਿਹੀਆਂ ਕਈ ਘਟਨਾਵਾਂ ਜੇਲ੍ਹ ਵਿਭਾਗ ਦੇ ਸਾਹਮਣੇ ਆਈਆਂ ਜਿਸ ਮਗਰੋਂ ਵਿਭਾਗ ਨੇ ਹਰ ਜੇਲ੍ਹ ਦੇ ਸਟਾਫ ਨੂੰ ਜੇਲ੍ਹ ਅੰਦਰ ਜਾਣ ਵਾਲੇ ਹਰ ਵਿਅਕਤੀ ਜਿਨ੍ਹਾਂ 'ਚ ਜੇਲ੍ਹ ਸਟਾਫ ਵੀ ਸ਼ਾਮਲ ਹੈ, ਦੀ ਬਾਰੀਕੀ ਨਾਲ ਤਲਾਸ਼ੀ ਕਰਨ ਦੇ ਹੁਕਮ ਜਾਰੀ ਕੀਤੇ ਗਏ ਅਤੇ ਜੇਲ੍ਹ ਸਟਾਫ ਨੂੰ ਸੁਰੱਖਿਆ ਉਪਕਰਨ ਜਿਵੇਂ ਐਚ.ਐਚ.ਐਮ.ਡੀਸ, ਐਕਸ ਰੇਜ ਬੈਗੇਜ ਮਸ਼ੀਨ ਅਤੇ ਸਨੀਫਰ ਡਾਗ ਇਸਤੇਮਾਲ ਕਰਨ ਦੀ ਸਿਖਲਾਈ ਵੀ ਦਿੱਤੀ ਗਈ।

# ਗੈਂਗਸਟਰਾਂ ਨੂੰ ਨੱਥ ਪਾਉਣ ਵਿਚ ਸਫਲ ਰਹੀ ਪੰਜਾਬ ਪੁਲਿਸ

**ਚੰਡੀਗੜ੍ਹ:** ਪੰਜਾਬ ਵਿਚ ਸਾਲ 2018 ਦੀ ਸ਼ੁਰੂਆਤ ਮੌਕੇ ਪੰਜਾਬ ਪੁਲਿਸ ਵੱਲੋਂ ਖਤਰਨਾਕ ਗੈਂਗਸਟਰ ਵਿੱਕੀ ਗੌਂਡਰ ਨੂੰ ਮੁਕਾਬਲੇ ਮਾਰਨ ਮਗਰੋਂ ਸੂਬੇ 'ਚ ਸਰਗਰਮ ਰਹੇ ਗੈਂਗ ਖਤਮ ਕਰਨ 'ਚ ਲਗਾਤਾਰ ਕਾਮਯਾਬੀ ਮਿਲਦੀ ਰਹੀ। ਪਿਛਲੇ ਸਾਲ 2017 'ਚ ਅਪਰਾਧਕ ਸਰਗਰਮੀਆਂ ਇਸ ਸਾਲ ਦੇ ਮੁਕਾਬਲੇ ਜ਼ਿਆਦਾ ਦੱਸੀਆਂ ਜਾ ਰਹੀਆਂ ਹਨ ਅਤੇ ਇਸ ਸਾਲ ਦੇ ਅੰਤ ਤੱਕ ਪੰਜਾਬ ਪੁਲਿਸ ਪੰਜਾਬ ਵਿਚ ਗੈਂਗਵਾਰ, ਫਿਰੌਤੀ ਮੰਗਣ ਦੀਆਂ ਘਟਨਾਵਾਂ ਅਤੇ ਹੋਰ ਅਪਰਾਧਾਂ ਨੂੰ ਕਾਬੂ ਪਾਉਣ 'ਚ ਕਾਫੀ ਹੱਦ ਤੱਕ ਕਾਮਯਾਬ ਰਹੀ।

ਵਿੱਕੀ ਗੌਂਡਰ ਦੇ ਮੁਕਾਬਲੇ ਤੋਂ ਪਹਿਲਾਂ ਪੰਜਾਬ 'ਚ ਗੈਂਗਸਟਰਾਂ ਦਾ ਚੰਗਾ ਖੌਫ ਰਿਹਾ ਹੈ ਜਿਸ ਮਗਰੋਂ ਪੁਲਿਸ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹੱਲਾਸ਼ੇਰੀ ਮਗਰੋਂ ਇਕ-ਇਕ ਕਰਕੇ ਗੈਂਗ ਖਤਮ ਕਰਨ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਅਤੇ ਸਾਲ ਦੇ ਅੰਤ ਤੱਕ ਪੰਜਾਬ 'ਚ ਗੈਂਗਸਟਰਾਂ ਦੀਆਂ ਸਰਗਰਮੀਆਂ ਹਾਸ਼ੀਏ 'ਤੇ ਕਰਨ ਵਿਚ ਪੁਲਿਸ ਕਾਮਯਾਬ ਰਹੀ। ਸਾਲ ਦੇ ਸ਼ੁਰੂ ਵਿਚ ਹੀ 26 ਜਨਵਰੀ ਨੂੰ ਰਾਜਸਥਾਨ ਦੇ ਸ੍ਰੀਗੰਗਾਨਗਰ 'ਚ ਪੰਜਾਬ ਪੁਲਿਸ ਨੇ ਨਾਭਾ ਜੇਲ੍ਹ ਬ੍ਰੇਕ ਕਾਂਡ ਦੇ ਮਾਸਟਰ ਮਾਈਂਡ ਵਿੱਕੀ ਗੌਂਡਰ ਦਾ ਮੁਕਾਬਲਾ ਕਰ ਦਿੱਤਾ ਸੀ, ਜਿਸ ਮਗਰੋਂ ਇਸ ਸਾਲ ਜਾਂ ਤਾਂ ਬਹੁਤੇ ਗੈਂਗਸਟਰ ਰੂਪੋਸ਼ ਹੋ ਗਏ ਜਾਂ ਫਿਰ ਕਈਆਂ ਨੇ ਪੁਲਿਸ ਅੱਗੇ ਆਤਮ ਸਮਰਪਣ ਕਰਨਾ ਹੀ ਠੀਕ ਸਮਝਿਆ ਸੀ। ਇਸ ਦੌਰਾਨ ਹੀ ਗੈਂਗਸਟਰ ਰਵੀ ਦਿਓਲ ਨੇ ਖੌਫਜ਼ਦਾ ਹੋ ਕੇ 30 ਜਨਵਰੀ ਨੂੰ ਸੰਗਰੂਰ ਦੀ ਅਦਾਲਤ 'ਚ ਆਤਮ ਸਮਰਪਣ ਕਰ ਦਿੱਤਾ ਸੀ। ਗੈਂਗਸਟਰਾਂ 'ਚ ਪੁਲਿਸ ਦਾ ਖੌਫ ਸਾਲ ਦੇ ਅੰਤ ਤੱਕ ਦੇਖਣ ਨੂੰ ਮਿਲਿਆ ਜਦ ਚੰਡੀਗੜ੍ਹ 'ਚ ਵੀ ਇਕ ਗੈਂਗਸਟਰ ਨੇ ਪੁਲਿਸ ਤੋਂ ਬਚਣ ਲਈ ਇਕ ਹੋਟਲ ਦੀ ਤੀਜੀ ਮੰਜ਼ਿਲ ਤੋਂ ਛਾਲ ਮਾਰ ਦਿੱਤੀ। ਹਾਲਾਂਕਿ ਗੈਂਗਸਟਰ ਦਿਲਪ੍ਰੀਤ ਸਿੰਘ ਬਾਬਾ ਨੇ ਆਮ ਲੋਕਾਂ 'ਚ ਆਪਣਾ ਖੌਫ ਪੈਦਾ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਉਸ ਨੂੰ ਵੀ ਪੰਜਾਬ ਪੁਲਿਸ ਨੇ ਕਾਬੂ ਕਰ ਲਿਆ।

ਇਸ ਦੌਰਾਨ ਹੋਰ ਕਈ ਨਾਮਵਰ ਗੈਂਗਸਟਰਾਂ ਨੂੰ ਕਾਬੂ ਕਰਨ 'ਚ ਪੰਜਾਬ ਪੁਲਿਸ ਫੋਰਸ ਕਾਮਯਾਬ ਰਹੀ। ਇਸੇ ਸਾਲ ਪੰਜਾਬ ਪੁਲਿਸ ਇੰਟੈਲੀਜੈਂਸ ਵਿੰਗ ਦੇ ਸੰਗਠਿਤ ਕ੍ਰਾਈਮ ਕੰਟਰੋਲ ਯੂਨਿਟ ਨੇ ਇਕ ਅਪਰੇਸ਼ਨ ਦੌਰਾਨ ਵੱਡੇ ਗੈਂਗਸਟਰ ਗਰੁੱਪ ਦੇ ਮੈਂਬਰਾਂ ਨੂੰ ਵੀ ਗ੍ਰਿਫਤਾਰ ਕੀਤਾ। ਕ੍ਰਾਈਮ ਕੰਟਰੋਲ ਯੂਨਿਟ ਦੇ ਆਈ.ਜੀ.ਪੀ. ਇੰਟੈਲੀਜੈਂਸ ਕੰਵਰ ਵਿਜੈ ਪ੍ਰਤਾਪ ਸਿੰਘ ਅਨੁਸਾਰ ਦਵਿੰਦਰ ਬੰਬੀਹਾ ਸ਼ੂਟਰ ਗਰੁੱਪ ਨਾਲ ਸਬੰਧਤ 9 ਹੋਰ ਗੈਂਗਸਟਰਾਂ ਨੂੰ ਵੀ ਇਸੇ ਨਾਲ ਜੁਲਾਈ ਮਹੀਨੇ ਗ੍ਰਿਫਤਾਰ ਕੀਤਾ ਗਿਆ ਹੈ ਜਿਨ੍ਹਾਂ ਤੋਂ ਵੱਖ-ਵੱਖ ਤਰ੍ਹਾਂ ਦੇ 17 ਖਤਰਨਾਕ ਹਥਿਆਰ ਵੀ ਬਰਾਮਦ ਕੀਤੇ ਗਏ ਸਨ, ਜਿਨ੍ਹਾਂ 'ਚ ਵਿਦੇਸ਼ੀ ਹਥਿਆਰ ਵੀ ਸ਼ਾਮਲ ਸਨ। ਇਸੇ ਸਾਲ ਦੇ ਅੰਤ 'ਚ ਨਿਰੰਕਾਰੀ ਭਵਨ ਅੰਮ੍ਰਿਤਸਰ ਗਰਨੇਡ ਹਮਲਾ ਨਾਲ ਪੰਜਾਬ 'ਚ ਖੌਫ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਪੁਲਿਸ ਫੋਰਸ ਨੇ ਕੁਝ ਹੀ ਦਿਨਾਂ 'ਚ ਦੋਸ਼ੀਆਂ ਨੂੰ ਕਾਬੂ ਕਰਨ ਦਾ ਦਾਅਵਾ ਕਰਕੇ ਇਸ ਖੌਫ ਨੂੰ ਖਤਮ ਕਰਨ 'ਚ ਵੀ ਕਾਮਯਾਬੀ ਹਾਸਲ ਕਰ ਲਈ।



# ਸੀ.ਬੀ.ਆਈ. ਵੱਲੋਂ ਪੰਜਾਬ ਦੇ ਏਜੰਟਾਂ ਖਿਲਾਫ ਕੇਸ

## ਕਬੂਤਰਬਾਜ਼ੀ

**ਨਵੀਂ ਦਿੱਲੀ:** ਪੰਜਾਬ ਦੇ ਸ਼ਹੀਦ ਭਗਤ ਸਿੰਘ ਨਗਰ ਵਿਚ ਚਾਰ ਨਾਬਾਲਗਾਂ ਨੂੰ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਲਿਜਾਣ ਦੇ ਮਾਮਲੇ ਵਿਚ ਸੀ.ਬੀ.ਆਈ. ਨੇ ਕੇਸ ਦਰਜ ਕੀਤਾ ਹੈ। ਸੀ.ਬੀ.ਆਈ. ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕੇਸ ਅਮਰੀਕੀ ਦੂਤਾਵਾਸ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ। ਅਮਰੀਕੀ ਅਥਾਰਟੀ ਵੱਲੋਂ ਦਿੱਤੀ ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਪਿਛਲੇ ਸਾਲ ਅਗਸਤ ਵਿਚ ਗਗਨ ਗੁਪਤਾ ਨਾਂ ਦੀ ਇਕ ਔਰਤ ਨੇ ਚਾਰ ਨਾਬਾਲਗਾਂ ਨੂੰ ਪੰਜਾਬ ਦੇ ਸ਼ਹੀਦ ਭਗਤ ਸਿੰਘ ਨਗਰ ਸਥਿਤ ਸੇਂਟ ਜੋਸਫ ਕਾਨਵੈਂਟ ਸਕੂਲ ਦੇ ਬੱਚਿਆਂ ਦੇ ਪਾਸਪੋਰਟਾਂ ਉਤੇ ਅਮਰੀਕਾ ਲਿਜਾਣ ਦੀ ਕੋਸ਼ਿਸ਼ ਕੀਤੀ ਹੈ।

ਜਾਂਚ ਵਿਚ ਸਾਹਮਣੇ ਆਇਆ ਹੈ ਕਿ ਇਨ੍ਹਾਂ ਵਿਦਿਆਰਥੀਆਂ ਦੇ ਪਾਸਪੋਰਟ ਚਾਰ ਨਾਬਾਲਗਾਂ ਨੂੰ ਅਮਰੀਕਾ ਲਿਜਾਣ ਲਈ ਵਰਤੇ ਜਾਣੇ ਸਨ। ਸਕੂਲ ਦੇ ਵਿਦਿਆਰਥੀਆਂ ਦੀ ਉਮਰ 13 ਤੋਂ 15 ਸਾਲ ਵਿਚਾਲੇ ਹੈ। ਅਮਰੀਕੀ ਅੰਬੈਸੀ ਮੁਤਾਬਕ ਯੂਨਾਈਟਿਡ ਏਅਰਲਾਈਨਜ਼ ਦੇ ਸਟਾਫ ਨੇ ਚਾਰਾਂ ਨੂੰ ਫਲਾਈਟ ਵਿਚ ਚੜ੍ਹਨ ਤੋਂ ਰੋਕ ਲਿਆ ਕਿਉਂਕਿ ਉਨ੍ਹਾਂ ਦੇ ਚਿਹਰੇ ਪਾਸਪੋਰਟ ਵਿਚਲੀਆਂ ਫੋਟੋਆਂ ਨਾਲ ਮੇਲ ਨਹੀਂ ਖਾ ਰਹੇ ਸਨ। ਜਾਂਚ ਵਿਚ ਸਾਹਮਣੇ ਆਇਆ ਕਿ ਇਹ ਵੀਜ਼ਾ ਸੇਂਟ ਜੋਜ਼ਫ ਕਾਨਵੈਂਟ ਸਕੂਲ ਦੇ ਬੱਚਿਆਂ ਦੇ ਇਕ ਟੂਰ ਲਈ ਜਾਰੀ ਹੋਏ ਸਨ। ਇਸ ਟੂਰ ਦਾ ਪ੍ਰਬੰਧ ਕਲਿੱਕ ਐਜੂਕੇਸ਼ਨ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਨੇ ਕੀਤਾ ਸੀ। ਸਕੂਲ ਵਿਦਿਆਰਥੀਆਂ ਨੂੰ ਸਭਿਆਚਾਰਕ ਟੂਰ ਤਹਿਤ ਅਮਰੀਕਾ ਭੇਜ ਰਿਹਾ ਸੀ। ਏਜੰਟ ਵੱਲੋਂ ਵੀਜ਼ਾ ਪ੍ਰਕਿਰਿਆ ਵਿਚ ਮਦਦ ਕਰਨ ਲਈ ਵਿਦਿਆਰਥੀਆਂ ਦੇ ਪਾਸਪੋਰਟ ਹਾਸਲ ਕੀਤੇ ਗਏ ਸਨ, ਪਰ ਉਸ ਨੇ ਇਨ੍ਹਾਂ ਵਿਦਿਆਰਥੀਆਂ ਦੇ ਵੀਜ਼ੇ ਲੱਗੇ ਪਾਸਪੋਰਟਾਂ ਜ਼ਰੀਏ ਆਪਣੇ ਚਾਰ ਗਾਹਕਾਂ ਨੂੰ ਨਾਜਾਇਜ਼ ਤਰੀਕੇ ਨਾਲ ਅਮਰੀਕਾ ਭੇਜਣ ਦੀ ਕੋਸ਼ਿਸ਼ ਕੀਤੀ। ਅਮਰੀਕੀ ਅੰਬੈਸੀ ਨੇ ਵਿਦਿਆਰਥੀ ਦੀ ਪਾਸਪੋਰਟ ਪਛਾਣ ਵਰਤ ਕੇ ਅਮਰੀਕਾ ਜਾਣ ਦੀ ਕੋਸ਼ਿਸ਼ ਕਰਨ ਵਾਲੇ ਇਕ ਬੱਚੇ ਦੀ ਸ਼ਨਾਖਤ ਕਰ ਲਈ ਹੈ। ਉਹ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧਤ ਹੈ।

ਬੱਚੇ ਦੇ ਪਿਤਾ ਨੇ ਦੱਸਿਆ ਹੈ ਕਿ ਉਨ੍ਹਾਂ ਕੋਲੋਂ ਕਿੰਗਸ ਟਰੈਵਲ ਪੰਜਾਬ ਦੇ ਏਜੰਟ ਬਲਰਾਜ ਖੇੜਾ ਨੇ ਪੁੱਤਰ ਨੂੰ ਅਮਰੀਕਾ ਭੇਜਣ ਬਦਲੇ 30.05 ਲੱਖ ਰੁਪਏ ਦੀ ਮੰਗ ਕੀਤੀ ਸੀ। ਸਕੂਲ ਦੀ ਪ੍ਰਿੰਸੀਪਲ ਨੇ ਸੀਬੀਆਈ ਨੂੰ ਦੱਸਿਆ ਹੈ ਕਿ ਬੱਚਿਆਂ ਦੇ ਟੂਰ ਲਈ ਏਜੰਟ ਚੇਤਨ ਸੱਭਰਵਾਲ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਪਾਸਪੋਰਟ ਉਨ੍ਹਾਂ ਕੋਲੋਂ ਲਏ ਸਨ। ਸੀ.ਬੀ.ਆਈ. ਨੇ ਏਜੰਟ ਬਲਰਾਜ ਖੇੜਾ, ਪਠਾਨਕੋਟ ਨਾਲ ਸਬੰਧਤ ਗਗਨ ਗੁਪਤਾ, ਕਲਿੱਕ ਐਜੂਕੇਸ਼ਨ ਸਰਵਿਸਿਜ਼ ਚੰਡੀਗੜ੍ਹ ਦੇ ਚੇਤਨ ਸੱਭਰਵਾਲ ਤੇ ਉਸ ਦੇ ਮੁਲਾਜ਼ਮਾਂ ਲਵਪ੍ਰੀਤ ਸਿੰਘ ਤੇ ਤਿਲਕ ਰਾਜ ਖਿਲਾਫ ਕੇਸ ਦਰਜ ਕਰ ਲਿਆ ਹੈ।

# ਬੇਅਦਬੀ ਕਾਂਡ: ਦਲਜੀਤ ਚੀਮਾ ਵੱਲੋਂ 'ਸਿੱਟ' ਦੀ ਤਸੱਲੀ ਕਰਵਾਉਣ ਦਾ ਦਾਅਵਾ

**ਫਰੀਦਕੋਟ:** ਪੰਜਾਬ ਦੇ ਸਾਬਕਾ ਸਿੱਖਿਆ ਮੰਤਰੀ ਤੇ ਸੀਨੀਅਰ ਅਕਾਲੀ ਆਗੂ ਦਲਜੀਤ ਸਿੰਘ ਚੀਮਾ ਬੇਅਦਬੀ ਤੇ ਗੋਲੀਕਾਂਡ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ (ਸਿੱਟ) ਸਾਹਮਣੇ ਪੇਸ਼ ਹੋਏ। ਜਾਂਚ ਟੀਮ ਨੇ ਸ੍ਰੀ ਚੀਮਾ ਨੂੰ ਫਰੀਦਕੋਟ ਕੈਂਪ ਦਫਤਰ ਵਿਚ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਸਨ।

ਇਸ ਤੋਂ ਪਹਿਲਾਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਕਰੀਬ 200 ਗਵਾਹ ਬੇਅਦਬੀ ਕਾਂਡ ਕੇਸ 'ਚ ਆਪਣੇ ਬਿਆਨ ਸਿੱਟ ਕੋਲ ਦਰਜ ਕਰਵਾ ਚੁੱਕੇ ਹਨ। ਸੂਚਨਾ ਅਨੁਸਾਰ ਡੇਰਾ ਮੁਖੀ ਵੱਲੋਂ ਮਾਫੀ ਲਈ ਲਿਖਿਆ ਪੱਤਰ ਦਲਜੀਤ ਸਿੰਘ ਚੀਮਾ ਨੇ ਕਥਿਤ ਤੌਰ 'ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਾਹਮਣੇ ਪੇਸ਼ ਕੀਤਾ ਸੀ ਅਤੇ ਉਸ ਸਮੇਂ ਤਖਤਾਂ ਦੇ ਜਥੇਦਾਰ ਵੀ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਹਾਜ਼ਰ ਸਨ। ਸ੍ਰੀ ਚੀਮਾ ਉਸ ਸਮੇਂ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਸਨ।

ਸਿੱਟ ਵੱਲੋਂ ਕੀਤੀ ਪੁੱਛ ਪੜਤਾਲ ਮਗਰੋਂ ਸ੍ਰੀ ਚੀਮਾ ਨੇ ਕਿਹਾ ਕਿ ਉਹ ਟੀਮ ਵੱਲੋਂ ਕੀਤੇ ਗਏ ਸਵਾਲਾਂ ਆਦਿ ਬਾਰੇ ਕੁਝ ਨਹੀਂ ਦੱਸ ਸਕਦੇ। ਉਨ੍ਹਾਂ ਕਿਹਾ ਕਿ ਜਾਂਚ ਟੀਮ ਨੇ ਜੋ ਕੁਝ ਵੀ ਪੁੱਛਿਆ, ਉਸ ਦਾ ਉਨ੍ਹਾਂ ਨੇ ਆਪਣੇ ਜਾਣਕਾਰੀ ਮੁਤਾਬਕ ਜਵਾਬ ਦੇ ਦਿੱਤਾ। ਪੰਜਾਬ ਸਰਕਾਰ ਨੇ ਸੂਬੇ ਦੇ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਕੋਝੀ ਸਾਜ਼ਿਸ਼ ਰਚੀ ਹੈ।

ਆਈ.ਜੀ. ਕੰਵਰ ਵਿਜੇ ਪ੍ਰਤਾਪ ਸਿੰਘ ਨੇ



ਕਿਹਾ ਕਿ ਸ੍ਰੀ ਚੀਮਾ ਨੇ ਜਾਂਚ ਵਿਚ ਪੂਰਾ ਸਹਿਯੋਗ ਦਿੱਤਾ ਹੈ। ਇਸ ਦੌਰਾਨ ਪਤਾ ਲੱਗਾ ਹੈ ਕਿ ਜਾਂਚ ਟੀਮ ਅਗਲੇ ਦਿਨਾਂ ਵਿਚ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਵੀ ਪੁੱਛਗਿੱਛ ਲਈ ਸੱਦ ਸਕਦੀ ਹੈ। ਡੇਰਾ ਮੁਖੀ ਨੂੰ ਮੁਆਫੀ ਗਿਆਨੀ ਗੁਰਬਚਨ ਸਿੰਘ ਦੇ ਕਾਰਜਕਾਲ ਦੌਰਾਨ ਹੀ ਦਿੱਤੀ ਗਈ ਸੀ। ਆਈ.ਜੀ. ਨੇ ਕਿਹਾ ਕਿ ਜਾਂਚ ਰਿਪੋਰਟ ਮੁਕੰਮਲ ਹੋਣ ਪਿਛੋਂ ਫਰੀਦਕੋਟ ਸੈਸ਼ਨ ਕੋਰਟ ਵਿਚ ਦਾਖਲ ਕਰਵਾਈ ਜਾਵੇਗੀ।

# ਕਿਸਾਨ ਖੁਦਕੁਸ਼ੀਆਂ ਦੇ ਰੁਝਾਨ ਨੂੰ ਠੱਲ੍ਹ ਨਾ ਸਕੀ ਕੈਪਟਨ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਚ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦਾ ਰੁਝਾਨ ਜਾਰੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਫਰਵਰੀ 2017 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਖੁਦਕੁਸ਼ੀ ਨਾ ਕਰਨ ਦੀ ਅਪੀਲ ਕਰਦਿਆਂ ਉਨ੍ਹਾਂ ਦੀ ਸਮੱਸਿਆ ਦਾ ਹੱਲ ਕਰਨ ਲਈ ਕੁਝ ਸਮਾਂ ਮੰਗਿਆ ਸੀ। ਇਸ ਦੌਰਾਨ ਪੂਰਾ ਕਰਜ਼ਾ ਮੁਆਫ ਕਰਨ ਅਤੇ ਘਰ-ਘਰ ਰੁਜ਼ਗਾਰ ਵਰਗੇ ਵਾਅਦੇ ਕੀਤੇ ਗਏ। ਸਰਕਾਰ ਦੇ ਦੂਸਰੇ ਸਾਲ ਕਰਜ਼ਾ ਮੁਆਫੀ ਦੇ ਛੌਪ ਵਿਚੋਂ ਪੂਣੀ ਹੀ ਕੱਤੀ ਗਈ ਹੈ ਅਤੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦਾ ਰੁਝਾਨ ਜਾਰੀ ਹੈ। ਖੁਦਕੁਸ਼ੀ ਪੀੜਤ ਪਰਿਵਾਰਾਂ ਦੀ ਸਾਰ ਨਹੀਂ ਲਈ ਗਈ। ਕਿਸਾਨਾਂ ਦੇ ਦੇਸ਼ ਵਿਆਪੀ ਸੰਘਰਸ਼ ਅਤੇ ਸਾਲ 2019 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਕਰਕੇ ਖੇਤੀ ਅਤੇ ਕਿਸਾਨੀ ਦਾ ਮੁੱਦਾ ਸਿਆਸੀ ਚਰਚਾ ਦੇ ਕੇਂਦਰ ਵਿਚ ਜ਼ਰੂਰ ਆ ਗਿਆ ਹੈ।

ਪੰਜਾਬ ਸਰਕਾਰ ਦੇ ਅਨੁਮਾਨ ਅਨੁਸਾਰ 31 ਮਾਰਚ 2017 ਤੱਕ ਰਾਜ ਦੇ ਕਿਸਾਨਾਂ ਸਿਰ 73 ਹਜ਼ਾਰ ਕਰੋੜ ਰੁਪਏ ਸੰਸਥਾਗਤ ਭਾਵ ਬੈਂਕਾਂ ਦਾ ਕਰਜ਼ਾ ਸੀ ਅਤੇ ਲਗਭਗ 25 ਹਜ਼ਾਰ ਕਰੋੜ ਰੁਪਏ ਤੋਂ ਵੱਧ ਸ਼ਾਹੂਕਾਰਾ ਕਰਜ਼ ਸੀ। ਇਸ ਵਿਚੋਂ 59 ਹਜ਼ਾਰ ਕਰੋੜ ਰੁਪਏ ਫਸਲੀ ਕਰਜ਼ਾ ਸੀ। 19 ਜੂਨ 2017 ਨੂੰ ਵਿਧਾਨ ਸਭਾ ਵਿਚ ਮੁੱਖ ਮੰਤਰੀ ਵੱਲੋਂ ਕੀਤੇ ਐਲਾਨ ਮੁਤਾਬਕ ਪਹਿਲੇ ਪੜਾਅ ਦੌਰਾਨ ਪੰਜ ਏਕੜ ਤੱਕ ਵਾਲੇ 10.25 ਲੱਖ ਕਿਸਾਨਾਂ ਦਾ ਦੋ ਲੱਖ ਰੁਪਏ ਤੱਕ 9500 ਕਰੋੜ ਰੁਪਏ ਕਰਜ਼ਾ ਮੁਆਫ ਕਰਨਾ ਸੀ। ਇਸ ਉਤੇ ਅਮਲ 2018 ਵਿਚ ਸ਼ੁਰੂ ਹੋਇਆ।

ਹੁਣ ਤੱਕ ਕੇਵਲ ਢਾਈ ਏਕੜ ਤੱਕ ਜ਼ਮੀਨ ਵਾਲੇ 4 ਲੱਖ ਦੋ ਹਜ਼ਾਰ ਕਿਸਾਨਾਂ ਦਾ 1771 ਕਰੋੜ ਰੁਪਏ ਸਹਿਕਾਰੀ ਬੈਂਕਾਂ ਅਤੇ 1850 ਕਰੋੜ ਦੇ ਕਰੀਬ ਵਪਾਰਕ ਬੈਂਕਾਂ ਦਾ ਭਾਵ ਕੁੱਲ 3600 ਕਰੋੜ ਰੁਪਏ ਦੇ ਕਰੀਬ ਕਰਜ਼ਾ ਹੀ ਮੁਆਫ ਕੀਤਾ



ਗਿਆ ਹੈ। ਇਸ ਵਿਚ ਵੀ ਕਈ ਰਸੂਖਵਾਨਾਂ ਦੇ ਨਾਮ ਆਉਣ ਦਾ ਇਲਜ਼ਾਮ ਲੱਗਦਾ ਆ ਰਿਹਾ ਹੈ। ਇਸੇ ਦਿਨ ਮੁੱਖ ਮੰਤਰੀ ਨੇ ਖੁਦਕੁਸ਼ੀ ਪੀੜਤ ਕਿਸਾਨ ਅਤੇ ਮਜ਼ਦੂਰ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਕੀਤਾ ਸੀ ਪਰ ਇਸ ਪਾਸੇ ਅਜੇ ਕੋਈ ਕਦਮ ਨਹੀਂ ਉਠਾਇਆ ਗਿਆ।

ਮਜ਼ਦੂਰਾਂ ਦੇ ਕਰਜ਼ਾ ਮੁਆਫੀ ਦਾ ਮਾਮਲਾ ਵਿਚਕਾਰ ਹੀ ਛੱਡ ਦਿੱਤਾ ਗਿਆ ਸੀ। ਮਜ਼ਦੂਰ ਜਥੇਬੰਦੀਆਂ ਦੇ ਦਬਾਅ ਪਾਉਣ ਉਤੇ ਅਨੁਸੂਚਿਤ ਜਾਤੀ ਭਲਾਈ ਕਾਰਪੋਰੇਸ਼ਨ ਦੇ 50 ਹਜ਼ਾਰ ਤੱਕ ਦੇ ਕਰਜ਼ੇ ਮੁਆਫ ਕਰਨ ਦਾ ਫੈਸਲਾ ਕੀਤਾ ਸੀ। ਸ਼ਾਹੂਕਾਰਾ ਕਰਜ਼ੇ ਬਾਰੇ ਬਿੱਲ ਵਿਚ ਸੋਧ ਦਾ ਵਾਅਦਾ ਕੇਵਲ ਬੋਰਡਾਂ ਦੀ ਬਣਤਰ ਤਬਦੀਲ ਕਰਨ ਤੱਕ ਹੀ ਸੀਮਤ ਕਰ ਦਿੱਤਾ। ਕਰਜ਼ੇ ਕਰ ਕੇ ਕੁਰਕੀ ਨਾ ਹੋਣ ਸਮੇਤ ਹੋਰ ਵੱਡੇ ਪੱਖ ਛੱਡ ਦਿੱਤੇ ਗਏ। ਕੁਰਕੀ ਦੇ ਹੁੰਦੇ ਫੈਸਲਿਆਂ ਖਿਲਾਫ ਯੂਨੀਅਨਾਂ ਦੀ ਲੜਾਈ ਹੀ ਕਿਸਾਨਾਂ ਲਈ ਇਕੋ ਇਕ ਸਹਾਰਾ ਰਿਹਾ।

ਕਿਸਾਨ ਜਥੇਬੰਦੀਆਂ ਨੇ ਪੰਜਾਬ ਭਰ ਵਿਚ ਅਤੇ ਕਈ ਸੰਗਠਨਾਂ ਨੇ ਕੇਂਦਰੀ ਪੱਧਰ ਉਤੇ ਬਣੇ ਦੋ ਵੱਖ-ਵੱਖ ਮੋਰਚਿਆਂ ਵਿਚ ਸ਼ਾਮਲ ਹੋ ਕੇ ਲਗਾਤਾਰ ਸੰਘਰਸ਼ ਦਾ ਬੀੜਾ ਉਠਾਈ ਰੱਖਿਆ। ਡਾ. ਸਵਾਮੀਨਾਥਨ ਰਿਪੋਰਟ ਮੁਤਾਬਕ ਘੱਟੋ ਘੱਟ ਸਮਰਥਨ ਮੁੱਲ ਦੇਣ ਅਤੇ ਕਰਜ਼ਾ ਮੁਆਫੀ ਦੇ ਮੁੱਦੇ ਉਭਰੇ ਪਰ ਖੇਤੀ ਦੇ ਸਮੁੱਚੇ ਸੰਕਟ ਨਾਲ ਨਜਿੱਠਣ ਦੀ ਬਹਿਸ ਅਜੇ ਵੀ ਕਮਜ਼ੋਰ ਰਹੀ। ਖੇਤੀ ਖੇਤਰ ਵਿਚੋਂ ਬੰਦੇ ਕੱਢਣ ਦੀ ਵਕਾਲਤ ਕਰਨ ਵਾਲੇ ਵਿਦਵਾਨ ਵੀ ਉਨ੍ਹਾਂ ਲਈ ਬਾਹਰ ਕਿਤੇ ਰੁਜ਼ਗਾਰ ਹੋਣ ਦਾ ਠੀਕ ਜਵਾਬ ਨਹੀਂ ਦੇ ਸਕੇ। ਘੱਟੋ ਘੱਟ ਬੁਨਿਆਦੀ ਆਮਦਨ ਦਾ ਮੁੱਦਾ ਵੀ ਸੁਝਾਵਾਂ ਦੇ ਰੂਪ ਵਿਚ ਸਾਹਮਣੇ ਆਇਆ ਪਰ ਕਿਸਾਨ ਅੰਦੋਲਨ ਦੀ ਠੋਸ ਮੰਗ ਵਜੋਂ ਨਹੀਂ ਉਭਾਰਿਆ ਗਿਆ। ਗੰਨਾ ਕਾਸ਼ਤਕਾਰਾਂ ਦਾ ਅੱਜ ਵੀ 400 ਕਰੋੜ ਰੁਪਏ ਬਕਾਇਆ ਹੈ।

ਵੱਡੇ ਸੰਘਰਸ਼ ਤੋਂ ਬਾਅਦ ਚਾਲੂ ਸੀਜ਼ਨ ਦੌਰਾਨ ਗੰਨਾ ਪੀੜਨ ਦਾ ਫੈਸਲਾ ਕੀਤਾ ਗਿਆ। ਕੇਂਦਰ ਸਰਕਾਰ ਕਿਸਾਨਾਂ ਦੀਆਂ ਫਸਲਾਂ ਦੇ ਭਾਅ ਸਵਾਮੀਨਾਥਨ ਮੁਤਾਬਕ ਦੇਣ ਤੋਂ ਅਸਮਰੱਥ ਰਹੀ ਹੈ। ਪ੍ਰਧਾਨ ਮੰਤਰੀ ਕਿਸਾਨਾਂ ਦੇ ਕਰਜ਼ਾ ਮੁਆਫ ਨਾ ਹੋ ਸਕਣ ਦੀ ਵਕਾਲਤ ਕਰ ਰਹੇ ਹਨ ਪਰ ਦੂਜੇ ਪਾਸੇ ਕਾਰਪੋਰੇਟ ਘਰਾਣਿਆਂ ਦੇ ਚਾਰ ਲੱਖ ਕਰੋੜ ਰੁਪਏ ਤੋਂ ਵੀ ਵੱਧ ਦੇ ਕਰਜ਼ੇ ਮੁਆਫ ਕਰਨ ਵਿਚ ਕੋਈ ਦਿੱਕਤ ਨਹੀਂ ਆਈ।

### ਕਿਸਾਨ ਜਥੇਬੰਦੀਆਂ ਦੀ ਢਿੱਲ 'ਤੇ ਸਵਾਲ

ਪੰਜਾਬ ਦੀਆਂ ਮੁੱਖ ਧਿਰਾਂ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਮੰਗਾਂ ਬਾਰੇ ਪ੍ਰੈਸ ਬਿਆਨਾਂ ਤੱਕ ਸੀਮਤ ਰਹੇ ਅਤੇ ਕੋਈ ਸਿਆਸੀ ਅੰਦੋਲਨ ਖੜ੍ਹਾ ਕਰਨ ਲਈ ਕੋਸ਼ਿਸ਼ ਅਤੇ ਨੀਅਤ ਪੱਖੋਂ ਨਾਕਾਮ ਰਹੀਆਂ। ਸ਼ਾਇਦ ਇਹੀ ਕਾਰਨ ਹੈ ਕਿ ਸਰਕਾਰੀ ਪੱਧਰ ਉਤੇ ਕਿਸਾਨ ਅਤੇ ਮਜ਼ਦੂਰ ਅੰਦੋਲਨ ਵੀ ਵੱਡੀ ਸਿਆਸੀ ਚੁਣੌਤੀ ਖੜ੍ਹੀ ਕਰਨ ਵਿਚ ਕਾਮਯਾਬ ਨਹੀਂ ਰਿਹਾ। ਪੰਜਾਬ ਸਰਕਾਰ ਨੇ ਸੂਬੇ ਦੀ ਨਵੀਂ ਖੇਤੀ ਨੀਤੀ ਮਾਰਚ 2018 ਵਾਲੇ ਬਜਟ ਸੈਸ਼ਨ ਵਿਚ ਲਿਆਉਣ ਦਾ ਵਾਅਦਾ ਕੀਤਾ ਸੀ ਪਰ 2018 ਵੀ ਲੰਘ ਗਿਆ ਹੈ ਅਤੇ ਹਾਲੇ ਤੱਕ ਇਸ ਨੀਤੀ ਦੇ ਖਰੜੇ ਨੂੰ ਮੰਤਰੀ ਮੰਡਲ ਦੀ ਮਨਜ਼ੂਰੀ ਵੀ ਨਹੀਂ ਮਿਲੀ ਹੈ। ਕਿਸਾਨ ਅਤੇ ਖੇਤ ਮਜ਼ਦੂਰਾਂ ਦੇ ਕਰਜ਼ਿਆਂ ਬਾਰੇ ਸੁਝਾਅ ਦੇਣ ਲਈ ਬਣਾਈ ਵਿਧਾਨ ਸਭਾ ਕਮੇਟੀ ਦੀ ਰਿਪੋਰਟ ਕਾਗਜ਼ਾਂ ਦਾ ਸ਼ਿੰਗਾਰ ਬਣ ਗਈ ਕਿਸੇ ਵੀ ਸੈਸ਼ਨ ਦੌਰਾਨ ਇਸ ਉੱਤੇ ਚਰਚਾ ਕਰਨੀ ਵੀ ਜ਼ਰੂਰੀ ਨਹੀਂ ਸਮਝੀ ਗਈ।

## ਪੰਜਾਬ ਦੇ ਹਰ ਕਿਸਾਨ ਸਿਰ ਬੈਂਕਾਂ ਦਾ ਔਸਤਨ 3.10 ਲੱਖ ਕਰਜ਼ਾ

**ਬਠਿੰਡਾ:** ਪੰਜਾਬ ਦੇ ਹਰ ਕਿਸਾਨ ਦੇ ਸਿਰ ਉਤੇ ਬੈਂਕ ਦਾ ਔਸਤਨ 3.10 ਲੱਖ ਦਾ ਕਰਜ਼ਾ ਹੈ। ਇਸ ਤੋਂ ਇਲਾਵਾ ਸ਼ਾਹੂਕਾਰਾਂ ਦਾ ਵੱਡਾ ਕਰਜ਼ ਵੱਖਰਾ ਹੈ। ਲੰਘੇ ਪੰਜ ਵਰ੍ਹਿਆਂ ਵਿਚ ਪੰਜਾਬ ਦੇ ਕਿਸਾਨਾਂ ਸਿਰ ਚੜ੍ਹੇ ਬੈਂਕ ਕਰਜ਼ਿਆਂ ਵਿਚ 28,159 ਕਰੋੜ ਦਾ ਵਾਧਾ ਹੋਇਆ ਹੈ। 31 ਮਾਰਚ 2018 ਤੱਕ ਪੰਜਾਬ ਦੇ ਕਿਸਾਨਾਂ ਸਿਰ ਚੜ੍ਹੇ ਬੈਂਕ ਕਰਜ਼ੇ ਦੀ ਰਾਸ਼ੀ ਵਧ ਕੇ 86051 ਕਰੋੜ ਹੋ ਗਈ ਜੋ ਹਰ ਸਾਲ ਵਧਦੀ ਜਾ ਰਹੀ ਹੈ।

ਪੰਜਾਬ ਭਰ ਦੇ ਕਰੀਬ 27.76 ਲੱਖ ਕਿਸਾਨਾਂ ਦੇ ਸਿਰ 31 ਮਾਰਚ 2018 ਤੱਕ 86051 ਕਰੋੜ ਦਾ ਕਰਜ਼ਾ ਬਕਾਇਆ ਸੀ ਜਦੋਂਕਿ 31 ਮਾਰਚ 2014 ਨੂੰ ਬੈਂਕ ਕਰਜ਼ਿਆਂ ਦੀ ਇਹ ਰਾਸ਼ੀ 57,892 ਕਰੋੜ ਸੀ। ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੇ ਕਾਰਜਕਾਲ ਦੌਰਾਨ ਕਿਸਾਨਾਂ ਦੀ ਇਸ ਕਰਜ਼ਾ ਰਾਸ਼ੀ ਵਿਚ ਕੋਈ ਕਟੌਤੀ ਨਹੀਂ ਹੋਈ, ਸਗੋਂ ਵਾਧਾ ਜ਼ਰੂਰ ਹੋਇਆ ਹੈ। ਸਰਕਾਰੀ ਤੱਥਾਂ ਅਨੁਸਾਰ 31 ਮਾਰਚ 2015 ਨੂੰ ਪੰਜਾਬ ਦੇ ਕਿਸਾਨਾਂ ਦੇ ਸਿਰ 69,449 ਕਰੋੜ ਦੇ ਬੈਂਕ ਕਰਜ਼ਾ ਸੀ ਜੋ ਅਗਲੇ ਵਰ੍ਹੇ ਵਧ ਕੇ 79,881 ਕਰੋੜ ਹੋ ਗਿਆ।

31 ਮਾਰਚ 2017 ਨੂੰ ਇਹੋ ਬੈਂਕ ਕਰਜ਼ਾ ਵਧ ਕੇ 83,769 ਕਰੋੜ ਰੁਪਏ ਹੋ ਗਿਆ। ਮੋਦੀ ਸਰਕਾਰ ਪੰਜਾਬ ਦੇ ਕਿਸਾਨਾਂ ਦਾ ਭਾਰ ਹਲਕਾ ਕਰਨ ਵਿਚ ਅਸਫਲ ਰਹੀ। ਕੈਪਟਨ ਸਰਕਾਰ ਵੱਲੋਂ ਕਿਸਾਨਾਂ ਦੀ ਕਰਜ਼ਾ ਮੁਆਫੀ ਤਹਿਤ 3.18 ਲੱਖ ਕਿਸਾਨਾਂ ਦਾ 1815 ਕਰੋੜ ਰੁਪਏ ਦਾ ਸਹਿਕਾਰੀ ਬੈਂਕਾਂ ਦਾ ਕਰਜ਼ਾ ਮੁਆਫ ਕੀਤਾ ਗਿਆ ਹੈ।

# ਚੋਣਾਂ ਤੋਂ ਪਹਿਲਾਂ ਕਿਸਾਨ ਮਸਲਿਆਂ ਦੇ ਹੱਲ ਲਈ ਸਰਗਰਮ ਹੋਈ ਮੋਦੀ ਸਰਕਾਰ

**ਨਵੀਂ ਦਿੱਲੀ:** ਮੱਧ ਪ੍ਰਦੇਸ਼, ਰਾਜਸਥਾਨ ਤੇ ਛੱਤੀਸਗੜ੍ਹ ਵਿਚ ਕਾਂਗਰਸ ਹੱਥੋਂ ਮਿਲੀ ਹਾਰ ਮਗਰੋਂ ਕੇਂਦਰ ਦੀ ਭਾਜਪਾ ਸਰਕਾਰ ਖੇਤੀ ਸੈਕਟਰ ਨੂੰ ਦਰਪੇਸ਼ ਸੰਕਟ ਦੇ ਹੱਲ ਲਈ ਸਰਗਰਮ ਹੋ ਗਈ ਹੈ। ਕਿਸਾਨਾਂ ਨੂੰ ਫੌਰੀ ਕੋਈ ਰਾਹਤ ਦੇਣ ਲਈ ਜਿਨ੍ਹਾਂ ਤਜਵੀਜ਼ਾਂ ਦਾ ਅਧਿਐਨ ਕੀਤਾ ਗਿਆ ਹੈ ਉਨ੍ਹਾਂ ਵਿਚ ਮਿਥੀ ਤਰੀਕ ਦੇ ਅੰਦਰ ਫਸਲੀ ਕਰਜ਼ਿਆਂ ਦੀ ਅਦਾਇਗੀ ਕਰਨ ਵਾਲੇ ਕਿਸਾਨਾਂ ਵੱਲੋਂ ਦਿੱਤੇ ਜਾਂਦੇ ਚਾਰ ਫੀਸਦ ਵਿਆਜ 'ਤੇ ਲੀਕ ਮਾਰਨਾ ਵੀ ਸ਼ਾਮਲ ਹੈ।

ਆਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਿਸਾਨੀ ਨੂੰ ਦਰਪੇਸ਼ ਮੁਸ਼ਕਲਾਂ ਨੂੰ ਮੁਖਾਤਿਬ ਹੁੰਦਿਆਂ ਕੇਂਦਰ ਸਰਕਾਰ ਨੇ ਨਵੇਂ ਸਾਲ ਦੇ ਤੋਹਫੇ ਵਜੋਂ ਸਮੇਂ ਸਿਰ ਫਸਲੀ ਕਰਜ਼ੇ ਦੀ ਅਦਾਇਗੀ ਕਰਨ ਵਾਲੇ ਕਿਸਾਨਾਂ ਦੇ ਬਣਦੇ ਵਿਆਜ 'ਤੇ ਲੀਕ ਮਾਰਨ ਦੀ ਤਿਆਰੀ ਖਿੱਚ ਲਈ ਹੈ। ਸਰਕਾਰ ਦੇ ਇਸ ਫੈਸਲੇ ਨਾਲ ਸਰਕਾਰੀ ਖਜ਼ਾਨੇ 'ਤੇ 15 ਹਜ਼ਾਰ ਕਰੋੜ ਰੁਪਏ ਦਾ ਵਾਧੂ ਬੋਝ ਪਏਗਾ। ਮੌਜੂਦਾ ਸਮੇਂ ਨਿਰਧਾਰਿਤ ਤਰੀਕ ਦੇ ਅੰਦਰ ਕਰਜ਼ੇ ਦੀ ਅਦਾਇਗੀ ਕਰਨ ਵਾਲੇ ਕਿਸਾਨਾਂ ਨੂੰ 4 ਫੀਸਦ ਵਿਆਜ ਦੇਣਾ ਪੈਂਦਾ ਹੈ। ਇਹੀ ਨਹੀਂ ਖੁਰਾਕੀ ਫਸਲਾਂ ਦਾ ਬੀਮਾ ਕਰਾਉਣ ਬਦਲੇ ਬੀਮੇ ਦੀ ਕਿਸ਼ਤ ਪੂਰੀ ਤਰ੍ਹਾਂ ਖਤਮ ਕੀਤੇ ਜਾਣ ਦੀ ਤਜਵੀਜ਼ ਵੀ ਸਰਕਾਰ ਦੇ ਵਿਚਾਰ ਅਧੀਨ ਹੈ। ਬਾਗਬਾਨੀ ਫਸਲਾਂ ਦੇ ਬੀਮੇ ਦੀ ਕਿਸ਼ਤ ਨੂੰ ਵੀ ਘਟਾਇਆ ਜਾ ਸਕਦਾ ਹੈ।

ਕੇਂਦਰੀ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਸਰਕਾਰ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹੈ। ਮੌਜੂਦਾ ਸਮੇਂ ਕਿਸਾਨਾਂ ਨੂੰ ਘੱਟ ਸਮੇਂ ਦੇ ਕਰਜ਼ੇ ਵਜੋਂ ਸੱਤ ਫੀ ਸਦੀ ਵਿਆਜ ਦਰ 'ਤੇ ਤਿੰਨ ਲੱਖ ਤਕ ਦਾ ਕਰਜ਼ਾ ਮਿਲਦਾ ਹੈ। ਪਰ ਜੇਕਰ ਸਬੰਧਤ ਕਿਸਾਨ ਮਿਥੀ ਤਰੀਕ ਦੇ ਅੰਦਰ ਕਰਜ਼ੇ ਦੀ ਅਦਾਇਗੀ ਕਰਦਾ ਹੈ ਤਾਂ ਉਸ ਤੋਂ ਚਾਰ ਫੀਸਦ ਵਿਆਜ ਹੀ ਲਿਆ ਜਾਂਦਾ ਹੈ। ਆਮ ਤੌਰ 'ਤੇ ਕਰਜ਼ਾ 9 ਫੀਸਦ ਦੀ ਵਿਆਜ ਦਰ ਨਾਲ ਦਿੱਤਾ ਜਾਂਦਾ ਹੈ। ਸਾਧਾਰਨ ਕੇਸਾਂ ਵਿਚ ਵਿਆਜ 'ਤੇ ਜੇਕਰ 2 ਫੀਸਦ ਦੀ ਸਬਸਿਡੀ ਤੇ ਫੌਰੀ ਕਿਸਾਨੀ ਕਰਜ਼ਿਆਂ ਦੀ ਅਦਾਇਗੀ ਨਾਲ ਸਬੰਧਤ ਕੇਸਾਂ ਵਿਚ 5 ਫੀਸਦ ਦੀ ਸਬਸਿਡੀ ਦਿੱਤੇ ਜਾਣ ਨਾਲ ਸਰਕਾਰੀ ਖਜ਼ਾਨੇ 'ਤੇ ਕਰੀਬ 15 ਹਜ਼ਾਰ ਕਰੋੜ ਰੁਪਏ ਦਾ ਸਾਲਾਨਾ ਬੋਝ ਪੈਂਦਾ ਹੈ।

ਮੌਜੂਦਾ ਵਿੱਤੀ ਵਰ੍ਹੇ ਵਿਚ ਸਰਕਾਰ ਨੇ ਕਿਸਾਨਾਂ ਨੂੰ 11 ਲੱਖ ਕਰੋੜ ਰੁਪਏ ਦਾ ਕਰਜ਼ਾ ਦੇਣ ਦਾ ਟੀਚਾ ਰੱਖਿਆ ਹੋਇਆ ਹੈ। ਪਿਛਲੇ ਵਿੱਤੀ ਵਰ੍ਹੇ ਵਿਚ 10 ਲੱਖ ਕਰੋੜ ਰੁਪਏ ਦੇ ਟੀਚੇ ਨੂੰ ਸਰ ਕਰਦਿਆਂ 11.69 ਲੱਖ ਕਰੋੜ ਰੁਪਏ ਦੇ ਕਰਜ਼ੇ ਵੰਡੇ ਸਨ।

ਸੂਤਰਾਂ ਮੁਤਾਬਕ ਜੇਕਰ ਕਿਸਾਨੀ ਕਰਜ਼ਿਆਂ ਦੀ ਅਦਾਇਗੀ 'ਤੇ ਬਣਦੇ ਵਿਆਜ 'ਤੇ ਲੀਕ ਮਾਰ ਦਿੱਤੀ ਜਾਂਦੀ ਹੈ ਤਾਂ ਇਕੱਲਾ ਵਿਆਜ ਦਾ ਭਾਰ ਲਗਭਗ ਦੁੱਗਣਾ ਹੋ ਕੇ 30 ਹਜ਼ਾਰ ਕਰੋੜ ਰੁਪਏ ਨੂੰ ਪੁੱਜ ਜਾਵੇਗਾ।

## ਕਾਂਗਰਸ ਨੇ ਕਰਜ਼ਾ ਮੁਆਫੀ ਦੇ ਮੁੱਦੇ 'ਤੇ ਕਿਸਾਨਾਂ ਨੂੰ ਗੁੰਮਰਾਹ ਕੀਤਾ: ਮੋਦੀ

**ਧਰਮਸ਼ਾਲਾ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ 'ਤੇ ਨਿਸ਼ਾਨਾ ਸੇਧਦਿਆਂ ਦੋਸ਼ ਲਾਇਆ ਕਿ ਪਹਿਲਾਂ ਉਸ ਨੇ 'ਵਨ ਰੈਂਕ ਵਨ ਪੈਨਸ਼ਨ' ਦੇ ਮਾਮਲੇ ਉਤੇ ਦੇਸ਼ ਦੇ ਜਵਾਨਾਂ ਦੀਆਂ ਅੱਖਾਂ 'ਚ ਘੱਟਾ ਪਾਇਆ ਅਤੇ ਹੁਣ ਕਰਜ਼ਾ ਮੁਆਫੀ ਦੇ ਨਾਂ 'ਤੇ ਕਿਸਾਨਾਂ ਨੂੰ ਗੁੰਮਰਾਹ ਕਰ ਰਹੀ ਹੈ। ਹਿਮਾਚਲ ਪ੍ਰਦੇਸ਼ ਵਿਚ 'ਜਨ ਆਭਾਰ' ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ



ਕੇਂਦਰ ਵੱਲੋਂ ਲਾਗੂ ਕੀਤੀ ਗਈ ਵਨ ਰੈਂਕ, ਵਨ ਪੈਨਸ਼ਨ ਯੋਜਨਾ ਉਤੇ ਵੀ ਜ਼ੋਰ ਦਿੱਤਾ। ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਕਿਹਾ ਕਿ ਕਾਂਗਰਸ ਨੇ 2008 ਵਿਚ ਚੋਣਾਂ ਤੋਂ ਪਹਿਲਾਂ ਇਸੇ ਤਰ੍ਹਾਂ ਝੂਠ ਬੋਲ ਕੇ ਕਰਜ਼ਾ ਮੁਆਫੀ ਦਾ ਵਾਅਦਾ ਕੀਤਾ ਸੀ। ਉਸ ਸਮੇਂ ਕਿਸਾਨਾਂ ਦਾ ਕਰਜ਼ਾ ਸੀ - ਛੇ ਲੱਖ ਕਰੋੜ ਰੁਪਏ, ਉਨ੍ਹਾਂ ਦਿੱਤਾ 60 ਹਜ਼ਾਰ ਕਰੋੜ ਰੁਪਏ, ਮੁਆਫ ਕੀਤਾ 52 ਹਜ਼ਾਰ ਕਰੋੜ ਰੁਪਏ ਤੇ 52 ਹਜ਼ਾਰ ਕਰੋੜ ਵਿਚੋਂ 35 ਲੱਖ ਅਜਿਹੇ ਲੋਕ ਪੈਸੇ ਲੈ ਗਏ ਜਿਨ੍ਹਾਂ ਕੋਲ ਕੋਈ ਖੇਤ ਹੀ ਨਹੀਂ ਸੀ।

### ਜਲ੍ਹਿਆਂਵਾਲਾ ਕਾਂਡ

# ਬਰਤਾਨਵੀ ਸਰਕਾਰ ਤੋਂ ਮੁਆਫੀ ਮੰਗਵਾਉਣ ਦੀ ਮੰਗ ਨੇ ਜ਼ੋਰ ਫੜਿਆ

**ਚੰਡੀਗੜ੍ਹ:** ਜਲ੍ਹਿਆਂਵਾਲਾ ਬਾਗ ਵਿਚ ਅਪਰੈਲ 1919 ਵਿਚ ਵਾਪਰੇ ਖੂਨੀ ਸਾਕੇ ਦੀ ਸ਼ਤਾਬਦੀ ਮੌਕੇ ਬਰਤਾਨਵੀ ਸਰਕਾਰ ਕੋਲੋਂ ਮੁਆਫੀ ਮੰਗਵਾਉਣ ਦੀ ਮੰਗ ਕੌਮਾਂਤਰੀ ਪੱਧਰ ਉਤੇ ਉਠੀ ਹੈ। ਭਾਰਤ ਦੀ ਸੰਸਦ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰ ਪ੍ਰੇਮ ਸਿੰਘ



ਚੰਦੂਮਾਜਰਾ ਅਤੇ ਪੰਜਾਬ ਵਿਧਾਨ ਸਭਾ ਵਿਚ ਆਮ ਆਦਮੀ ਪਾਰਟੀ ਦੀ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਨੇ ਵੀ ਇਹ ਮੁੱਦਾ ਚੁੱਕਿਆ ਹੈ।

ਇਹ ਮੁਹਿੰਮ ਚਲਾਉਣ ਵਾਲੇ ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ, ਕੈਨੇਡਾ ਦੇ ਪ੍ਰਧਾਨ ਸਾਹਿਬ ਥਿੰਦ ਨੇ ਦੱਸਿਆ ਕਿ ਉਨ੍ਹਾਂ ਜਲ੍ਹਿਆਂਵਾਲਾ ਬਾਗ ਕਾਂਡ ਦੀ ਅਪਰੈਲ 2019 ਵਿਚ ਸ਼ਤਾਬਦੀ ਮੌਕੇ ਬਰਤਾਨਵੀ ਸਰਕਾਰ ਕੋਲੋਂ ਮੁਆਫੀ ਮੰਗਵਾਉਣ ਦੀ ਮੁਹਿੰਮ ਕੈਨੇਡਾ ਤੋਂ ਸ਼ੁਰੂ ਕੀਤੀ ਸੀ ਤੇ ਇਹ ਮੰਗ ਹੁਣ ਕੌਮਾਂਤਰੀ ਪੱਧਰ ਉਤੇ ਉੱਭਰ ਰਹੀ ਹੈ। ਫਾਊਂਡੇਸ਼ਨ ਨੇ ਪਹਿਲਾਂ ਕਾਮਾਗਾਟਾ ਮਾਰੂ ਕਾਂਡ ਸਬੰਧੀ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੋਲੋਂ ਮੁਆਫੀ ਮੰਗਵਾਈ ਸੀ। ਹੁਣ ਉਨ੍ਹਾਂ ਨੇ ਜਲ੍ਹਿਆਂਵਾਲਾ ਬਾਗ ਦੇ ਕਾਂਡ ਦੇ ਮਾਮਲੇ ਵਿਚ ਬਰਤਾਨਵੀ ਸਰਕਾਰ ਕੋਲੋਂ ਮੁਆਫੀ ਮੰਗਵਾਉਣ ਲਈ ਮੁਹਿੰਮ ਚਲਾਈ ਹੈ ਤੇ ਇਸ ਸਬੰਧੀ ਇੰਗਲੈਂਡ 'ਚ ਵੀ ਯਤਨ ਵਿੱਢੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਬਰਤਾਨਵੀ ਸਰਕਾਰ ਵਿਚ ਵਿਰੋਧੀ ਧਿਰ ਦੇ ਆਗੂ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਹੈ ਕਿ ਉਹ ਇਸ ਮੁੱਦੇ ਉਤੇ ਬਰਤਾਨਵੀ ਸਰਕਾਰ ਉੱਪਰ ਦਬਾਅ ਪਾਉਣਗੇ। ਇਸ ਸਬੰਧੀ ਇੰਗਲੈਂਡ ਵਿਚਲੇ ਪਰਵਾਸੀ ਪੰਜਾਬੀਆਂ ਦੇ ਆਧਾਰਿਤ ਫੈਡਰੇਸ਼ਨ ਦਾ ਗਰੁੱਪ ਵੀ ਤਿਆਰ ਕੀਤਾ ਹੈ।

ਸ੍ਰੀ ਥਿੰਦ ਨੇ ਦੱਸਿਆ ਕਿ ਉਹ ਇਸੇ ਮਿਸ਼ਨ ਲਈ ਕੈਨੇਡਾ ਤੋਂ ਭਾਰਤ ਆਏ ਹਨ ਤੇ ਉਨ੍ਹਾਂ ਨੇ ਭਾਰਤ ਦੀ ਸੰਸਦ ਅਤੇ ਪੰਜਾਬ ਦੀ ਵਿਧਾਨ ਸਭਾ ਵਿਚ ਬਰਤਾਨਵੀ ਸਰਕਾਰ ਕੋਲੋਂ ਜਲ੍ਹਿਆਂਵਾਲੇ ਕਾਂਡ ਲਈ ਮੁਆਫੀ ਮੰਗਵਾਉਣ ਦੇ ਮਤੇ ਪਾਸ ਕਰਵਾਉਣ ਲਈ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੂੰ ਬੇਨਤੀ ਕੀਤੀ ਹੈ। ਇਸ ਸਬੰਧੀ ਸ੍ਰੀ ਚੰਦੂਮਾਜਰਾ ਨੂੰ ਵੀ ਮੰਗ ਪੱਤਰ ਦਿੱਤਾ ਸੀ ਤੇ ਉਨ੍ਹਾਂ ਸੰਸਦ ਦੇ ਸੈਸ਼ਨ ਵਿਚ ਇਹ ਮੁੱਦਾ ਉਠਾਇਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਅਤੇ 'ਆਪ' ਦੇ ਲੋਕ ਸਭਾ ਹਲਕਾ (ਅੰਮ੍ਰਿਤਸਰ) ਦੇ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਨੂੰ ਵੀ ਮੰਗ ਪੱਤਰ ਦਿੱਤਾ ਸੀ।

# ਚੋਣ ਵਾਅਦੇ: ਕੈਪਟਨ ਸਰਕਾਰ ਨੇ ਲਾਰਿਆਂ 'ਚ ਲੰਘਾਇਆ 2018

**ਚੰਡੀਗੜ੍ਹ:** ਸੱਤਾ 'ਚ ਆਉਣ ਤੋਂ ਪਹਿਲਾਂ ਕਾਂਗਰਸ ਸਰਕਾਰ ਨੇ ਪੰਜਾਬ ਦੇ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕਰਦਿਆਂ ਲੰਮਾ ਚੌੜਾ ਚੋਣ ਮੈਨੀਫੈਸਟੋ ਜਾਰੀ ਕੀਤਾ ਸੀ। ਸਾਲ 2017 ਵਿਚ ਕਾਂਗਰਸ ਦੀ ਸਰਕਾਰ ਬਣਨ ਮਗਰੋਂ ਸਾਲ 2018 ਦੇ ਅੰਤ ਤੱਕ ਸਰਕਾਰ ਵੱਲੋਂ ਕੀਤੇ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ ਜਾ ਸਕਿਆ। ਕਾਂਗਰਸ ਨੇ ਕਿਸਾਨਾਂ ਦੀ ਕਰਜ਼ ਮੁਆਫੀ ਤੁਰਤ ਕਰਨ ਦੇ ਨਾਲ-ਨਾਲ ਘਰ-ਘਰ ਰੁਜ਼ਗਾਰ, ਬੇਰੁਜ਼ਗਾਰ ਨੌਜਵਾਨਾਂ ਨੂੰ 2500 ਰੁਪਏ ਮਹੀਨਾ ਭੱਤਾ ਦੇਣ ਸਮੇਤ ਮੁਫਤ ਮੋਬਾਇਲ ਫੋਨ ਦੇਣ ਦਾ ਵਾਅਦਾ ਵੀ ਕੀਤਾ ਗਿਆ ਪਰ ਹੁਣ ਇਹ ਵਾਅਦੇ ਸ਼ਾਇਦ ਸਰਕਾਰ ਨੇ ਠੰਢੇ ਬਸਤੇ ਪਾ ਦਿੱਤੇ ਹਨ।

ਸੂਬੇ ਦੇ ਕਿਸਾਨਾਂ ਨਾਲ ਕੀਤੇ ਕਰਜ਼ ਮੁਆਫੀ ਦੇ ਮਾਮਲੇ 'ਚ ਵੀ ਸਰਕਾਰ ਪੂਰੀ ਤਰ੍ਹਾਂ ਖਰੀ ਨਹੀਂ ਉਤਰ ਸਕੀ। ਕਿਸਾਨ ਕਰਜ਼ ਮੁਆਫੀ ਵੀ ਅੱਧ ਵਿਚਾਲੇ ਲਟਕ ਰਹੀ ਹੈ। ਸਰਕਾਰ ਨੇ ਕਰਜ਼ ਮੁਆਫੀ ਲਈ ਮੌਜੂਦਾ ਬਜਟ ਵਿਚ 14734 ਕਰੋੜ ਰੁਪਏ ਰੱਖੇ ਸਨ ਜਿਸ 'ਚੋਂ 3586 ਕਰੋੜ ਰੁਪਏ ਖਰਚੇ ਜਾ ਚੁੱਕੇ ਹਨ। ਕਰਜ਼ ਮੁਆਫੀ ਦੀ ਯੋਜਨਾ ਲਈ ਚੁਣੇ 2, 69, 752 ਤੋਂ ਜ਼ਿਆਦਾ ਕਿਸਾਨਾਂ ਦੇ ਕਰਜ਼ ਤੀਸਰੇ ਅਤੇ ਚੌਥੇ ਪੜਾਅ 'ਚ ਮੁਆਫ ਕੀਤੇ ਜਾਣਗੇ ਪਰ ਪੰਜਾਬ ਕਾਂਗਰਸ ਵੱਲੋਂ ਦਿੱਤੇ ਨਾਅਰੇ ਕਿ ਕਰਜ਼ਾ-ਕੁਰਕੀ ਖਤਮ, ਫਸਲ ਦੀ ਪੂਰੀ ਰਕਮ ਸਬੰਧੀ ਚੁੱਕੇ ਕਦਮ ਵੀ ਅਜੇ ਤੱਕ ਨਾਕਾਫੀ ਸਾਬਤ ਹੋ ਰਹੇ ਹਨ। ਇਥੋਂ ਤੱਕ ਕਿ ਕਿਸਾਨਾਂ ਦੀ ਜ਼ਮੀਨ ਕੁਰਕੀ ਦਾ ਮਾਮਲਾ ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਧਾਨ ਸਭਾ 'ਚ ਵੀ ਚੁੱਕਿਆ ਗਿਆ ਸੀ। ਨੌਜਵਾਨਾਂ ਨਾਲ ਕੀਤੇ ਰੁਜ਼ਗਾਰ ਦੇ ਵਾਅਦਿਆਂ ਤਹਿਤ ਸਰਕਾਰ ਦਾ ਹਰ ਘਰ ਰੁਜ਼ਗਾਰ ਦਾ ਵਾਅਦਾ ਵੀ ਅਜੇ ਤੱਕ ਵਫਾ ਨਾ ਹੋ ਸਕਿਆ। ਸਰਕਾਰ ਵੱਲੋਂ ਜ਼ਿਲ੍ਹਿਆਂ ਵਿਚ ਰੁਜ਼ਗਾਰ ਬਿਊਰੋ ਖੋਲ੍ਹ ਕੇ ਹਰ ਹੱਥ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਦਾ ਵਾਅਦਾ ਕੀਤਾ ਗਿਆ ਪਰ ਸਰਕਾਰ 'ਤੇ ਇਹ ਦੋਸ਼ ਲੱਗਣੇ ਸ਼ੁਰੂ ਹੋ ਗਏ ਕਿ ਸਰਕਾਰ ਵੱਲੋਂ ਨਿੱਜੀ ਕੰਪਨੀਆਂ ਵੱਲੋਂ ਲਾਏ ਜਾਂਦੇ ਪਲੇਸਮੈਂਟ ਕੈਂਪਾਂ ਨੂੰ ਹੀ ਹਾਈਜੈਕ ਕਰ ਲਿਆ ਗਿਆ ਅਤੇ ਨਿੱਜੀ ਅਦਾਰਿਆਂ 'ਚ ਨੌਜਵਾਨਾਂ ਨੂੰ ਬਹੁਤ ਹੀ ਨਿਗੂਣੀ ਤਨਖਾਹ ਉਤੇ ਰੱਖਿਆ ਜਾ ਰਿਹਾ ਹੈ।

ਬੇਰੁਜ਼ਗਾਰਾਂ ਨੂੰ ਅਜੇ ਤੱਕ ਬੇਰੁਜ਼ਗਾਰੀ ਭੱਤੇ ਦੇਣ ਬਾਰੇ ਵੀ ਸਰਕਾਰ ਵੱਲੋਂ ਅਜੇ ਤੱਕ ਕੋਈ ਸਕੀਮ ਤਿਆਰ ਨਹੀਂ ਕੀਤੀ ਗਈ। ਇਸ ਦੇ ਇਲਾਵਾ 4 ਹਫਤਿਆਂ 'ਚ ਨਸ਼ੇ ਖਤਮ ਕਰਨ



ਦਾ ਵਾਅਦਾ ਵੀ ਵਫਾ ਨਾ ਹੋ ਸਕਿਆ। ਇਸ ਦੇ ਉਲਟ ਪੰਜਾਬ ਦੇ ਨੌਜਵਾਨਾਂ ਵੱਲੋਂ ਨਸ਼ੇ ਦੀ ਓਵਰਡੋਜ਼ ਕਾਰਨ ਮੌਤਾਂ ਹੋਣ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਜਿਸ ਨੇ ਸਰਕਾਰ ਵੱਲੋਂ ਕੀਤੇ ਮੁਕੰਮਲ ਨਸ਼ਾ ਖਤਮ ਕਰਨ ਦੇ ਵਾਅਦਿਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ। ਸੂਬੇ 'ਚ ਨਸ਼ਿਆਂ ਖਿਲਾਫ ਸਰਕਾਰ ਵੱਲੋਂ ਛੇੜੀ ਜੰਗ 'ਚ ਇਸ ਸਾਲ ਵੀ ਡਰੱਗ ਦੇ ਵਪਾਰ ਦੀ ਕੋਈ ਵੱਡੀ ਮੱਛੀ ਹੱਥ ਨਹੀਂ ਲੱਗੀ ਪਰ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਇਸ ਸਾਲ ਵੀ ਜਾਰੀ ਰਹੀ।

ਪੰਜਾਬ ਵਿਚ ਸਾਲ 2017 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਬਣੀ ਸੀ। ਕੈਪਟਨ ਸਾਹਿਬ ਨੇ ਵੀ ਕਿਸਾਨਾਂ ਦੇ ਕਰਜ਼ੇ 'ਤੇ ਲੀਕ ਫੇਰਨ ਦੀ ਗੱਲ ਵਾਰ-ਵਾਰ ਕਹੀ ਸੀ ਅਤੇ ਪੂਰੇ ਵਿਸ਼ਵਾਸ ਨਾਲ ਇਹ ਵਾਅਦਾ ਕੀਤਾ ਸੀ ਪਰ ਸਰਕਾਰ ਨੂੰ ਬਣਿਆਂ ਪੌਣੇ ਦੋ ਸਾਲ ਹੋ ਗਏ ਹਨ ਪਰ ਕਿਸਾਨ ਕਰਜ਼ੇ ਦੇ ਐਲਾਨਾਂ ਸਬੰਧੀ ਕੈਪਟਨ ਸਰਕਾਰ ਦੇ ਵਾਅਦੇ ਅੱਧੇ ਅਧੂਰੇ ਹੀ ਨਹੀਂ ਸਗੋਂ ਮੀਲਾਂ ਦੇ ਸਫਰ ਵੱਲ ਥੋੜ੍ਹੇ ਬਹੁਤ ਕਦਮ ਚੁੱਕਣ ਵਾਲੇ ਹੀ ਕਹੇ ਜਾ ਸਕਦੇ ਹਨ। ਪੰਜਾਬ ਦੇ ਕਿਸਾਨਾਂ ਸਿਰ ਇਸ ਸਮੇਂ 83,000 ਕਰੋੜ ਰੁਪਏ ਦੇ ਲਗਭਗ ਦਾ ਕਰਜ਼ਾ ਹੈ।

ਇਸ ਵਿਚ ਸਹਿਕਾਰੀ ਬੈਂਕਾਂ, ਵਪਾਰਕ ਬੈਂਕਾਂ ਅਤੇ ਆੜ੍ਹਤੀਆਂ ਦਾ ਵੀ ਕਰਜ਼ਾ ਸ਼ਾਮਲ ਹੈ। ਸਰਕਾਰ ਬਣਨ ਤੋਂ ਬਾਅਦ ਗਿਣਤੀਆਂ-ਮਿਣਤੀਆਂ ਕਰਕੇ ਗਰੀਬ ਅਤੇ ਛੋਟੇ ਕਿਸਾਨਾਂ ਨੂੰ ਫਸਲੀ ਕਰਜ਼ੇ ਵਿਚ 2 ਲੱਖ ਤੱਕ ਦੀ ਕਰਜ਼ਾ ਮੁਆਫੀ ਦੇਣ ਦੀ ਗੱਲ ਕਹੀ ਗਈ ਸੀ। ਪਹਿਲਾਂ ਇਸ ਘੇਰੇ ਵਿਚ 3 ਲੱਖ, 18 ਹਜ਼ਾਰ ਕਿਸਾਨਾਂ ਨੂੰ ਲਿਆਂਦਾ ਗਿਆ ਸੀ ਅਤੇ ਵਾਅਦਾ ਇਹ ਕੀਤਾ ਗਿਆ ਸੀ ਕਿ ਅਗਲੇ ਪੜਾਅ ਵਿਚ 2 ਲੱਖ, 15 ਹਜ਼ਾਰ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਜਾਵੇਗਾ। ਹੁਣ ਤੱਕ ਕਿਸ਼ਤਾਂ ਵਿਚ ਸਰਕਾਰ ਨੇ 3600 ਕਰੋੜ ਰੁਪਏ ਦਾ ਕਰਜ਼ਾ ਮੁਆਫ ਕੀਤਾ ਹੈ, ਜੋ ਸਮੁੱਚੇ 83,000 ਕਰੋੜ ਰੁਪਏ ਦੇ ਕਰਜ਼ੇ ਦੇ ਮੁਕਾਬਲੇ ਵਿਚ ਬੇਹੱਦ ਨਿਗੂਣਾ ਹੈ। ਕੈਪਟਨ ਸਰਕਾਰ ਨੇ ਇਸ ਬਾਰੇ ਹੁਣ ਚੁੱਪ ਰਹਿਣਾ ਹੀ ਬਿਹਤਰ ਸਮਝਿਆ ਹੈ ਕਿ ਉਹ ਵਪਾਰਕ ਬੈਂਕਾਂ ਅਤੇ ਸਹਿਕਾਰੀ ਬੈਂਕਾਂ ਤੋਂ ਲਏ ਕਿਸਾਨਾਂ ਦੇ ਕਰਜ਼ੇ ਬਾਰੇ ਕੀ ਕਰੇਗੀ, ਕਿਉਂਕਿ ਵਪਾਰਕ ਬੈਂਕਾਂ ਨੇ ਪਿਛਲੇ ਲੰਮੇ ਸਮੇਂ ਤੋਂ ਕਿਸਾਨਾਂ ਦੀਆਂ ਕੁਰਕੀਆਂ ਦੇ ਨੋਟਿਸ ਕੱਢਣੇ ਸ਼ੁਰੂ ਕੀਤੇ ਹੋਏ ਹਨ।

# ਸ਼੍ਰੋਮਣੀ ਕਮੇਟੀ ਲਈ ਉਤਰਾਅ ਚੜ੍ਹਾਅ ਦਾ ਵਰ੍ਹਾ ਰਿਹਾ 2018

**ਅੰਮ੍ਰਿਤਸਰ:** 2018 ਦੌਰਾਨ ਸਿੱਖ ਜਗਤ ਅਤੇ ਸ਼੍ਰੋਮਣੀ ਕਮੇਟੀ ਨੇ ਕਈ ਉਤਰਾਅ ਚੜ੍ਹਾਅ ਵੇਖੇ, ਪਰ ਇਹ ਵਰ੍ਹਾ ਗੁਰਦੁਆਰਾ ਕਰਤਾਰਪੁਰ ਲਾਂਘਾ ਖੋਲ੍ਹਣ ਦੇ ਫੈਸਲੇ ਕਾਰਨ ਇਤਿਹਾਸ ਦਾ ਹਿੱਸਾ ਬਣੇਗਾ। ਇਸ ਵਰ੍ਹੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਮੁੜ ਦੂਜੀ ਵਾਰ ਪ੍ਰਧਾਨ ਬਣਨ ਦਾ ਮੌਕਾ ਮਿਲਿਆ ਅਤੇ ਦੂਜੇ ਪਾਸੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਵਜੋਂ ਗਿਆਨੀ ਗੁਰਬਚਨ ਸਿੰਘ ਨੂੰ ਅਸਤੀਫਾ ਦੇਣਾ ਪਿਆ। ਇਹ ਵਰ੍ਹਾ 2018 ਸਿੱਖ ਜਗਤ ਦੀ ਚਿਰੋਕਣੀ ਅਰਦਾਸ ਨੂੰ ਪੂਰਾ ਕਰਨ ਵਾਲਾ ਸਾਬਤ ਹੋਇਆ ਹੈ।

ਇਸੇ ਤਹਿਤ ਹੀ ਇਸ ਵਾਰ 26 ਨਵੰਬਰ ਨੂੰ ਗੁਰਦੁਆਰਾ ਕਰਤਾਰਪੁਰ ਵਾਸਤੇ ਲਾਂਘਾ ਖੋਲ੍ਹਣ ਲਈ ਡੇਰਾ ਬਾਬਾ ਨਾਨਕ ਵਿਖੇ ਕੇਂਦਰ ਸਰਕਾਰ ਵਲੋਂ ਨੀਂਹ ਪੱਥਰ ਰੱਖਿਆ ਗਿਆ ਹੈ। ਦੂਜੇ ਪਾਸੇ ਲਹਿੰਦੇ ਪੰਜਾਬ ਵਿਚ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ 28 ਨਵੰਬਰ ਨੂੰ ਲਾਂਘੇ ਵਾਸਤੇ ਨੀਂਹ ਪੱਥਰ ਰੱਖਿਆ ਗਿਆ ਹੈ। ਇਹ ਲਾਂਘਾ ਅਗਲੇ ਵਰ੍ਹੇ 2019 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਇਸ ਵਰ੍ਹੇ ਇਹ ਵੱਡਾ ਤੋਹਫਾ ਮਿਲਿਆ ਹੈ ਕਿ ਉਨ੍ਹਾਂ ਨੂੰ ਮੁੜ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਸੌਂਪੀ ਗਈ। 13 ਨਵੰਬਰ ਨੂੰ ਹੋਈ ਚੋਣ ਵਿਚ ਕਈ ਕਿਆਸਅਰਾਈਆਂ ਦੇ ਬਾਵਜੂਦ ਸ੍ਰੀ ਲੌਂਗੋਵਾਲ ਨੂੰ ਮੁੜ ਪ੍ਰਧਾਨਗੀ ਦਾ ਮੌਕਾ ਸੌਂਪ ਦਿੱਤਾ ਗਿਆ।

ਉਨ੍ਹਾਂ ਦੀ ਅਗਵਾਈ ਹੇਠ ਹੀ 23 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਦੀ ਗੁਰਦੁਆਰਾ ਸੁਲਤਾਨਪੁਰ ਲੋਧੀ ਤੋਂ ਸ਼ੁਰੂਆਤ ਕੀਤੀ ਗਈ ਹੈ। ਦੂਜੇ ਪਾਸੇ ਸਤੰਬਰ 2015 ਵਿਚ ਡੇਰਾ ਸਿਰਸਾ ਦੇ ਮੁਖੀ ਨੂੰ ਬਿਨਾਂ ਮੰਗਿਆਂ ਮੁਆਫੀ ਦੇਣ ਦਾ ਮਾਮਲਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ



ਅਤੇ ਬਰਗਾੜੀ ਕਾਂਡ ਕਾਰਨ ਗਿਆਨੀ ਗੁਰਬਚਨ ਸਿੰਘ ਨੂੰ ਸੰਗਤ ਦੇ ਰੋਹ ਦਾ ਵੀ ਸਾਹਮਣਾ ਕਰਨਾ ਪਿਆ ਸੀ। ਇਸ ਵਰ੍ਹੇ ਉਨ੍ਹਾਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਸ਼੍ਰੋਮਣੀ ਕਮੇਟੀ ਵਲੋਂ ਉਨ੍ਹਾਂ ਦੀ ਥਾਂ 'ਤੇ ਕਾਰਜਕਾਰੀ ਜਥੇਦਾਰ ਵਜੋਂ ਗਿਆਨੀ ਹਰਪ੍ਰੀਤ ਸਿੰਘ ਨੂੰ ਨਿਯੁਕਤ ਕੀਤਾ ਗਿਆ। ਨਾਨਕਸ਼ਾਹੀ ਕੈਲੰਡਰ ਦਾ ਵਿਵਾਦ ਵੀ ਪਹਿਲਾਂ ਵਾਂਗ ਜਾਰੀ ਰਿਹਾ ਹੈ। ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖਤ ਇਸ ਵਿਵਾਦ ਨੂੰ ਖਤਮ ਕਰਨ ਵਿਚ ਮੁੜ ਅਸਫਲ ਰਹੇ ਹਨ। ਜਨਵਰੀ 2010 ਵਿਚ ਨਾਨਕਸ਼ਾਹੀ ਕੈਲੰਡਰ ਵਿਚ ਸੋਧ ਕਰ ਦਿੱਤੀ ਗਈ ਸੀ ਅਤੇ ਹੌਲੀ ਹੌਲੀ ਇਸ ਸਿੱਖ ਕੈਲੰਡਰ ਨੂੰ ਖਤਮ ਕਰ ਦਿੱਤਾ ਗਿਆ। ਉਸ ਸਮੇਂ ਤੋਂ ਹੀ ਕਈ ਗੁਰਪੁਰਬਾਂ ਦੀਆਂ ਤਰੀਕਾਂ ਨੂੰ ਲੈ ਕੇ ਸਿੱਖ ਜਗਤ ਵਿਚ ਦੁਬਿਧਾ ਬਣੀ ਹੋਈ ਹੈ। ਇਸੇ ਦਾ ਸਿੱਟਾ ਹੈ ਕਿ ਇਸ ਵਰ੍ਹੇ ਦਸਵੇਂ ਗੁਰੂ ਦਾ ਪ੍ਰਕਾਸ਼ ਪੁਰਬ ਨਹੀਂ ਮਨਾਇਆ ਗਿਆ।

ਇਸ ਵਰ੍ਹੇ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਈ ਅਹਿਮ ਵਿਦੇਸ਼ੀ ਆਗੂ, ਫਿਲਮੀ ਕਲਾਕਾਰ, ਉਘੇ ਖਿਡਾਰੀ ਅਤੇ ਸਿਆਸਤਦਾਨ ਮੱਥਾ ਟੇਕਣ ਪੁੱਜੇ ਸਨ, ਜਿਨ੍ਹਾਂ ਵਿਚ ਪ੍ਰਮੁੱਖ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਉਨ੍ਹਾਂ ਦਾ ਪਰਿਵਾਰ ਸ਼ਾਮਲ ਹੈ। 30 ਅਕਤੂਬਰ ਨੂੰ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਪਹਿਲੀ ਵਾਰ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਲਈ ਆਏ ਸਨ। ਇਸ ਸਾਲ ਅਫਗਾਨਿਸਤਾਨ ਦੇ ਸਾਬਕਾ ਰਾਸ਼ਟਰਪਤੀ ਜਨਾਬ ਹਾਮਿਦ ਕਰਜ਼ਈ ਕੈਨੇਡਾ ਦੇ ਵਿਰੋਧੀ ਧਿਰ ਦੇ ਆਗੂ ਐਂਡਰਿਊ ਸ਼ੀਰ ਅਤੇ ਸਾਬਕਾ ਮੰਤਰੀ ਜਸਟਿਨ ਕੈਨੀ ਤੋਂ ਬਿਨਾ ਕੈਲੇਫੋਰਨੀਆ ਦੇ ਵਿਧਾਇਕਾਂ ਦਾ ਵਫਦ ਤੇ ਨਾਇਜੀਰੀਆ ਦੇ ਡਿਪਟੀ ਗਵਰਨਰ ਇਬਰਾਹੀਮ ਹਸਨ ਨੇ ਵੀ ਮੱਥਾ ਟੇਕਿਆ।

2018 ਸ਼੍ਰੋਮਣੀ ਅਕਾਲੀ ਦਲ ਲਈ ਫੁੱਟ ਪਾਉਣ ਵਾਲਾ ਸਾਬਤ ਹੋਇਆ ਹੈ। ਆਪਸੀ ਮਤਭੇਦਾਂ ਦੇ ਕਾਰਨ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ, ਸੇਵਾ ਸਿੰਘ ਸੇਖਵਾਂ ਤੇ ਹੋਰਨਾਂ ਨੇ ਮਾਂ ਪਾਰਟੀ ਤੋਂ ਵੱਖ ਹੋ ਕੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦਾ ਗਠਨ ਕਰ ਲਿਆ, ਜਿਸ ਨਾਲ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ 'ਤੇ ਵੀ ਪ੍ਰਸ਼ਨ ਚਿੰਨ ਲੱਗਾ ਹੈ। ਬੇਅਦਬੀ ਅਤੇ ਬਰਗਾੜੀ ਘਟਨਾਵਾਂ ਕਾਰਨ ਮੁਤਵਾਜ਼ੀ ਜਥੇਦਾਰਾਂ ਵੱਲੋਂ ਬਰਗਾੜੀ ਵਿਖੇ 192 ਦਿਨ ਦਾ ਧਰਨਾ ਦਿੱਤਾ ਗਿਆ ਹੈ। ਧਰਨੇ ਦੀ ਸਮਾਪਤੀ ਨੂੰ ਲੈ ਕੇ ਮੁਤਵਾਜ਼ੀ ਜਥੇਦਾਰਾਂ, ਭਾਈ ਧਿਆਨ ਸਿੰਘ ਮੰਡ ਅਤੇ ਭਾਈ ਬਲਜੀਤ ਸਿੰਘ ਦਾਦੂਵਾਲ ਵਿਚਾਲੇ ਮਤਭੇਦ ਵੀ ਉਭਰੇ ਹਨ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਧਾਨ ਸਭਾ ਵਿਚ ਰੱਖੇ ਜਾਣ ਕਾਰਨ ਸ਼੍ਰੋਮਣੀ ਅਕਾਲੀ ਦਲ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਸਿੱਟੇ ਵਜੋਂ ਸ਼੍ਰੋਮਣੀ ਅਕਾਲੀ ਦਲ ਨੇ ਹਾਲ ਹੀ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਭੁੱਲਾਂ-ਚੁੱਕਾਂ ਦੀ ਖਿਮਾ ਯਾਚਨਾ ਵਾਸਤੇ ਸ੍ਰੀ ਅਖੰਡ ਪਾਠ ਕਰਾਇਆ ਹੈ। ਪਰ ਸੰਗਤ ਵਲੋਂ ਇਨ੍ਹਾਂ ਦੀ ਇਸ ਮੁਆਫੀ ਨੂੰ ਨਕਾਰ ਦਿੱਤਾ ਗਿਆ।

# ਮਾਨ ਵੱਲੋਂ ਬਾਦਲ ਤੇ ਹਿੰਦੂਵਾਦੀ ਤਾਕਤਾਂ ਨੂੰ ਹਰਾਉਣ ਦਾ ਸੱਦਾ

**ਫਤਹਿਗੜ੍ਹ ਸਾਹਿਬ:** ਅਕਾਲੀ ਦਲ (ਅੰਮ੍ਰਿਤਸਰ) ਦੇ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਨੇ ਫਤਹਿਗੜ੍ਹ ਸਾਹਿਬ ਵਿਖੇ ਕੀਤੀ ਸ਼ਹੀਦੀ ਕਾਨਫਰੰਸ ਦੌਰਾਨ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਰਵਾਇਤੀ ਬਾਦਲ ਅਤੇ ਹਿੰਦੂਵਾਦੀ ਤਾਕਤਾਂ ਨੂੰ ਪਛਾੜਦੇ ਹੋਏ ਅਕਾਲੀ ਦਲ (ਅੰਮ੍ਰਿਤਸਰ) ਅਤੇ ਬਹੁਜਨ ਮੁਕਤੀ ਪਾਰਟੀ ਨੂੰ ਆਗਾਮੀ ਲੋਕ ਸਭਾ ਚੋਣਾਂ ਵਿਚ ਸਹਿਯੋਗ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਨੇ ਜਿਸ ਮਕਸਦ ਦੀ ਪ੍ਰਾਪਤੀ ਲਈ ਸ਼ਹਾਦਤਾਂ ਦਿੱਤੀਆਂ ਹਨ, ਸਿੱਖ ਕੌਮ ਨੂੰ ਉਸ ਉਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣਾ ਚਾਹੀਦਾ ਹੈ। ਉਨ੍ਹਾਂ ਆਪਣੀ ਤਕਰੀਰ ਵਿਚ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਜਿਥੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ, ਪਾਕਿਸਤਾਨ ਆਰਮੀ ਚੀਫ ਜਰਨਲ ਕਮਰ ਜਾਵੇਦ ਬਾਜਵਾ, ਨਵਜੋਤ ਸਿੰਘ ਸਿੱਧੂ ਦੇ ਉਦਮਾਂ ਦਾ ਸਵਾਗਤ ਕੀਤਾ, ਉਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਸ ਕੌਮੀ ਮਿਸ਼ਨ ਵਿਚ ਦਿੱਤੇ ਸਹਿਯੋਗ ਲਈ ਵੀ ਧੰਨਵਾਦ ਕੀਤਾ।

ਉਨ੍ਹਾਂ ਪੰਜਾਬ ਦੀ ਮਾਲੀ ਹਾਲਤ ਤੇ ਬੇਰੁਜ਼ਗਾਰੀ ਦੂਰ ਕਰਨ ਲਈ ਪਾਕਿਸਤਾਨ-ਚੀਨ ਆਰਥਿਕ ਕੋਰੀਡੋਰ ਦਾ ਪੰਜਾਬ ਸੂਬੇ ਨੂੰ ਮੈਂਬਰ ਬਣਾਉਣ ਦੀ ਮੰਗ ਕੀਤੀ ਅਤੇ ਕੋਟ-ਹਿਦੂਮੱਲ,



ਸੁਲੇਮਾਨਕੀ ਅਤੇ ਅਨੂਪਗੜ੍ਹ ਦੀਆਂ ਸਰਹੱਦਾਂ ਵੀ ਤੁਰਤ ਖੋਲ੍ਹਣ ਦਾ ਮਤਾ ਪਾਸ ਕੀਤਾ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਦੀ ਤਰ੍ਹਾਂ ਬਾਕੀ ਮੁਲਜ਼ਮਾਂ ਨੂੰ ਵੀ ਤੁਰਤ ਸਜ਼ਾਵਾਂ ਦੇਣ ਦਾ ਐਲਾਨ ਕੀਤਾ ਜਾਵੇ। ਉਨ੍ਹਾਂ ਕਾਂਗਰਸ ਵੱਲੋਂ ਕਮਲਨਾਥ ਨੂੰ ਜਿਥੇ ਮੱਧ-ਪ੍ਰਦੇਸ਼ ਦਾ ਮੁੱਖ ਮੰਤਰੀ ਬਣਾਉਣ ਦੀ ਨਿਖੇਧੀ ਕੀਤੀ, ਉਥੇ ਉਨ੍ਹਾਂ ਬਾਦਲ ਪਰਿਵਾਰ ਵੱਲੋਂ ਸੋਨੀਆ ਗਾਂਧੀ ਨੂੰ ਕਮਲਨਾਥ ਨੂੰ ਮੁੱਖ ਮੰਤਰੀ ਬਣਾਉਣ ਤੋਂ ਹਟਾਉਣ ਦੇ ਗੁਮਰਾਹਕੁੰਨ ਬਿਆਨ ਦੀ ਵੀ ਆਲੋਚਨਾ ਕੀਤੀ।

ਇਸ ਦੌਰਾਨ ਸਤਿਕਾਰ ਕਮੇਟੀ ਦੇ ਕੁਝ ਮੈਂਬਰਾਂ ਨੇ ਅਕਾਲੀ ਦਲ ਅੰਮ੍ਰਿਤਸਰ ਦੀ ਕਾਨਫਰੰਸ ਦਾ ਵਿਰੋਧ ਕੀਤਾ। ਜਦੋਂ ਬੁਲਾਰਿਆਂ ਨੇ ਬੋਲਣਾ ਸ਼ੁਰੂ ਕੀਤਾ ਤਾਂ ਪੰਡਾਲ ਵਿਚ ਹੀ ਬੈਠੇ ਕੁਝ ਨੌਜਵਾਨ ਉਠ ਕੇ ਸਟੇਜ ਮੂਹਰੇ ਚਲੇ ਗਏ ਅਤੇ ਉਨ੍ਹਾਂ ਨੇ ਸ਼ਹੀਦੀ ਸਭਾ ਦੌਰਾਨ ਕਾਨਫਰੰਸ ਦਾ ਵਿਰੋਧ ਕੀਤਾ। ਇਸ ਤੋਂ ਬਾਅਦ ਪੁਲੀਸ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ।

# 'ਵਿਕਾਸ' ਲਈ ਦਾਅ 'ਤੇ ਲੱਗੀ ਪੰਜਾਬ ਦੀ ਹਰਿਆਲੀ

**ਚੰਡੀਗੜ੍ਹ:** ਪੰਜਾਬ ਦੀ ਧਰਤੀ ਨੂੰ 'ਵਿਕਾਸ' ਲਈ ਹਰਿਆਲੀ ਦਾਅ 'ਤੇ ਲਾਉਣੀ ਪਈ ਹੈ। ਚਾਰ ਵਰ੍ਹਿਆਂ ਤੋਂ ਰੋਜ਼ਾਨਾ ਔਸਤਨ 700 ਦਰਖਤਾਂ ਉਤੇ ਕੁਹਾੜਾ ਚੱਲਦਾ ਹੈ। ਵੱਡਾ ਕੁਹਾੜਾ ਜਰਨੈਲੀ ਸੜਕਾਂ ਦੀ ਲਿਸ਼ਕ-ਪੁਸ਼ਕ ਲਈ ਚੱਲਿਆ ਜਿਨ੍ਹਾਂ ਦੀ ਬਦੌਲਤ 6.76 ਲੱਖ ਦਰਖਤ ਜੜ੍ਹਾਂ ਉਖੜੇ ਹਨ। ਦੇਸ਼ ਭਰ 'ਚੋਂ ਪੰਜਾਬ ਦੂਸਰਾ ਸੂਬਾ ਹੈ, ਜਿਸ ਨੇ ਜੰਗਲਾਤੀ ਰਕਬੇ ਨੂੰ ਗੈਰ ਜੰਗਲਾਤ ਵਿਚ ਤਬਦੀਲ ਕਰਨ ਲਈ ਚਾਰ ਵਰ੍ਹਿਆਂ ਦੌਰਾਨ ਸਭ ਤੋਂ ਵੱਧ 684 ਵਿਕਾਸ ਪ੍ਰੋਜੈਕਟ ਕੇਂਦਰ ਸਰਕਾਰ ਨੂੰ ਭੇਜੇ। ਪਹਿਲਾਂ ਨੰਬਰ ਹਰਿਆਣਾ ਦਾ ਹੈ, ਜਿਸ ਨੇ 906 ਵਿਕਾਸ ਪ੍ਰੋਜੈਕਟਾਂ ਲਈ ਕੇਂਦਰ ਤੋਂ ਦਰਖਤਾਂ ਦੀ ਕਟਾਈ ਦੀ ਮੰਗ ਕੀਤੀ ਹੈ।

ਵੇਰਵਿਆਂ ਅਨੁਸਾਰ ਪਹਿਲੀ ਜਨਵਰੀ 2015 ਤੋਂ ਦਸੰਬਰ 2018 ਤੱਕ 684 ਵਿਕਾਸ ਪ੍ਰੋਜੈਕਟਾਂ ਖਾਤਰ ਦਰਖਤ ਕੱਟਣ ਦੀ ਪ੍ਰਵਾਨਗੀ ਲਈ ਗਈ ਹੈ, ਜਿਸ ਨਾਲ 3440 ਏਕੜ ਰਕਬੇ ਵਿਚੋਂ ਜੰਗਲਾਤ ਦਾ ਖਾਤਮਾ ਕੀਤਾ ਗਿਆ। ਭਾਵ ਇਸ ਰਕਬੇ ਵਿਚੋਂ ਕਰੀਬ 10.32 ਲੱਖ ਦਰਖਤਾਂ ਦੀ ਕਟਾਈ ਕੀਤੀ ਗਈ। ਪੰਜਾਬ ਵਿਚ ਸਭ ਤੋਂ ਵੱਧ 154 ਪ੍ਰੋਜੈਕਟ ਇਕੱਲੀਆਂ ਸੜਕਾਂ ਦੇ ਸਨ, ਜਿਨ੍ਹਾਂ ਦੀ ਪ੍ਰਵਾਨਗੀ ਮਗਰੋਂ 2255 ਏਕੜ 'ਚੋਂ ਜੰਗਲਾਤ ਕੱਟਿਆ ਗਿਆ।

ਅੰਦਾਜ਼ੇ ਅਨੁਸਾਰ ਸੜਕੀ ਜਾਲ ਹੀ ਪੰਜਾਬ ਵਿਚੋਂ 6.76 ਲੱਖ ਦਰਖਤਾਂ ਨੂੰ ਹਜ਼ਮ ਕਰ ਗਿਆ ਹੈ। ਕਦੇ ਪੰਜਾਬੀ ਰੁੱਖਾਂ ਦੀਆਂ ਛਾਂਵਾਂ ਦੀ ਸੁੱਖ ਮੰਗਦੇ ਹੁੰਦੇ ਸਨ, ਹੁਣ ਉਹੋ ਪੰਜਾਬ ਹੀ ਰੁੱਖਾਂ ਦਾ ਵੈਰੀ ਜਾਪਦਾ ਹੈ। ਅੰਦਾਜ਼ੇ ਅਨੁਸਾਰ ਬਠਿੰਡਾ ਅੰਮ੍ਰਿਤਸਰ ਚਹੁੰ ਮਾਰਗੀ ਸੜਕ ਤੋਂ ਕਰੀਬ 30



ਹਜ਼ਾਰ ਦਰਖਤਾਂ ਅਤੇ ਪਾਣੀਪਤ-ਜਲੰਧਰ ਸੜਕ ਤੋਂ ਕਰੀਬ 1.10 ਲੱਖ ਦਰਖਤਾਂ ਦੀ ਕਟਾਈ ਹੋਈ ਹੈ। ਬਠਿੰਡਾ-ਜ਼ੀਰਕਪੁਰ ਸੜਕ ਮਾਰਗ ਤੋਂ 281 ਹੈਕਟੇਅਰ ਰਕਬੇ ਵਿਚੋਂ ਜੰਗਲਾਤ ਦੀ ਕਟਾਈ ਕਰਨੀ ਪਈ ਹੈ। ਇਸੇ ਤਰ੍ਹਾਂ ਲੁਧਿਆਣਾ-ਫਿਰੋਜ਼ਪੁਰ ਸੜਕ ਤੋਂ ਕਰੀਬ 500 ਏਕੜ ਰਕਬੇ 'ਚੋਂ ਦਰਖਤ ਕੱਟੇ ਗਏ। ਵੇਰਵਿਆਂ ਅਨੁਸਾਰ ਪੰਜਾਬ ਵਿਚ ਰੇਲ ਲਾਈਨਾਂ ਵਜੋਂ ਦਸ ਪ੍ਰੋਜੈਕਟ ਕੇਂਦਰ ਤੋਂ ਪ੍ਰਵਾਨ ਕਰਾਏ ਗਏ, ਜਿਸ ਨਾਲ 602 ਏਕੜ ਜੰਗਲਾਤ ਰਕਬੇ ਨੂੰ ਢਾਹ ਲੱਗੀ ਅਤੇ ਕਰੀਬ ਪੌਣੇ ਦੋ ਲੱਖ ਦਰਖਤ ਕੱਟਣੇ ਪਏ। ਬਿਜਲੀ ਲਾਈਨਾਂ ਕਰ ਕੇ 317 ਏਕੜ ਜੰਗਲਾਤੀ ਰਕਬਾ ਭੇਟ ਚੜ੍ਹਿਆ ਜਦੋਂ ਕਿ ਸਿੰਜਾਈ ਪ੍ਰੋਜੈਕਟਾਂ ਨੇ 32 ਏਕੜ ਜੰਗਲਾਤੀ ਰਕਬੇ ਨੂੰ ਸੱਟ ਮਾਰੀ ਹੈ। ਪ੍ਰਾਈਵੇਟ ਪ੍ਰੋਜੈਕਟਾਂ (ਅਦਰਜ਼) ਤਹਿਤ 207 ਏਕੜ ਰਕਬੇ 'ਚੋਂ ਜੰਗਲਾਤ ਦਾ ਸਫਾਇਆ ਹੋਇਆ ਹੈ।

ਪੰਜਾਬ ਵਿਚ ਲੰਘੇ ਵਰ੍ਹਿਆਂ ਦੌਰਾਨ ਪ੍ਰਾਈਵੇਟ ਕਾਲੋਨੀਆਂ, ਸ਼ਾਪਿੰਗ ਮਾਲਜ਼, ਸੜਕਾਂ, ਫਲਾਈ ਓਵਰਾਂ ਆਦਿ ਵੱਡੀ ਪੱਧਰ 'ਤੇ ਤੇਜ਼ੀ ਨਾਲ ਉਸਰੇ ਹਨ। ਵਿਕਾਸ ਦੇ ਇਸ ਜਾਲ ਨੇ ਹਰਿਆ ਭਰਿਆ ਪੰਜਾਬ ਨਿਚੋੜ ਕੇ ਰੱਖ ਦਿੱਤਾ ਹੈ। ਲੰਘੇ 12 ਵਰ੍ਹਿਆਂ ਦੌਰਾਨ ਇਨ੍ਹਾਂ ਦਰਖਤਾਂ ਦੀ ਕਟਾਈ ਬਦਲੇ ਵੱਖ ਵੱਖ ਵਿਭਾਗਾਂ ਅਤੇ ਅਦਾਰਿਆਂ ਵੱਲੋਂ ਨਵੇਂ ਰੁੱਖਾਂ ਲਈ ਕਰੀਬ 800 ਕਰੋੜ ਦੇ ਫੰਡ ਕੇਂਦਰ ਸਰਕਾਰ ਕੋਲ ਜਮ੍ਹਾਂ ਕਰਾਏ ਹਨ, ਜਿਨ੍ਹਾਂ ਵਿਚੋਂ ਨਿਗੂਣਾ ਹਿੱਸਾ ਪੰਜਾਬ ਨੂੰ ਮਿਲਿਆ ਹੈ। ਪੰਜਾਬ ਦੇ ਕਰੀਬ 20 ਹਜ਼ਾਰ ਏਕੜ ਜੰਗਲਾਤੀ ਰਕਬੇ 'ਤੇ ਨਾਜਾਇਜ਼ ਕਬਜ਼ੇ ਹਨ।

ਜੰਗਲਾਤ ਮੰਤਰੀ ਆਖ ਚੁੱਕੇ ਹਨ ਕਿ ਉਨ੍ਹਾਂ ਨਾਜਾਇਜ਼ ਕਬਜ਼ੇ ਹਟਾਉਣ ਲਈ ਮੁਹਿੰਮ ਵਿੱਢੀ ਹੋਈ ਹੈ। ਬਠਿੰਡਾ ਜ਼ੀਰਕਪੁਰ ਅਤੇ ਬਠਿੰਡਾ ਅੰਮ੍ਰਿਤਸਰ ਸੜਕ ਨੇ ਮਾਲਵੇ ਕੋਲੋਂ ਹਰਿਆਲੀ ਖੋਹੀ ਹੈ। ਤਤਕਾਲੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਟੇਜਾਂ ਤੋਂ ਹਾਸੇ ਹਾਸੇ ਵਿਚ ਆਖਦੇ ਰਹੇ ਹਨ ਕਿ ਏਨੀਆਂ ਮਜ਼ਬੂਤ ਸੜਕਾਂ ਬਣਾ ਦਿੱਤੀਆਂ ਹਨ ਕਿ ਬੰਬਾਂ ਨਾਲ ਵੀ ਹੁਣ ਨਹੀਂ ਟੁੱਟਣਗੀਆਂ। ਉਦੋਂ ਤੋਂ ਇਨ੍ਹਾਂ ਸੜਕਾਂ ਨੂੰ 'ਬੰਬਾਂ ਵਾਲੀਆਂ ਸੜਕਾਂ' ਵੀ ਲੋਕ ਆਖਣ ਲੱਗੇ ਹਨ।

# 'ਦਿ ਐਕਸੀਡੈਂਟਲ ਪ੍ਰਾਈਮ ਮਨਿਸਟਰ' ਉਤੇ ਭਖੀ ਸਿਆਸਤ

**ਨਵੀਂ ਦਿੱਲੀ:** ਕਾਂਗਰਸ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ 'ਤੇ ਬਣੀ ਫਿਲਮ 'ਦਿ ਐਕਸੀਡੈਂਟਲ ਪ੍ਰਾਈਮ ਮਨਿਸਟਰ' ਨੂੰ ਕਾਂਗਰਸ ਖਿਲਾਫ ਭਾਜਪਾ ਦਾ ਭੰਡੀ ਪ੍ਰਚਾਰ ਕਰਾਰ



ਦਿੱਤਾ ਹੈ। ਫਿਲਮ ਵਿਚ ਅਦਾਕਾਰ ਅਨੁਪਮ ਖੇਰ ਨੇ ਮਨਮੋਹਨ ਸਿੰਘ ਦੀ ਭੂਮਿਕਾ ਨਿਭਾਈ ਹੈ। ਕਾਂਗਰਸੀ ਆਗੂਆਂ ਨੇ ਕਿਹਾ ਕਿ ਫਿਲਮ ਰਾਹੀਂ ਪਾਰਟੀ ਖਿਲਾਫ ਕੀਤਾ ਜਾ ਰਿਹਾ ਕੂੜ ਪ੍ਰਚਾਰ ਕਿਸੇ ਕੰਮ ਨਹੀਂ ਆਉਣਾ ਤੇ ਸੱਚ ਜ਼ਰੂਰ ਸਾਹਮਣੇ ਆਏਗਾ।

ਉਧਰ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਰਾਜਵਰਧਨ ਸਿੰਘ ਰਾਠੌਰ ਨੇ ਭਾਜਪਾ ਵੱਲੋਂ 'ਫਿਲਮ ਦੀ ਸਫਲਤਾ ਬਾਬਤ ਦਿੱਤੀਆਂ ਸ਼ੁਭਕਾਮਨਾਵਾਂ' ਲਈ ਆਪਣੀ ਪਾਰਟੀ ਦਾ ਬਚਾਅ ਕਰਦਿਆਂ ਕਾਂਗਰਸ ਨੂੰ ਸਵਾਲ ਕੀਤਾ ਹੈ ਕਿ ਜਿਹੜੀ ਪਾਰਟੀ 'ਆਜ਼ਾਦੀ ਦਾ ਝੰਡਾਬਰਦਾਰ' ਹੋਣ ਦਾ ਦਮ ਭਰਦੀ ਸੀ, ਅੱਜ ਉਹੀ ਆਪਣੀ ਗੱਲ ਕਹਿਣ ਦੀ ਆਜ਼ਾਦੀ 'ਤੇ ਸਵਾਲ ਉਠਾ ਰਹੀ ਹੈ।

'ਦਿ ਐਕਸੀਡੈਂਟਲ' ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਮੀਡੀਆ ਸਲਾਹਕਾਰ ਸੰਜੈ ਬਾਰੂ ਵੱਲੋਂ ਇਸੇ ਨਾਂ ਹੇਠ ਲਿਖੀ ਪੁਸਤਕ 'ਤੇ ਆਧਾਰਿਤ ਹੈ। ਫਿਲਮ ਦਾ ਟੀਜ਼ਰ ਮੁੰਬਈ ਵਿਚ ਰਿਲੀਜ਼ ਕੀਤਾ ਗਿਆ ਸੀ। ਫਿਲਮ ਵਿਚ ਦਰਸਾਇਆ ਗਿਆ ਹੈ ਕਿ ਕਿਵੇਂ ਸਾਬਕਾ ਪ੍ਰਧਾਨ ਮੰਤਰੀ ਨੂੰ ਸਾਲ 2014 ਦੀਆਂ ਆਮ ਚੋਣਾਂ ਤੋਂ ਪਹਿਲਾਂ ਕਾਂਗਰਸ ਦੀ ਅੰਦਰੂਨੀ ਸਿਆਸਤ ਦਾ ਸ਼ਿਕਾਰ ਬਣਾਇਆ ਗਿਆ। ਕਾਂਗਰਸ ਤਰਜਮਾਨ ਰਣਦੀਪ ਸੂਰਜੇਵਾਲਾ ਨੇ ਟਵੀਟ ਕੀਤਾ ਕਿ ਭਾਜਪਾ ਵੱਲੋਂ ਕੀਤਾ ਜਾ ਰਿਹਾ ਝੂਠਾ ਪ੍ਰਚਾਰ ਪਾਰਟੀ ਨੂੰ ਗ੍ਰਾਮੀਣ ਸਮੱਸਿਆਵਾਂ, ਬੇਰੁਜ਼ਗਾਰੀ, ਨੋਟਬੰਦੀ ਦੀ ਆਫਤ, ਬੇਲਗਾਮ ਜੀਐਸਟੀ, ਨਾਕਾਮ ਮੋਦੀਚਾਰਾ ਤੇ ਭ੍ਰਿਸ਼ਟਾਚਾਰ' ਜਿਹੇ ਮੁੱਦਿਆਂ 'ਤੇ ਸਵਾਲ ਪੁੱਛਣ ਤੋਂ ਨਹੀਂ ਰੋਕ ਸਕਦਾ।

ਕਾਂਗਰਸੀ ਆਗੂ ਤੇ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਕਿਹਾ ਕਿ ਕਾਂਗਰਸ ਤੇ ਉਹਦੇ ਆਗੂਆਂ ਖਿਲਾਫ ਕੀਤਾ ਜਾ ਰਿਹੇ ਪ੍ਰਚਾਰ ਕਿਸੇ ਕੰਮ ਨਹੀਂ ਆਉਣਾ ਤੇ ਸੱਚ ਜ਼ਰੂਰ ਬਾਹਰ ਆਏਗਾ। ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲ੍ਹਾ ਨੇ ਟਵੀਟ ਕੀਤਾ ਕਿ ਮੈਨੂੰ ਉਸ ਦਿਨ ਦੀ ਬੇਸਬਰੀ ਨਾਲ ਉਡੀਕ ਰਹੇਗੀ ਜਦੋਂ ਉਹ 'ਦਿ ਇਨਸੈਂਸੀਬਲ ਪ੍ਰਾਈਮ ਮਨਿਸਟਰ' (ਅਸੰਵੇਦਨਹੀਣ ਪ੍ਰਧਾਨ ਮੰਤਰੀ) ਫਿਲਮ ਬਣਾਉਣਗੇ। ਵਿਜੈ ਰਤਨਾਕਰ ਗੁੱਟੇ ਵਲੋਂ ਨਿਰਦੇਸ਼ਿਤ ਇਸ ਫਿਲਮ ਵਿਚ ਅਨੁਪਮ ਖੇਰ ਜਿਥੇ ਮੁੱਖ ਭੂਮਿਕਾ ਵਿਚ ਹੈ, ਉਥੇ ਅਕਸ਼ੈ ਖੰਨਾ 'ਸੰਜੈ ਬਾਰੂ' ਦੇ ਕਿਰਦਾਰ ਵਿਚ ਨਜ਼ਰ ਆਏਗਾ।

### ਫਿਲਮ ਬਾਰੇ ਪੱਖ ਸਪਸ਼ਟ ਕਰੇ ਅਕਾਲੀ ਦਲ: ਜਾਖੜ

**ਅੰਮ੍ਰਿਤਸਰ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਸੁਨੀਲ ਜਾਖੜ ਨੇ ਆਖਿਆ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਅਕਸ ਨੂੰ ਢਾਹ ਲਾਉਣ ਲਈ ਬਣਾਈ ਫਿਲਮ ਬਾਰੇ ਸ਼੍ਰੋਮਣੀ ਅਕਾਲੀ ਦਲ ਆਪਣਾ ਪੱਖ ਸਪੱਸ਼ਟ ਕਰੇ। ਜਾਖੜ ਨੇ ਦੋਸ਼ ਲਾਇਆ ਕਿ ਭਾਜਪਾ ਅਤੇ ਉਸ ਦੇ ਸਹਿਯੋਗੀ ਆਰ.ਐਸ.ਐਸ. ਵੱਲੋਂ ਫਿਲਮ 'ਦਿ ਐਕਸੀਡੈਂਟਲ ਪ੍ਰਾਈਮ ਮਨਿਸਟਰ' ਰਾਹੀਂ ਡਾ. ਮਨਮੋਹਨ ਸਿੰਘ ਸਮੇਤ ਕਾਂਗਰਸ ਦੀ ਸਾਖ ਨੂੰ ਢਾਹ ਲਾਉਣ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਇਹ ਫਿਲਮ ਰਿਲੀਜ਼ ਹੋਵੇ ਜਾਂ ਨਾ ਹੋਵੇ, ਇਸ ਮਾਮਲੇ ਨਾਲ ਕੋਈ ਸਬੰਧ ਨਹੀਂ ਹੈ, ਪਰ ਡਾ. ਮਨਮੋਹਨ ਸਿੰਘ ਦੇ ਅਕਸ ਨੂੰ ਖਰਾਬ ਕਰਨ ਦੀ ਕੋਸ਼ਿਸ਼ ਤੋਂ ਪੰਜਾਬ ਕਾਂਗਰਸ ਸਖ਼ਤ ਨਰਾਜ਼ ਹੈ।

## ਬੰਦਰਗਾਹ ਨੇੜੇ ਦੂਜੀ ਸੰਸਾਰ ਜੰਗ ਸਮੇਂ ਦਾ ਬੰਬ ਮਿਲਿਆ

**ਕੋਲਕਾਤਾ:** ਇਕ ਬੰਦਰਗਾਹ ਨੇੜੇ ਮਿੱਟੀ ਹਟਾਉਂਦੇ ਸਮੇਂ ਦੂਜੀ ਸੰਸਾਰ ਜੰਗ ਦੌਰਾਨ ਜਹਾਜ਼ ਤੋਂ ਸੁੱਟਿਆ ਗਿਆ ਇਕ ਹਜ਼ਾਰ ਪਾਊਂਡ ਦਾ ਬੰਬ ਮਿਲਿਆ ਹੈ। ਕੋਲਕਾਤਾ ਪੋਰਟ ਟਰੱਸਟ ਦੇ ਪ੍ਰਧਾਨ ਵਿਨੀਤ ਕੁਮਾਰ ਨੇ ਦੱਸਿਆ ਕਿ ਬੰਬ ਮਿਲਣ ਮਗਰੋਂ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਗਈ ਹੈ ਅਤੇ ਪੁਲਿਸ, ਜਲ ਸੈਨਾ ਤੇ ਥਲ ਸੈਨਾ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

ਇਸ ਬੰਬ ਨੂੰ ਆਰਡਨੈਂਸ ਫੈਕਟਰੀ ਦੇ ਮਾਹਰਾਂ ਦੀ ਮਦਦ ਨਾਲ ਨਕਾਰਾ ਕੀਤੇ ਜਾਣ ਦੀ ਸੰਭਾਵਨਾ ਹੈ। ਜਲ ਸੈਨਾ ਦੇ ਮੁੱਖ ਅਧਿਕਾਰੀ ਤੇ ਪੱਛਮੀ ਬੰਗਾਲ ਦੇ ਕਮਾਂਡਰ ਸੁਪ੍ਰਭੋ ਕੇ.ਡੇ. ਨੇ ਦੱਸਿਆ ਕਿ ਇਸ ਬੰਬ ਤੋਂ ਕੋਈ ਖਤਰਾ ਨਹੀਂ ਹੈ ਕਿਉਂਕਿ ਇਸ 'ਚ ਕਈ ਸੁਰੱਖਿਆ ਲੌਕ ਲੱਗੇ ਹੋਏ ਹਨ। ਜ਼ਿਕਰਯੋਗ ਹੈ ਕਿ ਹੁਗਲੀ ਨਦੀ ਦੇ ਪੂਰਬੀ ਕਿਨਾਰੇ 'ਤੇ ਸਥਿਤ ਨੇਤਾਜੀ ਸੁਭਾਸ਼ ਡੌਕ ਨੂੰ ਦੂਜੀ ਸੰਸਾਰ ਜੰਗ ਸਮੇਂ ਅਮਰੀਕੀ ਜਲ ਸੈਨਾ ਨੇ ਵੱਡੇ ਪੱਧਰ 'ਤੇ ਮੁਹਿੰਮਾਂ ਲਈ ਵਰਤਿਆ ਸੀ।


## ਮਸ਼ਹੂਰ ਫਿਲਮਸਾਜ਼ ਮ੍ਰਿਣਾਲ ਸੇਨ ਦਾ ਦੇਹਾਂਤ

**ਕੋਲਕਾਤਾ:** ਦਾਦਾ ਸਾਹਿਬ ਫਾਲਕੇ ਪੁਰਸਕਾਰ ਨਾਲ ਸਨਮਾਨਤ ਮਸ਼ਹੂਰ ਫਿਲਮਸਾਜ਼ ਮ੍ਰਿਣਾਲ ਸੇਨ ਦਾ ਲੰਮੀ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ। ਉਹ 95 ਸਾਲਾਂ ਦੇ ਸਨ। ਉਨ੍ਹਾਂ ਦੇ ਪਰਿਵਾਰ 'ਚ ਇਕ ਪੁੱਤਰ ਹੈ। ਉਨ੍ਹਾਂ ਦੀ ਪਤਨੀ ਗੀਤਾ ਦਾ ਵੀ ਪਿਛਲੇ ਸਾਲ ਦੇਹਾਂਤ ਹੋ ਗਿਆ ਸੀ।

ਕਈ ਰਾਸ਼ਟਰੀ ਫਿਲਮ ਪੁਰਸਕਾਰਾਂ ਨਾਲ ਸਨਮਾਨਤ ਸ੍ਰੀ ਸੇਨ ਨੂੰ ਸਮਾਜ ਦੀ ਸਚਾਈ ਦੇ ਕਲਾਤਮਿਕ ਚਿਤਰਣ ਲਈ ਜਾਣਿਆ ਜਾਂਦਾ ਸੀ। ਫਿਲਮ 'ਭੁਵਨ ਸ਼ੋਮ' ਨਾਲ ਭਾਰਤੀ ਸਿਨੇਮਾ 'ਚ ਨਵੀਂ ਲਹਿਰ ਪੈਦਾ ਕਰਨ ਵਾਲੇ ਨਿਰਦੇਸ਼ਕ ਸ੍ਰੀ ਸੇਨ ਭਾਰਤੀ ਫਿਲਮ ਸਨਅਤ ਨੂੰ ਕੌਮਾਂਤਰੀ ਪਛਾਣ ਦਿਵਾਉਣ ਵਾਲੇ ਫਿਲਮ ਨਿਰਦੇਸ਼ਕਾਂ 'ਚੋਂ ਇਕ ਸਨ। ਸ੍ਰੀ ਸੇਨ ਦੀ ਬੰਗਾਲੀ ਫਿਲਮ 'ਖਾਰਿਜ' ਨੂੰ 1983 ਕਾਨ ਫਿਲਮ ਮੇਲੇ 'ਚ ਜਿਊਰੀ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਸੀ। 'ਨੀਲ ਆਕਾਸ਼ੇਰ ਨੀਚੇ', 'ਭੁਵਨ ਸ਼ੋਮ', 'ਏਕ ਦਿਨ ਅਚਾਨਕ', 'ਪਦਾਤਿਕ' ਤੇ 'ਮ੍ਰਿਗਿਆ' ਵਰਗੀਆਂ ਫਿਲਮਾਂ ਲਈ ਜਾਣੇ ਜਾਣ ਵਾਲੇ ਤੇ ਪਦਮ ਭੂਸ਼ਣ ਪੁਰਸਕਾਰ ਨਾਲ ਸਨਮਾਨਤ ਸ੍ਰੀ ਸੇਨ ਦੇਸ਼ ਦੇ ਸਭ ਤੋਂ ਮਸ਼ਹੂਰ ਫਿਲਮਸਾਜ਼ਾਂ 'ਚੋਂ ਇਕ ਸਨ।

# ਰੈਸਤਰਾਂ 'ਸਰਹੱਦ' ਵਿਚ ਭਾਸ਼ਾਈ ਅਖਬਾਰਾਂ ਦੀ ਗੈਲਰੀ ਸਥਾਪਤ

**ਅੰਮ੍ਰਿਤਸਰ:** ਅਟਾਰੀ ਸਰਹੱਦ ਨੇੜੇ ਸਥਾਪਤ ਰੈਸਤਰਾਂ 'ਸਰਹੱਦ' ਵਿਚ ਬਣਾਏ ਗਏ 'ਮਿਊਜ਼ੀਅਮ ਆਫ ਪੀਸ' ਵਿਚ ਵਾਧਾ ਕਰਦਿਆਂ ਦੇਸ਼ ਵੰਡ ਤੋਂ ਪਹਿਲਾਂ ਦੀਆਂ ਭਾਸ਼ਾਈ ਅਖਬਾਰਾਂ ਦੀ ਇਕ ਗੈਲਰੀ ਸਥਾਪਤ ਕੀਤੀ ਗਈ ਹੈ। ਇਸ ਗੈਲਰੀ ਵਿਚ ਉਸ ਵੇਲੇ ਦੀਆਂ ਉਰਦੂ ਵਿਚ ਛਪਦੀਆਂ ਕੁਝ ਅਖਬਾਰਾਂ ਦੀਆਂ ਕਤਰਾਂ ਬੋਰਡਾਂ ਉਤੇ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ। ਇਨ੍ਹਾਂ ਅਖਬਾਰਾਂ ਵਿਚ 'ਦਿ ਪੈਸਾ ਅਖਬਾਰ', 'ਜ਼ਮੀਂਦਾਰ', 'ਡੇਲੀ ਇਨਕਲਾਬ' ਅਤੇ 'ਦਿ ਅਕਾਲੀ ਅੰਮ੍ਰਿਤਸਰ' ਸ਼ਾਮਲ ਹਨ, ਜੋ ਉਸ ਸਮੇਂ ਲਾਹੌਰ ਤੋਂ ਛਪਦੀਆਂ ਸਨ। ਵੰਡ ਤੋਂ ਪਹਿਲਾਂ ਇਨ੍ਹਾਂ ਅਖਬਾਰਾਂ ਵੱਲੋਂ ਦੇਸ਼ ਦੀ ਆਜ਼ਾਦੀ ਦੀ ਲੜਾਈ ਦੀ ਚਿਣਗ ਭਖਾਉਣ ਵਿਚ ਅਹਿਮ ਭੂਮਿਕਾ ਨਿਭਾਈ ਗਈ ਸੀ।




'ਦਿ ਪੈਸਾ ਅਖਬਾਰ' 1885 ਵਿਚ ਸ਼ੁਰੂ ਕੀਤੀ ਗਈ ਸੀ, ਜਿਸ ਦੀ ਕੀਮਤ ਉਸ ਵੇਲੇ ਇਕ ਪੈਸਾ ਸੀ। ਇਸ ਅਖਬਾਰ ਨੂੰ ਉਸ ਵੇਲੇ ਚੰਗਾ ਹੁੰਗਾਰਾ ਮਿਲਿਆ ਸੀ ਅਤੇ 1898 ਵਿਚ ਇਸ ਦੀ ਛਪਣ ਗਿਣਤੀ ਪੰਜ ਹਜ਼ਾਰ ਤੱਕ ਪੁੱਜ ਗਈ ਸੀ।

'ਦਿ ਅਕਾਲੀ ਅਖਬਾਰ' ਮਈ 1920 ਵਿਚ ਲਾਹੌਰ ਤੋਂ ਸ਼ੁਰੂ ਪੰਜਾਬੀ ਵਿਚ ਸ਼ੁਰੂ ਹੋਇਆ ਸੀ। ਸੰਨ 1922 ਵਿਚ ਇਸ ਦਾ ਅਖਬਾਰ 'ਪਰਦੇਸੀ ਖਾਲਸਾ' ਵਿਚ ਰਲੇਵਾਂ ਹੋ ਗਿਆ ਸੀ। ਇਹ ਅਖਬਾਰ ਮਾਸਟਰ ਤਾਰਾ ਸਿੰਘ ਵੱਲੋਂ ਅੰਮ੍ਰਿਤਸਰ ਤੋਂ ਕੱਢਿਆ ਜਾਂਦਾ ਸੀ। 'ਪਰਦੇਸੀ ਖਾਲਸਾ' ਵੀ ਉਰਦੂ ਵਿਚ ਛਪਦਾ ਸੀ ਅਤੇ ਮਾਸਟਰ ਤਾਰਾ ਸਿੰਘ ਇਸ ਦੇ ਸੰਪਾਦਕ ਸਨ।

ਇਨ੍ਹਾਂ ਅਖਬਾਰਾਂ ਵਿਚ ਛਪੀਆਂ ਉਸ ਵੇਲੇ ਦੀਆਂ ਕਈ ਅਹਿਮ ਖਬਰਾਂ ਦੀਆਂ ਕਤਰਾਂ ਇਸ ਨਵੀਂ ਗੈਲਰੀ ਵਿਚ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ। ਇਹ ਰੈਸਤਰਾਂ ਅਤੇ ਮਿਊਜ਼ੀਅਮ ਇਕ ਸਾਬਕਾ ਆਈ.ਏ.ਐਸ. ਅਧਿਕਾਰੀ ਡੀ.ਐਸ. ਜਸਪਾਲ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਵਿਚ ਅੰਮ੍ਰਿਤਸਰ ਤੇ ਲਾਹੌਰ ਦੇ ਜਾਇਕੇ ਵਾਲੇ ਰਵਾਇਤੀ ਖਾਣਾ ਮਿਲਦਾ ਹੈ। ਇਥੇ ਹੀ 'ਮਿਊਜ਼ੀਅਮ ਆਫ ਪੀਸ' ਸਥਾਪਤ ਕੀਤਾ ਗਿਆ ਹੈ। ਇਸ ਰੈਸਤਰਾਂ ਵਿਚ ਸਥਾਪਤ ਮਿਊਜ਼ੀਅਮ ਵਿਚ ਅਖਬਾਰਾਂ ਦੀਆਂ ਕਤਰਾਂ ਰਾਹੀਂ ਵੱਖ-ਵੱਖ ਪਹਿਲੂਆਂ ਨੂੰ ਦਰਸਾਇਆ ਗਿਆ ਹੈ, ਜਿਸ ਵਿਚ ਸਾਂਝਾ ਸਭਿਆਚਾਰ ਵੀ ਸ਼ਾਮਲ ਹੈ।

# ਸੱਤਾ 'ਚ ਵਾਪਸੀ ਲਈ ਮੁਸ਼ੱਰਫ ਨੇ ਅਮਰੀਕਾ ਤੋਂ ਮੰਗੀ ਸੀ ਮਦਦ

**ਵਾਸ਼ਿੰਗਟਨ:** ਪਾਕਿਸਤਾਨ ਦੇ ਸਾਬਕਾ ਤਾਨਾਸ਼ਾਹ ਤੇ ਫੌਜ ਮੁਖੀ ਪਰਵੇਜ਼ ਮੁਸ਼ੱਰਫ ਦੀ ਇਕ ਵੀਡੀਓ ਸਾਹਮਣੇ ਆਈ ਹੈ, ਜਿਸ 'ਚ ਉਹ ਮੁੜ ਸੱਤਾ ਹਾਸਲ ਕਰਨ ਲਈ ਅਮਰੀਕਾ ਤੋਂ ਹਮਾਇਤ ਮੰਗਦੇ ਹੋਏ ਦਿਖਾਈ ਦੇ ਰਹੇ ਹਨ। ਇਸ ਦੇ ਨਾਲ ਹੀ ਉਹ ਅਮਰੀਕਾ ਦੇ ਸੰਸਦ ਮੈਂਬਰਾਂ ਨੂੰ ਇਹ ਦੱਸਦੇ ਦਿਖਾਈ ਦੇ ਰਹੇ ਹਨ ਕਿ ਉਹ ਇਸ ਗੱਲੋਂ 'ਸ਼ਰਮਿੰਦਾ' ਹਨ ਕਿ ਆਈ.ਐਸ.ਆਈ. ਨੂੰ ਅਲਕਾਇਦਾ ਦੇ ਸਰਗਣੇ ਓਸਾਮਾ ਬਿਨ ਲਾਦੇਨ ਦੇ ਟਿਕਾਣੇ ਦਾ ਪਤਾ ਲੱਗਣ 'ਤੇ ਉਨ੍ਹਾਂ ਦਾ ਰਵੱਈਆ ਆਸ ਤੋਂ ਉਲਟ ਰਿਹਾ। ਹਾਲਾਂਕਿ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਵੀਡੀਓ ਕਦੋਂ ਬਣਾਈ ਗਈ ਹੈ।

ਪਾਕਿਸਤਾਨ ਦੇ ਕਾਲਮਨਵੀਸ ਗੁਲ ਬੁਖਾਰੀ ਵੱਲੋਂ ਪੋਸਟ ਕੀਤੀ ਗਈ ਇਸ ਵੀਡੀਓ 'ਚ, 'ਸਾਬਕਾ ਰਾਸ਼ਟਰਪਤੀ ਨੇ ਕਿਹਾ ਕਿ ਉਹ ਸੋਚਦੇ ਹਨ ਕਿ ਆਈ.ਐਸ.ਆਈ. ਦਾ ਰਵੱਈਆ ਮੁਆਫ ਕਰਨ ਲਾਇਕ ਨਹੀਂ ਸੀ।' ਵੀਡੀਓ 'ਚ ਉਹ ਕਹਿ ਰਹੇ ਹਨ, 'ਮੈਂ ਬੱਸ ਇਹ ਕਹਿ ਰਿਹਾ ਹਾਂ ਕਿ ਮੇਰੀ ਪਹਿਲਾਂ ਤੋਂ ਹੀ ਭਰੋਸੇਯੋਗਤਾ ਹੈ। ਮੈਨੂੰ ਫਿਰ ਤੋਂ ਸੱਤਾ ਵਿਚ ਆਉਣ ਦੀ ਜ਼ਰੂਰਤ ਹੈ ਅਤੇ ਮੇਰੀ ਹਮਾਇਤ ਕੀਤੀ ਜਾਣੀ ਚਾਹੀਦੀ ਹੈ। ਸ਼ਰ੍ਹੇਆਮ ਨਹੀਂ ਬਲਕਿ ਗੁਪਤ ਢੰਗ ਨਾਲ।' ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਪਾਕਿਸਤਾਨ ਨੇ ਅਤਿਵਾਦ ਖਿਲਾਫ ਲੜਾਈ ਲਈ ਅਮਰੀਕਾ ਵੱਲੋਂ ਦਿੱਤੀ ਵਿੱਤੀ ਮਦਦ ਦੀ ਵਰਤੋਂ ਗਰੀਬੀ ਰੇਖਾ ਨੂੰ 34 ਤੋਂ 17 ਫੀਸਦ ਤੱਕ ਲਿਆਉਣ ਲਈ ਕੀਤੀ ਸੀ। ਪਰਵੇਜ਼ ਮੁਸ਼ੱਰਫ (75) ਮਹਾਦੋਸ਼ ਦੇ ਮੁਕੱਦਮੇ ਤੋਂ ਬਚਣ ਲਈ ਅਸਤੀਫਾ ਦੇਣ ਤੋਂ ਪਹਿਲਾਂ 2001 ਤੋਂ 2008 ਤੱਕ ਪਾਕਿਸਤਾਨ ਦੇ ਰਾਸ਼ਟਰਪਤੀ ਸਨ। ਉਹ ਮਾਰਚ 2016 ਤੋਂ ਦੁਬਈ 'ਚ ਰਹਿ ਰਹੇ ਹਨ।

## ਸਰਹੱਦ ਨਾਲ ਸਥਿਤੀ ਮਜ਼ਬੂਤ ਕਰਨ ਲਈ ਪਾਕਿਸਤਾਨ ਖਰੀਦੇਗਾ 600 ਜੰਗੀ ਟੈਂਕ

**ਨਵੀਂ ਦਿੱਲੀ:** ਭਾਰਤ ਨਾਲ ਸਰਹੱਦ ਉਤੇ ਆਪਣੀ ਫੌਜੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਪਾਕਿਸਤਾਨ ਨੇ 600 ਦੇ ਕਰੀਬ ਟੈਂਕ ਖਰੀਦਣ ਦੀ ਯੋਜਨਾ ਬਣਾਈ ਹੈ। ਇਨ੍ਹਾਂ ਦੇ ਵਿਚ ਰੂਸ ਤੋਂ ਖਰੀਦੇ ਜਾਣ ਵਾਲੇ ਟੀ-90 ਟੈਂਕ ਵੀ ਸ਼ਾਮਲ ਹਨ। ਪਾਕਿਸਤਾਨ ਇਨ੍ਹਾਂ ਟੈਂਕਾਂ ਨੂੰ ਜੰਮੂ ਖੇਤਰ ਵਿਚ ਅਸਲ ਕੰਟਰੋਲ ਰੇਖਾ ਦੇ ਨਾਲ ਤਾਇਨਾਤ ਕਰਨ ਦਾ ਇੱਛੁਕ ਹੈ। ਇਹ ਜਾਣਕਾਰੀ ਭਾਰਤ ਦੀ ਫੌਜ ਤੇ ਖੁਫੀਆ ਸਰੋਤਾਂ ਨੇ ਜਾਰੀ ਕੀਤੀ ਹੈ।

ਸੂਤਰਾਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਨ੍ਹਾਂ ਟੈਂਕਾਂ ਦੀ ਸਮਰੱਥਾ ਤਿੰਨ ਤੋਂ ਚਾਰ ਕਿਲੋਮੀਟਰ ਤੱਕ ਹੋਵੇਗੀ। ਇਨ੍ਹਾਂ ਵਿਚੋਂ ਕੁਝ ਜੰਮੂ-ਕਸ਼ਮੀਰ ਨਾਲ ਕੰਟਰੋਲ ਰੇਖਾ ਉਤੇ ਤਾਇਨਾਤ ਕੀਤੇ ਜਾਣਗੇ। ਜੰਗੀ ਟੈਂਕਾਂ ਤੋਂ ਇਲਾਵਾ ਪਾਕਿਸਤਾਨ ਦੀ ਫੌਜ ਇਟਲੀ ਤੋਂ ਐਸਪੀ ਮਾਈਕ-10 ਤੋਪਾਂ ਵੀ ਖਰੀਦ ਰਹੀ ਹੈ ਅਤੇ 120 ਤੋਪਾਂ ਪਹਿਲਾਂ ਹੀ ਖਰੀਦੀਆਂ ਜਾ ਚੁੱਕੀਆਂ ਹਨ। ਕੁੱਲ 245 ਤੋਪਾਂ ਖਰੀਦੀਆਂ ਜਾਣੀਆਂ ਹਨ। ਦੂਜੇ ਪਾਸੇ ਭਾਰਤੀ ਫੌਜ ਕੋਲ ਪਹਿਲਾਂ ਹੀ ਟੀ-90 ਟੈਂਕ ਹਨ ਤੇ ਇਸਲਾਮਾਬਾਦ ਰੂਸ ਦੇ ਨਾਲ ਰੱਖਿਆ ਸੌਦਾ ਕਰ ਕੇ ਆਪਣੇ ਸਬੰਧਾਂ ਨੂੰ ਮਜ਼ਬੂਤ ਕਰਨਾ ਚਾਹੁੰਦਾ ਹੈ ਜੋ ਆਜ਼ਾਦੀ ਤੋਂ ਬਾਅਦ ਰੱਖਿਆ ਖੇਤਰ ਵਿਚ ਭਾਰਤ ਦਾ ਅਹਿਮ ਅਤੇ ਵਿਸ਼ਵਾਸਯੋਗ ਭਾਈਵਾਲ ਸਾਬਤ ਹੋਇਆ ਹੈ।

# ਕੇਜਰੀਵਾਲ ਦੀ ਕਨਵੀਨਰਸ਼ਿਪ ਦੀ ਮਿਆਦ ਸਾਲ ਲਈ ਵਧਾਈ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਦੀ ਕੌਮੀ ਕੌਂਸਲ ਨੇ ਅਰਵਿੰਦ ਕੇਜਰੀਵਾਲ ਦੀ ਕੌਮੀ ਕਨਵੀਨਰ ਵਜੋਂ ਮਿਆਦ ਇਕ ਸਾਲ ਲਈ ਹੋਰ ਵਧਾ ਦਿੱਤੀ ਹੈ। ਇਸ ਦੇ ਨਾਲ ਹੀ



ਸਾਥੀ ਮੈਂਬਰਾਂ ਵਾਲੀ ਕੌਮੀ ਕੌਂਸਲ ਦੇ ਕਾਰਜਕਾਲ ਵਿਚ ਸਾਲ ਦਾ ਵਾਧਾ ਕਰ ਦਿੱਤਾ ਹੈ। ਆਉਂਦੀਆਂ ਲੋਕ ਸਭਾ ਅਤੇ ਫਿਰ ਦਿੱਲੀ ਵਿਧਾਨ ਸਭਾ ਦੀਆਂ ਹੋਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਕੌਮੀ ਕੌਂਸਲ ਵਿਚ ਕੋਈ ਤਬਦੀਲੀ ਕਰਨ ਤੋਂ ਗੁਰੇਜ਼ ਕੀਤਾ ਗਿਆ ਹੈ।

'ਆਪ' ਵੱਲੋਂ ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ ਅਤੇ ਗੋਆ ਵਿਚ ਪਕਿਆਈ ਨਾਲ ਲੋਕ ਸਭਾ ਚੋਣਾਂ ਲੜਨ ਦਾ ਇਰਾਦਾ ਜ਼ਾਹਰ ਕਰਦਿਆਂ ਇਸ਼ਾਰਾ ਕੀਤਾ ਕਿ ਉਹ ਹੋਰ ਪਾਰਟੀਆਂ ਨਾਲ ਮੋਦੀ ਸਰਕਾਰ ਨੂੰ ਹਟਾਉਣ ਲਈ 'ਸਹਿਯੋਗ' ਕਰੇਗੀ। 'ਆਪ' ਆਗੂ ਪੰਕਜ ਗੁਪਤਾ ਨੇ ਦੱਸਿਆ ਕਿ ਕੌਮੀ ਕੌਂਸਲ ਦੀ ਮਿਆਦ 23 ਅਪਰੈਲ 2019 ਨੂੰ ਖਤਮ ਹੋਣੀ ਸੀ ਜੋ ਹੁਣ 23 ਅਪਰੈਲ 2020 ਤੱਕ ਰਹੇਗੀ।

ਸ੍ਰੀ ਕੇਜਰੀਵਾਲ ਲਗਾਤਾਰ 6 ਸਾਲਾਂ ਤੋਂ 'ਆਪ' ਦੇ ਕਨਵੀਨਰ ਬਣੇ ਆ ਰਹੇ ਹਨ ਹਾਲਾਂਕਿ ਪਾਰਟੀ ਸੰਵਿਧਾਨ ਮੁਤਾਬਕ ਕੋਈ ਵੀ ਆਗੂ ਲਗਾਤਾਰ ਦੋ ਵਾਰ ਤੋਂ ਜ਼ਿਆਦਾ ਇਸ ਅਹੁਦੇ ਉਪਰ ਨਹੀਂ ਰਹਿ ਸਕਦਾ।

## 2.55 ਕਰੋੜ 'ਚ ਵਿਕਿਆ 42.59 ਕੈਰੇਟ ਦਾ ਹੀਰਾ

**ਪੰਨਾ (ਮੱਧ ਪ੍ਰਦੇਸ਼):** ਪੰਨਾ ਜ਼ਿਲ੍ਹੇ 'ਚ ਅਕਤੂਬਰ ਮਹੀਨੇ ਇਕ ਵਿਅਕਤੀ ਨੂੰ ਮਿਲਿਆ 42.59 ਕੈਰੇਟ ਦਾ ਹੀਰਾ 2.55 ਕਰੋੜ ਰੁਪਏ ਵਿਚ ਨਿਲਾਮ ਹੋਇਆ। ਪੰਨਾ ਦੇ ਖਣਨ ਤੇ ਹੀਰਾ ਅਧਿਕਾਰੀ ਸੰਤੋਸ਼ ਸਿੰਘ ਨੇ ਦੱਸਿਆ ਕਿ ਹੀਰੇ ਦੀ ਬੋਲੀ ਦੀ ਰਕਮ ਟੈਕਸ ਤੇ ਰਾਇਲਟੀ ਕੱਟਣ ਤੋਂ ਬਾਅਦ ਮੋਤੀ ਲਾਲ ਪ੍ਰਜਾਪਤੀ ਨੂੰ ਦੇ ਦਿੱਤੀ ਜਾਵੇਗੀ।

ਪ੍ਰਜਾਪਤੀ ਨੇ ਚਾਰ ਹੋਰ ਵਿਅਕਤੀਆਂ ਨਾਲ ਕ੍ਰਿਸ਼ਨਾ ਕਲਿਆਣਪੁਰ ਪਿੰਡ 'ਚ ਖਾਣ ਲੀਜ਼ ਉਤੇ ਲਈ ਸੀ ਤੇ ਇਥੋਂ ਹੀ ਉਸ ਨੂੰ ਇਹ ਹੀਰਾ ਮਿਲਿਆ ਸੀ। ਇਹ ਇਸ ਖੇਤਰ 'ਚੋਂ ਮਿਲਿਆ ਹੁਣ ਤੱਕ ਦਾ ਸਭ ਤੋਂ ਵੱਡਾ ਹੀਰਾ ਹੈ। ਇਸ ਹੀਰੇ ਨੂੰ ਖਰੀਦਣ ਵਾਲੇ ਦੀ ਪਛਾਣ ਉੱਤਰ ਪ੍ਰਦੇਸ਼ ਦੇ ਝਾਂਸੀ ਦੇ ਵਸਨੀਕ ਰਾਹੁਲ ਅਗਰਵਾਲ ਵਜੋਂ ਹੋਈ ਹੈ।

## ਸਾਊਦੀ ਅਰਬ 'ਚ ਫਸੀ ਮੁਟਿਆਰ ਵਾਪਸ ਪੁੱਜੀ

**ਤਰਨ ਤਾਰਨ:** ਟਰੈਵਲ ਏਜੰਟਾਂ ਦੇ ਝਾਂਸੇ ਵਿਚ ਆ ਕੇ ਸਾਊਦੀ ਅਰਬ ਗਈ ਇਲਾਕੇ ਦੇ ਕਸਬਾ ਚੋਹਲਾ ਸਾਹਿਬ ਦੀ 27 ਸਾਲਾ ਲੜਕੀ ਨੂੰ ਉਥੇ ਕਈ ਥਾਈਂ ਵੇਚਿਆ ਗਿਆ ਤੇ ਏਜੰਟਾਂ ਨੇ ਉਸ ਦਾ ਪਾਸਪੋਰਟ ਵੀ ਗਾਇਬ ਕਰ ਦਿੱਤਾ। ਪੀੜਤ ਲੜਕੀ ਕੁਝ ਰਹਿਮ ਦਿਲ ਵਿਅਕਤੀਆਂ ਦੀ ਮਦਦ ਨਾਲ ਉਥੇ ਭਾਰਤੀ ਸਫਾਰਤਖਾਨੇ ਪੁੱਜੀ, ਜਿਥੋਂ ਉਸ ਨੂੰ ਪੇਪਰ ਪਾਸਪੋਰਟ ਰਾਹੀਂ ਭਾਰਤ ਵਾਪਸ ਭੇਜਿਆ ਗਿਆ। ਲੜਕੀ ਦੀ ਸ਼ਿਕਾਇਤ ਮਗਰੋਂ ਐਸ.ਐਸ.ਪੀ. ਵੱਲੋਂ ਜਾਰੀ ਹੁਕਮਾਂ 'ਤੇ ਥਾਣਾ ਚੋਹਲਾ ਸਾਹਿਬ ਦੀ ਪੁਲਿਸ ਨੇ ਦੋ ਮੁਲਜ਼ਮਾਂ ਖਿਲਾਫ ਧਾਰਾ 13 (ਪੰਜਾਬ ਮਨੁੱਖੀ ਤਸਕਰੀ ਐਕਟ-2012) ਤਹਿਤ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਸਰਬਜੀਤ ਲਾਲ ਵਾਸੀ ਗੁਰਾਇਆ ਅਤੇ ਨੀਤੂ ਵਾਸੀ ਦਿੱਲੀ ਵਜੋਂ ਹੋਈ ਹੈ।


## ਤਸ਼ੱਦਦ ਨੂੰ ਅਪਰਾਧ ਦੀ ਸ਼੍ਰੇਣੀ 'ਚ ਲਿਆਉਣ ਦੀ ਸਿਫਾਰਸ਼ ਨੂੰ ਸਿਰਫ 4 ਸੂਬਿਆਂ ਦੀ ਹਮਾਇਤ

**ਨਵੀਂ ਦਿੱਲੀ:** ਤਸ਼ੱਦਦ ਕਰਨ ਦੇ ਦੋਸ਼ੀ ਸਰਕਾਰੀ ਅਧਿਕਾਰੀਆਂ ਨੂੰ ਜੇਲ੍ਹ ਪਹੁੰਚਾਉਣ ਦੀ ਸਿਫਾਰਸ਼ ਵਾਲੇ ਖਰੜੇ 'ਤੇ ਜ਼ਿਆਦਾਤਰ ਸੂਬਿਆਂ ਨੇ ਚੁੱਪ ਧਾਰ ਲਈ ਹੈ। ਕਾਨੂੰਨ ਕਮਿਸ਼ਨ ਵੱਲੋਂ ਬਣਾਏ ਗਏ ਇਸ ਖਰੜੇ ਦੀ ਹਮਾਇਤ ਲਈ ਸਿਰਫ ਚਾਰ ਸੂਬਿਆਂ ਨੇ ਸਹਿਮਤੀ ਜਤਾਈ ਹੈ।

ਇਨ੍ਹਾਂ 'ਚ ਮੇਘਾਲਿਆ, ਸਿੱਕਿਮ, ਝਾਰਖੰਡ ਅਤੇ ਹਿਮਾਚਲ ਪ੍ਰਦੇਸ਼ ਸ਼ਾਮਲ ਹਨ। ਲੋਕ ਸਭਾ ਦੇ ਪ੍ਰਸ਼ਨਕਾਲ ਲਈ ਤਿਆਰ ਕੀਤੇ ਗਏ ਕਾਨੂੰਨ ਮੰਤਰਾਲੇ ਦੇ ਨੋਟ ਅਨੁਸਾਰ ਬੀਤੀ ਨਵੰਬਰ 'ਚ ਕੇਂਦਰ ਨੇ 'ਤਸ਼ੱਦਦ ਰੋਕਥਾਮ ਬਿੱਲ 2017' ਉਤੇ ਸਾਰੇ ਸੂਬਿਆਂ ਦੀ ਰਾਇ ਮੰਗੀ ਸੀ। ਇਸ ਤੋਂ ਇਲਾਵਾ ਤਸ਼ੱਦਦ ਨੂੰ ਅਪਰਾਧ ਦੀ ਸ਼੍ਰੇਣੀ 'ਚ ਲਿਆਉਣ ਲਈ ਆਈ.ਪੀ.ਸੀ. ਦੀ ਧਾਰਾ 330 ਅਤੇ 331 'ਚ ਸੋਧ ਕਰਨ ਦੇ ਪ੍ਰਸਤਾਵ ਲਈ ਅਕਤੂਬਰ 2017 ਵਿਚ ਕਾਨੂੰਨ ਮੰਤਰਾਲੇ ਨੂੰ ਇਕ ਕਮੇਟੀ ਵੱਲੋਂ ਸੌਂਪੀ ਰਿਪੋਰਟ 'ਤੇ ਵੀ ਰਾਇ ਦੀ ਮੰਗ ਕੀਤੀ ਗਈ ਸੀ। ਇਹ ਪ੍ਰਸਤਾਵ ਪ੍ਰਤੀਕਿਰਿਆ ਲਈ ਕਾਨੂੰਨ ਕਮਿਸ਼ਨ ਨੂੰ ਭੇਜਿਆ ਗਿਆ ਸੀ, ਜਿਸ ਦੀ ਅਗਵਾਈ ਉਸ ਸਮੇਂ ਜਸਟਿਸ (ਸੇਵਾ ਮੁਕਤ) ਬੀ. ਐਸ. ਚੌਹਾਨ ਕਰ ਰਹੇ ਸਨ।

# ਨਵੇਂ ਸਾਲ 'ਚ ਨੌਜਵਾਨਾਂ ਨੂੰ ਸਿਰਾਂ ਨਾਲ ਸੋਚਣਾ ਪਵੇਗਾ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਨਵਾਂ ਸਾਲ ਇਸ ਸੰਸਾਰ ਲਈ ਵੀ ਬਹੁਤ ਅਹਿਮ ਹੋ ਸਕਦਾ ਹੈ ਤੇ ਸਾਡੇ ਭਾਰਤ ਅਤੇ ਪੰਜਾਬ ਦੇ ਲੋਕਾਂ ਲਈ ਵੀ। ਸੰਸਾਰ ਲਈ ਇਸ ਦੀ ਅਹਿਮੀਅਤ ਦਾ ਇੱਕ ਪੱਖ ਆਪਣੇ ਆਪ ਨੂੰ ਇਕਲੌਤੀ ਮਹਾਂਸ਼ਕਤੀ ਮੰਨਦੇ ਅਮਰੀਕਾ ਵੱਲੋਂ ਇਰਾਕ ਅਤੇ ਅਫਗਾਨਿਸਤਾਨ ਦੇ ਚਿੱਕੜ ਵਿਚ ਫਸੀ ਹੋਈ ਲੱਤ ਪੁੱਟਣ ਦੇ ਯਤਨ ਸਿਰੇ ਚੜ੍ਹਨ ਦਾ ਸੰਕੇਤ ਦੇਈ ਜਾਂਦਾ ਹੈ ਤੇ ਦੂਸਰੇ ਪੱਖ ਤੋਂ ਕੁਝ ਹੋਰਨੀਂ ਥਾਂਈਂ ਏਦਾਂ ਦਾ ਨਵਾਂ ਪੁਆੜਾ ਪਾਉਣ ਦੀ ਸੋਚ ਵੀ ਝਲਕ ਰਹੀ ਹੈ। ਆਪਣੀ ਡਿੱਗਦੀ ਜਾ ਰਹੀ ਆਰਥਕਤਾ ਨੂੰ ਠੁੰਮ੍ਹਣਾ ਦੇਣ ਲਈ ਅਜਿਹੇ ਵਕਤ ਵਰਤੀ ਜਾਂਦੀ ਜੰਗੀ ਸਾਮਾਨ ਦੀ ਇੰਡਸਟਰੀ ਇਸ ਦੇਸ਼ ਦੀ ਕਿਸੇ ਵੀ ਹਕੂਮਤ ਨੇ ਅੱਜ ਤੱਕ ਡੁੱਬਣ ਨਹੀਂ ਦਿੱਤੀ ਤੇ ਡੋਨਾਲਡ ਟਰੰਪ ਨੇ ਵੀ ਡੁੱਬਣ ਨਹੀਂ ਦੇਣੀ, ਤੇ ਜੇ ਇਸ ਨੂੰ ਡੁੱਬਣ ਤੋਂ ਬਚਾਉਣਾ ਹੈ ਤਾਂ ਕਿਸੇ ਨਾ ਕਿਸੇ ਪਾਸੇ ਕੋਈ ਨਵਾਂ ਪੁਆੜਾ ਉਸ ਨੂੰ ਸਹੇੜਨਾ ਹੀ ਪੈਣਾ ਹੈ।

ਫਿਰ ਵੀ ਅਸੀਂ ਭਾਰਤੀ ਲੋਕ, ਤੇ ਪੰਜਾਬੀ ਭਾਈਚਾਰਾ ਵੀ, ਇਸ ਦੀ ਥਾਂ ਇਸ ਵਕਤ ਭਾਰਤ ਦੇ ਹਾਲਤ ਬਾਰੇ ਵੱਧ ਸੋਚ ਰਹੇ ਹਾਂ। ਅਗਲਾ ਸਾਲ ਪਾਰਲੀਮੈਂਟ ਦੀਆਂ ਚੋਣਾਂ ਵਿਚ ਪੈਣ ਵਾਲਾ ਹੈ। ਇਸ ਮਕਸਦ ਲਈ ਰਾਜਨੀਤਕ ਮੈਦਾਨ ਦੇ ਚੰਗੇ-ਮਾੜੇ ਖਿਡਾਰੀ ਆਪਣੀ ਖੇਡ ਸ਼ੁਰੂ ਕਰ ਚੁਕੇ ਹਨ। ਬੀਤਿਆ ਸਾਲ ਚੰਗਾ ਨਹੀਂ ਰਿਹਾ। ਇਸ ਵਿਚ ਜਿਸ ਤਰ੍ਹਾਂ ਦਾ ਕੂੜ-ਕੁਸੱਤ ਚੱਲਦਾ ਵੇਖ ਚੁਕੇ ਹਾਂ, ਉਸ ਦੀ ਖੇਡ ਅਗਲੀ ਪਾਰਲੀਮੈਂਟ ਚੋਣ ਲਈ ਅਗੇਤੀ ਸ਼ੁਰੂ ਕਰ ਦਿੱਤੀ ਗਈ ਹੈ ਤੇ ਲੀਡਰਾਂ ਦੇ ਚਾਲੇ ਦੱਸਦੇ ਹਨ ਕਿ ਸ਼ਰਮ-ਹਯਾ ਦਾ ਪੱਲਾ ਛੱਡ ਕੇ ਬੇਸ਼ਰਮੀ ਦੀ ਸਿਖਰ ਤੱਕ ਜਾਣ ਅਤੇ ਹਰ ਹੱਦ ਪਾਰ ਕਰਨ ਦਾ ਮਨ ਉਹ ਬਣਾਈ ਬੈਠੇ ਹਨ। ਅਨੁਪਮ ਖੇਰ ਦੀ ਨਵੀਂ ਆ ਰਹੀ ਫਿਲਮ ਇਸ ਦੀ ਇੱਕ ਝਲਕ ਹੈ।

ਪਿਛਲੇ ਸਾਲ ਵਿਚ ਇਸ ਦੇਸ਼ ਦੀ ਕਮਾਨ ਕਰ ਰਹੀ ਪਾਰਟੀ ਦੇ ਮੁਖੀ ਆਗੂ ਤੇ ਉਸ ਦੇ ਅੜਬੰਗ ਜੋੜੀਦਾਰ ਨੂੰ ਬੜ੍ਹਕਾਂ ਮਾਰਦੇ ਵੀ ਅਸੀਂ ਵੇਖਿਆ ਸੀ ਤੇ ਸਾਲ ਮੁੱਕਣ ਤੱਕ ਹਿੰਦੀ ਪੱਟੀ ਵਾਲੇ ਤਿੰਨ ਰਾਜਾਂ ਦੀ ਹਾਰ ਪਿੱਛੋਂ ਨੀਵੀਂ ਪਾਈ ਵੀ ਵੇਖ ਲਿਆ ਹੈ। ਇਸ ਤੋਂ ਕਈ ਲੋਕ ਇਹ ਸੋਚ ਰਹੇ ਹਨ ਕਿ ਮੋੜਾ ਪੈ ਚੁਕਾ ਹੈ। ਹਾਲੇ ਖਤਰਨਾਕ ਪਾਸੇ ਵੱਲ ਹਾਲਾਤ ਦੇ ਵਹਿਣ ਨੂੰ ਮੋੜਾ ਨਹੀਂ ਪੈ ਸਕਿਆ, ਸਿਰਫ ਕੁਝ ਡਾਫ ਜਿਹੀ ਲੱਗੀ ਹੈ। ਇਸ ਦੌਰਾਨ ਜਿੱਦਾਂ ਦੀ ਹਮਲਾਵਰੀ ਤੇ ਤਿੱਖੜ ਸ਼ਬਦਾਂ ਦੀ ਵਾਛੜ ਕੀਤੀ ਗਈ ਹੈ, ਉਸ ਨੇ ਸਗੋਂ ਵਿਸਵਿਸੇ ਜਿਹੇ ਵਧਾ ਦਿੱਤੇ ਹਨ। ਫਿਰਕੂ ਜਨੂੰਨ ਵਾਲੀ ਵੱਡੀ ਹਨੇਰੀ ਗਊ ਭਗਤੀ ਦੇ ਨਾਂ 'ਤੇ ਲਿਆਂਦੀ ਗਈ ਹੈ। ਕਈ ਥਾਂਈਂ ਇਹ ਕਹਿ ਕੇ ਭੀੜ ਨੇ ਕੁਝ ਬੰਦੇ ਮਾਰ ਛੱਡੇ ਕਿ ਇਹ ਗਊ ਲਈ ਜਾਂਦੇ ਸਨ ਅਤੇ ਇਨ੍ਹਾਂ ਨੇ ਮਾਰ ਕੇ ਖਾਣੀ ਹੋਊਗੀ। ਗਊ ਜਿੰਦਾ ਬਚ ਗਈ, ਗਊ ਵਾਲੇ ਮਾਰੇ ਗਏ। ਜਿਸ ਕਿਸੇ ਨੇ ਇਸ ਬਾਰੇ ਵਿਰੋਧ ਦੀ ਆਵਾਜ਼ ਕੱਢੀ, ਉਸ ਨੂੰ ਪਾਕਿਸਤਾਨ ਚਲਾ ਜਾਣ ਨੂੰ ਕਹਿਣ ਤੋਂ ਲੈ ਕੇ ਪਾਕਿਸਤਾਨ ਭੇਜਣ ਦੀਆਂ ਟਾਹਰਾਂ ਮਾਰਨਾ ਤੱਕ ਆਮ ਵਰਤਾਰਾ ਬਣਦਾ ਗਿਆ। ਸਾਲ ਦੇ ਅੰਤ ਵਿਚ ਜੋ ਕੁਝ ਉੱਘੇ ਫਿਲਮਕਾਰ ਨਸੀਰੁਦੀਨ ਸ਼ਾਹ ਨਾਲ ਹੋਇਆ ਹੈ, ਉਸ ਨੂੰ ਇਸ ਬੇਹੂਦੇਪਣ ਦੀ ਇੱਕ ਹੋਰ ਮਿਸਾਲ ਦੀ ਥਾਂ ਹੋਰ ਵੀ ਭੱਦੀ ਮਿਸਾਲ ਕਿਹਾ ਜਾ ਸਕਦਾ ਹੈ।

ਸਾਡੇ ਪੰਜਾਬ ਵਿਚ ਵੀ ਏਦਾਂ ਦਾ ਬਹੁਤ ਕੁਝ ਹੋਇਆ ਹੈ, ਜੋ ਨਵੇਂ ਸਾਲ ਵਿਚ ਕੋਈ ਆਸ ਬੰਨ੍ਹਾਉਣ ਦੀ ਥਾਂ ਹੋਰ ਵੀ ਫਿਕਰ ਪੈਦਾ ਕਰਨ ਵਾਲਾ ਹੈ। ਅੱਧੇ ਤੋਂ ਵੱਧ ਸਮਾਂ ਤਾਂ ਅਕਾਲੀ ਪਾਰਟੀ ਦੇ ਖਿਲਾਫ ਜਸਟਿਸ ਰਣਜੀਤ ਸਿੰਘ ਦੀ ਜਾਂਚ ਰਿਪੋਰਟ ਦਾ ਤਵਾ ਵੱਜਦਾ ਰਿਹਾ ਹੈ। ਇਸ ਪਾਰਟੀ ਦੀ ਨਵੀਂ ਉਠੀ ਲੀਡਰਸ਼ਿਪ ਨੇ ਇਸ ਪਾਰਟੀ ਨੂੰ ਆਪਣੀ ਹੋਂਦ ਦੇ ਸਾਰੇ ਸਮੇਂ ਦੇ ਰਿਕਾਰਡ ਤੋੜਨ ਵਾਲੀ ਜਿੱਲ੍ਹਣ ਵਿਚ ਫਸਾ ਧਰਿਆ ਤੇ ਪਾਰਟੀ ਦਾ ਸਰਪ੍ਰਸਤ ਬਣਾਏ ਪੰਜ ਵਾਰੀਆਂ ਦੇ ਮੁੱਖ ਮੰਤਰੀ ਵੱਲੋਂ ਆਪਣੇ ਆਪ ਭੁੱਲਾਂ ਬਖਸ਼ਾਉਣ ਦੀ ਸੇਵਾ ਦੌਰਾਨ ਬਰਤਨ ਅਤੇ ਜੋੜੇ ਸਾਫ ਕਰ ਕੇ ਵੀ ਇਸ ਉਲਝਣ ਦਾ ਹੱਲ ਨਹੀਂ ਨਿਕਲਿਆ। ਜਿਸ ਅਕਾਲ ਤਖਤ ਸਾਹਿਬ ਨੂੰ ਸਿੱਖ ਭਾਈਚਾਰੇ ਵਿਚ ਸਭ ਤੋਂ ਉੱਚਾ ਦਰਜਾ ਮੰਨੇ ਜਾਣ ਦਾ ਮੁੱਦਈ ਇਹ ਅਕਾਲੀ ਦਲ ਬਣਦਾ ਹੁੰਦਾ ਸੀ, ਉਸ ਦੇ ਜਥੇਦਾਰ ਅਤੇ ਇਸ ਸੰਸਥਾ ਦੇ ਅਕਸ ਨੂੰ ਅਕਾਲੀ ਦਲ ਦੀ ਨਵੀਂ ਲੀਡਰਸ਼ਿਪ ਨੇ ਇਹੋ ਜਿਹੀ ਢਾਹ ਲਾਈ ਹੈ ਕਿ ਅੱਜ ਕੱਲ੍ਹ ਸਮਾਜੀ ਸਮਾਗਮਾਂ ਵਿਚ ਵੀ ਇਸ ਪਾਰਟੀ ਦੇ ਲੀਡਰਾਂ ਨੂੰ ਲੋਕ ਸੱਦਣੋਂ ਝਿਜਕ ਰਹੇ ਹਨ। ਸਬਕ ਕੋਈ ਫਿਰ ਵੀ ਨਹੀਂ ਸਿੱਖਿਆ ਗਿਆ।

ਅਕਾਲ ਤਖਤ ਦੇ ਨਵੇਂ ਜਥੇਦਾਰ ਲਈ ਫਿਰ ਇੱਕ ਏਦਾਂ ਦਾ ਭਰੋਸੇਮੰਦ ਬੰਦਾ ਲੱਭ ਲਿਆਂਦਾ ਹੈ, ਜੋ ਇਨ੍ਹਾਂ ਦਾ ਬਚਾਅ ਕਰਨ ਦੇ ਚੱਕਰ ਵਿਚ ਆਉਂਦੇ ਸਾਰ ਖੁਦ ਹੀ ਏਨਾ ਉਲਝ ਗਿਆ ਕਿ ਫਤਿਹਗੜ੍ਹ ਸਾਹਿਬ ਵਿਚ ਸੰਗਤ ਨੇ ਉਸ ਦਾ ਸੰਦੇਸ਼ ਨਹੀਂ ਸੁਣਿਆ ਤੇ ਉਸ ਨੂੰ ਅੱਧ ਵਿਚੋਂ ਸੰਦੇਸ਼ ਪੜ੍ਹਨਾ ਛੱਡ ਕੇ ਖਿਸਕਣਾ ਪਿਆ। ਏਡਾ ਵਿਰੋਧ ਖਤਮ ਨਾ ਵੀ ਹੁੰਦਾ ਤਾਂ ਕੁਝ ਘਟਾਇਆ ਜਾ ਸਕਦਾ ਸੀ, ਪਰ ਪਾਰਟੀ ਵਿਚ ਬੁੱਢਾ ਬਾਪੂ ਪਿੱਛੇ ਕਰ ਚੁੱਕੀ ਲੀਡਰਸ਼ਿਪ ਮੁੜ ਉਸ ਨੂੰ ਅੱਗੇ ਲਿਆਉਣ ਤੋਂ ਇਸ ਲਈ ਝਿਜਕਦੀ ਰਹੀ ਹੈ ਕਿ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੀ ਹਾਰ ਮੰਨੀ ਜਾਵੇਗੀ। ਅਗਲੇ ਸਾਲ ਵਿਚ ਵੀ ਇਹ ਕੁਝ ਚੱਲਦਾ ਰਹੇਗਾ।

ਪਿਛਲੀਆਂ ਵਿਧਾਨ ਸਭਾ ਚੋਣਾਂ ਮੌਕੇ ਜਿਸ ਆਮ ਆਦਮੀ ਪਾਰਟੀ ਦੀ ਏਨੀ ਚੜ੍ਹਤ ਸੀ ਕਿ ਪੰਜਾਬ ਵਿਚ ਸਰਕਾਰ ਵੀ ਉਸ ਦੀ ਬਣਨ ਦੇ ਅੰਦਾਜ਼ੇ ਲੱਗਦੇ ਪਏ ਸਨ, ਅੱਜ ਉਹ ਖੱਖੜੀਆਂ ਦਾ ਖਿਲਾਰਾ ਬਣੀ ਪਈ ਹੈ। ਵੱਖ ਹੋਇਆ ਖਹਿਰਾ ਧੜਾ ਅਜੇ ਆਪਣੀ ਵੱਖਰੀ ਧਿਰ ਬਣਾਉਣ ਬਾਰੇ ਸੋਚਦਾ ਪਿਆ ਹੈ, ਆਮ ਆਦਮੀ ਪਾਰਟੀ ਦਿੱਲੀ ਵਾਲੇ ਲੀਡਰਾਂ ਦੇ ਮੂੰਹ ਵੱਲ ਝਾਕਦੀ ਹੈ ਤੇ ਦਿੱਲੀ ਵਾਲੇ ਲੀਡਰ ਅੱਗੋਂ ਕਾਂਗਰਸ ਨਾਲ ਸਮਝੌਤਾ ਕਰਨ ਜਾਂ ਮਾਇਆਵਤੀ ਤੇ ਚੰਦਰ ਸ਼ੇਖਰ ਰਾਓ ਦੇ ਕਿਸੇ ਤੀਸਰੇ ਮੋਰਚੇ ਨਾਲ ਜੁੜਨ ਦੀ ਦੋਚਿੱਤੀ ਵਿਚ ਫਸੇ ਹੋਏ ਸੁਣੇ ਜਾਂਦੇ ਹਨ। ਇਹ ਸਾਲ ਉਨ੍ਹਾਂ ਲਈ ਬੜੇ ਵੱਡੇ ਝਟਕੇ ਲੈ ਕੇ ਆਇਆ ਸੀ ਤੇ ਅਗਲਾ ਸਾਲ ਵੀ ਚੰਗਾ ਨਹੀਂ ਜਾਪਦਾ। ਪਾਰਟੀ ਲੀਡਰਸ਼ਿਪ ਫਿਰ ਵੀ ਆਸਵੰਦ ਹੈ।

ਪੰਜਾਬ ਵਿਚ ਰਾਜ ਕਰਦੀ ਵੱਡੀ ਧਿਰ ਕਾਂਗਰਸ ਪਾਰਟੀ ਇਸ ਵਕਤ ਦਾ ਸਿਆਸੀ ਅਤੇ ਸਮਾਜੀ ਦ੍ਰਿਸ਼ ਦੇਖਣ ਪਿੱਛੋਂ ਇਸ ਖੁਸ਼ਫਹਿਮੀ ਵਿਚ ਹੈ ਕਿ ਸਾਡੇ ਬਿਨਾ ਲੋਕਾਂ ਕੋਲ ਕੋਈ ਬਦਲ ਹੀ ਨਹੀਂ, ਇਸ ਲਈ ਅਸੀਂ ਕੁਝ ਕਰੀਏ ਜਾਂ ਨਾ ਕਰੀਏ, ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਸਾਡੀ ਝੋਲੀ ਵਿਚ ਹੀ ਪੈਣੀਆਂ ਹਨ। ਪਿਛਲਾ ਤਜਰਬਾ ਦੱਸਦਾ ਹੈ ਕਿ ਜਦੋਂ ਵੀ ਇਸ ਪਾਰਟੀ ਨੇ ਇਹ ਖੁਸ਼ਫਹਿਮੀ ਰੱਖੀ ਹੈ, ਇਸ ਨੂੰ ਨਮੋਸ਼ੀ ਝੱਲਣੀ ਪੈਂਦੀ ਰਹੀ ਹੈ।

ਆਮ ਲੋਕਾਂ ਦੇ ਪੱਧਰ 'ਤੇ ਹਾਲਾਤ ਵਿਚ ਕੋਈ ਵੱਡਾ ਮੋੜ ਨਹੀਂ ਆਇਆ ਜਾਪਦਾ। ਜਿਵੇਂ ਪਹਿਲਾਂ ਮੁਸ਼ਕਿਲਾਂ ਦੀ ਮਾਰ ਹੇਠ ਆਏ ਹੋਏ ਕਿਸਾਨ ਖੁਦਕੁਸ਼ੀਆਂ ਕਰਦੇ ਸਨ, ਉਹ ਅਜੇ ਤੱਕ ਓਸੇ ਤਰ੍ਹਾਂ ਕਰੀ ਜਾ ਰਹੇ ਹਨ। ਬੇਰੁਜ਼ਗਾਰੀ ਵਾਲੇ ਮੋਰਚੇ 'ਤੇ ਕੋਈ ਰਾਹਤ ਦਾ ਸੰਕੇਤ ਨਹੀਂ ਲੱਭਦਾ। ਸਰਕਾਰ ਸਮਾਰਟ ਫੋਨ ਵੰਡਣ ਲੱਗੀ ਹੈ। ਅੰਗਰੇਜ਼ੀ ਕਹਾਵਤ ਹੈ ਕਿ ਭੁੱਖੇ ਨੂੰ ਖਾਣ ਵਾਸਤੇ ਮੱਛੀ ਨਾ ਦਿਓ, ਮੱਛੀ ਫੜਨ ਦਾ ਵੱਲ ਸਿਖਾਓ, ਤਾਂ ਕਿ ਭਲਕੇ ਵੀ ਆਪਣੇ ਜੋਗਾ ਜੁਗਾੜ ਕਰਨ ਦੇ ਯੋਗ ਹੋ ਸਕੇ। ਸਰਕਾਰ ਨੂੰ ਸਹੂਲਤਾਂ ਅਤੇ ਸਬਸਿਡੀਆਂ ਦੀ ਥਾਂ ਲੋਕਾਂ ਦੇ ਰੁਜ਼ਗਾਰ ਬਾਰੇ ਸੋਚਣਾ ਚਾਹੀਦਾ ਹੈ। ਕੇਂਦਰ ਦੀ ਸਰਕਾਰ ਹੋਵੇ ਜਾਂ ਪੰਜਾਬ ਦੀ, ਸਾਲ 2018 ਵਿਚ ਇਹ ਕੰਮ ਕਰ ਨਹੀਂ ਸਕੀ ਤੇ ਸਾਲ 2019 ਵਿਚ ਆਸ ਨਹੀਂ ਜਾਪਦੀ।

ਮਰਹੂਮ ਰਾਸ਼ਟਰਪਤੀ ਏ. ਪੀ. ਜੇ. ਅਬਦੁਲ ਕਲਾਮ ਬੱਚਿਆਂ ਨੂੰ ਕਹਿੰਦਾ ਹੁੰਦਾ ਸੀ ਕਿ ਸੁਫਨੇ ਲਓ ਤੇ ਫਿਰ ਉਨ੍ਹਾਂ ਨੂੰ ਸਿਰੇ ਚਾੜ੍ਹਨ ਦੇ ਯਤਨ ਕਰਿਆ ਕਰੋ। ਦੇਸ਼ ਦਾ ਸਿਸਟਮ ਇਸ ਦੇ ਲਾਇਕ ਹੀ ਨਹੀਂ। ਇਥੇ ਲੀਡਰਾਂ ਦੇ ਬੱਚੇ ਜੰਮਦੇ ਸਾਰ ਲੀਡਰ ਬਣਨ ਤੇ ਰਾਜ ਕਰਨ ਦੇ ਸੁਫਨੇ ਲੈਂਦੇ ਹਨ ਅਤੇ ਭਾਵੇਂ ਸਕੂਲ ਦੀ ਪੜ੍ਹਾਈ ਵਿਚਾਲੇ ਛੱਡ ਜਾਣ, ਉਹ ਰਾਜ ਕਰਦੀ ਜਾਂ ਰਾਜ ਕਰਨ ਲਈ ਲੜਦੀ ਪਾਰਟੀ ਦੇ ਆਗੂ ਬਣ ਜਾਂਦੇ ਹਨ। ਆਮ ਲੋਕਾਂ ਦੇ ਬੱਚੇ ਸੁਫਨੇ ਲੈਂਦੇ ਹਨ ਤੇ ਜਦੋਂ ਸਿਰੇ ਨਹੀਂ ਚੜ੍ਹ ਸਕਦੇ ਤਾਂ ਕੋਈ ਨਾ ਕੋਈ ਚਿੜਾਉਣ ਵਾਸਤੇ ਪੰਜਾਬੀ ਦੀ ਇਹ ਕਹਾਵਤ ਸੁਣਾ ਕੇ ਨਿਕਲ ਜਾਂਦਾ ਹੈ ਕਿ ਸੌਣਾ ਰੂੜੀਆਂ 'ਤੇ, ਸੁਫਨੇ ਸ਼ੀਸ਼ ਮਹਿਲਾਂ ਦੇ। ਵਿਚਾਰਿਆਂ ਦੇ ਸੁਫਨੇ ਵੀ ਸ਼ਰਮਸਾਰ ਹੋ ਜਾਂਦੇ ਹਨ।

ਇਹ ਸਾਰਾ ਕੁਝ ਕਿਤੇ ਸਹਿਜ ਭਾਅ ਨਹੀਂ ਹੁੰਦਾ, ਇਸ ਦੇਸ਼ ਵਿਚ ਰਾਜ ਕਰਦੀ ਜਮਾਤ ਦੇ ਲੋਕ ਜਿੱਦਾਂ ਦਾ ਮਾਹੌਲ ਬਣਾਈ ਬੈਠੇ ਹਨ, ਇਸ ਵਿਚ ਆਮ ਘਰਾਂ ਦੇ ਬੱਚਿਆਂ ਦੇ ਸੁਫਨਿਆਂ ਦੀ ਕੋਈ ਗੁੰਜਾਇਸ਼ ਰਹਿਣ ਨਹੀਂ ਦਿੱਤੀ ਜਾਪਦੀ, ਪਰ ਜੇ ਉਨ੍ਹਾਂ ਨੇ ਗੁੰਜਾਇਸ਼ ਬਣਾਉਣੀ ਹੈ ਤਾਂ ਉਨ੍ਹਾਂ ਨੂੰ ਬੀਤੇ ਦੇ ਤਜਰਬੇ ਤੋਂ ਸਿੱਖ ਕੇ ਅੱਗੇ ਵਧਣਾ ਹੋਵੇਗਾ। ਦੇਸ਼ ਦੇ ਲੋਕਾਂ, ਤੇ ਖਾਸ ਕਰ ਕੇ ਜਵਾਨੀ ਨੂੰ ਕਿਸੇ ਦੇ ਕਹੇ ਲੱਗਣ ਦੀ ਥਾਂ ਆਪਣਾ ਸਿਰ ਵਰਤਣਾ ਸਿੱਖਣਾ ਹੋਵੇਗਾ।


> **ਪੰਜਾਬ ਵਿਚ ਰਾਜ ਕਰਦੀ ਵੱਡੀ ਧਿਰ ਕਾਂਗਰਸ ਪਾਰਟੀ ਇਸ ਵਕਤ ਦਾ ਸਿਆਸੀ ਅਤੇ ਸਮਾਜੀ ਦ੍ਰਿਸ਼ ਦੇਖਣ ਪਿੱਛੋਂ ਇਸ ਖੁਸ਼ਫਹਿਮੀ ਵਿਚ ਹੈ ਕਿ ਸਾਡੇ ਬਿਨਾ ਲੋਕਾਂ ਕੋਲ ਕੋਈ ਬਦਲ ਹੀ ਨਹੀਂ, ਇਸ ਲਈ ਅਸੀਂ ਕੁਝ ਕਰੀਏ ਜਾਂ ਨਾ ਕਰੀਏ, ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਸਾਡੀ ਝੋਲੀ ਵਿਚ ਹੀ ਪੈਣੀਆਂ ਹਨ। ਪਿਛਲਾ ਤਜਰਬਾ ਦੱਸਦਾ ਹੈ ਕਿ ਜਦੋਂ ਵੀ ਇਸ ਪਾਰਟੀ ਨੇ ਇਹ ਖੁਸ਼ਫਹਿਮੀ ਰੱਖੀ ਹੈ, ਇਸ ਨੂੰ ਨਮੋਸ਼ੀ ਝੱਲਣੀ ਪੈਂਦੀ ਰਹੀ ਹੈ।**

# ਕੈਪਟਨ ਸਰਕਾਰ ਨੇ ਸਰਕਾਰੀ ਮੁਲਾਜ਼ਮਾਂ ਨੂੰ ਨਾ ਦਿੱਤਾ ਰਾਹ

**ਚੰਡੀਗੜ੍ਹ:** ਚੋਣਾਂ ਦੌਰਾਨ ਵੱਡੇ-ਵੱਡੇ ਵਾਅਦੇ ਕਰਨ ਦੇ ਬਾਵਜੂਦ ਮੋਤੀਆਂ ਵਾਲੀ ਸਰਕਾਰ ਨੇ ਇਸ ਵਰ੍ਹੇ ਮੁਲਾਜ਼ਮਾਂ ਦੇ ਪੱਲੇ ਕੁਝ ਨਹੀਂ ਪਾਇਆ ਤੇ ਉਲਟਾ ਤਨਖਾਹਾਂ ਵਿਚੋਂ ਵਿਕਾਸ ਟੈਕਸ ਦੇ ਰੂਪ ਵਿਚ ਸਾਲਾਨਾ 2400 ਰੁਪਏ ਦੀ ਕਟੌਤੀ ਕਰ ਲਈ ਹੈ। ਇਸ ਸਥਿਤੀ ਵਿਚ ਪੰਜਾਬ ਦੀਆਂ ਮੁਲਾਜ਼ਮ ਜਥੇਬੰਦੀਆਂ ਪਿਛਲੇ 51 ਸਾਲਾਂ ਤੋਂ ਕੇਂਦਰੀ ਪੈਟਰਨ 'ਤੇ ਮਿਲਦੀਆਂ ਮਹਿੰਗਾਈ ਭੱਤੇ (ਡੀਏ) ਦੀਆਂ ਬਕਾਇਆ 16 ਫੀਸਦੀ ਬਣਦੀਆਂ 4 ਕਿਸ਼ਤਾਂ ਹਾਸਲ ਕਰਨ ਤੋਂ ਵੀ ਅਸਮਰੱਥ ਰਹੀਆਂ ਹਨ, ਜਿਸ ਕਾਰਨ ਸੂਬੇ ਦੇ ਮੁਲਾਜ਼ਮ ਤੇ ਪੈਨਸ਼ਨਰ ਨਿਰਾਸ਼ ਹਨ।

ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਡੀਏ ਦੀਆਂ 4 ਕਿਸ਼ਤਾਂ ਬਕਾਇਆ ਹਨ ਤੇ ਸਰਕਾਰ ਨੇ ਪਿਛਲੀਆਂ ਕਿਸ਼ਤਾਂ ਦਾ 22 ਮਹੀਨਿਆਂ ਦਾ ਬਕਾਇਆ ਵੀ ਨਹੀਂ ਦਿੱਤਾ। ਇਸ ਤੋਂ ਇਲਾਵਾ ਤਨਖਾਹ ਕਮਿਸ਼ਨ ਦੀ ਆਉਣ ਵਾਲੀ ਰਿਪੋਰਟ ਅਨੁਸਾਰ ਤਨਖਾਹਾਂ ਦੇ ਵਾਧੇ ਦਾ ਪਹਿਲੀ ਜਨਵਰੀ 2016 ਤੋਂ ਬਕਾਇਆ ਵੀ ਸਰਕਾਰ ਸਿਰ ਵਧਦਾ ਜਾ ਰਿਹਾ ਹੈ। ਮੁਲਾਜ਼ਮਾਂ ਨੂੰ ਡਰ ਹੈ ਕਿ ਸਰਕਾਰ ਕਿਧਰੇ ਉਨ੍ਹਾਂ ਦੇ ਕਰੋੜਾਂ ਰੁਪਏ ਦੇ ਬਕਾਏ ਦੇਣ ਤੋਂ ਹੀ ਨਾ ਭੱਜ ਜਾਵੇ, ਕਿਉਂਕਿ ਸਰਕਾਰ ਠੇਕਾ ਮੁਲਾਜ਼ਮਾਂ ਨੂੰ ਪੱਕੇ ਕਰਨ, ਮੁਲਾਜ਼ਮਾਂ ਨੂੰ ਪੂਰੀਆਂ ਤਨਖਾਹਾਂ ਵਿਚ ਭਰਤੀ ਕਰਨ, ਵਿਭਾਗਾਂ ਦੀਆਂ ਖਾਲੀ ਅਸਾਮੀਆਂ ਭਰ ਕੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦੇ ਵਾਅਦਿਆਂ ਤੋਂ ਪਹਿਲਾਂ ਹੀ ਭੱਜ ਚੁੱਕੀ ਹੈ। ਇਸ ਤੋਂ ਸਾਫ ਝਲਕਦਾ ਹੈ ਕਿ ਮੌਜੂਦਾ ਕੈਪਟਨ ਸਰਕਾਰ ਪਿਛਲੀ ਬਾਦਲ ਸਰਕਾਰ ਤੋਂ ਵੀ ਟੱਪ ਗਈ ਹੈ।

ਪੰਜਾਬ ਦੀ ਕਿਸੇ ਵੀ ਸਰਕਾਰ ਦੇ ਕਾਰਜਕਾਲ 'ਚ ਮੁਲਾਜ਼ਮਾਂ ਦੀਆਂ ਇਕੱਠੀਆਂ 4 ਡੀਏ ਦੀਆਂ ਕਿਸ਼ਤਾਂ ਨਹੀਂ ਰੋਕੀਆਂ ਗਈਆਂ। ਜਦੋਂ ਮਾਰਚ 2017 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਤਾਜਪੋਸ਼ੀ ਹੋਈ ਸੀ, ਉਸ ਵੇਲੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਪਹਿਲੀ ਜਨਵਰੀ 2017 ਦੀ ਇਕੋ ਡੀਏ ਦੀ ਕਿਸ਼ਤ ਬਕਾਇਆ ਸੀ। ਕੈਪਟਨ ਸਰਕਾਰ ਦੇ ਕਾਰਜਕਾਲ ਦੌਰਾਨ ਜੁਲਾਈ 2017, ਜਨਵਰੀ 2018 ਤੇ ਜੁਲਾਈ 2018 ਦੀਆਂ ਤਿੰਨ ਡੀਏ ਦੀਆਂ ਕਿਸ਼ਤਾਂ ਕੇਂਦਰ ਸਰਕਾਰ ਨੇ ਜਾਰੀ ਕੀਤੀਆਂ ਹਨ, ਜੋ ਤਕਰੀਬਨ ਦੇਸ਼ ਭਰ ਦੇ ਮੁਲਾਜ਼ਮਾਂ ਨੂੰ ਮਿਲ ਚੁੱਕੀਆਂ ਹਨ, ਪਰ ਮੌਜੂਦਾ ਸਰਕਾਰ ਨੇ ਆਪਣੇ ਸਮੇਂ ਇਕ ਵੀ ਕਿਸ਼ਤ ਜਾਰੀ ਨਹੀਂ ਕੀਤੀ। ਦੂਜੇ ਪਾਸੇ, ਜਨਵਰੀ 2019 ਦੀ ਡੀਏ ਦੀ ਕਿਸ਼ਤ ਵੀ ਆਉਣ ਵਾਲੀ ਹੈ। ਸਰਕਾਰ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦੇ ਮੁੱਦੇ ਉਤੇ ਵੀ ਚੁੱਪ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਚੋਣ ਮਨੋਰਥ ਪੱਤਰ ਵਿਚ ਮੁਲਾਜ਼ਮਾਂ ਨਾਲ ਕਈ ਵੱਡੇ ਵਾਅਦੇ ਕੀਤੇ ਸਨ, ਪਰ ਹੁਣ ਖਜ਼ਾਨੇ ਦੇ 'ਚੌਧਰੀ' ਬਣਨ ਤੋਂ ਬਾਅਦ ਉਨ੍ਹਾਂ ਦੀ ਸੁਰ ਪਿਛਲੀ ਬਾਦਲ ਸਰਕਾਰ ਨਾਲ ਮਿਲਦੀ ਜਾਪਦੀ ਹੈ। ਉਹ ਪਿਛਲੇ 20 ਮਹੀਨਿਆਂ ਤੋਂ ਇਕੋ ਗੱਲ ਕਹਿ ਕੇ ਮੁਲਾਜ਼ਮਾਂ ਤੋਂ ਪੱਲਾ ਝਾੜ ਰਹੇ ਹਨ ਕਿ ਜਦੋਂ ਸਰਕਾਰ ਦਾ ਵਿੱਤੀ ਸੰਕਟ ਦੂਰ ਹੋਵੇਗਾ, ਉਦੋਂ ਹੀ ਡੀਏ ਦੀਆਂ ਕਿਸ਼ਤਾਂ ਦੇਣੀਆਂ ਸੰਭਵ ਹਨ। ਮੁਲਾਜ਼ਮ ਵਿੱਤ ਮੰਤਰੀ ਨੂੰ ਸਵਾਲ ਕਰਦੇ ਹਨ ਕਿ ਚੋਣ ਮਨੋਰਥ ਪੱਤਰ ਵਿਚ ਇਹ ਵੀ ਦਰਜ ਕਰ ਦਿੰਦੇ ਕਿ 'ਵਾਅਦੇ ਵਿੱਤੀ ਸੰਕਟ ਦੂਰ ਹੋਣ ਦੀ ਸੂਰਤ ਵਿਚ ਹੀ ਪੂਰੇ ਕੀਤੇ ਜਾਣਗੇ।'



ਸਰਕਾਰ ਨੇ ਐਸ.ਐਸ.ਏ. ਅਤੇ ਰਮਸਾ ਅਧਿਆਪਕਾਂ ਨੂੰ ਮਿਲਦੀਆਂ 42,300 ਰੁਪਏ ਤਨਖਾਹਾਂ ਦੀ ਥਾਂ ਪਹਿਲੇ 3 ਸਾਲ 15,300 ਰੁਪਏ ਤਨਖਾਹਾਂ ਵਿਚ ਰੈਗੂਲਰ ਕਰ ਕੇ ਅਤੇ ਸਾਂਝੇ ਅਧਿਆਪਕ ਮੋਰਚੇ ਦੇ ਸੰਘਰਸ਼ ਨੂੰ ਤੋੜਨ ਲਈ ਅਪਣਾਈ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੇ ਪੰਜਾਬ ਦੀ ਟਰੇਡ ਯੂਨੀਅਨ ਲਹਿਰ ਉਪਰ ਵੀ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ, ਕਿਉਂਕਿ ਇਸ ਗੰਭੀਰ ਮੁੱਦੇ ਉਪਰ ਵੀ ਮੁਲਾਜ਼ਮ ਲਹਿਰ ਇਕੱਠੀ ਨਹੀਂ ਹੋ ਸਕੀ ਸੀ। ਭਾਵੇਂ ਇਸ ਸਾਲ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਆਪੋ-ਆਪਣੇ ਢੰਗ ਨਾਲ ਸੰਘਰਸ਼ ਕਰਦੀਆਂ ਰਹੀਆਂ, ਪਰ ਕੋਈ ਵੀ ਯੂਨੀਅਨ ਜਾਂ ਫੈਡਰੇਸ਼ਨ ਸਰਕਾਰ 'ਤੇ ਦਬਾਅ ਬਣਾਉਣ ਵਿਚ ਸਫਲ ਨਹੀਂ ਰਹੀ। ਇਸ ਕਾਰਨ ਹੁਣ ਸਰਕਾਰ ਵੀ ਮੁਲਾਜ਼ਮਾਂ ਦੀਆਂ ਮੰਗਾਂ ਜਾਂ ਸੰਘਰਸ਼ਾਂ ਨੂੰ ਕੋਈ ਚੁਣੌਤੀ ਨਹੀਂ ਮੰਨ ਰਹੀ ਤੇ ਮੰਗਾਂ ਦੀਆਂ ਫਾਈਲਾਂ ਠੱਪ ਪਈਆਂ ਹਨ। ਹੁਣ ਮੁਲਾਜ਼ਮ ਆਗੂ ਏਕੇ ਲਈ ਯਤਨ ਕਰ ਰਹੇ ਹਨ ਤੇ ਲੋਕ ਸਭਾ ਚੋਣਾਂ ਵਿਚ ਸਰਕਾਰ ਨੂੰ ਘੇਰਨ ਦੀ ਰਣਨੀਤੀ ਬਣਾ ਰਹੇ ਹਨ, ਪਰ ਚੋਣਾਂ ਵਿਚ ਸਮਾਂ ਹੁਣ ਘੱਟ ਹੈ। ਜੇ ਮੁਲਾਜ਼ਮ ਆਗੂ ਇਨ੍ਹਾਂ ਚੋਣਾਂ ਤੋਂ ਪਹਿਲਾਂ ਮੰਗਾਂ ਮਨਵਾਉਣ ਵਿਚ ਕਾਮਯਾਬ ਨਾ ਹੋਏ ਤਾਂ ਮੁਲਾਜ਼ਮਾਂ ਦੀ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਤੱਕ ਸਰਕਾਰ ਨੇ ਬਾਤ ਨਹੀਂ ਪੁੱਛਣੀ। ਹੁਣ ਮੁਲਾਜ਼ਮ ਆਗੂਆਂ ਲਈ ਪਰਖ ਦੀ ਘੜੀ ਹੈ ਤੇ ਦੇਖਣਾ ਹੋਵੇਗਾ ਕਿ ਕੀ ਉਹ ਮੁਲਾਜ਼ਮ ਵਰਗ ਨੂੰ ਇਸ ਸੰਕਟ ਵਿਚੋਂ ਕੱਢਣ ਲਈ ਸੰਘਰਸ਼ ਲਈ ਸੁਹਿਰਦ ਹੁੰਦੇ ਹਨ ਜਾਂ ਫਿਰ ਆਪੋ-ਆਪਣੀ ਡਫਲੀ ਵਜਾਉਣ ਦੀ ਭੁੱਲ ਕਰਦੇ ਹਨ।

# ਕੈਨੇਡਾ ਵੱਲੋਂ ਸੈਲਾਨੀ ਵੀਜ਼ੇ 'ਤੇ ਆਉਣ ਵਾਲਿਆਂ ਉਤੇ ਵੀ ਸਖਤੀ

**ਵੈਨਕੂਵਰ:** ਕੈਨੇਡਾ ਵਿਚ ਸੈਲਾਨੀ ਵੀਜ਼ੇ 'ਤੇ ਆਉਣ ਵਾਲੇ ਲੋਕਾਂ ਨੂੰ ਬਾਰਡਰ ਏਜੰਸੀ ਦੇ ਅਫਸਰਾਂ ਵੱਲੋਂ ਹਵਾਈ ਅੱਡਿਆਂ ਤੋਂ ਹੀ ਵਾਪਸ ਭੇਜੇ ਜਾਣ ਦੇ ਮਾਮਲਿਆਂ ਵਿਚ ਵਾਧਾ ਹੋਇਆ ਹੈ। ਵੱਖ-ਵੱਖ ਕੈਨੇਡੀਅਨ ਸਫਾਰਤਖਾਨਿਆਂ ਵੱਲੋਂ ਵੱਡੀ ਗਿਣਤੀ ਵਿਚ ਸੈਰ-ਸਪਾਟਾ ਵੀਜ਼ਾ ਜਾਰੀ ਕੀਤੇ ਗਏ ਹਨ ਤੇ ਲੋਕਾਂ ਵੱਲੋਂ ਇਨ੍ਹਾਂ ਦੀ ਦੁਰਵਰਤੋਂ ਕੀਤੇ ਜਾਣ ਦੇ ਮਾਮਲੇ ਸਾਹਮਣੇ ਆਉਣ ਮਗਰੋਂ ਏਜੰਸੀ ਹੁਣ ਸਖਤੀ ਵਰਤ ਰਹੀ ਹੈ।

ਸੈਲਾਨੀ ਵੀਜ਼ਾ ਧਾਰਕਾਂ ਦੇ ਨਾਲ ਵਿਦਿਆਰਥੀ ਵੀਜ਼ੇ 'ਤੇ ਆਉਣ ਵਾਲਿਆਂ ਨਾਲ ਵੀ ਸਖਤੀ ਵਰਤੀ ਜਾਣ ਲੱਗੀ ਹੈ। ਕੈਨੇਡੀਅਨ ਬਾਰਡਰ ਸਰਵਿਸ ਦੇ ਅਧਿਕਾਰੀਆਂ ਵੱਲੋਂ ਹਵਾਈ ਅੱਡੇ ਉਤੇ ਮੁਲਕ ਵਿਚ ਦਾਖਲਾ ਦੇਣ ਵੇਲੇ ਸੈਲਾਨੀਆਂ ਨੂੰ ਉਨ੍ਹਾਂ ਦੀ ਆਮਦ ਦੇ ਮਕਸਦ ਬਾਰੇ ਸਵਾਲ ਪੁੱਛੇ ਜਾ ਰਹੇ ਹਨ। ਇਸ ਦੌਰਾਨ ਕਈ ਵਿਅਕਤੀ ਇਨ੍ਹਾਂ ਦਾ ਢੁਕਵਾਂ ਉਤਰ ਨਹੀਂ ਦੇ ਪਾ ਰਹੇ ਤੇ ਉਨ੍ਹਾਂ ਨੂੰ ਮੋੜਿਆ ਜਾ ਰਿਹਾ ਹੈ। ਇਸੇ ਤਰ੍ਹਾਂ ਆਈਲੈਟਸ ਕਰ ਕੇ ਵਿਦਿਆਰਥੀ ਵੀਜ਼ੇ ਉਤੇ ਕੈਨੇਡਾ ਆਉਣ ਵਾਲਿਆਂ ਦੀ ਅੰਗਰੇਜ਼ੀ ਭਾਸ਼ਾ 'ਤੇ ਪਕੜ ਵੀ ਪਰਖੀ ਜਾ ਰਹੀ ਹੈ। ਹਾਲਾਂਕਿ ਬਾਰਡਰ ਏਜੰਸੀ ਇਸ ਸਬੰਧੀ ਅੰਕੜੇ ਨਸ਼ਰ ਨਹੀਂ ਕਰ ਰਹੀ। ਵੇਰਵਿਆਂ ਮੁਤਾਬਕ ਨਵੰਬਰ 'ਚ ਵੈਨਕੂਵਰ ਤੋਂ ਸਿਰਫ ਇਕ ਵਿਦਿਆਰਥੀ ਨੂੰ ਅੰਗਰੇਜ਼ੀ ਦੀ ਸਮਝ ਲੋੜ ਮੁਤਾਬਕ ਨਾ ਹੋਣ ਕਾਰਨ ਮੋੜਿਆ ਗਿਆ ਸੀ, ਪਰ ਦਸੰਬਰ ਵਿਚ ਹੁਣ ਤੱਕ ਅਜਿਹੇ ਪੰਜ ਮਾਮਲੇ ਸਾਹਮਣੇ ਆਏ ਹਨ। ਇਸੇ ਤਰ੍ਹਾਂ ਸੈਲਾਨੀ ਵੀਜ਼ੇ ਜਾਂ ਕਿਸੇ ਰਿਸ਼ਤੇਦਾਰ ਦੇ ਸਮਾਗਮ 'ਚ ਸ਼ਾਮਲ ਹੋਣ ਆਏ ਲੋਕਾਂ ਤੋਂ ਵੀ ਸਖਤੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਬਾਰਡਰ ਏਜੰਸੀ ਹੁਣ ਛੇ ਮਹੀਨੇ ਦੀ ਥਾਂ ਕੁਝ ਦਿਨਾਂ ਦਾ ਜਾਂ ਮਹੀਨੇ-ਦੋ ਮਹੀਨੇ ਦਾ ਦਾਖਲਾ ਵੀ ਦੇ ਰਹੀ ਹੈ। ਪਹਿਲੀ ਵਾਰ ਪੰਜ ਮਹੀਨੇ ਜਾਂ ਵੱਧ ਰਹਿ ਕੇ ਮੁੜਨ ਵਾਲੇ ਸੈਲਾਨੀਆਂ ਨੂੰ ਦੂਜੀ ਵਾਰ ਦਾਖਲਾ ਲੈਣਾ ਵੀ ਹੁਣ ਸੁਖਾਲਾ ਨਹੀਂ ਰਹਿ ਗਿਆ। ਜਾਣਕਾਰੀ ਮੁਤਾਬਕ ਰੋਜ਼ਾਨਾ ਇਕ ਬੰਦੇ ਨੂੰ ਮੋੜਿਆ ਜਾ ਰਿਹਾ ਹੈ।

**Punjab Times**
*Ph: 847-359-0746*
*Visit us on the web:*
***punjabtimesusa.com***

# ਪੰਜਾਬ ਟਾਈਮਜ਼

*ਸਨਿਚਰਵਾਰ, 5 ਜਨਵਰੀ 2019*

## ਬੇਬਾਕੀ ਦਾ ਵੀਹਵਾਂ ਵਰ੍ਹਾ

ਇਸ ਅੰਕ ਨਾਲ 'ਪੰਜਾਬ ਟਾਈਮਜ਼' ਆਪਣੇ ਸਫਰ ਦੇ 20ਵੇਂ ਵਰ੍ਹੇ ਵਿਚ ਦਾਖਲ ਹੋ ਰਿਹਾ ਹੈ। ਅਖਬਾਰ ਦੀ ਸਮੁੱਚੀ ਟੀਮ ਲਈ ਇਹ ਮਾਣ ਅਤੇ ਖੁਸ਼ੀ ਦਾ ਮੌਕਾ ਤਾਂ ਹੈ ਹੀ, ਇਹ ਵਕਤ ਇਕ ਤਰ੍ਹਾਂ ਨਾਲ ਬੀਤੇ ਉਤੇ ਝਾਤੀ ਮਾਰਨ ਦਾ ਵੀ ਹੈ। ਸਭ ਤੋਂ ਪਹਿਲੀ ਗੱਲ, ਵੀਹਵੇਂ ਸਾਲ ਦਾ ਇਹ ਸਫਰ ਆਪਣੇ ਪਿਆਰੇ ਪਾਠਕਾਂ, ਲੇਖਕ ਸਾਥੀਆਂ ਅਤੇ ਹਰ ਔਖ-ਸੌਖ ਦੌਰਾਨ ਨਾਲ ਖੜ੍ਹਦੇ ਰਹੇ ਸੱਜਣਾਂ-ਸਨੇਹੀਆਂ ਦੀ ਬਦੌਲਤ ਹੀ ਨਿਰੰਤਰਤਾ ਵਿਚ ਤਬਦੀਲ ਹੋਇਆ ਹੈ। ਸਾਲ 2000 ਵਿਚ ਸ਼ੁਰੂ ਹੋਇਆ ਇਹ ਮਿਸ਼ਨਰੀ ਸਫਰ ਹੁਣ ਭਰਪੂਰ ਕਾਫਲੇ ਦਾ ਰੂਪ ਅਖਤਿਆਰ ਕਰ ਚੁਕਾ ਹੈ ਅਤੇ ਇਸ ਨੇ ਆਪਣੇ ਖੇਤਰ ਵਿਚ ਆਪਣਾ ਬਣਦਾ ਯੋਗਦਾਨ ਪਾਉਣ ਦਾ ਹੀਲਾ ਕੀਤਾ ਹੈ। ਇਸੇ ਦੌਰਾਨ ਇਸ ਸਫਰ ਨਾਲ ਜੁੜੇ ਵੱਖ-ਵੱਖ ਪੱਖਾਂ ਵਿਚ ਬਹੁਤ ਵੱਡੀਆਂ-ਵੱਡੀਆਂ ਤਬਦੀਲੀਆਂ ਦੇਖਣ ਨੂੰ ਮਿਲੀਆਂ ਹਨ ਅਤੇ ਇਨ੍ਹਾਂ ਬੇਅੰਤ ਤਬਦੀਲੀਆਂ ਦਾ ਅਸਰ ਪੱਤਰਕਾਰੀ ਦੇ ਖੇਤਰ ਉਤੇ ਪੈਣਾ ਵੀ ਸੁਭਾਵਿਕ ਹੀ ਸੀ। ਇਨ੍ਹਾਂ ਤਬਦੀਲੀਆਂ ਨਾਲ ਕੰਮ-ਕਾਰ ਦੇ ਰਾਹ ਮੋਕਲੇ ਹੋਏ ਹਨ, ਇਨ੍ਹਾਂ ਦੀ ਬਦੌਲਤ ਕੰਮ ਸੁਖਾਲਾ ਵੀ ਹੋਇਆ ਹੈ ਪਰ ਇਸ ਨਾਲ ਆਪਣੀ ਹੀ ਤਰ੍ਹਾਂ ਦੀਆਂ ਕਈ ਚੁਣੌਤੀਆਂ ਵੀ ਸਾਹਮਣੇ ਆਈਆਂ ਹਨ। ਇਨ੍ਹਾਂ ਵਿਚੋਂ ਇਕ ਚੁਣੌਤੀ ਸੋਸ਼ਲ ਮੀਡੀਆ ਨਾਲ ਜੁੜੀ ਹੋਈ ਸੀ/ਹੈ। ਸੋਸ਼ਲ ਮੀਡੀਆ ਦੀ ਆਮਦ ਨਾਲ ਪੱਤਰਕਾਰੀ ਦੇ ਖੇਤਰ ਵਿਚ ਨਵੇਂ ਰਾਹ ਖੁੱਲ੍ਹੇ, ਜਿਨ੍ਹਾਂ ਨੇ ਜ਼ਿੰਦਗੀ ਦੇ ਤਕਰੀਬਨ ਹਰ ਪੱਖ ਨੂੰ ਔਖਾ-ਖਾਸਾ ਪ੍ਰਭਾਵਿਤ ਕੀਤਾ। ਡਿਜੀਟਲੀਕਰਨ ਨੇ ਪੱਤਰਕਾਰੀ ਦੇ ਖੇਤਰ 'ਤੇ ਵਾਹਵਾ ਅਸਰ ਪਾਇਆ। ਪੱਤਰਕਾਰੀ ਰਾਹੀਂ ਜਿਹੜੀ ਗੱਲ ਲੋਕਾਂ ਤੱਕ ਪੁੱਜਦੀ ਕਰਨ ਲਈ ਖੂਬ ਤਰੱਦਦ ਕਰਨਾ ਪੈਂਦਾ ਸੀ, ਉਹ ਹੁਣ ਸੋਸ਼ਲ ਮੀਡੀਆ ਉਤੇ ਮਿੰਟਾਂ-ਸਕਿੰਟਾਂ 'ਚ ਵਾਇਰਲ ਹੋ ਜਾਂਦੀ ਹੈ। ਸਿੱਟੇ ਵਜੋਂ ਅੱਜ ਸੋਸ਼ਲ ਮੀਡੀਆ ਨਾਲ ਜੁੜਿਆ ਹਰ ਬੰਦਾ ਪੱਤਰਕਾਰ ਵਾਂਗ ਵਿਚਰ ਰਿਹਾ ਜਾਪਦਾ ਹੈ। ਫਿਰ ਵੀ, ਇਸ ਮਾਮਲੇ ਵਿਚ ਖਾਸ ਵਿਚਾਰਨਯੋਗ ਗੱਲ ਇਹ ਵੀ ਹੈ ਕਿ ਸੋਸ਼ਲ ਮੀਡੀਆ ਉਤੇ ਕਿਸੇ ਕਿਸਮ ਦਾ ਕੋਈ ਜ਼ਬਤ ਜਾਂ ਕੁੰਡਾ ਆਦਿ ਨਾ ਹੋਣ ਕਾਰਨ ਇਸ ਦੇ ਨਾਂਹ-ਪੱਖੀ ਅਸਰ ਵੀ ਝੱਲਣੇ ਪੈਂਦੇ ਰਹੇ ਹਨ, ਕਿਉਂਕਿ ਇਸ ਦੀ ਮਾਰ ਹਰ ਪਾਸੇ ਪੈਂਦੀ ਹੈ। ਇਸੇ ਕਰਕੇ ਅਖਬਾਰਾਂ-ਰਸਾਲਿਆਂ ਦੀ ਸਰਦਾਰੀ ਅਤੇ ਵੁੱਕਤ ਬਾਕਾਇਦਾ ਕਾਇਮ ਹੈ, ਕਿਉਂਕਿ ਸਦੀਆਂ ਦੌਰਾਨ ਵਿਕਸਿਤ ਹੋਈ ਪੱਤਰਕਾਰੀ ਦੇ ਹਿੱਸੇ ਜੋ ਜ਼ਿੰਮੇਵਾਰੀ ਅਤੇ ਸੰਜੀਦਗੀ ਆਈ ਹੈ, ਉਸ ਤੱਕ ਸੋਸ਼ਲ ਮੀਡੀਆ ਪਹੁੰਚ ਨਹੀਂ ਸਕਿਆ ਹੈ ਅਤੇ ਸੋਸ਼ਲ ਮੀਡੀਆ ਉਤੇ ਜਿਸ ਤਰ੍ਹਾਂ ਦਾ ਕਾਰ-ਵਿਹਾਰ ਆਏ ਦਿਨ ਦੇਖਣ-ਸੁਣਨ ਨੂੰ ਮਿਲਦਾ ਹੈ, ਉਸ ਤੋਂ ਜਾਪਦਾ ਹੈ ਕਿ ਇਹ ਇਸ ਦਾ ਬਦਲ ਕਦੀ ਵੀ ਬਣ ਨਹੀਂ ਸਕੇਗਾ।

ਅਸਲ ਵਿਚ ਪੱਤਰਕਾਰੀ ਦਾ ਪਹਿਲਾ ਅਤੇ ਸਿੱਧਾ ਸਬੰਧ ਇਕ ਖਾਸ ਮਿਸ਼ਨ ਨਾਲ ਜੁੜਿਆ ਹੋਇਆ ਹੈ। ਇਸ ਮਿਸ਼ਨ ਦਾ ਮਕਸਦ ਪੂਰੀ ਜ਼ਿੰਮੇਵਾਰੀ ਅਤੇ ਸੰਜੀਦਗੀ ਨਾਲ ਲੋਕਾਈ ਨੂੰ ਵੱਧ ਤੋਂ ਵੱਧ ਜਾਣਕਾਰੀ ਮੁਹੱਈਆ ਕਰਕੇ ਚੇਤਨਾ ਦੀ ਚਿਣਗ ਲਾਉਣਾ ਹੈ। ਇਸ ਸੁੱਚੇ ਮਿਸ਼ਨ ਦੀ ਸਭ ਤੋਂ ਉਮਦਾ ਮਿਸਾਲ ਇਕ ਸਦੀ ਪਹਿਲਾਂ ਅਮਰੀਕਾ ਅਤੇ ਕੈਨੇਡਾ ਦੀ ਧਰਤੀ ਉਤੇ ਉਠੀ ਗਦਰ ਲਹਿਰ ਦੀ ਹੈ। ਇਸ ਲਹਿਰ ਵਿਚ ਸ਼ਾਮਲ ਜੁਝਾਰੂਆਂ ਨੇ ਅੰਗਰੇਜ਼ਾਂ ਖਿਲਾਫ ਜੋ ਵੱਡੀ ਮੁਹਿੰਮ ਛੇੜੀ ਸੀ, ਉਸ ਦਾ ਇਕ ਖਾਸ ਹਿੱਸਾ 'ਗਦਰ' ਨਾਂ ਦੇ ਪਰਚੇ ਨੂੰ ਸਮਰਪਿਤ ਸੀ, ਜਿਸ ਰਾਹੀਂ ਗਦਰ ਦੀਆਂ ਗੱਲਾਂ ਆਵਾਮ ਤੱਕ ਪੁੱਜਦੀਆਂ ਕੀਤੀਆਂ ਜਾਂਦੀਆਂ ਸਨ। ਅਸਲ ਵਿਚ ਪੱਤਰਕਾਰੀ ਦਾ ਸਿੱਧਾ ਸਬੰਧ ਮਨੋਰੰਜਨ ਜਾਂ ਸੋਸ਼ਲ ਮੀਡੀਆ ਵਰਗੀ ਸਰਗਰਮੀ ਨਾਲ ਕਦੀ ਵੀ ਨਹੀਂ ਰਿਹਾ। ਸੋਸ਼ਲ ਮੀਡੀਆ ਦੀ ਆਮਦ ਤੋਂ ਚਿਰ ਪਹਿਲਾਂ ਜਦੋਂ ਟੈਲੀਵਿਜ਼ਨ ਅਤੇ ਨਾਲ ਹੀ ਇਲੈਕਟ੍ਰਾਨਿਕ ਮੀਡੀਆ ਇਸ ਪਿੜ ਵਿਚ ਆਇਆ ਸੀ, ਉਦੋਂ ਵੀ ਅਖਬਾਰਾਂ-ਰਸਾਲਿਆਂ ਦੀ ਹੋਂਦ ਬਾਰੇ ਸਵਾਲ ਉਠੇ ਸਨ, ਪਰ ਸਮੇਂ ਨੇ ਸਾਬਤ ਕਰ ਦਿੱਤਾ ਕਿ ਪ੍ਰਿੰਟ ਮੀਡੀਆ ਦਾ ਆਪਣਾ ਵੱਖਰਾ, ਨਿਵੇਕਲਾ ਅਤੇ ਨਿਆਰਾ ਆਧਾਰ ਹੈ। ਅੰਕੜੇ ਦੱਸਦੇ ਹਨ ਕਿ ਪਿਛਲੇ ਸਮੇਂ ਦੌਰਾਨ ਅਖਬਾਰਾਂ-ਰਸਾਲਿਆਂ ਦੀ ਗਿਣਤੀ ਵਧੀ ਹੀ ਹੈ ਅਤੇ ਕਈ ਨਵੇਂ ਵੀ ਅਰੰਭ ਹੋਏ ਹਨ। ਇਸ ਦੇ ਨਾਲ ਹੀ ਇਹ ਵੀ ਸੱਚ ਹੈ ਕਿ ਨਵੀਆਂ ਚੁਣੌਤੀਆਂ ਨਾਲ ਜੂਝਦਿਆਂ ਪੱਤਰਕਾਰੀ ਦੇ ਖੇਤਰ ਵਿਚ ਕੁਝ ਖਾਸ ਤਬਦੀਲੀਆਂ ਹੋਈਆਂ ਹਨ। ਇਹ ਤਬਦੀਲੀਆਂ ਹਾਂ-ਪੱਖੀ ਅਤੇ ਨਾਂਹ-ਪੱਖੀ, ਦੋਵੇਂ ਤਰ੍ਹਾਂ ਦੀਆਂ ਹਨ।

ਡਿਜੀਟਲੀਕਰਨ ਕਰਕੇ ਪ੍ਰਿੰਟ ਮੀਡੀਆ ਨੂੰ ਜਿਸ ਇਕ ਤੱਥ ਨੇ ਚੰਗੀ ਤਰ੍ਹਾਂ ਹਿਲਾਇਆ ਹੈ, ਉਹ ਇਸ਼ਤਿਹਾਰਬਾਜ਼ੀ ਨਾਲ ਜੁੜਿਆ ਹੋਇਆ ਹੈ। ਇਹ ਤੱਥ ਜੱਗ-ਜ਼ਾਹਰ ਹੈ ਕਿ ਮੀਡੀਆ ਦਾ ਸਮੁੱਚਾ ਢਾਂਚਾ ਇਸ਼ਤਿਹਾਰਬਾਜ਼ੀ ਉਤੇ ਟਿਕਿਆ ਹੋਇਆ ਹੈ, ਭਾਵ ਮੀਡੀਆ ਦਾ ਕਾਰਜ ਚਲਾਉਣ ਲਈ ਇਸ਼ਤਿਹਾਰਾਂ ਦੀ ਭੂਮਿਕਾ ਬਹੁਤ ਅਹਿਮ ਹੁੰਦੀ ਹੈ ਪਰ ਪਿਛਲੇ ਸਮੇਂ ਦੌਰਾਨ ਇਸ਼ਤਿਹਾਰਾਂ ਦਾ ਚੋਖਾ ਹਿੱਸਾ ਡਿਜੀਟਲ ਦੁਨੀਆਂ ਵਾਲੇ ਪਾਸੇ ਮੁੜ ਗਿਆ ਹੈ। 'ਪੰਜਾਬ ਟਾਈਮਜ਼' ਨੂੰ ਮਾਣ ਹੈ ਕਿ ਪਾਠਕਾਂ ਅਤੇ ਸਨੇਹੀਆਂ ਨੇ ਸਿਰ 'ਤੇ ਪਈ ਹਰ ਚੁਣੌਤੀ ਵਾਂਗ ਇਸ ਚੁਣੌਤੀ ਨੂੰ ਵੀ ਸਵੀਕਾਰ ਕੀਤਾ ਹੈ। ਇਸ ਦੇ ਨਾਲ-ਨਾਲ ਪਾਠਕਾਂ ਅਤੇ ਸਨੇਹੀਆਂ ਦੇ ਇਸ ਭਰਪੂਰ ਹੁੰਗਾਰੇ ਨੇ ਜ਼ਿੰਮੇਵਾਰੀ ਦਾ ਜੋ ਅਹਿਸਾਸ ਜਗਾਇਆ ਹੈ, ਸ਼ਾਇਦ ਉਸ ਸਦਕਾ ਹੀ 20ਵੇਂ ਵਰ੍ਹੇ ਵਿਚ ਦਾਖਲ ਹੋਣ ਦੀ ਖੁਸ਼ੀ ਲੈ ਰਹੇ ਹਾਂ। ਇਸੇ ਮਿਸ਼ਨ ਤਹਿਤ ਅਦਾਰੇ ਦੀ ਸਮੁੱਚੀ ਟੀਮ ਨੇ ਨਵੇਂ ਸਾਲ ਦੌਰਾਨ ਉਨ੍ਹਾਂ ਪੈੜਾਂ ਉਤੇ ਤੁਰਦੇ ਰਹਿਣ ਦਾ ਇਕ ਵਾਰ ਫਿਰ ਤਹੱਈਆ ਕੀਤਾ ਹੈ, ਜਿਸ ਉਤੇ ਹੁਣ ਤੱਕ ਅਦਾਰਾ ਸਾਬਤ ਕਦਮੀਂ ਤੁਰਦਾ ਆਇਆ ਹੈ। ਪਰਚੇ ਦਾ ਮੁਢਲਾ ਮਕਸਦ ਪਾਠਕਾਂ ਨੂੰ ਨਵੀਂ ਨਰੋਈ ਸੋਚ ਨਾਲ ਜੋੜੀ ਰੱਖਣ ਦਾ ਰਿਹਾ ਹੈ ਅਤੇ ਇਸ ਕਾਰਜ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। 'ਪੰਜਾਬ ਟਾਈਮਜ਼' ਵਲੋਂ ਅਪਨਾਏ ਮਿਆਰ ਪਹਿਲਾਂ ਵਾਂਗ ਬਰਕਰਾਰ ਹੀ ਨਹੀਂ ਰੱਖੇ ਜਾਣਗੇ, ਸਗੋਂ ਦੋ ਕਦਮ ਅਗਾਂਹ ਵਧਣ ਦਾ ਯਤਨ ਕੀਤਾ ਜਾਵੇਗਾ। 'ਪੰਜਾਬ ਟਾਈਮਜ਼' ਨੂੰ ਮਾਣ ਹੈ ਕਿ ਇਹ ਉਸ ਮਿਸ਼ਨ ਦਾ ਨਿਮਾਣਾ ਜਿਹਾ ਹਿੱਸਾ ਹੈ, ਜਿਸ ਦਾ ਪਿਛੋਕੜ ਉਨ੍ਹਾਂ ਨਿਰਛਲ ਅਤੇ ਨਿਰਮਲ ਗਦਰੀਆਂ ਦੀ ਸੋਚ ਨਾਲ ਜੁੜਿਆ ਹੋਇਆ ਹੈ, ਜੋ ਸਦਾ ਸਿਦਕ ਅਤੇ ਸਿਰੜ ਨਾਲ ਖੜ੍ਹੇ ਰਹੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਉਨੀ ਲਈ ਦੁਆਵਾਂ!

ਸੂਬ੍ਹਾ ਚੜ੍ਹੇ ਤੇ ਸ਼ਾਮ ਨੂੰ ਅਸਤ ਹੋਵੇ, ਆਦਿ ਕਾਲ ਤੋਂ ਇੰਜ ਹੀ ਹੋਈ ਜਾਂਦਾ।
ਐਤਵਾਰ ਤੋਂ ਸ਼ੁਰੂ ਹੋ ਸ਼ਨੀ ਤੀਕ, ਚੰਗੇ ਮਾੜੇ ਨੂੰ ਕਾਲ ਇਉਂ ਢੋਈ ਜਾਂਦਾ।
ਗਰਮੀ ਠੰਢ ਬਸੰਤ ਬਰਸਾਤ ਰੁੱਤਾਂ, ਨਵਾਂ ਆਉਂਦਾ ਤੇ ਪਿਛਲਾ ਸਭ ਮੋਈ ਜਾਂਦਾ।
ਬੰਦਾ ਬਚਪਨ ਜਵਾਨੀ ਵਿਚ ਐਸ਼ ਕਰ ਕੇ, ਬੁੱਢੇ ਵਾਰੇ ਵਿਚ ਸਾਰਾ ਕੁਝ ਖੋਈ ਜਾਂਦਾ।
ਜਿਵੇਂ 'ਠਾਰਾਂ ਨੂੰ 'ਹੈਪੀ' ਵੀ ਕਿਹਾ ਈ ਸੀ, ਉਨੀ ਲਈ ਦੁਆਵਾਂ ਵੀ ਕਰੀ ਚੱਲੋ!
ਲਿਖ ਕੇ ਰੰਗ-ਬਰੰਗਿਆਂ ਅੱਖਰਾਂ ਵਿਚ, 'ਫੇਸਬੁੱਕ' ਵਧਾਈਆਂ ਦੇ ਭਰੀ ਚੱਲੋ!

# ਕੱਟੜਤਾ ਦੇ ਕਿੱਸੇ ਬਨਾਮ ਤਾਨਾਸ਼ਾਹੀ ਦੀ ਪੈੜਚਾਲ

*ਭਾਰਤ 'ਚ ਬਹੁਗਿਣਤੀ ਦੇ ਨਾਂ 'ਤੇ ਪਿਛਲੇ ਕੁਝ ਸਾਲਾਂ ਤੋਂ ਜੋ ਕੁਝ ਹੋ ਰਿਹਾ ਹੈ, ਉਹ ਪ੍ਰੇਸ਼ਾਨ ਕਰਨ ਵਾਲਾ ਤਾਂ ਹੈ ਹੀ, ਦੁੱਖ ਇਹ ਵੀ ਹੈ ਕਿ ਇਸ ਦੇ ਟਾਕਰੇ ਲਈ ਕੋਈ ਥਿਰ ਬੱਝਵੇਂ ਰੂਪ ਵਿਚ ਅੱਗੇ ਆਉਂਦੀ ਦਿਖਾਈ ਨਹੀਂ ਦੇ ਰਹੀ। ਕਿਤੇ-ਕਿਤੇ ਨਿੱਕੀਆਂ ਨਿੱਕੀਆਂ ਲੜਾਈਆਂ ਤਾਂ ਚੱਲ ਰਹੀਆਂ ਹਨ, ਤੇ ਲਗਾਤਾਰ ਚੱਲ ਰਹੀਆਂ ਹਨ ਪਰ ਇਹ ਨਿੱਕੀਆਂ ਨਿੱਕੀਆਂ ਰਲ ਕੇ ਕਿਸੇ ਵੱਡੀ ਲੜਾਈ ਵਿਚ ਵਟ ਜਾਣ, ਅਜਿਹੀ ਕੋਈ ਕਨਸੋਅ ਫਿਲਹਾਲ ਕਿਸੇ ਪਾਸਿਉਂ ਮਿਲ ਨਹੀਂ ਰਹੀ। ਉਘੇ ਲੇਖਕ ਸਵਰਾਜਬੀਰ ਨੇ ਆਪਣੇ ਇਸ ਲੇਖ ਵਿਚ ਭਾਰਤ ਅੰਦਰ ਤੇਜ਼ੀ ਨਾਲ ਪੈਰ ਪਸਾਰ ਰਹੀ ਕੱਟੜਤਾ ਅਤੇ ਇਸ ਦੇ ਪਿਛੋਕੜ ਉਤੇ ਝਾਤ ਮਾਰੀ ਹੈ। -ਸੰਪਾਦਕ*

ਸ਼ਿਵ ਸੈਨਾ ਨੇ ਆਪਣੇ ਬਾਨੀ ਬਾਲ ਠਾਕਰੇ ਉਤੇ ਫਿਲਮ 'ਠਾਕਰੇ' ਬਣਾਈ ਹੈ। ਬਾਕੀ ਫਿਲਮਾਂ ਵਾਂਗ ਇਹ ਫਿਲਮ ਵੀ ਸੈਂਟਰਲ ਬੋਰਡ ਆਫ ਸਰਟੀਫਿਕੇਸ਼ਨ, ਜਿਸ ਨੂੰ ਆਮ ਭਾਸ਼ਾ ਵਿਚ ਸੈਂਸਰ ਬੋਰਡ ਕਿਹਾ ਜਾਂਦਾ ਹੈ, ਸਾਹਮਣੇ ਪੇਸ਼ ਕੀਤੀ ਗਈ ਹੈ। ਸੈਂਸਰ ਬੋਰਡ ਦਾ ਕੰਮ ਇਹ ਵੇਖਣਾ ਹੁੰਦਾ ਹੈ ਕਿ ਫਿਲਮ ਵਿਚ ਇਤਰਾਜ਼ਯੋਗ ਦ੍ਰਿਸ਼ ਨਾ ਹੋਣ; ਵਿਸ਼ਾ, ਸਮੱਗਰੀ, ਭਾਸ਼ਾ ਜਾਂ ਦ੍ਰਿਸ਼ ਕਿਸੇ ਧਾਰਮਿਕ ਫਿਰਕੇ ਜਾਂ ਵਰਗ/ਜਾਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਨਾ ਹੋਣ; ਬੇਲੋੜੀ ਹਿੰਸਾ ਤੇ ਗੈਰ-ਸਮਾਜਿਕ ਗਤੀਵਿਧੀਆਂ ਨੂੰ ਵਡਿਆਇਆ ਨਾ ਗਿਆ ਹੋਵੇ। ਬੋਰਡ ਨੇ ਇਸ ਫਿਲਮ ਉਤੇ ਕੁਝ ਇਤਰਾਜ਼ ਜਤਾਏ ਹਨ: ਦੱਖਣੀ ਹਿੰਦੋਸਤਾਨ ਦੇ ਵੱਖ ਵੱਖ ਸੂਬਿਆਂ ਵਿਚ ਰਹਿਣ

**ਸਵਰਾਜਬੀਰ**

ਵਾਲੇ ਲੋਕਾਂ ਪ੍ਰਤੀ ਘ੍ਰਿਣਾ ਵਾਲੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ; ਬਾਬਰੀ ਮਸਜਿਦ ਨਾਲ ਸਬੰਧਿਤ ਕੁਝ ਦ੍ਰਿਸ਼ ਫਿਰਕੂ ਜਜ਼ਬਾਤ ਭੜਕਾ ਸਕਦੇ ਹਨ। ਸ਼ਿਵ ਸੈਨਾ ਨੇ ਧਮਕੀ ਦਿੱਤੀ ਹੈ ਕਿ ਉਹ ਸੈਂਸਰ ਬੋਰਡ ਵਲੋਂ ਲਾਏ ਕੱਟ ਪ੍ਰਵਾਨ ਨਹੀਂ ਕਰੇਗੀ ਅਤੇ ਫਿਲਮ ਨੂੰ ਉਸੇ ਤਰ੍ਹਾਂ ਹੀ ਵਿਖਾਉਣਾ ਚਾਹੀਦਾ ਹੈ, ਜਿਵੇਂ ਬਣਾਈ ਗਈ ਹੈ। ਇਸ ਸਬੰਧੀ ਆਪਣੀ ਦਲੀਲ ਨੂੰ ਸਹੀ ਠਹਿਰਾਉਂਦਿਆਂ ਫਿਲਮ ਦੇ ਪ੍ਰੋਡਿਊਸਰ/ਲੇਖਕ ਸੰਜੇ ਰਾਉਤ, ਜੋ ਸ਼ਿਵ ਸੈਨਾ ਦਾ ਐਮ.ਪੀ. ਵੀ ਹੈ, ਨੇ ਕਿਹਾ ਹੈ ਕਿ ਬਾਲਾ ਸਾਹਿਬ ਠਾਕਰੇ ਨੂੰ ਫਿਲਮ 'ਚ ਓਦਾਂ ਹੀ ਵਿਖਾਇਆ ਗਿਆ ਹੈ, ਜਿਵੇਂ ਉਹ ਜ਼ਿੰਦਗੀ ਵਿਚ ਸੀ; ਸੰਜੇ ਰਾਉਤ ਦੇ ਸ਼ਬਦਾਂ ਵਿਚ 'ਜ਼ਿੰਦਗੀ ਤੋਂ ਵੱਡਾ' ਅਤੇ 'ਸ਼ੇਰ ਮਰਦ' ਜਿਸ ਨੇ ਜ਼ਿੰਦਗੀ ਵਿਚ ਜੋ ਵੀ ਕੀਤਾ, ਠੀਕ ਕੀਤਾ। ਉਸ ਨੇ ਸੈਂਸਰ ਬੋਰਡ ਨੂੰ ਵੰਗਾਰਿਆ ਹੈ ਕਿ ਉਹ ਕਿਵੇਂ ਬਾਲਾ ਸਾਹਿਬ ਠਾਕਰੇ ਬਾਰੇ ਇਹ ਫੈਸਲਾ ਕਰ ਸਕਦਾ ਹੈ ਕਿ ਕੀ ਠੀਕ ਹੈ ਤੇ ਕੀ ਗਲਤ? ਰਾਉਤ ਨੇ ਚੇਤਾਵਨੀ ਦਿੱਤੀ ਹੈ ਕਿ ਫਿਲਮ 'ਤੇ ਕੋਈ ਪਾਬੰਦੀ ਨਹੀਂ ਲਾਈ ਜਾ ਸਕਦੀ।

ਹੈਰਾਨੀ ਦੀ ਗੱਲ ਇਹ ਹੈ ਕਿ ਇਸ ਤੋਂ ਪਹਿਲਾਂ ਸ਼ਿਵ ਸੈਨਾ ਸੈਂਸਰ ਬੋਰਡ ਤੋਂ ਕਈ ਫਿਲਮਾਂ 'ਤੇ ਪਾਬੰਦੀ ਲਾਉਣ ਜਾਂ ਉਨ੍ਹਾਂ ਵਿਚੋਂ ਕੁਝ ਦ੍ਰਿਸ਼ ਕੱਟਣ ਦੀ ਮੰਗ ਕਰਦੀ ਰਹੀ ਹੈ, ਕਿਉਂਕਿ ਉਨ੍ਹਾਂ ਵਿਚ ਕੁਝ ਇਹੋ ਜਿਹੀ ਵਿਸ਼ਾ-ਸਮੱਗਰੀ ਸੀ ਜੋ ਸ਼ਿਵ ਸੈਨਾ ਨੂੰ ਨਾਪਸੰਦ ਸੀ ਜਾਂ ਉਹਦੇ ਅਨੁਸਾਰ ਬਹੁ-ਗਿਣਤੀ ਵਾਲੇ ਧਾਰਮਿਕ ਫਿਰਕੇ ਜਾਂ ਉਸ ਦੇ ਕਿਸੇ ਖਾਸ ਵਰਗ/ਜਾਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਸੀ। ਇਨ੍ਹਾਂ ਫਿਲਮਾਂ ਵਿਚ ਪਦਮਾਵਤ, ਬਾਜੀਰਾਓ ਮਸਤਾਨੀ, ਲਵ ਰਾਤਰੀ, ਮਾਈ ਨੇਮ ਇਜ਼ ਖਾਨ, ਰਈਸ ਆਦਿ ਮੁੱਖ ਹਨ। ਸ਼ਿਵ ਸੈਨਾ ਨੇ ਨਾ ਸਿਰਫ ਫਿਲਮਾਂ ਨੂੰ ਸੈਂਸਰ ਕਰਨ ਜਾਂ ਉਨ੍ਹਾਂ 'ਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਸਗੋਂ ਕਈ ਫਿਲਮਾਂ ਦੀ ਸ਼ੂਟਿੰਗ ਦੌਰਾਨ ਹੁੱਲੜਬਾਜ਼ੀ ਤੇ ਹਿੰਸਕ ਕਾਰਵਾਈਆਂ ਵੀ ਕੀਤੀਆਂ।

ਇਸੇ ਤਰ੍ਹਾਂ ਸ਼ਿਵ ਸੈਨਾ ਨੇ ਸਲਮਾਨ ਰਸ਼ਦੀ ਦੇ ਨਾਵਲ 'ਮੂਰ'ਜ਼ ਲਾਸਟ ਸਾਈ' ਅਤੇ ਰੋਹਿੰਗਤਨ ਮਿਸਤਰੀ ਦੇ ਨਾਵਲ 'ਸਚ ਏ ਲੌਂਗ ਜਰਨੀ' ਉਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਸੀ। ਇਸ ਤਰ੍ਹਾਂ ਸ਼ਿਵ ਸੈਨਾ ਬਾਰੇ ਇਹ ਪ੍ਰਭਾਵ ਹੀ ਨਹੀਂ ਜਾਂਦਾ ਕਿ ਉਹ ਕੱਟੜਪੰਥੀ ਪਾਰਟੀ ਹੈ ਅਤੇ ਆਪਣੇ ਕੱਟੜਪੰਥੀ ਹੋਣ ਉਤੇ ਮਾਣ ਕਰਦੀ ਹੈ ਸਗੋਂ ਇਹ ਪ੍ਰਭਾਵ ਵੀ ਜਾਂਦਾ ਹੈ ਕਿ ਉਹ ਇਸ ਗੱਲ ਦੀ ਛਾਪ ਲੋਕਾਂ ਦੇ ਮਨਾਂ 'ਤੇ ਗੂੜ੍ਹੀ ਕਰਨਾ ਚਾਹੁੰਦੀ ਹੈ। ਗੁਆਂਢੀ ਦੇਸ਼ ਪਾਕਿਸਤਾਨ ਬਾਰੇ ਉਸ ਦੇ ਕੱਟੜਪੰਥੀ ਰਵੱਈਏ ਕਾਰਨ ਦੋਹਾਂ ਦੇਸ਼ਾਂ ਵਿਚ ਹੁੰਦੇ ਰਹੇ ਕ੍ਰਿਕਟ ਮੈਚ ਵੀ ਨਹੀਂ ਹੋ ਸਕੇ।

ਇਤਿਹਾਸਕਾਰ ਗਿਆਨ ਪ੍ਰਕਾਸ਼ ਨੇ ਆਪਣੀ ਕਿਤਾਬ 'ਮੁੰਬਈ ਫੇਬਲਜ਼' ਵਿਚ ਮੁੰਬਈ ਸ਼ਹਿਰ ਦਾ ਇਤਿਹਾਸ ਉਲੀਕਿਆ ਹੈ। 1940ਵਿਆਂ ਵਿਚ ਬੰਬਈ ਭਾਰਤ ਦਾ ਵੱਡਾ ਸਨਅਤੀ ਕੇਂਦਰ ਬਣ ਕੇ ਉਭਰਿਆ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਮਜ਼ਦੂਰ ਰੁਜ਼ਗਾਰ ਦੀ ਭਾਲ ਵਿਚ ਇਥੇ ਆਏ। ਉਨ੍ਹੀਂ ਦਿਨੀਂ ਇਹ ਸੁਪਨਸਾਜ਼ਾਂ ਦਾ ਸ਼ਹਿਰ ਵੀ ਸੀ। ਪਰਮਾਣੂ ਵਿਗਿਆਨੀ ਹੋਮੀ ਭਾਬਾ, ਸੰਗੀਤਕਾਰ ਰਵੀ ਸ਼ੰਕਰ, ਉਰਦੂ ਸਾਹਿਤਕਾਰ ਖਵਾਜਾ ਅਹਿਮਦ ਅੱਬਾਸ, ਅੰਗਰੇਜ਼ੀ ਸਾਹਿਤਕਾਰ ਮੁਲਕ ਰਾਜ ਆਨੰਦ ਅਤੇ ਸ੍ਰੀਲੰਕਾ ਦੇ ਇਕ ਸਿਆਸਤਦਾਨ ਦੀ ਧੀ ਅਨਿਲ ਡੀਸਿਲਵਾ ਨੇ ਇੰਡੀਅਨ ਪੀਪਲ ਥੀਏਟਰ ਐਸੋਸੀਏਸ਼ਨ (ਇਪਟਾ) ਦੀ ਨੀਂਹ ਰੱਖੀ। ਭਾਰਤ ਦੇ ਵੱਖ-ਵੱਖ ਹਿੱਸਿਆਂ 'ਚੋਂ ਆਏ ਕਲਾਕਾਰ, ਲੇਖਕ ਤੇ ਕਵੀ ਜਿਨ੍ਹਾਂ 'ਚੋਂ ਬਲਰਾਜ ਸਾਹਨੀ, ਇਸਮਤ ਚੁਗਤਾਈ, ਅਲੀ ਸਰਦਾਰ ਜਾਫਰੀ, ਸੱਜਾਦ ਜ਼ਹੀਰ, ਕੈਫ਼ੀ ਆਜ਼ਮੀ, ਕ੍ਰਿਸ਼ਨ ਚੰਦਰ, ਜੋਸ਼ ਇਲਾਹਾਬਾਦੀ, ਚੇਤਨ ਆਨੰਦ ਆਦਿ ਮੁੱਖ ਸਨ, ਇਪਟਾ ਵਿਚ ਆਏ ਅਤੇ ਮੁੰਬਈ ਵਿਚ ਸਭਿਆਚਾਰਕ ਸੁਪਨਿਆਂ ਦਾ ਨਵਾਂ ਸੰਸਾਰ ਬਣਨਾ ਸ਼ੁਰੂ ਹੋਇਆ।

ਇਕ ਪਾਸੇ ਸੁਪਨਿਆਂ ਦਾ ਸੰਸਾਰ ਬਣ ਰਿਹਾ ਸੀ ਤੇ ਦੂਜੇ ਪਾਸੇ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਸਨ। ਦੇਸ਼ ਦੀ ਵੰਡ ਹੋ ਗਈ ਤੇ ਸੁਪਨੇ ਸੰਜੋਣ ਦੇ ਇਸ ਅਮਲ ਨੂੰ ਵੱਡਾ ਧੱਕਾ ਲੱਗਾ। ਆਜ਼ਾਦੀ ਪਿਛੋਂ ਜਿਉਂ ਹੀ ਸ਼ਹਿਰ ਸੰਭਲਿਆ ਤਾਂ ਸੁਪਨਸਾਜ਼ਾਂ ਨੇ ਸੁਪਨਿਆਂ ਨੂੰ ਫਿਰ ਨਵੇਂ ਸਿਰੇ ਤੋਂ ਸੰਜੋਣਾ ਸ਼ੁਰੂ ਕੀਤਾ। ਇਸ ਦੀ ਮਿਸਾਲ ਰਾਜ ਕਪੂਰ ਦੀਆਂ ਫਿਲਮਾਂ 'ਆਵਾਰਾ', 'ਜਾਗਤੇ ਰਹੋ', 'ਸ੍ਰੀ 420' ਆਦਿ ਵਿਚ ਮਿਲਦੀ ਹੈ। ਇਨ੍ਹਾਂ ਫਿਲਮਾਂ ਦੇ ਨਾਇਕਾਂ ਨੂੰ ਬੰਬਈ ਵਿਚ ਤਲਖ ਹਕੀਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸ਼ਹਿਰ ਵਿਚ ਵਪਾਰ, ਧੋਖਾ ਤੇ ਜੱਦੋਜਹਿਦ ਹੈ ਅਤੇ ਇਸ ਸਭ ਕੁਝ ਵਿਚ ਵਿਚਰਦਿਆਂ ਨਾਇਕ ਸਨੇਹ ਤੇ ਪ੍ਰੇਮ ਦੀ ਭਾਲ ਕਰਦੇ ਹਨ। ਪ੍ਰੇਮ ਧੋਖੇ ਤੇ ਫਰੇਬ ਨਾਲ ਉਸਰੀਆਂ ਇਮਾਰਤਾਂ 'ਚੋਂ ਨਹੀਂ ਮਿਲਦਾ, ਜੇ ਮਿਲਦਾ ਹੈ ਤਾਂ ਫੁੱਟਪਾਥਾਂ 'ਤੇ। ਇਸ ਦਾ ਜ਼ਿਕਰ ਕਰਦਿਆਂ ਅਸ਼ੀਸ਼ ਨੰਦੀ ਆਪਣੀ ਕਿਤਾਬ 'ਐਨ ਇੰਮਬਿਗੁਅਸ ਜਰਨੀ ਟੂ ਦਿ ਸਿਟੀ' ਵਿਚ ਲਿਖਦਾ ਹੈ ਕਿ ਇਹ ਨਾਇਕ ਸ਼ਹਿਰ ਵਿਚ ਆਪਣੇ ਪਿੰਡ ਤਲਾਸ਼ ਕਰ ਰਹੇ ਸਨ ਅਤੇ ਉਹ ਪਿੰਡ ਉਨ੍ਹਾਂ ਨੂੰ ਫੁੱਟਪਾਥਾਂ 'ਤੇ ਮਿਲਦੇ ਹਨ। ਮੁੰਬਈ ਫੁੱਟਪਾਥਾਂ ਤੇ ਸਲੱਮਜ਼ (ਅਣ-ਅਧਿਕਾਰਤ ਭੀੜੀਆਂ ਬਸਤੀਆਂ) ਤੇ ਨਾਲ ਨਾਲ ਗਗਨ-ਚੁੰਬੀ ਇਮਾਰਤਾਂ ਤੇ ਵੱਡੇ ਆਰਥਚਾਰੇ ਦਾ ਸ਼ਹਿਰ ਵੀ ਹੈ। ਹਕੀਕੀ ਸੰਸਾਰ ਵਿਚ ਵੱਡੀਆਂ ਤਬਦੀਲੀਆਂ ਆਉਂਦੀਆਂ ਹਨ। ਇਕ ਪਾਸੇ ਮੁੰਬਈ ਦੀ ਮਜ਼ਦੂਰ ਜਮਾਤ ਜਥੇਬੰਦ ਹੋ ਚੁੱਕੀ ਹੈ, ਦੂਜੇ ਪਾਸੇ ਮਹਾਰਾਸ਼ਟਰ ਨੂੰ ਵੱਖਰਾ ਸੂਬਾ ਬਣਾਉਣ ਦੀ ਮੰਗ ਉਠਦੀ ਹੈ। ਸੰਯੁਕਤ ਮਹਾਰਾਸ਼ਟਰ ਕਰਿਤੀ ਸਮਿਤੀ ਬਣਾਈ ਜਾਂਦੀ ਹੈ ਜਿਸ ਦੇ ਨੇਤਾ ਹਨ ਐਸ. ਏ. ਡਾਂਗੇ, ਐਸ. ਐਮ. ਜੋਸ਼ੀ, ਮਧੂ ਡੰਡਵਤੇ, ਆਚਾਰੀਆ ਅਤਰੇ, ਸੇਨਾਪਤੀ ਬਾਬਤ ਤੇ ਬਾਲਾ ਸਾਹਿਬ ਠਾਕਰੇ ਦਾ ਪਿਤਾ ਕੇਸ਼ਵ ਸੀਤਾਰਾਮ ਠਾਕਰੇ।

1960 ਵਿਚ ਮਹਾਰਾਸ਼ਟਰ ਬਣ ਜਾਂਦਾ ਹੈ। ਮਜ਼ਦੂਰਾਂ ਦੀ ਤਾਕਤ ਭਾਵੇਂ ਅਜੇ ਵੀ ਤਕੜੀ ਹੈ ਪਰ ਨਾਲ ਹੀ ਸ਼ਿਵ ਸੈਨਾ ਦਾ ਉਦੈ ਹੁੰਦਾ ਹੈ ਜੋ ਮਰਾਠੀ ਸਭਿਆਚਾਰਕ ਸ਼ੁੱਧਤਾ 'ਤੇ ਜ਼ੋਰ ਦਿੰਦੀ ਹੈ ਤੇ ਆਪਣੇ ਆਪ ਨੂੰ ਮਰਾਠੀ ਮਾਨੁਸ (ਮਨੁੱਖ) ਦੀ ਰਾਖੀ ਵਜੋਂ ਪੇਸ਼ ਕਰਦੀ ਹੈ। ਕਮਿਊਨਿਸਟਾਂ, ਗੁਜਰਾਤੀਆਂ ਤੇ ਦੱਖਣੀ ਭਾਰਤ ਦੇ ਮਜ਼ਦੂਰਾਂ 'ਤੇ ਪਹਿਲਾ ਨਿਸ਼ਾਨਾ ਸੇਧਿਆ ਜਾਂਦਾ ਹੈ ਅਤੇ ਫਿਰ 1970 ਵਿਚ ਵੱਡੇ ਅਰਥਾਂ ਵਾਲੀ ਘਟਨਾ ਵਾਪਰਦੀ ਹੈ: ਟਰੇਡ ਯੂਨੀਅਨ ਨੇਤਾ ਕ੍ਰਿਸ਼ਨ ਦੇਸਾਈ ਦਾ ਕਤਲ। ਬਾਅਦ 'ਚ ਦੱਤਾ ਸਾਮੰਤ ਮਜ਼ਬੂਤ ਮਜ਼ਦੂਰ ਆਗੂ ਵਜੋਂ ਉਭਰਦਾ ਹੈ ਪਰ ਉਸ ਦਾ ਵੀ ਕਤਲ ਕਰ ਦਿੱਤਾ ਜਾਂਦਾ ਹੈ। ਮਜ਼ਦੂਰ ਤਾਕਤ ਘਟਦੀ ਹੈ ਤੇ ਹਾਜੀ ਮਸਤਾਨ, ਯੂਸਫ ਪਟੇਲ, ਕਰੀਮ ਲਾਲਾ, ਦਾਊਦ ਇਬਰਾਹੀਮ ਜਿਹੇ ਗੈਂਗਸਟਰਾਂ ਦੀ ਤਾਕਤ ਵਧਦੀ ਹੈ। ਸ਼ਿਵ ਸੈਨਾ ਮਜ਼ਬੂਤ ਹੁੰਦੀ ਹੋਈ ਸਭਿਆਚਾਰਕ ਸੰਗਠਨ ਤੋਂ ਸਿਆਸੀ ਪਾਰਟੀ ਬਣ ਜਾਂਦੀ ਹੈ ਅਤੇ ਸਿਆਸੀ ਤੰਗਦਿਲੀ ਦਾ ਦੌਰ ਸ਼ੁਰੂ ਹੁੰਦਾ ਹੈ।

ਸ਼ਿਵ ਸੈਨਾ ਨੇ ਬਾਬਰੀ ਮਸਜਿਦ ਨੂੰ ਢਾਹੁਣ ਲਈ ਚੱਲੀ ਲਹਿਰ ਵਿਚ ਵਧ-ਚੜ੍ਹ ਕੇ ਹਿੱਸਾ ਲਿਆ। ਮੁੰਬਈ ਵਿਚ 1992-1993 ਵਿਚ ਹੋਏ ਦੰਗਿਆਂ ਵਿਚ ਵੀ ਇਸ ਦਾ ਨਾਂ ਉਭਰ ਕੇ ਸਾਹਮਣੇ ਆਇਆ। 1995 ਵਿਚ ਇਹ ਪਾਰਟੀ ਸੱਤਾ ਵਿਚ ਆਈ ਅਤੇ ਇਸ ਨੇ ਬੰਬੇ ਦਾ ਨਾਂ ਬਦਲ ਕੇ ਮੁੰਬਈ ਰੱਖ ਦਿੱਤਾ। ਗਿਆਨ ਪ੍ਰਕਾਸ਼ ਅਨੁਸਾਰ ਇਸ ਤਰ੍ਹਾਂ ਦੇਸ਼ ਨੂੰ ਸੁਪਨੇ ਤੇ ਨਵੇਂ ਦਿਸਹੱਦੇ ਪੇਸ਼ ਕਰਨ ਵਾਲਾ ਸ਼ਹਿਰ ਕੱਟੜਪੰਥੀਆਂ ਦੀ ਝੋਲੀ ਪੈ ਗਿਆ; ਇਸ ਦਾ ਵੰਨ-ਸੁਵੰਨਤਾ ਵਾਲਾ ਸਭਿਆਚਾਰ ਖੁਰਦਾ ਗਿਆ; ਹੁਣ ਇਹ ਇਕਪਾਸੜ ਸੋਚ ਵਾਲਾ ਸ਼ਹਿਰ ਬਣ ਕੇ ਰਹਿ ਗਿਆ ਹੈ ਅਤੇ ਇਸ ਵਿਚ ਘੱਟਗਿਣਤੀਆਂ ਅਤੇ ਗੈਰ-ਮਹਾਰਾਸ਼ਟਰੀਆਂ ਦੀਆਂ ਭਾਵਨਾਵਾਂ ਦੀ ਕੋਈ ਕਦਰ ਨਹੀਂ। ਆਪਣੀ ਮਸ਼ਹੂਰ ਕਿਤਾਬ 'ਫੈਮਿਲੀ ਮੈਟਰਜ਼' ਵਿਚ ਰੋਹਿੰਗਤਨ ਮਿਸਤਰੀ ਨੇ ਲਿਖਿਆ ਹੈ: "ਹੁਣ ਕਬਰਾਂ, ਕੀੜਿਆਂ ਤੇ ਖੁਤਬਿਆਂ ਤੋਂ ਬਿਨਾ ਦੱਸਣ ਵਾਲਾ ਹੋਰ ਕੁਝ ਨਹੀਂ ਰਹਿ ਗਿਆ...। ਆਓ, ਕੁਰਸੀਆਂ 'ਤੇ ਬੈਠੀਏ ਤੇ ਸ਼ਹਿਰਾਂ ਦੀ ਮੌਤ ਦੀਆਂ ਕਹਾਣੀਆਂ ਦੱਸੀਏ।"



ਫਿਲਮ 'ਪਦਮਾਵਤ' ਵਿਰੁਧ ਰੋਸ ਮੁਜਾਹਰਾ

ਸ਼ਹਿਰਾਂ, ਦੇਸ਼ਾਂ ਤੇ ਸਭਿਆਚਾਰਾਂ ਨੂੰ ਕੱਟੜਪੰਥੀ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਭਾਰਤ 'ਚ ਬਹੁਗਿਣਤੀ ਧਰਮ ਵਿਚਲੇ ਕੱਟੜਪੰਥੀ ਵਿਚਾਰਾਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਪਾਰਟੀਆਂ ਅਤੇ ਸੰਗਠਨ ਦੇਸ਼ ਦੇ ਕਾਨੂੰਨ ਨੂੰ ਕਿਉਂ ਨਹੀਂ ਮੰਨਣਾ ਚਾਹੁੰਦੇ? ਉਨ੍ਹਾਂ ਨੇ ਬਾਬਰੀ ਮਸਜਿਦ ਦੇ ਵਿਸ਼ੇ 'ਤੇ ਸੁਪਰੀਮ ਕੋਰਟ ਦੇ ਇਰਾਦੇ 'ਤੇ ਵੀ ਕਿੰਤੂ ਕੀਤਾ ਹੈ ਅਤੇ ਇਹ ਕਹਿਣ ਦੀ ਕੋਸ਼ਿਸ਼ ਕੀਤੀ ਹੈ ਕਿ ਜੋ ਇਹ ਪਾਰਟੀਆਂ ਤੇ ਸੰਗਠਨ ਕਹਿ ਰਹੇ ਹਨ, ਸਿਰਫ ਉਹੀ ਸੌ ਫੀਸਦ ਸੱਚ ਤੇ ਠੀਕ ਹੈ।

ਕਿਸੇ ਵੀ ਖਿੱਤੇ, ਵਰਗ ਜਾਂ ਧਰਮ ਦੇ ਲੋਕਾਂ ਦੀ ਸਭਿਆਚਾਰਕ, ਧਾਰਮਿਕ, ਨਸਲੀ ਜਾਂ ਜਾਤੀ ਉਚਤਾ ਤੇ ਸ਼ੁੱਧਤਾ 'ਤੇ ਜ਼ੋਰ ਦੇਣਾ ਦੂਸਰੇ ਵਰਗਾਂ, ਧਰਮਾਂ ਤੇ ਜਾਤਾਂ ਦੇ ਲੋਕਾਂ ਨੂੰ ਛੁਟਿਆਉਣ ਵਾਂਗ ਹੁੰਦਾ ਹੈ, ਜਿਸ ਦੇ ਗੰਭੀਰ ਸਿੱਟੇ ਨਿਕਲਦੇ ਹਨ। ਚਾਹੀਦਾ ਤਾਂ ਇਹ ਸੀ ਕਿ ਦੇਸ਼ ਦੀ ਬਹੁਗਿਣਤੀ ਦੇ ਜਜ਼ਬਾਤ 'ਤੇ ਪਹਿਰਾ ਦੇਣ ਦਾ ਦਾਅਵਾ ਕਰਨ ਵਾਲੀਆਂ ਪਾਰਟੀਆਂ ਘੱਟਗਿਣਤੀ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਦੀਆਂ ਅਤੇ ਕਾਨੂੰਨ ਤੇ ਸੰਵਿਧਾਨ ਨੂੰ ਮੰਨਣ ਦੇ ਚੰਗੇ ਪੂਰਨੇ ਪਾਉਂਦੀਆਂ ਪਰ ਸਿਆਸਤ ਦਾ ਗੇੜ ਇਸ ਤੋਂ ਉਲਟ ਚੱਲਣ ਦੀਆਂ ਸੰਭਾਵਨਾਵਾਂ ਵੱਧ ਹਨ। ਸ਼ਿਵ ਸੈਨਾ ਵਲੋਂ ਲਿਆ ਜਾ ਰਿਹਾ ਪੈਂਤੜਾ ਇਸ ਦਾ ਪ੍ਰਤੀਕ ਮਾਤਰ ਹੈ। ਇਹੋ ਜਿਹੀਆਂ ਤਾਕਤਾਂ ਦੇ ਵਿਰੁਧ ਵਿਸ਼ਾਲ, ਜਮਹੂਰੀ ਮੋਰਚੇ ਬਣਾਉਣ ਤੋਂ ਬਿਨਾ ਕੋਈ ਹੋਰ ਚਾਰਾ ਨਹੀਂ।

# ਭਾਰਤੀ ਹੁਕਮਰਾਨ ਅਤੇ ਆਵਾਮ ਉਤੇ ਡਿਜੀਟਲ ਸ਼ਿਕੰਜਾ

ਬੂਟਾ ਸਿੰਘ
ਫੋਨ: +91-94634-74342

ਡਿਜੀਟਲ ਯੁਗ ਵਿਚ ਕੰਪਿਊਟਰ, ਲੈਪਟਾਪ, ਸਮਾਰਟ ਫੋਨ ਆਦਿ ਡਿਜੀਟਲ ਯੰਤਰਾਂ ਨੇ ਮਨੁੱਖੀ ਜ਼ਿੰਦਗੀ ਵਿਚ ਆਪਣੀ ਜਗ੍ਹਾ ਇਸ ਹੱਦ ਤਕ ਬਣਾ ਲਈ ਹੈ ਕਿ ਇਹ ਇਕ ਤਰ੍ਹਾਂ ਨਾਲ ਮਨੁੱਖ ਦੀ ਸ਼ਖਸੀਅਤ ਦਾ ਵਿਸਤਾਰ ਬਣ ਗਏ ਹਨ। ਇਹ ਮਹਿਜ਼ ਸੰਚਾਰ ਅਤੇ ਕੰਮਕਾਜੀ ਵਰਤੋਂ ਦੇ ਕੰਮ ਹੀ ਨਹੀਂ ਆ ਰਹੇ ਸਗੋਂ ਸੋਸ਼ਲ ਮੀਡੀਆ ਦੇ ਵਿਕਾਸ ਨਾਲ ਇਹ ਵਰਤੋਂਕਾਰ ਲਈ ਆਪਣੀ ਸੋਚ, ਭਾਵਨਾਵਾਂ ਅਤੇ ਖ਼ਿਆਲਾਂ ਦੇ ਇਜ਼ਹਾਰ ਦਾ ਜ਼ਬਰਦਸਤ ਸਾਧਨ ਵੀ ਬਣ ਗਏ ਹਨ। ਇਨ੍ਹਾਂ ਉਪਰ ਐਸੀ ਜਾਣਕਾਰੀ ਦਾ ਲੈਣ-ਦੇਣ ਹੁੰਦਾ ਹੈ ਜਿਸ ਨੂੰ ਹੁਕਮਰਾਨ ਆਵਾਮ ਤੋਂ ਲੁਕੋਣਾ ਚਾਹੁੰਦੇ ਹਨ। ਇਹ ਸੁਤੰਤਰ ਵਿਚਾਰ ਪ੍ਰਗਟਾਵਾ, ਸਥਾਪਤੀ ਲਈ ਵੱਡੀ ਸਿਰਦਰਦੀ ਬਣ ਚੁੱਕਾ ਹੈ। ਇਸ ਆਜ਼ਾਦੀ ਦੇ ਖੰਭ ਕੁਤਰਨ ਲਈ ਹੁਕਮਰਾਨ ਇੰਤਹਾ ਹੱਦ ਤਕ ਜਾਣ ਲਈ ਵੀ ਤਹੂ ਹਨ। ਹਾਕਮ ਜਮਾਤਾਂ ਦੇ ਆਪਣੇ ਕਈ ਤਰ੍ਹਾਂ ਦੇ ਹਿਤ ਇਸ ਨਾਲ ਜੁੜੇ ਹੋਣ ਕਾਰਨ ਉਨ੍ਹਾਂ ਲਈ ਸੋਸ਼ਲ ਮੀਡੀਆ ਉਪਰ ਮੁਕੰਮਲ ਰੋਕ ਲਾਉਣਾ ਤਾਂ ਸੰਭਵ ਨਹੀਂ; ਲੇਕਿਨ ਉਹ ਇਨ੍ਹਾਂ ਦੀ ਸੁਤੰਤਰ ਵਰਤੋਂ ਨੂੰ ਸੀਮਤ ਕਰਨ ਤੇ ਆਵਾਮ ਦੀ ਨਿੱਜਤਾ ਨੂੰ ਰਾਜਕੀ ਨਿਗਰਾਨੀ ਹੇਠ ਲਿਆਉਣ ਦੀ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ ਤੇ ਇਨ੍ਹਾਂ ਵਲੋਂ ਚੁੱਕੇ ਜਾ ਰਹੇ ਕਦਮ ਅੰਗਰੇਜ਼ ਬਸਤੀਵਾਦ ਰਾਜ ਦੀਆਂ ਬੰਦਸ਼ਾਂ ਤੇ ਰੋਕਾਂ ਨੂੰ ਵੀ ਸ਼ਰਮਸਾਰ ਕਰ ਰਹੇ ਹਨ।

ਅੰਗਰੇਜ਼ਾਂ ਨੇ ਬਸਤੀਵਾਦ ਵਿਰੋਧੀ ਭਾਵਨਾਵਾਂ ਨੂੰ ਦਬਾਉਣ ਲਈ ਟੈਲੀਗ੍ਰਾਫ ਐਕਟ ਤੇ ਇੰਡੀਅਨ ਪੋਸਟ ਆਫਿਸ ਐਕਟ ਲਾਗੂ ਕੀਤੇ ਅਤੇ ਦੂਰ-ਸੰਚਾਰ ਤੇ ਖ਼ਤੋ-ਕਿਤਾਬਤ ਉਪਰ ਕਰੜੀ ਨਜ਼ਰ ਰੱਖਣ ਦੀ ਵਿਵਸਥਾ ਲਿਆਂਦੀ। 1947 ਦੀ ਸੱਤਾ ਬਦਲੀ ਤੋਂ ਬਾਅਦ ਡਾਕ ਨੂੰ ਸੈਂਸਰ ਕਰਨ ਅਤੇ ਟੈਲੀਫੋਨ ਗੱਲਬਾਤ ਨੂੰ ਟੈਪ ਕਰਨ ਦਾ ਮੂਲ ਚੌਖਟਾ ਬਸਤੀਵਾਦੀ ਦੌਰ ਵਾਲਾ ਹੀ ਹੈ। ਸੂਚਨਾ ਤਕਨਾਲੋਜੀ ਦੇ ਵਿਕਾਸ ਨਾਲ ਇਨ੍ਹਾਂ ਨਵੇਂ ਯੰਤਰਾਂ ਨੂੰ ਸੈਂਸਰ ਕਰਨ ਦੀ ਜ਼ਰੂਰਤ ਵਿਚੋਂ ਆਈ.ਟੀ. ਐਕਟ ਬਣਾਇਆ ਗਿਆ। ਕਾਨੂੰਨ ਦੀ ਬੇਤਹਾਸ਼ਾ ਵਰਤੋਂ ਕਾਰਨ ਇਸ ਐਕਟ ਦੀ ਤਿੱਖੀ ਆਲੋਚਨਾ ਹੋਈ ਅਤੇ ਇਸ ਦੇ ਉਸ ਹਿੱਸੇ ਉਪਰ ਜੁਡੀਸ਼ਰੀ ਨੇ ਰੋਕ ਲਗਾ ਦਿੱਤੀ ਜਿਸ ਜ਼ਰੀਏ ਰਾਜਕੀ ਏਜੰਸੀਆਂ ਨੂੰ ਮਨਮਾਨੀਆਂ ਦੀ ਤਾਕਤ ਮਿਲੀ ਹੋਈ ਸੀ ਅਤੇ ਜਿਸ ਨੂੰ ਸਥਾਪਤੀ, ਖ਼ਾਸ ਕਰਕੇ ਸੱਤਾਧਾਰੀ ਧਿਰ ਦੇ ਆਲੋਚਕਾਂ ਨੂੰ ਦਬਾਉਣ ਲਈ ਵਰਤਿਆ ਜਾ ਰਿਹਾ ਸੀ।

ਹੁਕਮਰਾਨ ਇਕ ਪਾਸੇ ਮੁਲਕ ਨੂੰ ਵੱਧ ਤੋਂ ਵੱਧ ਡਿਜੀਟਲ ਬਣਾਉਣ ਉਪਰ ਜ਼ੋਰ ਦੇ ਰਹੇ ਹਨ, ਦੂਜੇ ਪਾਸੇ ਨਾਗਰਿਕਾਂ ਦੀ ਨਿੱਜਤਾ ਵਿਚ ਸੰਨ੍ਹ ਲਗਾ ਕੇ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਨੂੰ ਕੰਟਰੋਲ ਕਰਨ ਲਈ ਨਵੇਂ ਨਵੇਂ ਤਰੀਕੇ ਈਜਾਦ ਕਰ ਰਹੇ ਹਨ। ਸੰਘ ਬ੍ਰਿਗੇਡ ਹੁਣ ਸੋਸ਼ਲ ਮੀਡੀਆ ਪਲੇਟਫਾਰਮਾਂ ਉਪਰ ਇਸ ਹੱਦ ਤਕ ਸ਼ਿਕੰਜਾ ਕੱਸਣਾ ਚਾਹੁੰਦਾ ਹੈ ਤਾਂ ਜੋ ਨਾਗਰਿਕਾਂ ਦੇ ਹਰ ਡਿਜੀਟਲ ਯੰਤਰ ਦੀ ਹਰ ਵਕਤ ਮਨਮਾਨੀ ਫਰੋਲਾ ਫਰਾਲੀ ਕੀਤੀ ਜਾ ਸਕੇ। ਮੋਦੀ ਸਰਕਾਰ ਡਿਜੀਟਲ ਜਾਸੂਸੀ ਦਾ ਨਵਾਂ ਫਾਸ਼ੀਵਾਦੀ ਢਾਂਚਾ ਤਿਆਰ ਕਰਨ ਵਿਚ ਜੁਟੀ ਹੋਈ ਹੈ। ਹਮੇਸ਼ਾ ਵਾਂਗ ਬਹਾਨਾ 'ਮੁਲਕ ਦੀ ਅਖੰਡਤਾ' ਅਤੇ 'ਕੌਮੀ ਸੁਰੱਖਿਆ' ਨੂੰ ਬਣਾਇਆ ਗਿਆ ਹੈ, ਜਦਕਿ ਅਸਲ ਨਿਸ਼ਾਨਾ ਖੁਫੀਆ ਤੰਤਰ ਨੂੰ ਹੋਰ ਬੇਕਿਰਕ ਬਣਾ ਕੇ ਰਾਜਤੰਤਰ ਦੇ ਹੱਥ ਮਜ਼ਬੂਤ ਕਰਨਾ ਹੈ। ਹੁਣ ਤਕ ਮੋਦੀ ਸਰਕਾਰ ਵਲੋਂ ਤਿਆਰ ਕੀਤੀ ਨਵੀਂ ਬੇਮਿਸਾਲ ਤਾਨਾਸ਼ਾਹ ਤਜਵੀਜ਼ ਦੀ ਜਿੰਨੀ ਕੁ ਜਾਣਕਾਰੀ ਮੀਡੀਆ ਜ਼ਰੀਏ ਜਨਤਕ ਹੋਈ ਹੈ, ਉਸ ਮੁਤਾਬਿਕ 10 ਸੁਰੱਖਿਆ ਏਜੰਸੀਆਂ ਨੂੰ ਆਮ ਲੋਕਾਂ ਦੀ ਜ਼ਿੰਦਗੀ 'ਚ ਝਾਕਣ ਦੀ ਬੇਲਗਾਮ ਕਾਨੂੰਨੀ ਤਾਕਤ ਦਿੱਤੀ ਜਾ ਰਹੀ ਹੈ। ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਜਾਰੀ ਨੋਟੀਫਿਕੇਸ਼ਨ ਰਾਹੀਂ 10 ਸੁਰੱਖਿਆ ਏਜੰਸੀਆਂ ਨੂੰ ਆਈ.ਟੀ. ਐਕਟ ਦੇ ਨੇਮਾਂ ਤਹਿਤ 'ਹਰ ਉਸ ਜਾਣਕਾਰੀ ਵਿਚ ਸੰਨ੍ਹ ਲਗਾਉਣ, ਉਸ ਉਪਰ ਨਜ਼ਰ ਰੱਖਣ ਅਤੇ ਉਸ ਦੇ ਨਿੱਜਤਾ ਕੋਡ ਨੂੰ ਪੜ੍ਹਨ ਦਾ ਹੱਕ ਦਿੱਤਾ ਗਿਆ ਹੈ ਜੋ ਕਿਸੇ ਵੀ ਕੰਪਿਊਟਰ ਵਿਚ ਜੈਨਰੇਟ, ਆਦਾਨ-ਪ੍ਰਦਾਨ ਜਾਂ ਸਟੋਰ ਕੀਤੀ ਜਾਂਦੀ ਹੈ'। ਇਸ ਨੋਟੀਫਿਕੇਸ਼ਨ ਨੂੰ ਮੋਦੀ ਵਜ਼ਾਰਤ ਇਹ ਦਲੀਲ ਦੇ ਕੇ ਜਾਇਜ਼ ਠਹਿਰਾ ਰਹੀ ਹੈ ਕਿ ਇਹ ਪਹਿਲਾਂ ਹੀ ਕੰਮ ਕਰ ਰਹੇ ਜਾਸੂਸੀ ਤੰਤਰ ਦੀ ਹੀ ਲਗਾਤਾਰਤਾ ਹੈ, ਇਸ ਵਿਚ ਕੁਝ ਵੀ ਨਵਾਂ ਨਹੀਂ; ਲੇਕਿਨ ਸਵਾਲ ਇਹ ਹੈ ਕਿ ਜੇ ਇਸ ਵਿਚ ਕੁਝ ਵੀ ਨਵਾਂ ਨਹੀਂ, ਫਿਰ ਇਹ ਨੋਟੀਫਿਕੇਸ਼ਨ ਜਾਰੀ ਕਰਨ ਦੀ ਕੀ ਜ਼ਰੂਰਤ ਪੈ ਗਈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪਹਿਲਾਂ ਹੀ ਰਾਜਕੀ ਜਾਸੂਸੀ ਦਾ ਤਾਣਾਬਾਣਾ ਮੌਜੂਦ ਹੈ। ਸੈਂਟਰ ਫਾਰ ਡਿਵੈਲਪਮੈਂਟ ਆਫ ਟੈਲੀਮੈਟਿਕਸ ਵਲੋਂ 2013 ਵਿਚ ਹੀ ਆਟੋਮੈਟਿਕ ਤੌਰ 'ਤੇ ਜਨਤਕ ਜਾਸੂਸੀ ਕਰਨ ਵਾਲੀ ਕੇਂਦਰੀ ਨਿਗਰਾਨ ਪ੍ਰਣਾਲੀ ਸ਼ੁਰੂ ਦਿੱਤੀ ਗਈ ਸੀ ਜੋ ਇਸ ਸੈਂਟਰ ਦੀ ਸਾਲਾਨਾ ਰਿਪੋਰਟ ਅਨੁਸਾਰ ਇਸ ਸਾਲ ਪਹਿਲਾਂ ਹੀ 'ਵਿਹਾਰਕ ਤੌਰ 'ਤੇ ਮੁਕੰਮਲ' ਹੋ ਚੁੱਕੀ ਹੈ। ਇਸ ਦੇ ਬਾਵਜੂਦ, ਇਹ ਕਹਿਣਾ ਪੂਰਾ ਸੱਚ ਨਹੀਂ ਕਿ ਇਸ ਪਹਿਲਾਂ ਵਾਲੇ ਜਾਸੂਸੀ ਤਾਣੇਬਾਣੇ ਨੂੰ ਹੀ ਨਵਿਆਇਆ ਜਾ ਰਿਹਾ ਹੈ। ਪੂਰਾ ਸੱਚ ਇਹ ਹੈ ਕਿ ਮੌਜੂਦਾ ਸਰਕਾਰ ਪਹਿਲੇ ਜਾਸੂਸੀ ਤੰਤਰ ਦੀਆਂ ਤਾਕਤਾਂ ਨੂੰ ਅਸੀਮ ਹੱਦ ਤਕ ਵਧਾ ਕੇ ਹਰ ਡਿਜੀਟਲ ਜਾਣਕਾਰੀ ਨੂੰ ਆਪਣੀ ਨਿਗਰਾਨੀ ਹੇਠ ਲਿਆਉਣਾ ਚਾਹੁੰਦੀ ਹੈ। ਇਹ ਨਾਗਰਿਕਾਂ ਦੀ ਨਿੱਜਤਾ ਵਿਚ ਡੂੰਘੇਰੀ ਘੁਸਪੈਠ ਦੇ ਲਿਹਾਜ਼ ਨਾਲ ਪਹਿਲੇ ਜਾਸੂਸੀ ਤਾਣੇਬਾਣੇ ਨਾਲੋਂ ਬਹੁਤ ਜ਼ਿਆਦਾ ਖ਼ਤਰਨਾਕ ਹੈ।



ਆਧਾਰ ਕਾਰਡ ਜ਼ਰੀਏ ਨਾਗਰਿਕਾਂ ਦੀ ਨਿੱਜਤਾ ਨੂੰ ਰਾਜ ਦੇ ਕੰਟਰੋਲ ਹੇਠ ਲਿਆਉਣ ਤੋਂ ਬਾਅਦ ਇਹ ਇਕ ਹੋਰ ਵੱਡਾ ਹਮਲਾ ਹੈ। ਆਧਾਰ ਕਾਰਡ ਜ਼ਰੀਏ ਨਾਗਰਿਕਾਂ ਦੀ ਮਹੱਤਵਪੂਰਨ ਨਿੱਜੀ ਜਾਣਕਾਰੀ ਪਹਿਲਾਂ ਹੀ ਰਾਜ ਦੀਆਂ ਏਜੰਸੀਆਂ ਦੇ ਨਾਲ-ਨਾਲ ਡਿਜੀਟਲ ਸਰਵਿਸ ਦੇ ਕਾਰੋਬਾਰ ਵਿਚ ਜੁਟੀਆਂ ਕਾਰਪੋਰੇਟ ਕੰਪਨੀਆਂ ਦੀ ਮੁੱਠੀ ਵਿਚ ਹੈ ਜਿਸ ਨੂੰ ਹੁਕਮਰਾਨ ਅਤੇ ਇਹ ਕੰਪਨੀਆਂ ਚੁੱਪ-ਚੁਪੀਤੇ ਹੀ ਆਪਣੇ ਹਿਤਾਂ ਲਈ ਵਰਤ ਰਹੇ ਹਨ। ਇਸ ਉਪਰ ਭਾਵੇਂ ਪਿੱਛੇ ਜਿਹੇ ਅਦਾਲਤ ਵਲੋਂ ਕਾਨੂੰਨੀ ਤੌਰ 'ਤੇ ਰੋਕ ਲਗਾ ਦਿੱਤੀ ਗਈ, ਲੇਕਿਨ ਇਹ ਇਨ੍ਹਾਂ ਤਾਕਤਾਂ ਦੀ ਮਰਜ਼ੀ ਹੈ ਕਿ ਉਨ੍ਹਾਂ ਨੇ ਇਸ ਜਾਣਕਾਰੀ ਨੂੰ ਆਪਣੇ ਕਿਸ ਲਾਹੇ ਲਈ ਕਿੰਨਾ ਤੇ ਕਦੋਂ ਵਰਤੋਂ 'ਚ ਲਿਆਉਣਾ ਹੈ।

ਆਧਾਰ ਕਾਰਡ ਪਹਿਲਾਂ ਹੀ ਨਾਗਰਿਕਾਂ ਦੀ ਨਿੱਜਤਾ ਅਤੇ ਮੌਲਿਕ ਹੱਕਾਂ ਦਾ ਘੋਰ ਉਲੰਘਣ ਹੈ। ਕਾਲੇ ਧਨ ਨੂੰ ਨੱਥ ਪਾਉਣ ਦੇ ਨਾਂ ਹੇਠ ਕੀਤੀ ਨੋਟਬੰਦੀ ਰਾਹੀਂ ਆਮ ਬੰਦੇ ਦੇ ਵਿੱਤੀ ਦਾਰੋਮਦਾਰ ਨੂੰ ਰਾਜ ਨੇ ਪੂਰੀ ਤਰ੍ਹਾਂ ਆਪਣੇ ਅਧਿਕਾਰ ਅਤੇ ਨਿਗਰਾਨੀ ਹੇਠ ਕਰ ਲਿਆ ਹੈ। ਮੋਦੀ ਸਰਕਾਰ ਦੇ ਨਵੇਂ ਨੋਟੀਫਿਕੇਸ਼ਨ ਦੀ ਮਨਸ਼ਾ ਡਿਜੀਟਲ ਯੰਤਰਾਂ ਦੀ ਜਾਸੂਸੀ ਦਾ ਮੁਕੰਮਲ ਸੰਸਥਾਕਰਨ ਕਰਕੇ ਹਰ ਨਾਗਰਿਕ ਦੀ ਸੋਚ ਉਪਰ ਸ਼ਿਕੰਜਾ ਕੱਸਣ ਦੀ ਹੈ। ਇਸ ਤਹਿਤ ਡਿਜੀਟਲ ਸਰਵਿਸ ਪ੍ਰੋਵਾਈਡਰ ਕੰਪਨੀਆਂ ਹਰ ਵਰਤੋਂਕਾਰ ਦੇ ਹਰ ਡਿਜੀਟਲ ਯੰਤਰ ਵਿਚਲੇ ਨਿੱਜੀ ਡੇਟਾ ਨੂੰ ਨਿਰੰਤਰ ਜਾਸੂਸੀ ਲਈ ਸਰਕਾਰੀ ਏਜੰਸੀਆਂ ਦੇ ਹਵਾਲੇ ਕਰਨ ਦੀਆਂ ਪਾਬੰਦ ਹੋ ਜਾਣਗੀਆਂ। ਤੁਸੀਂ ਕਿਹੜੀਆਂ ਵੈੱਬਸਾਈਟਾਂ ਉਪਰ ਕਿਸ ਤਰ੍ਹਾਂ ਦੀ ਸਮੱਗਰੀ ਪੜ੍ਹਨ, ਦੇਖਣ, ਸੁਣਨ ਵਿਚ ਰੁਚੀ ਲੈਂਦੇ ਹੋ, ਇਹ ਇੰਟਰਨੈੱਟ ਸਰਵਰ ਤਾਣੇਬਾਣੇ ਜ਼ਰੀਏ ਪਹਿਲਾਂ ਹੀ ਸੀ.ਆਈ.ਏ., ਐਫ.ਬੀ.ਆਈ. ਵਰਗੀਆਂ ਦੁਨੀਆਂ ਦੀਆਂ ਖੁਫੀਆ ਏਜੰਸੀਆਂ ਦੀ ਪਹੁੰਚ ਵਿਚ ਹੈ।

ਭਾਰਤੀ ਹੁਕਮਰਾਨ ਅਮਰੀਕੀ ਅਤੇ ਇਜ਼ਰਾਈਲੀ ਰਾਜਾਂ ਦੇ ਨਕਸ਼ੇ-ਕਦਮ ਉਪਰ ਚੱਲਦਿਆਂ ਆਪਣੇ ਰਾਜ ਢਾਂਚੇ ਦੇ ਸ਼ਿਕੰਜੇ ਨੂੰ ਹੋਰ ਜ਼ਿਆਦਾ ਤਾਕਤਵਰ ਬਣਾਉਣ ਲੱਗੇ ਹੋਏ ਹਨ। 'ਰਾਸ਼ਟਰ ਦੀ ਸੁਰੱਖਿਆ' ਦੇ ਨਾਂ ਹੇਠ ਹਰ ਆਲੋਚਨਾ, ਹੁਕਮਰਾਨ ਧਿਰ ਨਾਲ ਅਸਹਿਮਤੀ ਰਾਜ ਦੇ ਹਮਲੇ ਦੀ ਮਾਰ ਹੇਠ ਹੈ। ਤਿੱਖੇ ਵਿਰੋਧ ਤੋਂ ਬਾਅਦ 24 ਮਾਰਚ 2015 ਨੂੰ ਸੁਪਰੀਮ ਕੋਰਟ ਨੇ ਆਈ.ਟੀ. ਐਕਟ ਦੇ ਸੈਕਸ਼ਨ 66-ਏ ਨੂੰ ਰੱਦ ਕਰ ਦਿੱਤਾ ਸੀ ਜਿਸ ਤਹਿਤ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਨੂੰ ਇਹ ਮਨਮਾਨੀ ਤਾਕਤ ਦੇ ਦਿੱਤੀ ਗਈ ਸੀ ਕਿ ਉਹ ਕਥਿਤ 'ਠੇਸ ਪਹੁੰਚਾਊ ਸਮੱਗਰੀ' ਆਨ ਲਾਈਨ ਪੋਸਟ ਕੀਤੇ ਜਾਣ ਨੂੰ ਗ੍ਰਿਫਤਾਰ ਕਰ ਸਕਦੀਆਂ ਸਨ (ਇਹ ਸੈਕਸ਼ਨ ਰੱਦ ਕਰਨ ਤੋਂ ਬਾਅਦ ਵੀ ਪੁਲਿਸ ਵਲੋਂ ਗ੍ਰਿਫਤਾਰੀ ਕਰਕੇ ਪਰਚੇ ਦਰਜ ਕੀਤੇ ਜਾ ਰਹੇ ਹਨ। ਬਾਅਦ ਵਿਚ ਉਚ ਪੁਲਿਸ ਅਧਿਕਾਰੀ ਇਹ ਕਹਿ ਕੇ ਜਵਾਬਦੇਹੀ ਤੋਂ ਮੁਕਤ ਹੋ ਜਾਂਦੇ ਹਨ ਕਿ ਹੇਠਲੇ ਅਧਿਕਾਰੀਆਂ ਨੂੰ ਇਹ ਸੈਕਸ਼ਨ ਰੱਦ ਕੀਤੇ ਜਾਣ ਦੀ ਜਾਣਕਾਰੀ ਨਹੀਂ)। ਉਸੇ ਤਾਨਾਸ਼ਾਹ ਢਾਂਚੇ ਨੂੰ ਹੋਰ ਵੀ ਵਿਆਪਕ ਅਤੇ ਖ਼ਤਰਨਾਕ ਰੂਪ ਦੇ ਕੇ ਲਿਆਂਦਾ ਜਾ ਰਿਹਾ ਹੈ। ਹੁਣ ਸੈਕਸ਼ਨ 79 ਦੇ ਤਹਿਤ ਖੁਫੀਆ ਏਜੰਸੀਆਂ ਤੇ ਪੁਲਿਸ ਕਿਸੇ ਨਾਗਰਿਕ ਦੇ ਨਿੱਜੀ ਡਿਜੀਟਲ ਯੰਤਰ ਵਿਚ ਮੌਜੂਦ ਜਾਂ ਉਸ ਜ਼ਰੀਏ ਅੱਗੇ ਸ਼ੇਅਰ ਕੀਤੀ ਕਿਸੇ ਵੀ ਪੋਸਟ, ਵੀਡੀਓ ਜਾਂ ਆਡੀਓ ਕਲਿੱਪ ਨੂੰ 'ਰਾਸ਼ਟਰ ਦੀ ਸੁਰੱਖਿਆ ਦੇ ਖ਼ਿਲਾਫ' ਕਰਾਰ ਦੇ ਕੇ ਉਸ ਨੂੰ ਗ੍ਰਿਫਤਾਰ ਕਰ ਸਕਣਗੀਆਂ। ਹੁਣ ਉਨ੍ਹਾਂ ਨੂੰ ਪ੍ਰੋਫੈਸਰ ਸਾਈਬਾਬਾ, ਗੌਤਮ ਨਵਲੱਖਾ, ਵਰਵਰਾ ਰਾਓ ਵਰਗੇ ਬੁੱਧੀਜੀਵੀਆਂ/ਕਾਰਕੁਨਾਂ ਦੇ ਕੰਪਿਊਟਰਾਂ, ਡੇਟਾ ਸਟੋਰੇਜ ਡਿਵਾਈਸਾਂ ਦੀ ਅਦਾਲਤੀ ਵਾਰੰਟ ਲੈ ਕੇ ਤਲਾਸ਼ੀ ਲੈਣ ਦੀ ਜ਼ਰੂਰਤ ਨਹੀਂ ਪਵੇਗੀ। ਪਹਿਲਾਂ ਹੀ ਹਰ ਚੀਜ਼ ਉਨ੍ਹਾਂ ਦੀ ਪਹੁੰਚ, ਅਧਿਕਾਰ ਅਤੇ ਨਿਗਰਾਨੀ ਵਿਚ ਹੋਵੇਗੀ। ਉਨ੍ਹਾਂ ਨੇ ਬਸ ਇੰਨਾ ਹੀ ਤੈਅ ਕਰਨਾ ਹੈ ਕਿ ਕਿਸ ਉਪਰ ਕਦੋਂ ਝਪਟਣਾ ਹੈ। ਅਜੇ ਇਸ ਨੋਟੀਫਿਕੇਸ਼ਨ ਉਪਰ ਅਮਲ ਸ਼ੁਰੂ ਹੋਣਾ ਹੈ। ਪਹਿਲਾਂ ਹੀ ਆਲੋਚਕਾਂ ਨੂੰ ਫੜ-ਫੜ ਕੇ ਜੇਲ੍ਹਾਂ ਵਿਚ ਤੁੰਨਿਆ ਜਾ ਰਿਹਾ ਹੈ। ਜਦੋਂ ਇਸ ਨੋਟੀਫਿਕੇਸ਼ਨ ਉਪਰ ਅਮਲ ਸ਼ੁਰੂ ਹੋ ਗਿਆ, ਉਦੋਂ ਹਮਲਾ ਕਿੰਨਾ ਵਸੀਹ ਪੈਮਾਨੇ 'ਤੇ ਹੋਵੇਗਾ। ਇਸ ਖ਼ਤਰੇ ਨੂੰ ਮਨੀਪੁਰ ਦੇ ਪੱਤਰਕਾਰ ਦੀ ਹਾਲੀਆ ਗ੍ਰਿਫਤਾਰੀ ਤੋਂ ਸਮਝਿਆ ਜਾ ਸਕਦਾ ਹੈ। ਪੱਤਰਕਾਰ ਕਿਸ਼ੋਰ ਚੰਦਰ ਵਾਂਗਖੇਮ ਨੂੰ ਕੌਮੀ ਸੁਰੱਖਿਆ ਐਕਟ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। 26 ਨਵੰਬਰ ਨੂੰ ਇਸ ਪੱਤਰਕਾਰ ਨੇ ਸੋਸ਼ਲ ਮੀਡੀਆ ਉਪਰ ਵੀਡੀਓ ਕਲਿੱਪ ਪੋਸਟ ਕੀਤਾ ਸੀ ਜਿਸ ਵਿਚ ਉਸ ਨੇ ਮਨੀਪੁਰ ਦੀ ਐਨ. ਬਿਰੇਨ ਸਰਕਾਰ ਅਤੇ ਮੋਦੀ ਦੀਆਂ ਨੀਤੀਆਂ ਦੀ ਤਿੱਖੀ ਆਲੋਚਨਾ ਕੀਤੀ ਸੀ। ਸਥਾਨਕ ਅਦਾਲਤ ਨੇ ਉਸ ਵਿਰੁਧ ਰਾਜਧ੍ਰੋਹ ਦੇ ਇਲਜ਼ਾਮਾਂ ਨੂੰ ਰੱਦ ਕਰਦਿਆਂ ਉਸ ਨੂੰ ਜ਼ਮਾਨਤ ਉਪਰ ਰਿਹਾਅ ਕਰ ਦਿੱਤਾ। ਚੌਵੀ ਘੰਟੇ ਬਾਅਦ ਹੀ ਉਸ ਨੂੰ ਪੁਲਿਸ ਨੇ ਐਨ.ਐਸ.ਏ. ਲਗਾ ਕੇ ਉਸ ਨੂੰ ਮੁੜ ਗ੍ਰਿਫਤਾਰ ਕਰ ਲਿਆ। ਮੁੱਖ ਮੰਤਰੀ ਕਹਿ ਰਿਹਾ ਹੈ ਕਿ ਉਹ ਆਲੋਚਨਾ ਸਹਾਰ ਸਕਦਾ ਹੈ ਲੇਕਿਨ ਮੋਦੀ ਵਰਗੇ 'ਕੌਮੀ ਨਾਇਕਾਂ' ਦੀ ਬੇਇੱਜ਼ਤੀ ਬਰਦਾਸ਼ਤ ਨਹੀਂ ਕਰੇਗਾ!

ਇਹ ਰੋਕਾਂ ਅਤੇ ਬੰਦਸ਼ਾਂ ਸਿਰਫ ਸਥਾਪਤੀ ਵਿਰੋਧੀਆਂ ਲਈ ਹਨ। ਸੰਘ ਬ੍ਰਿਗੇਡ ਦੇ ਆਗੂਆਂ/ਕਾਰਕੁਨਾਂ ਵਲੋਂ ਵਿਅਕਤੀਗਤ ਤੌਰ 'ਤੇ ਹੀ ਨਹੀਂ ਸਗੋਂ ਸੰਘ ਦੀ ਟਰੋਲ ਆਰਮੀ ਵਲੋਂ ਪੂਰੀ ਤਰ੍ਹਾਂ ਵਿਊਂਤਬੱਧ ਤਰੀਕੇ ਨਾਲ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਘੱਟ-ਗਿਣਤੀ ਹਿੱਸਿਆਂ, ਸੰਘ ਨਾਲ ਅਸਹਿਮਤੀ ਰੱਖਣ ਵਾਲਿਆਂ ਅਤੇ ਇਨਸਾਫਪਸੰਦ ਤਾਕਤਾਂ ਵਿਰੁਧ ਲਗਾਤਾਰ ਨਫਰਤ ਅਤੇ ਹਿੰਸਾ ਭੜਕਾਈ ਜਾ ਰਹੀ ਹੈ, ਲੇਕਿਨ ਆਈ.ਟੀ. ਐਕਟ ਉਨ੍ਹਾਂ ਉਪਰ ਕਦੇ ਲਾਗੂ ਨਹੀਂ ਕੀਤਾ ਜਾਂਦਾ। ਇਸ ਐਕਟ ਤਹਿਤ ਗ੍ਰਿਫਤਾਰ ਉਨ੍ਹਾਂ ਲੋਕਾਂ ਨੂੰ ਕੀਤਾ ਗਿਆ/ਜਾ ਰਿਹਾ ਹੈ ਜੋ ਸੱਤਾਧਾਰੀ ਸੰਘ ਬ੍ਰਿਗੇਡ ਦੇ ਆਲੋਚਕ ਹਨ। ਮਨੁੱਖ ਦੀ ਨਿੱਜਤਾ ਅਤੇ ਮਨੁੱਖੀ ਆਜ਼ਾਦੀ ਦੇ ਨਜ਼ਰੀਏ ਤੋਂ ਇਹ ਹਮਲਾ ਬਹੁਤ ਖ਼ਤਰਨਾਕ ਹੈ।

# ਪੰਜਾਬ ਸਰਕਾਰ ਅਤੇ ਸੂਬੇ ਦੇ ਸਮਾਜਕ-ਆਰਥਕ ਹਾਲਾਤ

ਡਾ. ਸ. ਸ. ਛੀਨਾ

ਜਦੋਂ ਕਾਂਗਰਸ ਪਾਰਟੀ ਨੇ ਪੰਜਾਬ ਦੀ ਹਕੂਮਤ ਸੰਭਾਲੀ ਤਾਂ ਉਹਦੇ ਸਾਹਮਣੇ ਵੱਡੀਆਂ ਆਰਥਕ ਚੁਣੌਤੀਆਂ ਸਨ, ਜਿਹੜੀਆਂ ਅਜੇ ਵੀ ਜਿਉਂ ਦੀਆਂ ਤਿਉਂ ਹਨ। ਪੰਜਾਬ ਸਰਕਾਰ ਸਿਰ ਪਿਛਲੇ 15 ਸਾਲਾਂ ਤੋਂ ਵਧਦਾ ਹੋਇਆ ਕਰਜ਼ਾ 2.10 ਲੱਖ ਕਰੋੜ ਰੁਪਏ ਦੇ ਕਰੀਬ ਪਹੁੰਚ ਚੁੱਕਾ ਹੈ ਜਿਸ ਦਾ ਸਾਲਾਨਾ 12-13 ਹਜ਼ਾਰ ਕਰੋੜ ਰੁਪਏ ਦਾ ਵਿਆਜ ਦੇਣਾ ਬਣਦਾ ਹੈ। ਇਹ ਰਕਮ ਵਿਕਾਸ ਅਤੇ ਸਮਾਜ ਭਲਾਈ ਦੇ ਕੰਮ ਲਾਈ ਜਾਂਦੀ ਤਾਂ ਕਿੰਨੇ ਚੰਗੇ ਸਿੱਟੇ ਨਿਕਲਦੇ। ਕਾਂਗਰਸ ਨੇ ਭਾਵੇਂ ਚੋਣਾਂ ਤੋਂ ਪਹਿਲਾਂ ਕਿਸਾਨਾਂ ਦੇ ਕਰਜ਼ੇ ਦੀ ਮੁਆਫੀ ਦਾ ਵਾਅਦਾ ਕੀਤਾ ਸੀ ਪਰ ਆਰਥਕ ਹਾਲਤ ਦੇ ਕਮਜ਼ੋਰ ਹੋਣ ਕਾਰਨ ਇਹ ਵੀ ਵੱਡੀ ਚੁਣੌਤੀ ਵਜੋਂ ਸਾਹਮਣੇ ਆਈ ਜਦੋਂ ਕਿ ਕਿਸਾਨਾਂ ਸਿਰ ਸੰਸਥਾਵਾਂ ਦਾ ਕਰਜ਼ਾ ਹੀ 77000 ਕਰੋੜ ਰੁਪਏ ਸੀ ਤੇ 20 ਹਜ਼ਾਰ ਕਰੋੜ ਰੁਪਏ ਗੈਰ-ਸੰਸਥਾਵਾਂ ਦਾ ਕਰਜ਼ਾ ਸੀ।

ਪੰਜਾਬ ਸਰਕਾਰ ਨੇ ਸੀਮਾਂਤ ਅਤੇ ਛੋਟੇ ਕਿਸਾਨਾਂ ਵਲੋਂ ਫਸਲਾਂ ਲਈ ਲਏ 7000 ਕਰੋੜ ਰੁਪਏ ਦੇ ਕਰਜ਼ੇ ਮੁਆਫ ਕਰਨ ਦਾ ਪ੍ਰੋਗਰਾਮ ਬਣਾਇਆ ਜਿਸ ਵਿਚੋਂ 5600 ਕਰੋੜ ਰੁਪਏ ਪਹਿਲਿਆਂ ਚਾਰ ਪੱਧਰਾਂ ਵਿਚ ਮੁਆਫ ਕੀਤਾ ਗਿਆ ਤੇ 1400 ਕਰੋੜ ਰੁਪਏ ਪੰਜਵੀਂ ਅਤੇ ਆਖਰੀ ਪੱਧਰ ਵਿਚ ਮੁਆਫ ਕਰਨਾ ਹੈ। ਕਿਸਾਨੀ ਕਰਜ਼ੇ ਦੀ ਗੰਭੀਰ ਸਮੱਸਿਆ ਦੇ ਹੱਲ ਲਈ ਕੇਂਦਰ ਸਰਕਾਰ ਦੀ ਮਦਦ ਨਾਲ ਕਰਜ਼-ਮੁਆਫੀ ਦੇ ਹੋਰ ਯਤਨ ਜਾਰੀ ਰਹਿਣੇ ਚਾਹੀਦੇ ਹਨ।

ਪੰਜਾਬ ਦੀ 60 ਫੀਸਦੀ ਵਸੋਂ ਖੇਤੀ 'ਤੇ ਨਿਰਭਰ ਹੈ ਜਿਸ ਵਿਚ 74 ਫੀਸਦੀ ਜੋਤਾਂ 5 ਏਕੜ ਤੋਂ ਘੱਟ ਹਨ ਅਤੇ ਉਹ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਹੀਆਂ ਹਨ। ਪੰਜਾਬ ਭਾਵੇਂ ਵੱਖ-ਵੱਖ ਫਸਲਾਂ ਵਿਚ ਭਾਰਤ ਭਰ ਵਿਚ ਸਭ ਤੋਂ ਵੱਧ ਪ੍ਰਤੀ ਏਕੜ ਉਪਜ ਲੈ ਰਿਹਾ ਹੈ ਪਰ ਪੰਜਾਬ ਹੀ ਉਹ ਰਾਜ ਹੈ, ਜਿਥੇ ਸਭ ਤੋਂ ਵੱਧ 89 ਫੀਸਦੀ ਕਿਸਾਨ ਕਰਜ਼ਾਈ ਹਨ ਤੇ ਦੇਸ਼ ਭਰ ਤੋਂ ਵੱਧ ਪ੍ਰਤੀ ਕਿਸਾਨ ਘਰ ਕਰਜ਼ਾ 3.50 ਲੱਖ ਰੁਪਏ ਤੋਂ 4 ਲੱਖ ਰੁਪਏ ਤੱਕ ਹੈ। ਪੰਜਾਬ ਦੀ ਖੇਤੀ ਭਾਵੇਂ ਪ੍ਰਾਂਤ ਦੇ ਕੁੱਲ ਘਰੇਲੂ ਉਤਪਾਦਨ ਵਿਚ 19 ਫੀਸਦੀ ਦਾ ਯੋਗਦਾਨ ਪਾਉਂਦੀ ਹੈ, ਜਿਹੜੀ ਦੇਸ਼ ਦੀ ਪੱਧਰ 'ਤੇ 14 ਫੀਸਦੀ ਦੇ ਯੋਗਦਾਨ ਤੋਂ ਕਾਫੀ ਉਪਰ ਹੈ।

ਇਨ੍ਹਾਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਇਥੇ ਖੇਤੀ ਵਿਚ ਲੱਗੀ ਹੋਈ ਵਸੋਂ ਨੀਮ-ਬੇਰੁਜ਼ਗਾਰ ਹੈ। ਜੇ 21 ਫੀਸਦੀ ਵਸੋਂ ਨੂੰ ਖੇਤੀ ਤੋਂ ਕੱਢ ਕੇ ਹੋਰ ਰੁਜ਼ਗਾਰਾਂ 'ਤੇ ਵੀ ਲਾਇਆ ਜਾਵੇ ਤਾਂ ਉਸ ਨਾਲ ਖੇਤੀ ਉਪਜ 'ਤੇ ਕੋਈ ਫਰਕ ਨਹੀਂ ਪਵੇਗਾ ਪਰ ਪ੍ਰਾਂਤ ਦੀ ਵਸੋਂ ਦੀ ਸਮੁੱਚੀ ਆਮਦਨ ਵਿਚ ਵੱਡਾ ਵਾਧਾ ਹੋਵੇਗਾ। ਉਦਯੋਗੀਕਰਨ ਵਿਚ ਸੁਸਤੀ ਅਤੇ 7000 ਉਦਯੋਗਿਕ ਇਕਾਈਆਂ ਦਾ ਬੰਦ ਹੋਣਾ ਉਹ ਚੁਣੌਤੀ ਹੈ ਜਿਹੜੀ ਨਾ ਸਿਰਫ ਬੇਰੁਜ਼ਗਾਰੀ, ਸਗੋਂ ਖੇਤੀ ਤੇ ਵਸੋਂ ਦੇ ਭਾਰ ਨੂੰ ਬਦਲਾਉਣ ਦੇ ਨਾਲ ਵੀ ਜੁੜੀ ਹੋਈ ਹੈ। ਇਸ ਵਕਤ ਪੰਜਾਬ ਦੇ 15 ਲੱਖ ਨੌਜਵਾਨ ਪ੍ਰਤੱਖ ਬੇਰੁਜ਼ਗਾਰੀ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ।

ਕੇਰਲਾ ਤੋਂ ਬਾਅਦ ਪੰਜਾਬ ਹੀ ਅਜਿਹਾ ਪ੍ਰਾਂਤ ਹੈ, ਜਿਸ ਦੇ ਸਭ ਤੋਂ ਵੱਧ ਲੋਕ ਵਿਦੇਸ਼ਾਂ ਵਿਚ ਗਏ ਹਨ। ਪੰਜਾਬ ਤੋਂ ਬਹੁਤ ਸਾਰੇ ਵਿਦਿਆਰਥੀ, ਜਿਹੜੇ ਬਾਹਰ ਦਾਖਲੇ ਲੈ ਕੇ ਚਲੇ ਜਾਂਦੇ ਹਨ, ਉਹ ਬਾਅਦ ਵਿਚ ਉਨ੍ਹਾਂ ਹੀ ਦੇਸ਼ਾਂ ਵਿਚ ਪੱਕੇ ਤੌਰ 'ਤੇ ਵਸਣ ਦੀ ਕੋਸ਼ਿਸ਼ ਕਰਦੇ ਹਨ ਕਿਉਂਕਿ ਉਨ੍ਹਾਂ ਦੇਸ਼ਾਂ ਵਿਚ ਰੁਜ਼ਗਾਰ, ਸਮਾਜਕ ਸੁਰੱਖਿਆ ਅਤੇ ਮਨੁੱਖੀ ਅਧਿਕਾਰ ਉਨ੍ਹਾਂ ਨੂੰ ਆਪਣੇ ਵੱਲ ਖਿੱਚਦੇ ਹਨ। ਕੇਂਦਰ ਨੇ 1970ਵਿਆਂ ਵਿਚ ਵਿਦੇਸ਼ੀਆਂ ਲਈ ਇਕ ਵਿਭਾਗ 'ਫਾਰਨ ਅਸਾਈਨਮੈਂਟ ਸੈਕਸ਼ਨ' (ਵਿਦੇਸ਼ੀ ਪੇਸ਼ਿਆਂ ਲਈ ਵਿਭਾਗ) ਸਥਾਪਿਤ ਸੀ, ਜਿਹੜਾ ਵਿਦੇਸ਼ਾਂ ਵਿਚ ਜਾਣ ਵਾਲੇ ਵਿਅਕਤੀਆਂ ਦੀ ਅਗਵਾਈ ਕਰਦਾ ਸੀ। ਪੰਜਾਬ ਵਿਚ ਕਈ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚ ਟਰੈਵਲ ਏਜੰਟਾਂ ਨੇ ਪੰਜਾਬ ਦੇ ਲੋਕਾਂ ਕੋਲੋਂ ਵੱਡੀਆਂ ਰਕਮਾਂ ਲੈ ਕੇ ਬਾਅਦ ਵਿਚ ਉਨ੍ਹਾਂ ਨੂੰ ਕਿਸੇ ਪਾਸੇ ਨਹੀਂ ਲਾਇਆ। ਪੰਜਾਬ ਤੋਂ ਵੱਧ ਤੋਂ ਵੱਧ ਲੋਕਾਂ ਦੇ ਬਾਹਰ ਜਾਣ ਕਰਕੇ ਪੰਜਾਬ ਸਰਕਾਰ ਨੂੰ ਵਿਦੇਸ਼ੀਂ ਜਾਣ ਵਾਲੇ ਨੌਜਵਾਨਾਂ ਦੀ ਅਗਵਾਈ ਅਤੇ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।

ਦੇਸ਼ ਵਿਚ ਵਧ ਰਹੀ ਆਮਦਨ ਨਾ-ਬਰਾਬਰੀ ਦਾ ਪ੍ਰਭਾਵ ਪੰਜਾਬ 'ਤੇ ਵੀ ਉਸ ਤਰ੍ਹਾਂ ਹੀ ਹੈ, ਜਿਸ ਨਾਲ ਕਈ ਬੁਰਾਈਆਂ ਪੈਦਾ ਹੋ ਰਹੀਆਂ ਹਨ। ਸਭ ਤੋਂ ਵੱਡੀ ਬੁਰਾਈ ਹੈ ਬਾਲ ਮਜ਼ਦੂਰੀ। ਇਸ ਵਕਤ ਤਕਰੀਬਨ 3 ਲੱਖ ਬੱਚੇ ਮਜ਼ਦੂਰੀ ਕਰਨ ਲਈ ਮਜਬੂਰ ਹਨ। 14 ਸਾਲ ਦੀ ਉਮਰ ਤਕ ਭਾਵੇਂ ਮੁਫਤ ਅਤੇ ਲਾਜ਼ਮੀ ਵਿੱਦਿਆ ਦੀ ਵਿਵਸਥਾ ਹੈ ਪਰ 100 ਵਿਚੋਂ 26 ਬੱਚੇ 8ਵੀਂ ਜਮਾਤ ਤੋਂ ਪਹਿਲਾਂ ਹੀ ਸਕੂਲ ਛੱਡ ਦਿੰਦੇ ਹਨ ਜਾਂ ਸਕੂਲ ਜਾਂਦੇ ਹੀ ਨਹੀਂ। ਅਜਿਹੇ ਬੱਚੇ ਘਰਾਂ, ਢਾਬਿਆਂ, ਦੁਕਾਨਾਂ, ਖੇਤਾਂ ਵਿਚ ਮਜ਼ਦੂਰੀ ਕਰਨ ਲੱਗ ਜਾਂਦੇ ਹਨ। ਫਿਕਰ ਵਾਲੀ ਗੱਲ ਇਹ ਹੈ ਕਿ ਬਾਲ ਮਜ਼ਦੂਰਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ ਜਿਹੜਾ ਕਿਸੇ ਵੀ ਸਭਿਅਕ ਸਮਾਜ ਲਈ ਵੱਡੀ ਚੁਣੌਤੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਬਾਲਗਾਂ ਲਈ ਤਾਂ ਕਿਰਤ ਮਿਲਦੀ ਨਹੀਂ ਪਰ ਬੱਚਿਆਂ ਲਈ ਕਿਰਤ ਦੇ ਬਹੁਤ ਮੌਕੇ ਹਨ। ਇਸ ਸਮੱਸਿਆ ਦੀ ਜੜ੍ਹ ਆਮਦਨ ਦੀ ਨਾ-ਬਰਾਬਰੀ ਹੈ।

ਪੰਜਾਬ ਸਾਹਮਣੇ ਇਕ ਹੋਰ ਚੁਣੌਤੀ ਘਟਦੀ ਹੋਈ ਬਰਾਮਦ ਹੈ। ਕਿਸੇ ਵੇਲੇ ਪੰਜਾਬ ਤੋਂ ਨਾ ਸਿਰਫ ਖੇਤੀ ਸਗੋਂ ਵੱਡੀ ਮਾਤਰਾ ਵਿਚ ਉਦਯੋਗਿਕ ਵਸਤੂਆਂ ਜਿਵੇਂ ਸੂਤੀ ਅਤੇ ਗਰਮ ਕੱਪੜਾ, ਸਾਈਕਲ, ਇੰਜੀਨੀਅਰਿੰਗ ਵਸਤੂਆਂ ਆਦਿ ਬਾਹਰ ਜਾਂਦੀਆਂ ਸਨ। ਹੌਜ਼ਰੀ ਵਸਤੂਆਂ ਦੀ 90 ਫੀਸਦੀ ਬਰਾਮਦ ਇਕੱਲੇ ਲੁਧਿਆਣਾ ਸ਼ਹਿਰ ਤੋਂ ਹੀ ਹੁੰਦੀ ਹੈ, ਹੋਰ ਉਦਯੋਗਿਕ ਵਸਤੂਆਂ ਦੀ ਬਰਾਮਦ ਨਾ-ਮਾਤਰ ਹੀ ਹੈ।


ਖੇਤੀ ਵਸਤੂਆਂ, ਜਿਨ੍ਹਾਂ ਵਿਚ ਵੱਡੀ ਬਰਾਮਦ ਸਮਰੱਥਾ ਹੈ, ਉਨ੍ਹਾਂ ਵਿਚੋਂ ਸਿਰਫ ਬਾਸਮਤੀ ਹੀ ਉਹ ਫਸਲ ਹੈ, ਜਿਸ ਦੀ 2015 ਵਿਚ 20 ਹਜ਼ਾਰ ਕਰੋੜ ਰੁਪਏ ਦੀ ਬਰਾਮਦ ਹੋਈ। ਬਾਕੀ ਸਾਰੀਆਂ ਖੁਰਾਕ ਵਸਤੂਆਂ ਦੀ ਬਰਾਮਦ 300 ਕਰੋੜ ਰੁਪਏ ਦੇ ਬਰਾਬਰ ਸੀ।

ਅਸਲ ਵਿਚ ਬਾਸਮਤੀ ਦਰਿਆਵਾਂ ਦੇ ਕੰਢਿਆਂ 'ਤੇ ਬੀਜੀ ਜਾਣ ਵਾਲੀ ਫਸਲ ਹੈ। ਬਾਸਮਤੀ ਦੀ ਸਰਦਾਰੀ ਭਾਰਤ ਅਤੇ ਪਾਕਿਸਤਾਨ ਕੋਲ ਹੈ। ਭਾਰਤ ਤੋਂ ਬਰਾਮਦ ਹੋਣ ਵਾਲੀ ਬਾਸਮਤੀ ਵਿਚ ਪੰਜਾਬ ਦਾ ਹਿੱਸਾ 85 ਫੀਸਦੀ ਹੈ ਪਰ ਬਾਸਮਤੀ ਅਧੀਨ ਰਕਬਾ ਸਰਕਾਰ ਦੀ ਖਰੀਦ ਨੀਤੀ ਕਰਕੇ ਨਹੀਂ ਵਧ ਰਿਹਾ, ਜਦੋਂਕਿ ਝੋਨੇ ਦੀਆਂ ਹੋਰ ਫਸਲਾਂ ਅਧੀਨ ਰਕਬਾ ਖਰੀਦ ਨੀਤੀ ਦੇ ਅਨੁਕੂਲ ਹੋਣ ਕਰਕੇ ਵਧ ਰਿਹਾ ਹੈ।

ਪੰਜਾਬ ਦੀ ਸਾਖਰਤਾ ਦੀ ਦਰ 74 ਫੀਸਦੀ ਹੈ। ਸਰਕਾਰੀ ਸਕੂਲਾਂ ਅਤੇ ਪ੍ਰਾਂਤ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਵਿੱਦਿਆ ਪ੍ਰਾਈਵੇਟ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਕਿਤੇ ਸਸਤੀ ਹੈ। ਲੋੜ ਜਾਂ ਸਰਕਾਰ ਸਾਹਮਣੇ ਚੁਣੌਤੀ ਹੈ ਕਿ ਸਰਕਾਰੀ ਵਿੱਦਿਅਕ ਸੰਸਥਾਵਾਂ ਨੂੰ ਲੋਕਾਂ ਵਿਚ ਹਰਮਨ ਪਿਆਰਾ ਬਣਾ ਕੇ ਉਨ੍ਹਾਂ ਦਾ ਹਿੱਸਾ ਵਧਾਇਆ ਜਾਵੇ। ਅਜੇ ਵੀ 75 ਫੀਸਦੀ ਲੋਕ ਆਪਣੀ ਬਿਮਾਰੀ ਦੀ ਹਾਲਤ ਵਿਚ ਪ੍ਰਾਈਵੇਟ ਪ੍ਰੈਕਟੀਸ਼ਨਰਾਂ ਅਤੇ ਹਸਪਤਾਲਾਂ 'ਤੇ ਨਿਰਭਰ ਕਰਦੇ ਹਨ। ਜਾਂਚ ਲੈਬਾਰਟਰੀਆਂ ਪਿੰਡਾਂ ਅਤੇ ਛੋਟੇ ਸ਼ਹਿਰਾਂ ਵਿਚ ਖੋਲ੍ਹੀਆਂ ਜਾਣ। ਸਿਹਤ ਸੇਵਾਵਾਂ ਵਧਾਉਣ ਦੀ ਲੋੜ ਹੈ।

ਸਬਸਿਡੀਆਂ ਦਿੰਦੇ ਹੋਏ ਦੂਰ-ਅੰਦੇਸ਼ੀ ਨਾਲ ਉਨ੍ਹਾਂ ਦੇ ਪ੍ਰਭਾਵ ਨੂੰ ਵਾਚਣਾ ਵੀ ਓਨਾ ਹੀ ਜ਼ਰੂਰੀ ਹੈ। ਬਿਜਲੀ ਮੁਫਤ ਕਰਨ ਨਾਲ ਓਨੀ ਬਿਜਲੀ ਬਲਦੀ ਨਹੀਂ, ਜਿੰਨੀ ਜ਼ਾਇਆ ਜਾਂਦੀ ਹੈ। ਓਨਾ ਪਾਣੀ ਵਰਤਿਆ ਨਹੀਂ ਜਾਂਦਾ, ਜਿੰਨਾ ਜ਼ਾਇਆ ਜਾਂਦਾ ਹੈ। ਬਿਜਲੀ-ਪਾਣੀ ਵਰਤਣ ਵਾਲੇ ਨੂੰ ਇਹ ਅਹਿਸਾਸ ਜ਼ਰੂਰ ਹੋਣਾ ਚਾਹੀਦਾ ਹੈ ਕਿ ਇਸ ਦਾ ਜ਼ਾਇਆ ਜਾਣਾ ਨੁਕਸਾਨਦੇਹ ਅਤੇ ਸਮਾਜ 'ਤੇ ਭਾਰ ਹੈ। ਇਸ ਸਬਸਿਡੀ ਦੇ ਬਦਲ ਵਜੋਂ ਕਿਸਾਨਾਂ ਨੂੰ ਹੋਰ ਢੰਗ ਨਾਲ ਓਨੀ ਮਦਦ ਕੀਤੀ ਜਾ ਸਕਦੀ ਹੈ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਮੋਈ ਭੈਣ ਦਾ ਮੋਹ

"ਓ ਸੱਚ ਯਾਰ, ਤੈਂ ਮੇਰਾ ਮਾਮਾ ਦੇਖਿਆ ਈ ਹੋਇਆ ਐ ਨਾ?"

"ਆਹੋ?"

"… …।"

"… … ਹੈਲੋ!"

ਪੰਜਾਬ ਤੋਂ ਆਪਣੇ ਗੁਆਂਢੀ ਪਿੰਡੋਂ ਨਿੱਘੇ ਦੋਸਤ ਨੇ ਫੋਨ 'ਤੇ ਗੱਲਾਂ ਕਰਦਿਆਂ ਅਚਾਨਕ ਮੈਨੂੰ ਸਵਾਲ ਪੁੱਛਿਆ। ਪਤਾ ਨਹੀਂ ਮੇਰੀ 'ਆਹੋ' ਉਸ ਨੂੰ ਸੁਣੀ ਕਿ ਨਹੀਂ, ਕਿਉਂਕਿ ਫੋਨ ਕੱਟਿਆ ਗਿਆ ਸੀ। ਮੁੜ ਫੋਨ ਮਿਲਾਉਣ ਤੋਂ ਪਹਿਲਾਂ ਮੈਂ ਮੋਹਰੇ ਪਈ ਚਾਹ ਪੀਣੀ ਮੁਨਾਸਿਬ ਸਮਝੀ। ਚਾਹ ਪੀਂਦਿਆਂ ਮੈਂ ਆਪਣੇ ਦੋਸਤ ਦੇ ਮਾਮੇ ਬਾਰੇ ਸੋਚਣ ਲੱਗਾ ਕਿ ਵਿਚਾਰਾ ਬਜੁਰਗ ਰਾਜ਼ੀ-ਖੁਸ਼ੀ ਹੋਵੇ। 16-17 ਸਾਲ ਪਹਿਲਾਂ ਜਦੋਂ ਮੈਂ ਮਾਮੇ ਨੂੰ ਆਪਣੇ ਮਿੱਤਰ ਦੇ ਘਰੇ ਪਹਿਲੀ ਵਾਰ ਮਿਲਿਆ, ਉਹ ਉਦੋਂ ਕਾਫੀ ਬਿਰਧ ਹੋ ਚੁਕਾ ਸੀ। ਉਸ ਵੇਲੇ ਡੰਗੋਰੀ ਦੇ ਆਸਰੇ ਤੁਰਨ ਵਾਲਾ ਉਹ ਬਾਪੂ ਅੰਮ੍ਰਿਤਸਰ ਜ਼ਿਲ੍ਹੇ 'ਚ ਧੁਰ ਬਾਰਡਰ ਤੋਂ ਬੱਸਾਂ ਰਾਹੀਂ ਲੰਮਾ ਸਫਰ ਤੈਅ ਕਰਕੇ ਨਵਾਂਸ਼ਹਿਰ ਨਜ਼ਦੀਕ ਕਸਬਾ ਰਾਹੋਂ ਲਾਗੇ ਪਿੰਡ ਨੀਲੋਵਾਲ ਪਹੁੰਚਿਆ ਹੋਇਆ ਸੀ। ਦੋਹਤਿਆਂ-ਪੋਤਿਆਂ ਵਾਲੀ ਹੋ ਚੁਕੀ ਆਪਣੀ ਬਿਰਧ ਭੈਣ ਨੂੰ ਮਿਲਣ ਵਾਸਤੇ ਉਹ ਇੰਨੀ ਦੂਰੋਂ ਆਇਆ ਸੀ।

ਪੋਹ ਮਹੀਨੇ ਦੀ ਠੰਢੀ ਯੱਖ ਸਵੇਰ ਸੀ, ਚੁਫੇਰੇ ਪਈ ਕਹਿਰਾਂ ਦੀ ਧੁੰਦ ਵਿਚ ਮੈਂ ਸਵਖਤੇ ਹੀ ਦੋਸਤ ਦੇ ਘਰ ਕਿਸੇ ਕੰਮ ਗਿਆ ਸਾਂ। ਮਿੱਤਰ ਦਾ ਪਿਤਾ ਅਤੇ ਮਾਮਾ ਰਜਾਈਆਂ ਵਿਚ ਮੋਘੜ ਮਾਰੀ ਬੈਠੇ ਆਪਸ ਵਿਚ ਨੋਕ-ਝੋਕ ਕਰ ਰਹੇ ਸਨ। ਮੈਨੂੰ ਯਾਦ ਹੈ, ਮਾਮਾ ਮਝੈਲਾਂ ਦੀ ਵਡਿਆਈ ਅਤੇ ਦੁਆਬੀਆਂ ਦੀ ਭੰਡੀ ਕਰਦਿਆਂ ਕਹਿ ਰਿਹਾ ਸੀ, "ਅਹੀਂ ਭਾਵੇਂ ਖਾਲਮ-ਖਾਲੀ ਵੀ ਹੋਈਏ ਤਾਂ ਖੁਸ਼ ਰਹਿੰਨੇ ਆਂ, ਦੁਆਬੀਏ ਰੱਜੇ ਹੋਏ ਵੀ ਰਊਂ ਰਊਂ ਕਰਦੇ ਰਹਿੰਦੇ ਨੇ।"

"ਲੈ ਖ੍ਹਾਂ ਵੀਰ ਚਾਹ ਹੋਰ ਪੀ ਲੈ।" ਇਕ ਹੱਥ 'ਚ ਡੰਗੋਰੀ ਤੇ ਦੂਜੇ ਹੱਥ ਵਿਚ ਪਿੱਤਲ ਦਾ ਗਲਾਸ ਫੜੀ ਪਾਲੇ ਵਿਚ ਠੁਰ ਠੁਰ ਕਰਦੀ ਦੋਸਤ ਦੀ ਬੇਬੇ ਆਪਣੇ ਭਰਾ ਨੂੰ ਚਾਹ ਫੜਾਉਂਦਿਆਂ ਬੋਲੀ। ਚਾਹ ਦਾ ਇੱਕੋ ਘੁੱਟ ਭਰ ਕੇ ਗੁੱਸੇ ਹੋਏ ਮਾਮੇ ਨੇ ਗਲਾਸ ਮੇਜ 'ਤੇ 'ਠੱਕ' ਦੇ ਕੇ ਰੱਖ ਦਿੱਤਾ। ਮੁੱਛਾਂ 'ਤੇ ਹੱਥ ਫੇਰਦਿਆਂ 'ਮਝੈਲੀ ਸਟਾਈਲ' ਗੜ੍ਹਕੇ ਨਾਲ ਮਾਮਾ ਆਪਣੀ ਕੰਨੋਂ ਬੋਲੀ ਭੈਣ ਨੂੰ ਕਹਿੰਦਾ, "ਤੈਥੋਂ 'ਰਮਾਨ ਨਾਲ ਬਹਿਆ ਨਈਂ ਜਾਂਦਾ…ਠੰਢੀ ਚਾਹ ਚੁੱਕੀ ਫਿਰਦੀ ਏਂ? ਚੰਗਾ ਭਲਾ ਨੂੰਹਾਂ ਕੰਮਕਾਰ ਕਰਨ ਡਹੀਆਂ ਵਾਂ…ਬੁੱਢੜੀ ਐਵੇਂ ਘੁੰਮੀ ਫਿਰੀ ਜਾਣ ਡਹੀਏ! ਏਸ ਉਮਰੇ ਡਿਗ ਪਈ ਤੇ ਚੁੱਕਣਾ ਵੀ ਨਹੀਂ ਕਿਹੇ ਤੈਨੂੰ?"

ਦੋਸਤ ਨਾਲ ਪਰਿਵਾਰਕ ਸਾਂਝ ਵਰਗੀ ਨੇੜਤਾ ਹੋਣ ਕਰਕੇ ਬਾਅਦ ਵਿਚ ਮੈਨੂੰ ਮਾਮੇ ਬਾਰੇ ਇਹ ਵੀ ਪਤਾ ਲੱਗਾ ਸੀ ਕਿ ਪੋਹ ਮਹੀਨੇ ਵਾਲੀ ਉਕਤ ਗੇੜੀ ਮੌਕੇ ਆਪਣੀ ਬਿਰਧ ਭੈਣ ਨੂੰ ਡਿਗਣੋਂ ਬਚਣ ਲਈ ਨਸੀਹਤ ਦੇਣ ਵਾਲਾ ਬਜੁਰਗ ਕੁਝ ਚਿਰ ਪਿੱਛੋਂ ਖੁਦ ਆਪਣੇ ਪਿੰਡ ਦੇ ਗੁਰਦੁਆਰੇ ਸਵੇਰੇ-ਸ਼ਾਮ ਹਾਜ਼ਰੀ ਭਰਨ ਮੌਕੇ ਫਰਸ਼ ਤੋਂ ਤਿਲ੍ਹਕ ਕੇ ਸੱਟ ਲਵਾ ਬੈਠਾ ਸੀ। ਰੇਲਵੇ ਪੁਲਿਸ ਦਾ ਸਾਬਕਾ ਮੁਲਾਜ਼ਮ ਹੋਣ ਕਰਕੇ ਇਸ ਪੈਨਸ਼ਨੀਏ ਬਾਪੂ ਦਾ ਇਲਾਜ ਉਸ ਦੇ ਪਰਿਵਾਰ ਨੇ ਚੰਗੇ ਹਸਪਤਾਲ ਵਿਚ ਕਰਵਾਇਆ। ਉਹ ਅੱਸੀ ਕੁ ਸਾਲ ਦੀ ਉਮਰ ਵਿਚ ਚੜ੍ਹਾਈ ਕਰ ਗਈ ਆਪਣੀ ਭੈਣ ਦੇ ਭੋਗ ਮੌਕੇ ਕਮਰ ਦਰਦ ਹੋਣ ਦੇ ਬਾਵਜੂਦ ਨੀਲੋਵਾਲ ਆਇਆ ਸੀ।

ਫਟਾਫਟ ਆਪਣੀ ਚਾਹ ਮੁਕਾ ਕੇ ਮੈਂ ਆਪਣੇ ਦੋਸਤ ਨੂੰ ਫੋਨ ਲਾਇਆ, "ਸੌਰੀ ਯਾਰ, ਫੋਨ ਕੱਟਿਆ ਗਿਆ ਸੀ…ਹੁਣ ਦੱਸ, ਤੂੰ ਮਾਮੇ ਬਾਰੇ ਕੋਈ ਗੱਲ ਕਰਨ ਲੱਗਾ ਸੈਂ? ਉਹ ਰਾਜ਼ੀ-ਖੁਸ਼ੀ ਤਾਂ ਹੈ ਨਾ?" ਮੇਰੀ ਫਿਕਰ ਵਾਲੀ ਉਕਸੁਕਤਾ ਦੋਸਤ ਨੇ ਹੱਸ ਕੇ ਉਡਾ ਦਿੱਤੀ, "ਮਾਮਾ ਪੂਰਾ ਕਾਇਮ ਐ…ਕੱਲ੍ਹ ਦਾ ਸਾਨੂੰ ਮਿਲਣ ਆਇਆ ਹੋਇਆ ਐ ਇੱਥੇ।"

ਲੱਕ ਦਾ ਮਣਕਾ ਹਿੱਲੇ ਦੀ ਤਕਲੀਫ ਤੋਂ ਪੀੜਤ 95 ਸਾਲ ਦਾ ਮਾਮਾ 13-14 ਸਾਲ ਪਹਿਲਾਂ ਅਕਾਲ ਚਲਾਣਾ ਕਰ ਗਈ ਭੈਣ ਦੇ ਘਰੇ ਦੋਹਤਿਆਂ-ਪੋਤਰਿਆਂ ਵਾਲੇ ਆਪਣੇ ਭਾਣਜੇ ਨੂੰ ਮਿਲਣ ਵਾਸਤੇ, ਇਤਫਾਕੀਆ ਪੋਹ ਮਹੀਨੇ ਦੀ ਹੀ ਕੜਾਕੇ ਦੀ ਠੰਢ ਵਿਚ ਧੁਰ ਬਾਰਡਰ ਦੇ ਨਾਲ ਪੈਂਦੇ ਪਿੰਡ ਰਾਏਪੁਰ ਤੋਂ ਬੱਸਾਂ ਬਦਲ ਬਦਲ ਕੇ, ਜ਼ਿਲ੍ਹਾ ਨਵਾਂਸ਼ਹਿਰ ਦੇ ਬੇਟ ਏਰੀਏ ਵਿਚ ਪਿੰਡ ਨੀਲੋਵਾਲ ਤੱਕ ਕਿਵੇਂ ਔਖਾ ਹੋ ਕੇ ਪਹੁੰਚਿਆ ਹੋਵੇਗਾ? ਜ਼ਰਾ ਸੋਚੋ!

ਦਿਲੋਂ ਮੋਹ ਕਰਦੇ ਆਪਣੇ ਪੋਤਰੇ-ਪੋਤਰੀਆਂ ਵਾਲੇ ਭਰੇ-ਭਕੁੰਨੇ ਪਰਿਵਾਰ ਵਿਚ ਸੁੱਖ-ਅਰਾਮ ਨਾਲ ਉਮਰ ਦੇ ਆਖਰੀ ਵਰ੍ਹੇ ਗੁਜ਼ਾਰ ਰਹੇ ਬਾਪੂ ਬੀਰ ਸਿੰਘ ਨੂੰ ਖੌਰੇ ਆਪਣੀ ਵਿਛੜ ਚੁਕੀ ਭੈਣ ਦਾ ਕੋਈ ਸੁਪਨਾ ਵਗੈਰਾ ਆਇਆ ਹੋਵੇਗਾ ਜਾਂ ਵੈਸੇ ਹੀ ਉਸ ਨੂੰ ਮੋਈ ਭੈਣ ਦਾ ਮੋਹ ਜਾਗਿਆ ਹੋਊ! ਲੱਕ ਵਾਲੀ ਤਕਲੀਫ ਤੋਂ ਡਰਦਿਆਂ ਪਹਿਲਾਂ ਉਸ ਨੇ ਬੱਸ ਦੇ ਸਫਰ ਦਾ 'ਤਜਰਬਾ' ਕਰਨ ਦੀ ਸੋਚੀ।

ਇਕ ਦਿਨ ਵੈਸੇ ਹੀ ਉਹ ਆਪਣੇ ਪਿੰਡ ਰਾਏਪੁਰ ਤੋਂ ਅਜਨਾਲੇ ਨੂੰ ਬੱਸ 'ਤੇ ਬਹਿ ਕੇ ਗਿਆ ਅਤੇ ਵਾਪਸ ਮੁੜ ਗਿਆ। ਇਕੱਲਿਆਂ ਬੱਸ 'ਚ ਸਫਰ ਕਰਨ ਦਾ ਤਜਰਬਾ ਬਿਲਕੁਲ ਸਫਲ ਰਿਹਾ ਦੇਖ ਕੇ ਉਹ ਹੌਂਸਲੇ 'ਚ ਹੋ ਗਿਆ। ਬਸ ਫਿਰ ਦੋ ਕੁ ਦਿਨਾਂ ਬਾਅਦ ਹੀ ਮਾਮੇ ਨੇ ਚੁੱਕ ਲਿਆ ਖੂੰਡਾ ਤੇ ਚੜ੍ਹ ਗਿਆ ਬੱਸੇ! ਰਾਏਪੁਰ ਤੋਂ ਅਜਨਾਲਾ, ਅਜਨਾਲੇ ਤੋਂ ਸ੍ਰੀ ਅੰਮ੍ਰਿਤਸਰ, ਉਥੋਂ ਜਲੰਧਰ, ਜਲੰਧਰ ਤੋਂ ਨਵਾਂਸ਼ਹਿਰ ਅਤੇ ਨਵਾਂਸ਼ਹਿਰ ਤੋਂ ਖੰਨਾ ਵਾਇਆ ਰਾਹੋਂ-ਬੱਸਾਂ ਬਦਲ ਬਦਲ ਕੇ ਸਫਰ ਮੁਕਾਉਂਦਾ ਗਿਆ।

ਰਾਹੋਂ ਤਕ ਤਾਂ ਉਸ ਦੀ ਯਾਤਰਾ ਸਹੀ ਸਲਾਮਤ ਰਹੀ ਪਰ ਅੱਗੇ ਜਾ ਕੇ ਬੁਢਾਪੇ ਨੇ ਆਪਣਾ ਰੰਗ ਵਿਖਾ ਹੀ ਦਿੱਤਾ। ਰਾਹੋਂ ਟੱਪ ਕੇ ਮਾਛੀਵਾੜਾ ਰੋਡ 'ਤੇ ਤਿੰਨ ਕੁ ਮੀਲ ਅੱਗੇ ਉਸ ਨੇ ਨੀਲੋਵਾਲ ਦੇ ਪੁਲ ਉਤੇ ਉਤਰਨਾ ਸੀ ਪਰ 10-12 ਮੀਲ ਅੱਗੇ ਜਾ ਕੇ ਉਸ ਨੇ ਦੇਖਿਆ ਕਿ ਬੱਸ ਤਾਂ ਦਰਿਆ ਸਤਲੁਜ ਦੇ ਪੁਲ ਤੋਂ ਲੰਘ ਰਹੀ ਹੈ। ਦਰਿਆਉਂ ਪਾਰ ਜਾ ਕੇ ਉਹ ਘੁਮਾਣੇ ਅੱਡੇ 'ਤੇ ਬੱਸ ਤੋਂ ਉਤਰ ਆਇਆ। ਦੂਜੇ ਪਾਸਿਉਂ ਖੰਨੇ ਤੋਂ ਨਵਾਂਸ਼ਹਿਰ ਵਾਲੀ ਬੱਸ ਫੜ ਕੇ ਉਹ ਨੀਲੋਵਾਲ ਦੇ ਪੁਲ 'ਤੇ ਆ ਪਹੁੰਚਿਆ। ਇਥੋਂ ਚਾਰ ਕੁ ਮੀਲ ਪੈਦਲ ਮਾਰਚ ਕਰਦਾ ਉਹ ਆਪਣੀ ਭੈਣ ਦੇ ਵਿਹੜੇ ਆ ਵੜਿਆ।

ਆਉਂਦੇ ਹੀ ਭਾਣਜੇ ਵਲੋਂ ਬਣਾਏ ਹੋਏ ਨਵੇਂ ਮਕਾਨਾਂ ਨੂੰ ਨਿਹਾਰਦਿਆਂ ਵੈਰਾਗ ਭਰੀਆਂ ਅੱਖਾਂ ਨਾਲ ਆਪਣੇ ਭੈਣ-ਭਣੋਈਏ ਦੇ ਕੱਚੇ ਕੋਠਿਆਂ ਦੀ ਨਿਸ਼ਾਨਦੇਹੀ ਕਰਨੀ ਸ਼ੁਰੂ ਕਰ ਦਿੱਤੀ, "ਐਥੇ ਕੁ ਮੇਰੀ ਭੈਣ ਦਾ ਚੁੱਲ੍ਹਾ-ਚੌਂਕਾ ਹੁੰਦਾ ਸੀ, ਓਥੇ ਪਸ਼ੂਆਂ ਦਾ ਕੋਠਾ ਹੁੰਦਾ ਸੀ।" ਫਿਰ ਆਪਣੀ ਭਾਣਜ-ਨੂੰਹ ਤੇ ਉਸ ਦੀਆਂ ਨੂੰਹਾਂ ਨੂੰ ਮੁਤਾਖਬ ਹੋ ਕੇ ਕਹਿੰਦਾ, "ਸੁਣੋ ਭਾਈ ਕੁੜੀਓ, ਮੇਰੀ ਭੈਣ ਇਸ ਰੁੱਤੇ ਮੈਨੂੰ ਆਏ ਨੂੰ ਗੰਦਲਾਂ ਦਾ ਸਾਗ ਤੇ ਮੱਕੀ ਦੀ ਰੋਟੀ ਖੁਆਉਂਦੀ ਹੁੰਦੀ ਸੀ।" ਐਨਕਾਂ ਲਾਹ ਕੇ ਅੱਖਾਂ ਪੂੰਝਦਿਆਂ ਭਰੇ ਗਲੇ ਨਾਲ ਬੋਲਿਆ, "ਮੇਰੀ ਪੋਤ ਨੂੰਹ ਤੇ ਪੋਤਰੇ ਮੇਰੀ ਬਥੇਰੀ ਸੇਵਾ ਕਰਦੇ ਨੇ, ਪਰ ਮੈਂ ਤਾਂ ਬੀਬਾ ਇਥੇ ਆਪਣੀ ਭੈਣ ਦੇ ਘਰ ਉਹੋ ਸਾਗ-ਰੋਟੀ ਛਕਣ ਆਇਆ ਵਾਂ…।"

ਚਿਰ ਵਿਛੁੰਨੀ ਅੰਮਾ ਜਾਈ ਦੀ ਪਰਿਵਾਰਕ ਫੁਲਵਾੜੀ ਵਿਚ ਚਾਰ ਦਿਨ ਬਿਤਾ ਕੇ ਮਾਮੇ ਨੇ ਵਾਪਸੀ ਦੀ ਤਿਆਰੀ ਖਿੱਚ ਲਈ। ਪੜ੍ਹਨ ਦਾ ਸ਼ੌਕੀ ਹੋਣ ਸਦਕਾ ਉਸ ਨੇ ਗੁਣੀ ਗਿਆਨੀ ਭਾਣਜੇ ਕੋਲੋਂ ਨਾਲ ਲਿਜਾਣ ਲਈ ਗੁਰਬਾਣੀ ਦੇ ਟੀਕੇ ਵਾਲੀ ਪੋਥੀ ਲੈ ਲਈ। ਭਾਣਜੇ ਤੇ ਉਸ ਦੇ ਮੁੰਡਿਆਂ ਨੇ ਬੜਾ ਜ਼ੋਰ ਲਾਇਆ ਕਿ 'ਅਸੀਂ ਤੈਨੂੰ ਛੱਡ ਆਉਂਦੇ ਹਾਂ' ਪਰ ਸਿਰੜੀ ਤੇ ਹਠੀ ਮਾਮਾ ਜਿਵੇਂ ਬੱਸ 'ਚ ਆਇਆ ਸੀ, ਉਵੇਂ ਹੀ ਵਾਪਸ ਗਿਆ।

ਭਰਾਵਾਂ ਦੇ ਆਪਣੀਆਂ ਭੈਣਾਂ ਪ੍ਰਤੀ ਅਕਸਰ ਦੇਖੇ-ਸੁਣੇ ਜਾਂਦੇ ਮੋਹ-ਵਿਹੂਣੇ ਮਿਲਣ ਵਰਤਾਉ ਜਾਂ ਬੇਰੁਖੀ, ਪਰ ਇਸ ਦੇ ਉਲਟ ਭੈਣਾਂ ਦੇ ਆਪਣੇ ਭਰਾਵਾਂ ਲਈ ਅੰਤਾਂ ਦੇ ਮੋਹ-ਪਿਆਰ ਬਾਰੇ ਚਰਚਾ ਕਰਦਿਆਂ ਇਕ ਵਾਰ ਪ੍ਰਸਿਧ ਪੱਤਰਕਾਰ ਜਤਿੰਦਰ ਪੰਨੂ ਨੇ ਕਿਹਾ ਸੀ ਕਿ 'ਵੀਰਪਾਲ ਕੌਰ' ਨਾਂ ਵਾਲੀਆਂ ਸੈਂਕੜੇ ਹਜ਼ਾਰਾਂ ਕੁੜੀਆਂ ਹੋਣਗੀਆਂ ਪਰ 'ਭੈਣਪਾਲ ਸਿੰਘ' ਨਾਂ ਵਾਲਾ ਇਕ ਮੁੰਡਾ ਵੀ ਨਹੀਂ ਹੋਵੇਗਾ। ਮੇਰਾ ਖਿਆਲ ਹੈ, ਇਸ ਲੇਖ ਵਿਚਲੇ ਮਝੈਲ ਮਾਮੇ ਬੀਰ ਸਿੰਘ ਨੂੰ ਜੇ 'ਭੈਣਪਾਲ ਸਿੰਘ' ਨਹੀਂ ਵੀ ਕਿਹਾ ਜਾ ਸਕਦਾ ਤਾਂ ਉਹ 'ਭੈਣ-ਬੀਰ ਸਿੰਘ' ਕਹਾਉਣ ਦਾ ਹੱਕਦਾਰ ਤਾਂ ਹੈਗਾ ਈ ਐ ਨਾ!

# ਟੁੱਟਦੇ, ਭੱਜਦੇ ਅਤੇ ਮੁੱਕਦੇ ਜਾਂਦੇ ਰਿਸ਼ਤੇ

ਸੁਖਨਿੰਦਰ ਕੌਰ
ਫੋਨ: 707-419-6040

ਕੋਈ ਸਮਾਂ ਸੀ ਜਦੋਂ ਬਹੁਤੇ ਸਾਂਝੇ ਪਰਿਵਾਰ ਹੀ ਹੋਇਆ ਕਰਦੇ ਸਨ। ਉਹ ਵੀ ਸਮਾਂ ਸੀ ਜਦ ਕਿਸੇ ਇਕ ਰਿਸ਼ਤੇ ਦੀ ਊਣ ਵੀ ਹੁੰਦੀ ਤਾਂ ਆਦਮੀ ਬੁਝਿਆ ਜਿਹਾ ਮਹਿਸੂਸ ਕਰਦਾ ਅਤੇ ਉਸ ਰਿਸ਼ਤੇ ਦੀ ਭਰਪਾਈ ਉਹ ਖੱਬਿਉਂ, ਸੱਜਿਉਂ ਸਮਾਜ ਵਿਚੋਂ ਕਰਨ ਦੀ ਕੋਸ਼ਿਸ਼ ਕਰਦਾ। ਸਾਂਝੇ ਪਰਿਵਾਰਾਂ ਵਿਚ ਇਕ ਸੁਆਣੀ ਨੇ ਸਾਰੇ ਘਰ ਦੇ ਜੀਆਂ ਦੇ ਕੱਪੜੇ ਧੋਣੇ, ਸਾਰੇ ਨਿਆਣਿਆਂ ਨੂੰ ਨੁਹਾਉਣਾ-ਧੁਆਉਣਾ ਤੇ ਉਨ੍ਹਾਂ ਦੇ ਸਿਰ ਵਾਹੁਣੇ। ਦੂਜੀ ਨੇ ਚੌਂਕਾ-ਚੁੱਲ੍ਹਾ ਸੰਭਾਲਣਾ, ਰੋਟੀ-ਟੁੱਕ ਕਰਨਾ, ਭਾਵ ਦਾਲ-ਸਬਜ਼ੀ ਦੇ ਨਾਲ ਦੋ-ਚਾਰ ਕਿਲੋ ਆਟਾ ਪਕਾਉਣਾ। ਘਰ ਦੀ ਮੁਖੀ ਨੇ ਘਰ ਦੇ ਬਾਹਰ ਅੰਦਰ ਦੇ ਕੰਮ ਕਰਨੇ, ਜਿਵੇਂ ਰਿਸ਼ਤੇਦਾਰੀਆਂ ਅਤੇ ਆਂਢ-ਗੁਆਂਢ ਦੇ ਦੁਖ-ਸੁਖ ਵਿਚ ਸ਼ਰੀਕ ਹੋਣਾ।

ਇਸੇ ਤਰ੍ਹਾਂ ਮਰਦਾਂ ਵਿਚੋਂ ਵੀ ਘਰ ਦੇ ਮੋਢੀ ਨੇ ਘਰ ਦੇ ਖਰਚ ਤੇ ਆਮਦਨ ਦਾ ਹਿਸਾਬ-ਕਿਤਾਬ, ਖਰੀਦੋ-ਫਰੋਖਤ ਤੇ ਬਾਹਰ-ਅੰਦਰ ਦੇ ਕੰਮ-ਕਾਜ ਕਰਨੇ ਅਤੇ ਬਾਕੀ ਮਰਦਾਂ ਨੇ ਇਕ ਦੂਜੇ ਦੇ ਪੂਰਕ ਹੁੰਦਿਆਂ ਹਰ ਤਰ੍ਹਾਂ ਦੇ ਆਮਦਨ ਦੇ ਵਸੀਲਿਆਂ ਲਈ ਜੁਟ ਜਾਣਾ। ਆਪੋ-ਆਪਣੀਆਂ ਜਿੰਮੇਵਾਰੀਆਂ 'ਤੇ ਕਦੇ ਇਕ ਦੂਜੇ ਨਾਲ ਕਿੰਤੂ-ਪ੍ਰੰਤੂ ਘੱਟ ਹੀ ਹੁੰਦਾ। ਘਰ ਦੇ ਸਾਰੇ ਜੀਅ ਇਕੱਠੇ ਰਹਿਣ ਨਾਲ ਘਰ ਭਰਿਆ-ਭਰਿਆ ਲੱਗਦਾ। ਰਿਸ਼ਤਿਆਂ ਵਿਚ ਅਪਣੱਤ ਸੀ। ਚਾਚੇ-ਤਾਏ ਦੇ ਬੱਚਿਆਂ ਵਿਚ ਸਕੇ ਭੈਣ-ਭਰਾਵਾਂ ਵਾਲਾ ਮੋਹ ਹੁੰਦਾ। ਘਰ ਦੇ ਬਜੁਰਗ ਨੂੰ ਛੱਡ ਕੇ ਪਿੰਡ ਦਾ ਬਜੁਰਗ ਜਾਂ ਕਿਸੇ ਸੰਸਥਾ ਦਾ ਬਜੁਰਗ ਵੀ ਜੁਆਨਾਂ ਨੂੰ ਸੇਧ ਦੇ ਸਕਦਾ ਸੀ। ਬੱਚਿਆਂ ਵਿਚ ਬਜੁਰਗਾਂ ਦਾ ਨਿਰਮਲ ਭੈਅ ਹੁੰਦਾ। ਭੈਣਾਂ ਦੇ ਬੱਚਿਆਂ ਦਾ ਮਾਮੇ-ਮਾਮੀਆਂ ਨਾਲ ਆਪਣੇ ਮਾਪਿਆਂ ਤੋਂ ਵੀ ਵੱਧ ਮੋਹ ਹੁੰਦਾ। ਬੱਚੇ ਵੀ ਉਨ੍ਹਾਂ ਦਾ ਡਰ ਮੰਨਦੇ ਪਰ ਅੱਜ ਮਨੁੱਖਤਾ ਟੁਕੜਿਆਂ ਵਿਚ ਵੰਡੀ ਗਈ ਹੈ। ਆਪਣੇ ਘਰ ਵਿਚ ਹੀ ਭੈਣ-ਭਰਾਵਾਂ ਦੇ ਬੱਚਿਆਂ ਨਾਲੋਂ ਆਪਣੇ ਬੱਚਿਆਂ ਦੇ ਅੱਗੇ ਨਿਕਲ ਜਾਣ ਦੀ ਬਿਰਤੀ ਹਰ ਸ਼ਖਸ 'ਤੇ ਭਾਰੂ ਹੈ। ਕਿਸੇ ਬੱਚੇ ਦੀ ਪ੍ਰਾਪਤੀ ਸਾਰੇ ਪਿੰਡ ਦਾ ਮਾਣ ਹੁੰਦਾ ਸੀ। ਉਹ ਮਾਣ ਹੁਣ ਉਸ ਦੇ ਆਪਣੇ ਘਰ ਦੇ ਅੰਦਰ ਹੀ ਸਿਮਟ ਕੇ ਰਹਿ ਗਿਆ ਹੈ। ਆਪਣਿਆਂ ਹੱਥੋਂ ਆਪਣਿਆਂ ਦਾ ਚੀਰ-ਹਰਨ ਹੁਣ ਕੋਈ ਬਹੁਤੀ ਅਲੋਕਾਰ ਗੱਲ ਨਹੀਂ ਰਹਿ ਗਈ। ਸਮਾਜਕ ਵੰਡਾਂ ਦੇ ਨਾਲ-ਨਾਲ ਸਿਆਸੀ ਵੰਡਾਂ ਨੇ ਵੀ ਪਰਿਵਾਰਾਂ ਦੀ ਪਾਕੀਜ਼ਗੀ ਨੂੰ ਲੀਰੋ-ਲੀਰ ਕਰ ਦਿੱਤਾ ਹੈ।

ਕਦੇ ਨੂੰਹ-ਸੱਸ ਦੇ ਰਿਸ਼ਤੇ ਵਿਚ ਮਾਂਵਾਂ-ਧੀਆਂ ਵਾਲਾ ਨਿੱਘ ਹੁੰਦਾ ਸੀ। ਕੁੜੀ ਦਾ ਵਿਆਹ 17-18 ਸਾਲ ਦੀ ਉਮਰੇ ਕਰ ਦਿੱਤਾ ਜਾਂਦਾ ਸੀ। ਨਿਆਣੀ ਉਮਰੇ ਉਹ ਸਹੁਰੇ ਘਰ ਵਿਚ ਇੰਨੀ ਕੁ ਲੁਪਤ ਹੋ ਜਾਂਦੀ ਕਿ ਉਸ ਨੂੰ ਸੱਸ ਵਿਚੋਂ ਆਪਣੀ ਮਾਂ ਦਾ ਚਿਹਰਾ ਦਿਸਦਾ। ਘਰ ਦੇ ਨਿੱਕੇ ਵੱਡੇ ਭੈਣ-ਭਰਾਵਾਂ ਨਾਲ ਉਹ ਆਪਣੇ ਭੈਣ-ਭਰਾਵਾਂ ਵਾਂਗ ਹੀ ਵਿਚਰਦੀ। ਸੱਸ ਦਾ ਬੁਰਾ-ਭਲਾ ਕਿਹਾ ਉਸ ਨੂੰ ਬਹੁਤਾ ਨਾ ਅੱਖੜਦਾ। ਪੇਕੇ ਘਰ ਦੀਆਂ ਸਭ ਰਹੁ-ਰੀਤਾਂ, ਰਹਿਣ-ਸਹਿਣ, ਚੱਜ-ਅਚਾਰ (ਕਿਉਂਕਿ ਹਰ ਘਰ ਦਾ ਸਮਾਜਕ ਤਾਣਾ-ਬਾਣਾ, ਰਹਿਣ-ਸਹਿਣ, ਸਮਾਜਕ ਕਦਰਾਂ-ਕੀਮਤਾਂ ਵੱਖੋ-ਵੱਖ ਹੁੰਦਾ ਹੈ) ਛੱਡ ਕੇ ਉਹ ਸਹੁਰੇ ਘਰ ਦੀਆਂ ਲੀਹਾਂ 'ਤੇ ਚੱਲਦੀ। ਇਸ ਤਰ੍ਹਾਂ ਉਸ ਘਰ ਦੇ ਰੀਤੀ-ਰਿਵਾਜ, ਸਮਾਜਕ ਕਦਰਾਂ-ਕੀਮਤਾਂ ਅਤੇ ਉਸ ਪਰਿਵਾਰ ਦਾ ਸਭਿਆਚਾਰ ਅੱਗੇ ਤੋਂ ਅੱਗੇ ਚਲਦਾ ਰਹਿੰਦਾ ਪਰ ਅੱਜ ਬਹੁਤ ਘੱਟ ਨੂੰਹਾਂ ਹਨ, ਜੋ ਸੱਸ ਨੂੰ ਆਪਣੀ ਮਾਂ ਵਾਂਗ ਸਮਝਣ। ਜਿਹੜੀ ਸੱਸ ਕਦੇ ਘਰ ਦੇ ਰੀਤੀ-ਰਿਵਾਜ, ਰਹਿਣ-ਸਹਿਣ, ਸਮਾਜਕ ਤਾਣਾ-ਬਾਣਾ ਘਰ ਵਿਚ ਆਈ ਨੂੰਹ ਨੂੰ ਸਿੱਖਾਉਂਦੀ ਸੀ, ਅੱਜ ਉਸ ਨੂੰ ਆਪਣੀ ਨੂੰਹ ਦੇ ਰੀਤੀ-ਰਿਵਾਜ, ਰਹਿਣ-ਸਹਿਣ, ਵਰਤੋਂ-ਵਿਹਾਰ ਅਤੇ ਉਸ ਦੇ ਸੰਸਕਾਰਾਂ ਮੁਤਾਬਕ ਚਲਣਾ ਪੈ ਰਿਹਾ ਹੈ, ਜੋ ਉਸ ਨੂੰ ਵੀ ਬਹੁਤ ਔਖਾ ਲੱਗਦਾ ਹੈ ਅਤੇ ਕਦੇ ਨਾ ਕਦੇ ਉਸ ਦੇ ਮਨ ਵਿਚ ਆ ਜਾਂਦਾ ਹੈ ਕਿ ਮੈਂ ਤਾਂ ਘਰ ਦੀ ਮਾਲਕ ਹਾਂ। ਸੋ ਇਸ ਤਰ੍ਹਾਂ ਇਹ ਪਾੜਾ ਦੋਹਾਂ ਵਿਚ ਦੂਰੀਆਂ ਪੈਦਾ ਕਰ ਰਿਹਾ ਹੈ।



ਬਹੁਤ ਥਾਂਈਂ ਮਾਤਾ-ਪਿਤਾ ਆਪਣੇ ਹੀ ਘਰਾਂ ਵਿਚ ਪਰਾਏ ਹੋ ਰਹੇ ਹਨ। ਸਤਿਕਾਰ ਦੀ ਥਾਂ ਦੁਰਕਾਰ ਉਨ੍ਹਾਂ ਦੇ ਮੱਥੇ ਮੜ੍ਹ ਦਿੱਤੀ ਜਾਂਦੀ ਹੈ। ਦਾਦਾ-ਦਾਦੀ ਨੂੰ ਓਨਾ ਚਿਰ ਨਾਲ ਰੱਖਿਆ ਜਾਂਦਾ ਹੈ, ਜਦੋਂ ਤਕ ਬੱਚੇ ਉਡਾਰੂ ਨਹੀਂ ਹੁੰਦੇ। ਬਾਅਦ ਵਿਚ ਕਿਹਾ ਜਾਂਦਾ ਹੈ ਕਿ ਬੱਚਿਆਂ ਦੀਆਂ ਆਦਤਾਂ ਖਰਾਬ ਹੁੰਦੀਆਂ ਹਨ। ਉਂਜ ਤਾਂ ਬੱਚੇ ਆਪ ਹੀ ਬਜੁਰਗਾਂ ਤੋਂ ਭੱਜਣ ਲੱਗ ਪੈਂਦੇ ਹਨ। ਭੂਆ, ਮਾਸੀਆਂ, ਚਾਚੇ, ਮਾਮੇ ਸ਼ਬਦ ਪਹਿਲਾਂ ਹੀ ਲੋਪ ਹੋ ਕੇ ਆਂਟੀ-ਅੰਕਲ ਤਕ ਪੁੱਜ ਗਏ ਸਨ ਤੇ ਹੁਣ ਰਿਸ਼ਤੇ ਹੀ ਮੁੱਕਦੇ ਜਾ ਰਹੇ ਹਨ। ਰਿਸ਼ਤੇਦਾਰੀਆਂ ਦਾ ਤਾਣਾ-ਬਾਣਾ ਬਿਖਰਦਿਆਂ ਪਰਿਵਾਰਕ ਇਕਾਈ ਵੀ ਸਬੂਤੀ ਨਹੀਂ ਰਹੀ। ਮੋਹ ਦੀ ਥਾਂ ਘ੍ਰਿਣਾ ਵਧ ਰਹੀ ਹੈ। ਪਤੀ-ਪਤਨੀ ਵਿਚ ਵੀ ਪਹਿਲਾਂ ਵਾਲਾ ਪਿਆਰ ਇਸ ਪੈਸੇ ਦੀ ਦੌੜ ਨੇ ਫਿੱਕਾ ਪਾ ਦਿੱਤਾ ਹੈ। ਨਿੱਤ ਦੇ ਤਲਾਕ ਇਸ ਗੱਲ ਦੀ ਗਵਾਹੀ ਭਰਦੇ ਹਨ। ਪੁਰਾਣੇ ਸਮਿਆਂ ਵਿਚ ਔਰਤਾਂ ਦੇ ਦਿਲ ਵਿਚ ਮਰਦ ਪ੍ਰਤੀ ਪਿਆਰ ਤੇ ਸਤਿਕਾਰ ਸੀ, ਅੱਜ ਤੀਵੀਂ-ਮਰਦ ਦੀ ਬਰਾਬਰੀ ਨੇ ਸਭ ਕੁਝ ਤਹਿਸ-ਨਹਿਸ ਕਰਕੇ ਰੱਖ ਦਿੱਤਾ ਹੈ। ਜਿਹੜੀ ਮਾਂ ਕਦੇ ਕੋਮਲ-ਭਾਵੀ, ਪਰਿਵਾਰ ਦਾ ਸੁਘੜ ਸਿਰਨਾਵਾਂ, ਘਾਲਣਾ ਦਾ ਰੰਗ, ਚੌਂਕੇ ਦੀ ਰੌਣਕ, ਅਪਣੱਤ ਦਾ ਬਿੰਬ ਅਤੇ ਨਿਰਸੁਆਰਥ ਖੁਸ਼ੀ ਦਾ ਮੁਜੱਸਮਾ ਸੀ, ਅੱਜ ਘਰ ਦੇ ਕਿਸੇ ਖੂੰਜੇ ਵਿਚ ਵਾਧੂ ਦੀ ਵਸਤ ਬਣੀ ਪਈ ਹੈ। ਉਸ ਨੂੰ ਘਰ ਦੇ ਲੂਣ-ਖੰਡ ਅਤੇ ਆਟੇ-ਪੱਤੀ ਦਾ ਹੀ ਪਤਾ ਹੈ। ਬਾਕੀ ਤਾਂ ਉਸ ਦੇ ਚੇਤਿਆਂ ਤੋਂ ਸਭ ਕੁਝ ਵਿਸਰ ਗਿਆ ਹੈ।

ਕਿਹਾ ਜਾਂਦਾ ਹੈ ਕਿ ਧੀਆਂ ਹੀ ਮਾਪਿਆਂ ਦਾ ਦੁੱਖ-ਸੁੱਖ ਵੰਡਾਉਂਦੀਆਂ ਹਨ, ਫਿਰ ਉਹ ਸਹੁਰੇ ਘਰ ਦੇ ਮਾਪਿਆਂ ਦਾ ਦੁੱਖ-ਸੁੱਖ ਕਿਉਂ ਨਹੀਂ ਵੰਡਾਉਂਦੀਆਂ? ਉਹ ਵੀ ਤਾਂ ਮਾਪੇ ਹੀ ਹੁੰਦੇ ਹਨ, ਜਿਨ੍ਹਾਂ ਦੀਆਂ ਜਗੀਰਾਂ ਦਾ ਉਨ੍ਹਾਂ ਤੇ ਉਨ੍ਹਾਂ ਦੇ ਬੱਚਿਆਂ ਨੇ ਵਾਰਸ ਬਣਨਾ ਹੁੰਦਾ ਹੈ।

ਸਾਂਝੇ ਪਰਿਵਾਰ ਤਾਂ ਇਸ ਕਦਰ ਟੁੱਟ ਚੁਕੇ ਹਨ ਕਿ ਜੇ ਇਕ ਭਰਾ ਗਰੀਬ ਹੈ ਤਾਂ ਦੂਜਾ ਅਮੀਰ ਹੈ। ਅਮੀਰ ਦੀ ਪਤਨੀ ਆਪਣੇ ਬੱਚਿਆਂ ਨੂੰ ਦੂਜੇ ਭਰਾ ਦੇ ਬੱਚਿਆਂ ਨਾਲ ਆਉਣ-ਜਾਣ ਤੋਂ ਇਸ ਲਈ ਰੋਕੇਗੀ ਕਿ ਬੱਚਿਆਂ ਦੀਆਂ ਆਦਤਾਂ ਵਿਗੜ ਜਾਣਗੀਆਂ। ਪੁਰਾਣੇ ਸਮਿਆਂ ਵਿਚ ਭੈਣਾਂ ਨੇ ਭਰਾਵਾਂ ਕੋਲ ਜਾਂ ਭਰਾਵਾਂ ਭਰਾਵਾਂ ਨੇ ਆਪੋ-ਆਪਣੇ ਪਰਿਵਾਰਾਂ ਦੇ ਗਿਲੇ-ਸ਼ਿਕਵੇ, ਦੁੱਖ-ਸੁਖ ਸਾਂਝੇ ਕਰਨੇ ਅਤੇ ਆਪਣੇ ਧੁਰ ਅੰਦਰ ਦੀਆਂ ਗੱਲਾਂ ਸਾਂਝੀਆਂ ਕਰਨੀਆਂ। ਬੱਚਿਆਂ ਪ੍ਰਤੀ ਇਕ ਦੂਜੇ ਭੈਣ-ਭਰਾਵਾਂ ਕੋਲੋਂ ਸਲਾਹਾਂ ਲੈਣੀਆਂ ਤੇ ਦੇਣੀਆਂ। ਭੈਣ ਨੇ ਆਪਣੀਆਂ ਭਰਜਾਈਆਂ ਨਾਲ ਆਪਣੇ ਅੰਦਰ ਦੇ ਦੁਖ-ਸੁਖ ਕਰਨੇ ਤੇ ਸੁਣਨੇ। ਸਭ ਨੇ ਭਾਵੇਂ ਵੱਖ-ਵੱਖ ਹੀ ਹੋਣਾ ਪਰ ਮੇਲ-ਮਿਲਾਪ ਤੇ ਪਰਿਵਾਰਕ ਸਾਂਝਾਂ ਇੰਨੀਆਂ ਨਿੱਘੀਆਂ ਹੋਣੀਆਂ ਕਿ ਸਿਰਫ ਰੋਟੀ ਹੀ ਅਲੱਗ-ਅਲੱਗ ਹੋਣੀ, ਇਕ ਦੂਜੇ ਦੀ ਇੱਜਤ ਦੇ ਸਾਰੇ ਭਾਈਵਾਲ ਸਨ।

ਅੱਜ ਆਪਣੇ ਮਨਾਂ ਵਿਚ ਇਸ ਕਦਰ ਘ੍ਰਿਣਾ ਵਧ ਚੁਕੀ ਹੈ ਤੇ ਮੋਹ ਖਤਮ ਹੋ ਚੁਕਾ ਹੈ ਕਿ ਅਸੀਂ ਬਾਹਰਲੇ ਵਿਖਾਵੇ ਵਿਚ ਹੀ ਭੈਣ-ਭਰਾ ਰਹਿ ਗਏ ਹਾਂ। ਧੁਰ ਅੰਦਰੋਂ ਕਿਸੇ ਦਾ ਜੁਆਕ ਨਸ਼ੇ ਨਾਲ ਗਰਕ ਹੋ ਜਾਵੇ, ਕਿਸੇ ਦੀ ਧੀ ਬੁਰੀ ਸੰਗਤ ਵਿਚ ਪੈ ਜਾਵੇ ਜਾਂ ਇਹੋ ਜਿਹੀ ਕੋਈ ਮੁਸੀਬਤ ਗਲ ਪੈ ਜਾਵੇ, ਅਸੀਂ ਪਹਿਲਾਂ ਤਾਂ ਚਾਹੁੰਦੇ ਹੀ ਨਹੀਂ ਕਿ ਸਾਡੇ ਭੈਣ-ਭਰਾ ਨੂੰ ਪਤਾ ਲੱਗ ਜਾਵੇ, ਕਿਉਂਕਿ ਹਰ ਕੋਈ ਆਪੋ-ਆਪਣੇ ਕੰਮਾਂ ਵਿਚ ਮਸ਼ਰੂਫ ਹੈ। ਕੋਈ ਕਿਸੇ ਲਈ ਹਾਅ ਦਾ ਨਾਹਰਾ ਨਹੀਂ ਮਾਰਦਾ। ਹਰ ਬੰਦਾ ਆਪਣੇ ਨਿੱਜੀ ਮੁਫਾਦ ਨੂੰ ਪਹਿਲ ਦਿੰਦਾ ਹੈ। ਸੋ ਜਿਹੜੇ ਇਕੱਠੇ ਪਰਿਵਾਰ ਕਦੇ ਕੁਦਰਤ ਦੀਆਂ ਨਿਆਮਤਾਂ ਦਾ ਸ਼ੁਕਰ ਮਨਾਉਂਦੇ ਤੇ ਬੇਫਿਕਰੀ ਦੇ ਆਲਮ ਵਿਚ ਵੱਸਦੇ ਸਨ, ਅੱਜ ਪੈਸੇ ਦੀ ਦੌੜ ਨੇ ਮਨੁੱਖ ਨੂੰ ਇਕੱਲਾ ਤੇ ਬਿਲਕੁਲ ਇਕੱਲਾ ਕਰਕੇ ਰੱਖ ਦਿੱਤਾ ਹੈ।

## ਸਮੇਂ ਦੀ ਚੱਕੀ

ਸਮੇਂ ਦੀ ਚੱਕੀ ਲਗਾਤਾਰ ਚੱਲ ਰਹੀ ਹੈ। ਇਸ ਸਮੇਂ ਦੇ ਅੱਗੇ ਕੋਈ ਵੀ ਰਾਜਾ ਜਾਂ ਰੰਕ ਨਹੀਂ ਟਿਕ ਸਕਿਆ। ਸਮਾਂ ਜਾਂ ਵਕਤ ਤਾਕਤਵਰ ਹੈ। ਇਸ ਵਕਤ ਦੀ ਹਰ ਵਸਤੂ ਗੁਲਾਮ ਹੈ ਤੇ ਹਰ ਵਸਤੂ 'ਤੇ ਇਸ ਦਾ ਹੀ ਰਾਜ ਚੱਲ ਰਿਹਾ ਹੈ। ਜਿਵੇਂ ਇਕ ਪੁਰਾਣੀ ਫਿਲਮ 'ਵਕਤ' ਦਾ ਗੀਤ ਹੈ,

ਵਕਤ ਸੇ ਦਿਨ ਔਰ ਰਾਤ
ਵਕਤ ਸੇ ਕਲ ਔਰ ਆਜ।
ਵਕਤ ਕੀ ਹਰ ਸ਼ੈ ਗੁਲਾਮ
ਵਕਤ ਕਾ ਹਰ ਸ਼ੈ ਪੇ ਰਾਜ।
ਵਕਤ ਕੇ ਗਰਦਿਸ਼ ਮੇਂ ਹੈ
ਚਾਂਦ ਤਾਰੋਂ ਕਾ ਨਿਜ਼ਾਮ।
ਵਕਤ ਕੀ ਠੋਕਰ ਮੇਂ ਹੈ
ਕਯਾ ਹਕੂਮਤ ਕਯਾ ਸਮਾਜ।

ਵਕਤ ਵਿਚ ਦਿਨਾਂ ਦਾ ਗਿਆਨ ਵੀ ਜ਼ਰੂਰੀ ਹੈ। ਇਹ ਤਾਂ ਅਸੀਂ ਜਾਣਦੇ ਹਾਂ ਕਿ ਹਰ ਸਾਲ ਦੇ ਬਾਰਾਂ ਮਹੀਨੇ ਹੁੰਦੇ ਹਨ। ਇਨ੍ਹਾਂ ਮਹੀਨਿਆਂ ਨੂੰ ਅੰਕ ਦਿਤੇ ਜਾਂਦੇ ਹਨ, ਜੋ ਦਿਨ ਦਾ ਗਿਆਨ ਕਰਵਾਉਣ ਵਿਚ ਸਾਡੀ ਪੂਰੀ ਮਦਦ ਕਰਦੇ ਹਨ। ਦਿਨ ਦਾ ਪਤਾ ਲਾਉਣ ਲਈ ਅਸਾਨ ਵਿਧੀ ਇਸ ਪ੍ਰਕਾਰ ਹੈ:

ਜਨਵਰੀ 1, ਫਰਵਰੀ 4, ਮਾਰਚ 4, ਅਪਰੈਲ 0, ਮਈ 2, ਜੂਨ 5, ਜੁਲਾਈ 0, ਅਗਸਤ 3, ਸਤੰਬਰ 6, ਅਕਤੂਬਰ 1, ਨਵੰਬਰ 4, ਦਸੰਬਰ 6

ਇਸ ਤਰ੍ਹਾਂ ਹੀ ਹਫਤੇ ਦੇ ਦਿਨਾਂ ਨੂੰ ਅੰਕ ਦਿਤੇ ਜਾਂਦੇ ਹਨ ਜਿਵੇਂ

ਐਤਵਾਰ 0, ਸੋਮਵਾਰ 1, ਮੰਗਲਵਾਰ 2, ਬੁੱਧਵਾਰ 3, ਵੀਰਵਾਰ 4, ਸ਼ੁਕਰਵਾਰ 5, ਸਨਿਚਰਵਾਰ 6

ਸਾਲ 2019 ਦੇ ਕਿਸੇ ਵੀ ਮਹੀਨੇ ਵਿਚ ਕਿਸੇ ਤਰੀਕ ਨੂੰ ਦਿਨ ਪਤਾ ਕਰਨ ਲਈ ਮਹੀਨੇ ਦੇ ਅੰਕ ਨੂੰ ਉਸ ਤਾਰੀਕ ਵਿਚ ਜੋੜ ਦਿੱਤਾ ਜਾਂਦਾ ਹੈ। ਪ੍ਰਾਪਤ ਜੋੜ ਨੂੰ 7 'ਤੇ ਵੰਡ ਦਿੱਤਾ ਜਾਂਦਾ ਹੈ ਅਤੇ ਜੋ ਬਾਕੀ ਬਚਦਾ ਹੈ, ਉਸ ਨੂੰ ਉਕਤ ਦਿੱਤੇ ਦਿਨਾਂ ਦੇ ਅੰਕ ਨਾਲ ਮਿਲਾ ਕੇ ਦਿਨ ਪਤਾ ਲੱਗ ਜਾਂਦਾ ਹੈ।

ਜੇ ਅਸੀਂ 2019 ਦੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਅਰਥਾਤ 23 ਮਾਰਚ 2019 ਦਾ ਦਿਨ ਪਤਾ ਕਰਨਾ ਹੈ ਤਾਂ ਮਾਰਚ ਦੇ ਅੰਕ 4 ਨੂੰ 23 ਵਿਚ ਜੋੜ ਦਿੰਦੇ ਹਾਂ $(23+4=27)$ ਤਾਂ ਜੋੜ 27 ਬਣਦਾ ਹੈ। 27 ਨੂੰ 7 ਉਪਰ ਵੰਡਣ ਉਪਰੰਤ ਬਾਕੀ 6 ਬਚ ਜਾਂਦਾ ਹੈ ਤਾਂ 23 ਮਾਰਚ 2019 ਨੂੰ ਛੇਵਾਂ ਦਿਨ ਜਾਂ 6 ਅੰਕ ਵਾਲਾ ਦਿਨ, ਸਨਿਚਰਵਾਰ ਹੋਵੇਗਾ। ਇਸ ਢੰਗ ਨਾਲ ਅਸੀਂ ਸਾਲ 2019 ਦੇ ਕਿਸੇ ਵੀ ਮਹੀਨੇ ਦੀ ਤਰੀਕ ਨੂੰ ਦਿਨ ਦਾ ਪਤਾ ਲਾ ਸਕਦੇ ਹਾਂ।

-ਡਾ. ਅਜੀਤ ਸਿੰਘ ਕੋਟਕਪੂਰਾ
ਫੋਨ: 91-58530-50443

# ਗੋਲਡਨ ਗੋਲ ਦੀ ਉਡੀਕ ਵਿਚ ਹੈ ਯੁੱਗ ਪੁਰਸ਼ ਬਲਬੀਰ ਸਿੰਘ

ਉਲੰਪਿਕ ਰਤਨ ਬਲਬੀਰ ਸਿੰਘ ਤਿੰਨ ਮਹੀਨਿਆਂ ਤੋਂ ਪੀ. ਜੀ. ਆਈ., ਚੰਡੀਗੜ੍ਹ ਵਿਚ ਜ਼ੇਰੇ ਇਲਾਜ ਹੈ। ਇਹ ਕਹਿ ਲਓ ਕਿ ਤਿੰਨ ਮਹੀਨਿਆਂ ਤੋਂ ਉਹਦਾ ਜ਼ਿੰਦਗੀ-ਮੌਤ ਦਾ ਮੈਚ ਚੱਲ ਰਿਹੈ। ਉਹਦੀ ਜੀਵਨੀ ਦਾ ਨਾਂ ਮੈਂ 'ਗੋਲਡਨ ਗੋਲ' ਰੱਖਿਆ ਸੀ। ਉਸ ਦੀਆਂ ਅੰਤਲੀਆਂ ਸਤਰਾਂ ਸਨ: ਅੰਤਰਰਾਸ਼ਟਰੀ ਉਲੰਪਿਕ ਕਮੇਟੀ ਨੇ ਤਾਂ ਉਸ ਨੂੰ ਉਲੰਪਿਕ ਰਤਨ ਬਣਾ ਦਿੱਤਾ ਹੈ, ਭਾਰਤ ਸਰਕਾਰ ਪਤਾ ਨਹੀਂ ਕਦੋਂ ਭਾਰਤ ਰਤਨ ਬਣਾਵੇ? ਬਲਬੀਰ ਸਿੰਘ ਦਾ ਕਹਿਣਾ ਹੈ, "ਜਿਵੇਂ ਮੈਚ ਬਰਾਬਰ ਰਹਿ ਜਾਣ ਪਿੱਛੋਂ ਐਕਸਟਰਾ ਟਾਈਮ ਦਿੱਤਾ ਜਾਂਦੈ, ਐਕਸਟਰਾ ਟਾਈਮ ਵਿਚ ਮੈਚ ਬਰਾਬਰ ਰਹੇ ਤਾਂ ਗੋਲਡਨ ਗੋਲ ਦਾ ਸਮਾਂ ਹੁੰਦੈ, ਉਵੇਂ ਮੈਂ ਵੀ ਹੁਣ ਗੋਲਡਨ ਗੋਲ ਦੀ ਉਡੀਕ ਵਿਚ ਹਾਂ। ਖੇਡ ਹੁਣ ਉਪਰਲੇ ਨਾਲ ਹੈ। ਜਦੋਂ 'ਗੋਲਡਨ ਗੋਲ' ਹੋ ਗਿਆ ਤਾਂ ਖੇਡ ਮੁੱਕ ਜਾਣੀ ਹੈ।"

**ਪ੍ਰਿੰ. ਸਰਵਣ ਸਿੰਘ**

ਪੁਸਤਕ ਦੇ ਸਮਾਪਤੀ ਸ਼ਬਦ ਸਨ, "ਕੀ ਸਰਕਾਰ ਬਲਬੀਰ ਸਿੰਘ ਦੇ 'ਗੋਲਡਨ ਗੋਲ' ਦੀ ਉਡੀਕ ਵਿਚ ਹੈ? ਕੀ ਭਾਰਤ ਵਿਚ ਮੜ੍ਹੀਆਂ ਦੀ ਪੂਜਾ ਹੀ ਹੁੰਦੀ ਰਹਿਣੀ ਹੈ ਜਾਂ ਜਿਉਂਦਿਆਂ ਦੀ ਕਦਰ ਵੀ ਪੈਣੀ ਹੈ?"

ਅੱਜ ਜਦੋਂ ਮੈਂ ਇਹ ਸਤਰਾਂ ਲਿਖ ਰਿਹਾਂ ਤਾਂ ਬਲਬੀਰ ਸਿੰਘ ਪੀ. ਜੀ. ਆਈ., ਚੰਡੀਗੜ੍ਹ ਵਿਚ ਮਸ਼ੀਨਾਂ ਦੇ ਸਹਾਰੇ ਸਾਹ ਲੈ ਰਿਹੈ। ਉਸ ਦੀ ਧੀ ਸੁਸ਼ਬੀਰ ਕੌਰ ਦੇ ਦੱਸਣ ਮੁਜਬ ਉਸ ਦੇ ਪਿਤਾ ਨੂੰ ਆਕਸੀਜ਼ਨ ਤੇ ਦਵਾਈਆਂ ਦੀਆਂ ਨਲਕੀਆਂ ਲੱਗਦੀਆਂ ਰਹਿੰਦੀਆਂ ਹਨ। ਡੇਢ ਮਹੀਨਾ ਆਈ. ਸੀ. ਯੂ. ਵਿਚ ਰਹਿਣ ਪਿਛੋਂ 21 ਦਸੰਬਰ ਨੂੰ ਫਿਰ ਆਈ. ਸੀ. ਯੂ. ਵਿਚ ਜਾਣਾ ਪਿਆ। ਹਾਲਤ ਸਥਿਰ ਹੈ। ਹਾਲੇ ਉਹ ਬੋਲਣ ਦੀ ਸਥਿਤੀ ਵਿਚ ਨਹੀਂ ਪਰ ਹੋਸ਼ ਵਿਚ ਹਨ। ਚਿਹਰੇ ਤੋਂ ਭਾਵ ਪਰਗਟ ਕਰਦੇ ਹਨ। ਪਰਿਵਾਰ ਨੂੰ ਆਸ ਸੀ ਕਿ ਉਨ੍ਹਾਂ ਦਾ 96ਵਾਂ ਜਨਮ ਦਿਨ ਮਨਾਉਣ ਤਕ ਉਹ ਘਰ ਆ ਜਾਣਗੇ। ਪਰ ਲੱਗਦਾ ਹੈ ਉਨ੍ਹਾਂ ਦਾ ਜਨਮ ਦਿਨ ਇਸ ਵਾਰ ਹਸਪਤਾਲ ਵਿਚ ਹੀ ਮਨਾਇਆ ਜਾਵੇਗਾ।

ਸੁਸ਼ਬੀਰ ਕੌਰ ਤੇ ਉਸ ਦਾ ਪੁੱਤਰ ਕਬੀਰ ਸਿੰਘ ਬਲਬੀਰ ਸਿੰਘ ਦੀ ਸੇਵਾ ਵਿਚ ਹਨ। ਦੋਹਤੇ ਕਬੀਰ ਦਾ ਕਹਿਣਾ ਹੈ ਕਿ ਉਸ ਦਾ ਤਾਂ ਜਨਮ ਹੀ ਨਾਨਾ ਜੀ ਦੀ ਸੇਵਾ ਸੰਭਾਲ ਲਈ ਹੋਇਆ ਸੀ। ਬਲਬੀਰ ਸਿੰਘ ਦੀ ਇਕ ਧੀ ਤੇ ਤਿੰਨ ਪੁੱਤਰ ਹਨ। ਪੁੱਤਰਾਂ ਦੇ ਪਰਿਵਾਰ ਕੈਨੇਡਾ ਵਿਚ ਰਹਿੰਦੇ ਹਨ। ਉਸ ਦੀ ਪਤਨੀ ਸੁਸ਼ੀਲ ਕੌਰ 1983 'ਚ ਪਰਲੋਕ ਸਿਧਾਰੀ ਤਾਂ ਉਹ ਚੰਡੀਗੜ੍ਹ ਵਾਲੀ 'ਓਲੰਪੀਆ' ਨਾਂ ਦੀ ਕੋਠੀ ਵੇਚ ਕੇ ਵੈਨਕੂਵਰ ਆਪਣੇ ਪੁੱਤਰਾਂ ਪਾਸ ਚਲਾ ਗਿਆ ਸੀ। ਧੀ ਦਿੱਲੀ ਵਿਚ ਆਪਣੇ ਪਤੀ ਵਿੰਗ ਕਮਾਂਡਰ ਮਲਵਿੰਦਰ ਸਿੰਘ ਭੋਮੀਆ ਨਾਲ ਰਹਿੰਦੀ ਸੀ। ਰਿਟਾਇਰ ਹੋਣ ਪਿੱਛੋਂ ਉਹ ਚੰਡੀਗੜ੍ਹ ਆ ਵਸੇ ਸਨ, ਜਿਥੇ 2012 'ਚ ਮਲਵਿੰਦਰ ਸਿੰਘ ਭੋਮੀਆ ਦਾ ਦੇਹਾਂਤ ਹੋ ਗਿਆ। ਉਦੋਂ ਤੋਂ ਬਲਬੀਰ ਸਿੰਘ ਆਪਣੀ ਧੀ ਕੋਲ ਆ ਗਏ ਸਨ। 2014-15 ਵਿਚ ਚੰਡੀਗੜ੍ਹ ਵਿਖੇ ਮਿਲਦਿਆਂ-ਗਿਲਦਿਆਂ ਹੀ ਮੈਂ ਬਲਬੀਰ ਸਿੰਘ ਦੀ ਜੀਵਨੀ 'ਗੋਲਡਨ ਗੋਲ' ਲਿਖੀ ਸੀ।

ਬਲਬੀਰ ਸਿੰਘ ਹਾਕੀ ਦਾ ਯੁੱਗ ਪੁਰਸ਼ ਹੈ। ਉਸ ਨੇ ਸੈਂਕੜੇ ਮੈਦਾਨਾਂ ਵਿਚ ਹਜ਼ਾਰਾਂ ਗੋਲ ਕੀਤੇ। ਉਸ ਨੂੰ ਹਾਕੀ ਦਾ 'ਗੋਲ ਕਿੰਗ' ਕਿਹਾ ਜਾਂਦਾ ਸੀ। ਓਲੰਪਿਕ ਖੇਡਾਂ ਦੇ ਫਾਈਨਲ ਮੈਚ ਵਿਚ ਸਭ ਤੋਂ ਵੱਧ ਗੋਲ ਕਰਨ ਦਾ ਓਲੰਪਿਕ ਰਿਕਾਰਡ 66 ਸਾਲ ਪਿਛੋਂ ਵੀ ਉਹਦੇ ਨਾਂ ਖੜ੍ਹਾ ਹੈ! 2012 ਵਿਚ ਲੰਡਨ ਦੀਆਂ ਓਲੰਪਿਕ ਖੇਡਾਂ ਮੌਕੇ ਓਲੰਪਿਕ ਖੇਡਾਂ ਦੇ ਸਫਰ 'ਚੋਂ ਜੋ 16 'ਆਈਕੋਨਿਕ ਓਲੰਪੀਅਨ' ਚੁਣੇ ਗਏ ਸਨ, ਉਨ੍ਹਾਂ ਵਿਚ ਏਸ਼ੀਆ ਦੇ ਸਿਰਫ ਦੋ ਤੇ ਹਿੰਦ ਮਹਾਂਦੀਪ ਦਾ ਕੇਵਲ ਬਲਬੀਰ ਸਿੰਘ ਹੀ ਚੁਣਿਆ ਗਿਆ ਸੀ। ਓਲੰਪਿਕ ਖੇਡਾਂ ਦੇ ਤਿੰਨ ਗੋਲਡ ਮੈਡਲ, ਏਸ਼ੀਆਈ ਖੇਡਾਂ ਦਾ ਇਕ ਅਤੇ ਭਾਰਤੀ ਟੀਮਾਂ ਦਾ ਕੋਚ/ਮੈਨੇਜਰ ਬਣ ਕੇ ਭਾਰਤ ਨੂੰ ਸੱਤ ਮੈਡਲ ਤੇ ਵਿਸ਼ਵ ਹਾਕੀ ਕੱਪ ਜਿਤਾਉਣ ਵਾਲੇ ਬਲਬੀਰ ਸਿੰਘ ਨੂੰ ਕਿਸੇ ਸਰਕਾਰ ਨੇ ਕੋਈ ਵਿਸ਼ੇਸ਼ ਮਾਣ/ਸਨਮਾਨ ਤਾਂ ਕੀ ਦੇਣਾ ਸੀ, ਸਪੋਰਟਸ ਅਥਾਰਟੀ ਆਫ ਇੰਡੀਆ ਨੇ ਉਹਦੀਆਂ ਅਨਮੋਲ ਖੇਡ ਨਿਸ਼ਾਨੀਆਂ ਵੀ 'ਗੁਆ' ਦਿੱਤੀਆਂ। ਮੀਡੀਏ ਨੇ ਇਸ ਦੀ ਦੁਹਾਈ ਵੀ ਪਾਈ। ਇਹ ਹਾਲ ਹੈ, ਓਲੰਪਿਕ ਖੇਡਾਂ 'ਚੋਂ ਸਭ ਤੋਂ ਵੱਧ ਵਾਰ ਗੋਲਡ ਮੈਡਲ ਜਿੱਤਣ ਵਾਲੀ ਭਾਰਤੀ ਹਾਕੀ ਦੀ ਅਨਮੋਲ ਵਿਰਾਸਤ ਨੂੰ ਸੰਭਾਲਣ ਦਾ!




1962 ਦੀ ਹਿੰਦ-ਚੀਨ ਜੰਗ ਸਮੇਂ ਬਲਬੀਰ ਸਿੰਘ ਨੇ ਆਪਣੇ ਤਿੰਨੇ ਓਲੰਪਿਕ ਗੋਲਡ ਮੈਡਲ ਪ੍ਰਧਾਨ ਮੰਤਰੀ ਫੰਡ ਲਈ ਦਾਨ ਕਰ ਦਿੱਤੇ ਸਨ। ਉਹ ਤਾਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਦੀ ਦੂਰਅੰਦੇਸ਼ੀ ਸੀ ਕਿ ਉਸ ਨੇ ਮੈਡਲ ਸੰਭਾਲ ਰੱਖੇ ਤੇ ਬਲਬੀਰ ਸਿੰਘ ਨੂੰ ਮੋੜ ਦਿੱਤੇ। ਜੇ ਉਹ ਵੀ 'ਸਾਈ' ਨੂੰ ਦੇ ਦਿੱਤੇ ਹੁੰਦੇ ਤਾਂ ਉਹ ਵੀ 'ਜਾਂਦੇ' ਰਹਿਣੇ ਸਨ!

85 ਸਾਲ ਦੀ ਉਮਰ ਵਿਚ ਉਸ ਨੇ ਹਾਕੀ ਬਾਰੇ 'ਦੀ ਗੋਲਡਨ ਯਾਰਡਸਟਿਕ' ਪੁਸਤਕ ਲਿਖੀ ਸੀ। ਉਸ ਦਾ ਮੁੱਖ ਬੰਦ ਕੌਮਾਂਤਰੀ ਓਲੰਪਿਕ ਕਮੇਟੀ ਦੇ ਸਾਬਕਾ ਪ੍ਰਧਾਨ ਯੈਕ ਰੋਜ਼ ਦੇ ਸ਼ਬਦਾਂ ਵਿਚ, "ਇਕ ਓਲੰਪੀਅਨ ਵਜੋਂ ਮੈਨੂੰ 'ਗੋਲਡਨ ਹੈਟ ਟ੍ਰਿਕ' ਮਾਰਨ ਵਾਲੇ ਲੀਜੈਂਡਰੀ ਹਾਕੀ ਖਿਡਾਰੀ ਬਲਬੀਰ ਸਿੰਘ ਦੀ ਪੁਸਤਕ ਦਾ ਮੁੱਖ ਬੰਦ ਲਿਖਦਿਆਂ ਖੁਸ਼ੀ ਹੋ ਰਹੀ ਹੈ। ਸਾਡੇ ਸਮੇਂ ਦੇ ਖਿਡਾਰੀਆਂ, ਟੀਮ ਕਪਤਾਨਾਂ, ਕੋਚਾਂ ਤੇ ਮੈਨੇਜਰਾਂ ਨੇ ਬਲਬੀਰ ਸਿੰਘ ਨੂੰ ਹਾਕੀ ਦਾ ਸਰਬੋਤਮ ਖਿਡਾਰੀ ਮੰਨਿਆ ਹੈ। ਇਸ ਪੁਸਤਕ ਦੇ ਪ੍ਰਕਾਸ਼ਨ ਰਾਹੀਂ ਬਲਬੀਰ ਸਿੰਘ ਨੇ ਹਾਕੀ ਨਾਲ ਆਪਣਾ ਸੱਚਾ ਸਨੇਹ ਜਤਾਇਆ ਹੈ ਤੇ ਹਾਕੀ ਦਾ ਸੰਦੇਸ਼ ਭਾਰਤ ਤੇ ਬਾਹਰ ਸਾਰੀ ਦੁਨੀਆਂ ਤਕ ਪਹੁੰਚਾਇਆ ਹੈ। ਹਾਕੀ ਨਾਲ ਉਸ ਦੀ ਲਗਨ ਅਤੇ ਖੇਡਾਂ ਦੀਆਂ ਕਦਰਾਂ ਨਾਲ ਪਿਆਰ ਅਗਲੀਆਂ ਪੀੜ੍ਹੀਆਂ ਨੂੰ ਉਤਸ਼ਾਹਿਤ ਕਰਦਾ ਰਹੇਗਾ। ਦੇਸ਼ ਵਿਦੇਸ਼ ਦੇ ਬੱਚੇ ਤੇ ਨੌਜੁਆਨ ਉਸ ਦੇ ਵਿਖਾਏ ਖੇਡ ਮਾਰਗ 'ਤੇ ਚੱਲਣਗੇ। ਓਲੰਪਿਕ ਲਹਿਰ ਬਲਬੀਰ ਸਿੰਘ ਜਿਹੇ ਖਿਡਾਰੀਆਂ ਦੀ ਰਿਣੀ ਹੈ, ਜਿਨ੍ਹਾਂ ਨੇ 20ਵੀਂ ਸਦੀ ਦੇ ਖੇਡ ਇਤਿਹਾਸ ਨੂੰ ਸੁਨਹਿਰੀ ਬਣਾਇਆ।"

2014 ਵਿਚ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨੂੰ ਚਿੱਠੀ ਲਿਖੀ ਸੀ ਕਿ ਬਲਬੀਰ ਸਿੰਘ ਨੂੰ ਭਾਰਤ ਰਤਨ ਅਵਾਰਡ ਦਿੱਤਾ ਜਾਵੇ, ਜਿਸ ਦਾ ਉਹ ਸਹੀ ਹੱਕਦਾਰ ਹੈ। ਉਸ ਦੀਆਂ ਖੇਡ ਪ੍ਰਾਪਤੀਆਂ ਹਾਕੀ ਦੇ ਮਰਹੂਮ ਖਿਡਾਰੀ ਧਿਆਨ ਚੰਦ ਤੋਂ ਵੀ ਵੱਧ ਹਨ। ਇਹ ਤੱਥ ਇੰਟਰਨੈਸ਼ਨਲ ਓਲੰਪਿਕ ਕਮੇਟੀ ਨੇ ਵੀ ਤਸਲੀਮ ਕੀਤਾ ਹੈ। ਧਿਆਨ ਚੰਦ ਨੇ ਬ੍ਰਿਟਿਸ਼ ਇੰਡੀਆ ਲਈ ਐਂਗਲੋ ਇੰਡੀਅਨ ਖਿਡਾਰੀਆਂ ਨਾਲ ਰਲ ਕੇ ਤਿੰਨ ਗੋਲਡ ਮੈਡਲ ਜਿੱਤੇ ਤੇ ਯੂਨੀਅਨ ਜੈਕ ਝੁਲਾਏ, ਜਦਕਿ ਬਲਬੀਰ ਸਿੰਘ ਨੇ ਆਜ਼ਾਦ ਭਾਰਤ ਲਈ ਨਿਰੋਲ ਭਾਰਤੀ ਖਿਡਾਰੀਆਂ ਨਾਲ ਰਲ ਕੇ ਤਿੰਨ ਗੋਲਡ ਮੈਡਲ ਜਿੱਤੇ ਤੇ ਤਿਰੰਗੇ ਲਹਿਰਾਏ। ਬਲਬੀਰ ਸਿੰਘ ਦੋ ਓਲੰਪਿਕਸ ਵਿਚ ਭਾਰਤੀ ਖੇਡ ਦਲਾਂ ਦਾ ਝੰਡਾਬਰਦਾਰ ਬਣਿਆ। ਹੈਲਸਿੰਕੀ ਦੀਆਂ ਓਲੰਪਿਕ ਖੇਡਾਂ ਦੇ ਫਾਈਨਲ ਮੈਚ ਵਿਚ ਹਾਲੈਂਡ ਵਿਰੁਧ 5 ਗੋਲ ਕਰਨ ਦਾ ਰਿਕਾਰਡ ਅਜੇ ਵੀ ਉਹਦੇ ਨਾਂ ਬੋਲਦੈ। ਉਥੇ ਭਾਰਤੀ ਟੀਮ ਨੇ 6-1 ਗੋਲਾਂ ਨਾਲ ਗੋਲਡ ਮੈਡਲ ਜਿੱਤਿਆ ਸੀ। ਬਲਬੀਰ ਸਿੰਘ ਨੇ ਪੰਜਾਬ ਦਾ ਸਪੋਰਟਸ ਡਾਇਰੈਕਟਰ ਹੋਣ ਤੋਂ ਇਲਾਵਾ ਦੋ ਪੁਸਤਕਾਂ 'ਗੋਲਡਨ ਹੈਟ ਟ੍ਰਿਕ' ਤੇ 'ਗੋਲਡਨ ਯਾਰਡ ਸਟਿਕ' ਵੀ ਲਿਖੀਆਂ।

ਬਲਬੀਰ ਸਿੰਘ ਦਾ ਜਨਮ ਸੁਤੰਤਰਤਾ ਸੰਗਰਾਮੀ ਗਿਆਨੀ ਦਲੀਪ ਸਿੰਘ ਦੇ ਘਰ ਮਾਤਾ ਕਰਮ ਕੌਰ ਦੀ ਕੁਖੋਂ 31 ਦਸੰਬਰ 1923 ਨੂੰ ਉਸ ਦੇ ਨਾਨਕੇ ਪਿੰਡ ਹਰੀਪੁਰ ਖਾਲਸਾ ਵਿਚ ਹੋਇਆ ਸੀ। ਉਸ ਦਾ ਦਾਦਕਾ ਪਿੰਡ ਪਵਾਦੜਾ ਹੈ। ਇਹ ਦੋਵੇਂ ਪਿੰਡ ਤਹਿਸੀਲ ਫਿਲੌਰ, ਜ਼ਿਲਾ ਜਲੰਧਰ ਵਿਚ ਹਨ। ਪਾਸਪੋਰਟ ਉਤੇ ਉਸ ਦਾ ਪੂਰਾ ਨਾਂ ਬਲਬੀਰ ਸਿੰਘ ਦੁਸਾਂਝ ਦਰਜ ਹੈ। ਉਹ ਖੁੱਲ੍ਹੇ ਦਿਲ ਵਾਲਾ ਮਾਨਵਵਾਦੀ ਇਨਸਾਨ ਹੈ। ਉਸ ਦੇ ਤਿੰਨੇ ਪੁੱਤਰ-ਕੰਵਲਬੀਰ ਸਿੰਘ, ਕਰਨਬੀਰ ਸਿੰਘ ਤੇ ਗੁਰਬੀਰ ਸਿੰਘ ਕੈਨੇਡੀਅਨ ਹਨ, ਜਿਨ੍ਹਾਂ ਦੀਆਂ ਪਤਨੀਆਂ ਸਿੰਘਾਪੁਰ, ਚੀਨ ਤੇ ਯੂਕਰੇਨ ਤੋਂ ਹਨ।

ਕ੍ਰਿਕਟ ਦੀ ਖੇਡ ਦੇ ਨੌਜੁਆਨ ਖਿਡਾਰੀ ਸਚਿਨ ਤੇਂਦੁਲਕਰ ਨੂੰ ਤਾਂ ਜਿਉਂਦੇ ਜੀਅ ਭਾਰਤ ਰਤਨ ਅਵਾਰਡ ਦੇ ਦਿੱਤਾ ਗਿਆ ਹੈ। ਵੇਖਦੇ ਹਾਂ ਹਾਕੀ ਦੇ ਯੁੱਗ ਪੁਰਸ਼ ਬਲਬੀਰ ਸਿੰਘ ਨੂੰ ਭਾਰਤ ਰਤਨ ਅਵਾਰਡ ਉਹਦੇ ਜਿਉਂਦੇ ਜੀਅ ਮਿਲਦੈ ਜਾਂ...?


**Noblesville Trucks and Trailers Repair Shop**

15203 Stony Creek Way, Noblesville, IN 46060

ਇਥੇ ਹਰ ਤਰ੍ਹਾਂ ਦੇ ਟਰੱਕਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ

ਵਧੀਆ ਤੇ ਭਰੋਸੇਯੋਗ ਸਰਵਿਸ



*Clutch transmition differential drive line ਦੀ ਰਿਪੇਅਰ ਵੀ ਕਰਦੇ ਹਾਂ।
*ਟਰੱਕ ਅਤੇ ਰੀਫਲ ਆਇਲ ਚੇਂਜ
*ਟਰੱਕਾਂ ਅਤੇ ਟਰੇਲਰਾਂ ਦੀ ਸਸਪੈਂਸ਼ਨ ਬੁਸ਼ਿੰਗ
*ਏਅਰ ਡਰਾਇਰ, ਰੇਡੀਏਟਰ, ਕੰਪਰੈਸ਼ਰ ਅਤੇ ਕਿੰਗ ਪਿੰਨਜ਼ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ

24 ਘੰਟੇ ਰੋਡ ਸਰਵਿਸ
(150 ਮੀਲ ਦੇ ਏਰੀਏ ਵਿਚ)
ਡਰਾਈਵਰਾਂ ਦੇ ਰੋਟੀ-ਪਾਣੀ ਅਤੇ ਸ਼ਾਵਰ ਦਾ ਇੰਤਜ਼ਾਮ




ਹੋਰ ਜਾਣਕਾਰੀ ਲਈ ਸੰਪਰਕ ਕਰੋ, ਗੁਰਬਖਸ਼ ਸਿੰਘ, ਫੋਨ: 317-800-2976

ਫੈਕਸ: 317-774-9665

ਸਿੰਘ ਬੁਕੇ ਮ੍ਰਿਗਾਵਲੀ ਭੰਨੀ ਜਾਏ ਨਾ ਧੀਰ ਧਰੋਆ॥

ਖਾਲਸਾ ਪੰਥ ਦੇ ਬਾਨੀ, ਸਰਬੰਸ ਦਾਨੀ,
ਹਲਤ ਪਲਤ ਕੇ ਰਾਖੇ, ਦਸ਼ਮੇਸ਼ ਪਿਤਾ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
ਪ੍ਰਕਾਸ਼ ਦਿਹਾੜੇ ਦੀ ਸੰਗਤਾਂ ਨੂੰ
ਧਾਲੀਵਾਲ ਪਰਿਵਾਰ ਵਲੋਂ

ਲੱਖ-ਲੱਖ ਵਧਾਈ ਹੋਵੇ



ਜਸਕਰਨ ਸਿੰਘ ਧਾਲੀਵਾਲ
ਫੋਨ: 630-290-7993

ਵਲੋਂ: ਜਸਪ੍ਰੀਤ ਸਿੰਘ ਧਾਲੀਵਾਲ ਅਤੇ ਮਨਰਾਜ ਸਿੰਘ ਧਾਲੀਵਾਲ



ੴ ਸਤਿਗੁਰ ਪ੍ਰਸਾਦਿ॥

ਜਬ ਲਗ ਖਾਸਲਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥ ਮੈਂ ਨ ਕਰਉਂ ਇਨ ਕੀ ਪ੍ਰਤੀਤ॥

ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ
352ਵੇਂ ਪ੍ਰਕਾਸ਼ ਦਿਹਾੜੇ ਦੀ

ਲੱਖ ਲੱਖ ਵਧਾਈ ਹੋਵੇ

ਨਵਾਂ ਸਾਲ ਸਭ ਨੂੰ ਮੁਬਾਰਕ



ਮੱਤ ਸਿੰਘ ਢਿੱਲੋਂ

**Azad Driving School**

*100 S. Atkinson Road, #116, Grays Lake IL 60030*

*We teach driving car in North West Chicagoland suburbs.*

English, Hindi, Punjabi, Urdu language, experienced instructors. We have lady instructors too. We teach teens too, Ask for special teen package, with class room and behind the wheel. We have Saturday and Sunday teens program too.

*Providing all driving school services - Adult, Senior Citizen and Teen programs.*

Happy New Year

ਵਲੋਂ: ਮੱਤ ਸਿੰਘ ਢਿੱਲੋਂ ਅਤੇ ਢਿੱਲੋਂ ਪਰਿਵਾਰ
ਰਾਜਪਾਲ ਸਿੰਘ ਚਾਹਲ ਤੇ ਮਨਦੀਪ ਚਾਹਲ; ਅਮਨਦੀਪ ਤੇ ਕਿਰਨ, ਸੋਨੀ ਢਿੱਲੋਂ ਤੇ ਆਜ਼ਾਦ ਢਿੱਲੋਂ
Ph: 847-308-5411 or 847-548-8367

Happy New Year

ੴ ਸਤਿਗੁਰ ਪ੍ਰਸਾਦਿ॥

ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ॥
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥

# ਸਰਬੰਸ ਦਾਨੀ, ਕਲਗੀਧਰ ਪਾਤਸ਼ਾਹ ਦਸ਼ਮੇਸ਼ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਸੰਗਤਾਂ ਨੂੰ

# ਲੱਖ ਲੱਖ ਵਧਾਈ ਹੋਵੇ

## ਸਭਨਾਂ ਨੂੰ ਨਵਾਂ ਸਾਲ ਮੁਬਾਰਕ !

ਰੱਬ ਕਰੇ ਨਵਾਂ ਸਾਲ ਕੁਲ ਲੋਕਾਈ ਲਈ ਅਮਨ, ਖੁਸ਼ਹਾਲੀ ਅਤੇ ਭਾਗਾਂ ਭਰਿਆ ਚੜ੍ਹੇ




ਵਲੋਂ: ਸ. ਅਮਰੀਕ ਸਿੰਘ ਸ਼ਿਕਾਗੋ, ਸ. ਪਰਮਵੀਰ ਸਿੰਘ
ਅਤੇ ਸਮੁੱਚਾ ਅਮਰ ਕਾਰਪੈਟਸ ਪਰਿਵਾਰ

# Amar Carpets Inc.

2423 W Devon Ave. Chicago IL 60659 (ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ)

Ph: 773-508-5253, 773-507-8043 Fax: 773-508-5249

# ਸ਼ਹਿਨਸ਼ਾਹ-ਏ-ਗਜ਼ਲ ਤਲਤ ਮਹਿਮੂਦ

**ਕਲਾ ਪਰਿਕਰਮਾ**

ਆਪਣੀ ਸੁਹਜ ਭਰੀ ਆਵਾਜ਼ ਨਾਲ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ 'ਸ਼ਹਿਨਸ਼ਾਹ-ਏ-ਗ਼ਜ਼ਲ' ਤਲਤ ਮਹਿਮੂਦ ਦਾ ਜਨਮ 24 ਫਰਵਰੀ 1924 ਨੂੰ ਸ਼ੇਰ ਮਨਜ਼ੂਰ ਅਹਿਮਦ ਤੇ ਰਫੀ-ਉਨ-ਨੀਸਾ ਬੇਗ਼ਮ ਦੇ ਘਰ ਲਖਨਊ ਵਿਖੇ ਹੋਇਆ ਸੀ। ਉਹ ਉਨ੍ਹਾਂ ਦੀ ਛੇਵੀਂ ਔਲਾਦ ਸਨ। ਉਨ੍ਹਾਂ ਦੇ ਵਾਲਿਦ (ਬਾਪ) ਆਪਣੀ ਆਵਾਜ਼ ਨੂੰ ਅੱਲ੍ਹਾ ਦਾ ਦਿੱਤਾ ਗਲਾ ਕਹਿ ਕੇ ਅੱਲ੍ਹਾ ਨੂੰ ਹੀ ਸਮਰਪਿਤ ਕਰਨ ਦੀ

**ਮਨਦੀਪ ਸਿੰਘ ਸਿੱਧੂ**

ਚਾਹਤ ਰੱਖਦੇ ਸਨ ਅਤੇ ਸਿਰਫ ਨਾਅਤ ਹੀ ਗਾਉਂਦੇ ਸਨ। ਬਚਪਨ ਤੋਂ ਤਲਤ ਨੇ ਆਪਣੇ ਵਾਲਿਦ ਦੀ ਨਕਲ ਕਰਨ ਦੀ ਕੋਸ਼ਿਸ਼ ਕੀਤੀ ਪਰ ਘਰ ਵਾਲਿਆਂ ਵਲੋਂ ਜ਼ਿਆਦਾ ਉਤਸ਼ਾਹ ਨਾ ਮਿਲਿਆ। ਉਸ ਦੀ ਭੂਆ ਉਸ ਨੂੰ ਸੁਣਦੀ ਸੀ ਅਤੇ ਉਤਸ਼ਾਹਿਤ ਵੀ ਕਰਦੀ ਸੀ। ਉਸ ਨੇ ਆਪਣੀ ਜ਼ਿੱਦ 'ਤੇ ਬਾਲਕ ਤਲਤ ਨੂੰ ਮੌਸੀਕੀ (ਸੰਗੀਤ) ਦੀ ਤਾਲੀਮ ਲੈਣ ਲਈ ਲਖਨਊ ਦੇ ਮੌਰਿਸ ਕਾਲਜ 'ਚ ਦਾਖਲਾ ਦਿਵਾ ਦਿੱਤਾ। ਸੰਗੀਤ ਵਿਸ਼ਾ ਲੈ ਕੇ ਬੀ.ਏ. ਕੀਤੀ। ਕਾਲਜ ਦੌਰਾਨ ਹੀ ਉਹ 'ਦਾਗ਼', 'ਗ਼ਾਲਿਬ' ਅਤੇ 'ਮੀਰ ਤਕੀ ਮੀਰ' ਦੀਆਂ ਗ਼ਜ਼ਲਾਂ ਗਾਉਣ ਲੱਗ ਪਿਆ ਸੀ। ਹੌਲੀ-ਹੌਲੀ ਉਸ ਨੇ ਲਖਨਊ ਦੇ ਰੇਡੀਓ ਕੇਂਦਰਾਂ ਤੋਂ ਗਾਉਣਾ ਸ਼ੁਰੂ ਕਰ ਦਿੱਤਾ।

ਸਾਲ 1939 ਵਿਚ 15 ਸਾਲ ਦੀ ਉਮਰ 'ਚ ਤਲਤ ਨੂੰ ਸੰਗੀਤਕਾਰ ਕਮਲ ਦਾਸ ਗੁਪਤਾ ਦਾ ਗੀਤ 'ਸਬ ਦਿਨ ਏਕ ਸਮਾਨ ਨਹੀਂ' ਗਾਉਣ ਦਾ ਮੌਕਾ ਮਿਲਿਆ ਜੋ ਲਖਨਊ 'ਚ ਬੇਹੱਦ ਮਕਬੂਲ ਹੋਇਆ। ਤਕਰੀਬਨ ਇਕ ਸਾਲ ਦੇ ਅੰਦਰ ਪ੍ਰਸਿਧ ਸੰਗੀਤ ਰਿਕਾਰਡਿੰਗ ਕੰਪਨੀ 'ਹਿਜ਼ ਮਾਸਟਰਜ਼ ਵੌਇਸ' (ਐਚ.ਐਮ.ਵੀ.) ਦੀ ਟੀਮ ਕਲਕੱਤੇ ਆਈ ਅਤੇ ਉਸ ਦੇ 2 ਗੀਤ ਰਿਕਾਰਡ ਕੀਤੇ। ਇਨ੍ਹਾਂ ਗੀਤਾਂ ਦੇ ਚੱਲਣ ਤੋਂ ਬਾਅਦ ਉਸ ਦੇ ਚਾਰ ਹੋਰ ਗੀਤ ਰਿਕਾਰਡ ਹੋਏ ਜਿਨ੍ਹਾਂ 'ਚ ਗ਼ਜ਼ਲ 'ਤਸਵੀਰ ਤੇਰੀ ਦਿਲ ਮੇਰਾ ਬਹਿਲਾ ਨਾ ਸਕੇਗੀ' ਸ਼ਾਮਲ ਕੀਤੀ। ਇਹ ਗ਼ਜ਼ਲ ਬਹੁਤ ਪਸੰਦ ਕੀਤੀ ਗਈ ਅਤੇ ਬਾਅਦ 'ਚ ਇਕ ਫਿਲਮ 'ਚ ਵੀ ਸ਼ਾਮਲ ਕੀਤੀ।

ਕੁੰਦਨ ਲਾਲ ਸਹਿਗਲ (ਕੇ.ਐਲ.ਸਹਿਗਲ) ਦੀ ਮਕਬੂਲੀਅਤ ਤੋਂ ਮੁਤਾਸਿਰ ਹੋ ਕੇ ਤਲਤ ਵੀ ਗੁਲੂਕਾਰ (ਗਾਇਕ) ਅਤੇ ਅਦਾਕਾਰ ਬਣਨ ਲਈ 1944 'ਚ ਕਲਕੱਤੇ ਪਹੁੰਚ ਗਿਆ ਜੋ ਉਨ੍ਹੀਂ ਦਿਨੀਂ ਮਨੋਰੰਜਕ ਸਰਗਰਮੀਆਂ ਦਾ ਮਰਕਜ਼ (ਕੇਂਦਰ) ਹੁੰਦਾ ਸੀ। ਕਲਕੱਤੇ 'ਚ ਸ਼ੰਘਰਸ਼ ਦੌਰਾਨ ਉਸ ਦੀ ਸ਼ੁਰੂਆਤ ਬੰਗਲਾ ਗੀਤਾਂ ਤੋਂ ਹੋਈ। ਰਿਕਾਰਡਿੰਗ ਕੰਪਨੀ ਨੇ ਗਾਇਕ ਦੇ ਰੂਪ 'ਚ ਉਸ ਨੂੰ ਤਪਨ ਕੁਮਾਰ ਦੇ ਨਾਂ ਨਾਲ ਗਵਾਇਆ। ਤਪਨ ਕੁਮਾਰ ਦੇ ਗਾਏ 100 ਤੋਂ ਉਪਰ ਗੀਤ ਰਿਕਾਰਡ ਹੋਏ। ਤਲਤ ਮਹਿਮੂਦ ਨੇ ਬਤੌਰ ਅਦਾਕਾਰ ਕੁਲ 13 ਫਿਲਮਾਂ ਵਿਚ ਅਦਾਕਾਰੀ ਕਰਨ ਦੇ ਨਾਲ-ਨਾਲ ਗੀਤ ਗਾਏ। ਉਸ ਦੀ ਪਹਿਲੀ ਫਿਲਮ 'ਰਾਜ ਲਕਸ਼ਮੀ' (1945) ਸੀ। ਇਸ ਫਿਲਮ 'ਚ ਉਸ ਨੇ ਸੰਗੀਤਕਾਰ ਰੌਬਿਨ ਚੈਟਰਜੀ ਦੇ ਸੰਗੀਤ 'ਚ ਦੋ ਏਕਲ ਗੀਤ 'ਜਾਗੋ ਮੁਸਾਫਿਰ ਜਾਗੋ' ਅਤੇ 'ਤੂ ਸੁਨ ਲੇ ਮਤਵਾਲੇ' ਗਾਏ ਜੋ ਉਸ 'ਤੇ ਹੀ ਫਿਲਮਾਏ ਗਏ। ਇਸ ਬੈਨਰ ਦੀ ਫਿਲਮ 'ਤੁਮ ਔਰ ਮੈਂ' (1947) 'ਚ ਉਸ ਨੇ ਅਦਾਕਾਰੀ ਕੀਤੀ। ਕਲਕੱਤੇ ਵਿਚ ਦੋ ਫਿਲਮਾਂ 'ਚ ਕੰਮ ਕਰਕੇ ਵੀ ਉਸ ਦੀ ਰੂਹ ਸੰਤੁਸ਼ਟ ਨਾ ਹੋਈ। 1949 ਵਿਚ ਨਿਊ ਥੀਏਟਰਜ਼ ਬੰਦ ਹੋਣ ਕਾਰਨ ਤਲਤ ਕਲਕੱਤੇ ਤੋਂ ਬੰਬਈ ਆ ਗਿਆ। ਇਥੇ ਉਹ ਸੰਗੀਤਕਾਰ ਅਨਿਲ ਬਿਸਵਾਸ ਨੂੰ ਮਿਲਿਆ। ਉਸ ਵੇਲੇ ਤਲਤ ਦੀ ਮਕਬੂਲੀਅਤ ਬੰਬੇ ਵੀ ਪਹੁੰਚ ਗਈ ਸੀ। ਇਸ ਵਾਰ ਸੰਗੀਤਕਾਰ ਅਨਿਲ ਬਿਸਵਾਸ ਨੇ ਉਸ ਨੂੰ ਫਿਲਮਸਤਾਨ ਸਟੂਡੀਓ ਦੀ ਫਿਲਮ 'ਆਰਜ਼ੂ' (1950) ਵਿਚ ਪਿਠਵਰਤੀ ਗੁਲੂਕਾਰ ਵਜੋਂ ਗਾਉਣ ਦਾ ਮੌਕਾ ਦਿੱਤਾ। ਦਲੀਪ ਕੁਮਾਰ 'ਤੇ ਫਿਲਮਾਇਆ ਗੀਤ 'ਐ ਦਿਲ ਮੁਝੇ ਐਸੀ ਜਗ੍ਹਾ ਲੇ ਚਲ, ਯਹਾਂ ਕੋਈ ਨਾ ਹੋ' ਹਿਟ ਹੋ ਗਿਆ ਅਤੇ ਤਲਤ ਸੰਗੀਤਕਾਰਾਂ ਦੀ ਪਹਿਲੀ ਪਸੰਦ ਬਣ ਗਿਆ। ਇਸ ਸਮੇਂ ਸੰਗੀਤਕਾਰ ਨੌਸ਼ਾਦ ਅਲੀ ਆਪਣੇ ਲਈ ਬਿਹਤਰੀਨ ਗਾਇਕ ਦੀ ਤਲਾਸ਼ 'ਚ ਸਨ। ਉਨ੍ਹਾਂ ਨੇ ਤਲਤ ਕੋਲੋਂ ਦਲੀਪ ਕੁਮਾਰ ਲਈ ਫਿਲਮ 'ਬਾਬੁਲ' (1950) 'ਚ ਚਾਰ ਗੀਤ ਗਵਾਏ। ਇਸ ਫਿਲਮ ਦਾ ਯੁਗਲ ਗੀਤ 'ਮਿਲਤੇ ਹੀ ਆਂਖੇਂ, ਦਿਲ ਹੂਆ ਦੀਵਾਨਾ ਕਿਸੀਕਾ' (ਸ਼ਮਸ਼ਾਦ ਨਾਲ) ਬਹੁਤ ਹਿਟ ਹੋਇਆ।

ਸਹਿਗਲ ਵਾਂਗ ਗਾਇਕ-ਅਦਾਕਾਰ ਬਣਨ ਦੀ ਚਾਹਤ ਤਲਤ ਨੂੰ ਹਮੇਸ਼ਾਂ ਰਹੀ। ਪਿੱਠਵਰਤੀ ਗਾਇਕੀ ਵਿਚੋਂ ਜਦੋਂ ਉਸ ਦੇ ਨਾਮ ਨੂੰ ਪੁਖਤਾ ਪਛਾਣ ਮਿਲ ਗਈ, ਤਦ ਉਸ ਨੇ ਅਦਾਕਾਰੀ ਦੇ ਖੇਤਰ ਵਿਚ ਫਿਰ ਕਿਸਮਤ ਅਜ਼ਮਾਉਣ ਦਾ ਫੈਸਲਾ ਕੀਤਾ। ਫਿਲਮ 'ਰਾਜ ਲਕਸ਼ਮੀ' (1945), 'ਤੁਮ ਔਰ ਮੈਂ' (1947), 'ਆਰਾਮ' (1951) ਵਿਚ ਸਿਰਫ ਆਪਣੇ ਗਾਏ ਗੀਤਾਂ 'ਤੇ ਅਦਾਕਾਰੀ ਕਰਨ ਤੋਂ ਇਲਾਵਾ ਤਲਤ ਨੇ 10 ਫਿਲਮਾਂ 'ਚ ਹੀਰੋ ਦੇ ਕਿਰਦਾਰ ਅਦਾ ਕੀਤੇ। ਇਹ ਫਿਲਮਾਂ ਹਨ 'ਸੰਪਤੀ' (1949), 'ਦਿਲ-ਏ-ਨਾਦਾਨ' (1953), 'ਡਾਕ ਬਾਬੂ' (1954), 'ਵਾਰਿਸ' (1954), 'ਰਫਤਾਰ' (1955), 'ਦੀਵਾਲੀ ਕੀ ਰਾਤ' (1956), 'ਏਕ ਗਾਂਵ ਕੀ ਕਹਾਨੀ' (1957), 'ਲਾਲਾ ਰੁਖ' (1958), 'ਮਾਲਿਕ' (ਸੁਰੱਈਆ) ਅਤੇ 'ਸੋਨੇ ਕੀ ਚਿੜੀਆ' (1958)। ਫਿਲਮ 'ਸੋਨੇ ਕੀ ਚਿੜੀਆ' ਅਦਾਕਾਰਾ ਨੂਤਨ ਨਾਲ ਉਸ ਦੀ ਆਖਰੀ ਫਿਲਮ ਹੋ ਨਿਬੜੀ। ਇਨ੍ਹਾਂ 'ਚੋਂ ਕਈ ਫਿਲਮਾਂ ਵਪਾਰਕ ਪੱਖੋਂ ਸਫਲ ਤੇ ਕਈ ਅਸਫਲ ਰਹੀਆਂ। ਤਲਤ ਮਹਿਮੂਦ ਖੂਬਸੂਰਤ ਹੋਣ ਦੇ ਬਾਵਜੂਦ ਸਫਲ ਅਦਾਕਾਰ ਸਾਬਤ ਨਾ ਹੋ ਸਕਿਆ। ਉਸ ਨੇ ਕਈ ਗ਼ਜ਼ਲਾਂ ਦੀਆਂ ਤਰਜ਼ਾਂ ਖੁਦ ਤਾਮੀਰ ਕੀਤੀਆਂ ਸਨ ਜਿਨ੍ਹਾਂ 'ਚ 'ਗ਼ਮ-ਏ-ਆਸ਼ਿਕੀ ਸੇ ਕਹਿਦੋ' ਤੇ 'ਤੁਮਨੇ ਯੇ ਕਯਾ ਸਿਤਮ ਕੀਯਾ' ਬਿਹਤਰੀਨ ਮਿਸਾਲ ਹਨ।



*ਤਲਤ ਮਹਿਮੂਦ*

1950ਵਿਆਂ ਦੇ ਦਹਾਕੇ ਵਿਚ ਜਦੋਂ ਤਲਤ ਨੇ ਬੰਬਈ ਦਾ ਰੁਖ ਕੀਤਾ ਸੀ, ਤਾਂ ਇਥੇ ਬਣਨ ਵਾਲੀਆਂ ਫਿਲਮਾਂ ਦੇ ਬਹੁਤੇ ਫਿਲਮਸਾਜ਼, ਸੰਗੀਤਕਾਰ, ਸ਼ਾਇਰ, ਅਦਾਕਾਰ-ਅਦਾਕਾਰਾਵਾਂ ਪੰਜਾਬੀ ਸਨ ਜਾਂ ਕਹਿ ਲਵੋ ਪੰਜਾਬੀਆਂ ਦਾ ਪੂਰਾ ਬੋਲ-ਬਾਲਾ ਸੀ। ਇਨ੍ਹਾਂ ਸ਼ਖਸੀਅਤਾਂ ਦੀ ਸੁਹਬਤ ਮਾਣਦਿਆਂ ਤਲਤ ਨੂੰ ਪੰਜਾਬੀ ਜ਼ੁਬਾਨ ਨਾਲ ਉਲਫਤ (ਮੁਹੱਬਤ) ਹੋ ਗਈ। ਉਸ ਦੀ ਚਾਹਤ ਸੀ ਕਿ ਉਹ ਵੀ ਇਨ੍ਹਾਂ ਵਾਂਗ ਪੰਜਾਬੀ ਬੋਲਣ। ਉਸ ਨੇ ਇਹ ਗੱਲ ਸਰਦੂਲ ਕਵਾਤੜਾ ਕੋਲ ਰੱਖੀ। ਉਸ ਨੇ ਚਾਰ ਪੰਜਾਬੀ ਫਿਲਮਾਂ ਲਈ ਕੰਮ ਕੀਤਾ। ਬਤੌਰ ਗਾਇਕ ਤਲਤ ਦੀ ਪਹਿਲੀ ਪੰਜਾਬੀ ਫਿਲਮ ਸੀ 'ਮੁਟਿਆਰ' (1950)। ਇਸ ਫਿਲਮ ਵਿਚ ਸੰਗੀਤਕਾਰ ਵਿਨੋਦ ਦੇ ਸੰਗੀਤ 'ਚ ਤਲਤ ਨੇ ਦੋ ਗੀਤ ਗਾਏ। ਇਸ ਫਿਲਮ ਦੇ ਸੰਗੀਤ ਨੇ ਸਰਦੂਲ ਕਵਾਤੜਾ ਨੂੰ ਪ੍ਰਭਾਵਿਤ ਕੀਤਾ। ਫਿਰ ਉਨ੍ਹਾਂ ਨੇ ਆਪਣੀ ਦੂਜੀ ਪੰਜਾਬੀ ਫਿਲਮ 'ਕੌਡੇ ਸ਼ਾਹ' (1953) ਬਣਾਈ ਤਾਂ ਇਸ ਫਿਲਮ ਵਾਸਤੇ ਰਾਜਕੁਮਾਰੀ ਅਤੇ ਤਲਤ ਮਹਿਮੂਦ ਦੀਆਂ ਆਵਾਜ਼ਾਂ ਵਿਚ ਵਰਮਾ ਮਲਿਕ ਦਾ ਲਿਖਿਆ ਦੋਗਾਣਾ 'ਜ਼ੁਲਫਾਂ ਨੇ ਖੁੱਲ੍ਹ ਗਈਆਂ, ਹੱਡੀਆਂ ਨੇ ਰੁਲ ਗਈਆਂ' ਗਵਾਇਆ। ਪੰਜਾਬੀ ਫਿਲਮ 'ਲਾਰਾ ਲੱਪਾ' (1953) ਲਈ ਸੰਗੀਤਕਾਰ ਧਨੀ ਰਾਮ ਨੇ ਵੀ ਤਲਤ ਮਹਿਮੂਦ ਲਈ ਤਰਜ਼ ਤਾਮੀਰ ਕੀਤੀ। ਮਨੋਹਰ ਸਿੰਘ ਸਹਿਰਾਈ ਦੇ ਲਿਖੇ ਇਸ ਰੁਮਾਨੀ ਯੁਗਲ ਗੀਤ ਨੂੰ ਤਲਤ ਨੇ ਆਸ਼ਾ ਨਾਲ ਮਿਲ ਕੇ ਗਾਇਆ- 'ਮੇਰੇ ਦਿਲ ਦੀ ਸੇਜ ਦੀਏ ਰਾਣੀਏ ਨੀ ਹੋ'। ਤਲਤ ਨੇ ਸਿੰਧੀ ਫਿਲਮ 'ਸੱਸੀ ਪੁਨੂੰ' ਵਿਚ ਨਿਰਮਲਾ ਸਪਰੂ ਨਾਲ ਪੰਜਾਬੀ ਯੁਗਲ ਗੀਤ 'ਪਰਦੇਸੀ ਨਾਲ ਨਹੀਂ ਪ੍ਰੀਤ ਲਾਉਣੀ' ਗਾਇਆ। ਬਤੌਰ ਗਾਇਕ ਉਸ ਨੇ ਚਾਰ ਪੰਜਾਬੀ ਫਿਲਮਾਂ ਲਈ 5 ਗੀਤ ਗਾਏ ਜਿਨ੍ਹਾਂ 'ਚ ਇਕ ਉਰਦੂ ਦੀ ਗ਼ਜ਼ਲ ਸ਼ਾਮਲ ਸੀ। 1960ਵਿਆਂ ਦਾ ਦਹਾਕਾ ਸ਼ੁਰੂ ਹੋਣ ਤਕ ਫਿਲਮਾਂ 'ਚ ਉਸ ਦੇ ਗਾਏ ਗੀਤ ਬਹੁਤ ਘਟ ਹੋਣ ਲੱਗੇ। ਫਿਲਮ 'ਸੁਜਾਤਾ' (1959) ਦਾ ਸੁਨੀਲ ਦੱਤ 'ਤੇ ਫਿਲਮਾਇਆ 'ਜਲਤੇ ਹੈਂ ਜਿਸਕੇ ਲੀਏ, ਤੇਰੀ ਆਂਖੋਂ ਕੇ ਦੀਏ' ਯਾਦਗਾਰੀ ਗੀਤ ਹੈ।

ਫਿਲਮਾਂ ਲਈ ਆਖਰੀ ਵਾਰ ਉਸ ਨੇ 1964 'ਚ ਫਿਲਮ 'ਜਹਾਂਆਰਾ' ਲਈ ਗਾਇਆ ਜਿਸ ਦੇ ਸੰਗੀਤਕਾਰ ਮਦਨ ਮੋਹਨ ਸਨ। ਇਸ ਤੋਂ ਬਾਅਦ ਫਿਲਮ ਸੰਗੀਤ ਦੇ ਬਦਲਦੇ ਸਰੂਪ 'ਚ ਤਲਤ ਵਰਗੀ ਆਵਾਜ਼ ਲਈ ਕੋਈ ਗੁੰਜਾਇਸ਼ ਨਹੀਂ ਬਚੀ, ਪਰ ਉਸ ਦੇ ਗ਼ੈਰ-ਫਿਲਮੀ ਗਾਇਨ ਦਾ ਸਿਲਸਿਲਾ ਬਰਾਬਰ ਚੱਲਦਾ ਰਿਹਾ ਅਤੇ ਉਸ ਦੀਆਂ ਐਲਬਮਾਂ ਆਉਂਦੀਆਂ ਰਹੀਆਂ।

ਤਲਤ ਮਹਿਮੂਦ ਨੂੰ 1956 ਵਿਚ ਸਟੇਜ 'ਤੇ ਪ੍ਰੋਗਰਾਮ ਕਰਨ ਲਈ ਦੱਖਣੀ ਅਫਰੀਕਾ ਸੱਦਿਆ ਗਿਆ। ਇਸ ਤਰ੍ਹਾਂ ਦੇ ਪ੍ਰੋਗਰਾਮ ਲਈ ਭਾਰਤ ਤੋਂ ਕਿਸੇ ਫਿਲਮੀ ਫਨਕਾਰ ਦੇ ਜਾਣ ਦਾ ਇਹ ਪਹਿਲਾ ਮੌਕਾ ਸੀ। ਉਸ ਦਾ ਪ੍ਰੋਗਰਾਮ ਐਨਾ ਸਫਲ ਰਿਹਾ ਕਿ ਦੱਖਣੀ ਅਫਰੀਕਾ ਦੇ ਅਨੇਕਾਂ ਨਗਰਾਂ 'ਚ ਉਸ ਦੇ ਕੁੱਲ 22 ਪ੍ਰੋਗਰਾਮ ਹੋਏ, ਫਿਰ ਵਿਦੇਸ਼ਾਂ 'ਚ ਭਾਰਤੀ ਫਿਲਮੀ ਕਲਾਕਾਰਾਂ ਦੇ ਮੰਚ ਪ੍ਰੋਗਰਾਮਾਂ ਦਾ ਸਿਲਸਿਲਾ ਚੱਲ ਪਿਆ। ਉਹ ਇਨ੍ਹਾਂ ਪ੍ਰੋਗਰਾਮਾਂ 'ਚ ਲਗਾਤਾਰ ਮਸਰੂਫ ਰਹੇ। ਫਿਲਮੀ ਦੁਨੀਆਂ ਤੋਂ ਰੁਖਸਤੀ ਮਿਲਣ ਦੇ ਬਾਅਦ ਤਾਂ ਦੇਸ਼-ਵਿਦੇਸ਼ 'ਚ ਆਏ ਦਿਨ ਉਸ ਦੇ ਪ੍ਰੋਗਰਾਮ ਹੋਣ ਲੱਗੇ। ਫਿਲਮਾਂ 'ਚ ਗਾਉਣ ਤੋਂ ਦੂਰ ਹੋਣ ਦਾ ਮਲਾਲ ਉਸ ਨੂੰ ਹਮੇਸ਼ਾਂ ਰਿਹਾ। ਫਿਰ ਵੀ ਉਸ ਦੇ ਫਿਲਮੀ ਅਤੇ ਗ਼ੈਰ-ਫਿਲਮੀ ਗੀਤਾਂ ਨੂੰ ਸੁਣਨ ਵਾਲਿਆਂ ਦੀ ਤਾਦਾਦ ਜਾਂ ਉਤਸ਼ਾਹ ਵਿਚ ਕਦੇ ਕਮੀ ਨਹੀਂ ਆਈ।

1970ਵਿਆਂ ਦੇ ਦਹਾਕੇ 'ਚ ਉਸ ਦੀਆਂ ਚਾਰ ਫਿਲਮਾਂ ਨੁਮਾਇਸ਼ ਹੋਈਆਂ: 'ਵੋ ਦਿਨ ਯਾਦ ਕਰੋ' (1971), 'ਸ਼ਾਇਰ-ਏ-ਕਸ਼ਮੀਰ ਮਹਿਜ਼ੂਰ' (1972), 'ਸੁਬਹਾ ਜ਼ਰੂਰ ਆਏਗੀ' (1977) ਅਤੇ 'ਤੂਫਾਨੀ ਟੱਕਰ' (1978)। ਉਸ ਨੇ 200 ਫਿਲਮਾਂ 'ਚ ਤਕਰੀਬਨ 500 ਫਿਲਮੀ ਅਤੇ 250 ਗ਼ੈਰ-ਫਿਲਮੀ ਗੀਤ ਗਾਏ ਹਨ। ਉਸ ਨੇ ਪਾਕਿਸਤਾਨੀ ਫਿਲਮ 'ਚਿਰਾਗ ਜਲਤਾ ਰਹਾ' ਲਈ ਸੰਗੀਤਕਾਰ ਨਾਹਲ ਅਬਦੁੱਲਾ ਦੀ ਮੌਸੀਕੀ 'ਚ 2 ਗੀਤ ਗਾਏ ਜਿਨ੍ਹਾਂ ਦੇ ਬੋਲ ਸਨ: 'ਕੁਛ ਹੂਆ ਨਾ ਹਾਸਿਲ ਅਬ ਤਕ ਕੋਸ਼ਿਸ਼-ਏ-ਬੇਕਾਰ ਸੇ' ਅਤੇ ਦੂਜਾ 'ਮੁਸ਼ਕਿਲ ਨਿਕਲਨਾ ਦਿਲ ਕਾ ਸੰਭਲਨਾ।'

1992 ਵਿਚ ਤਲਤ ਮਹਿਮੂਦ ਨੂੰ 'ਪਦਮ ਭੂਸ਼ਣ' ਨਾਲ ਸਨਮਾਨਤ ਕੀਤਾ ਗਿਆ। ਮਰਹੂਮ ਗਾਇਕਾ ਬੇਗ਼ਮ ਅਖਤਰ ਦੀ ਪਹਿਲੀ ਬਰਸੀ 'ਤੇ ਉਸ ਨੂੰ ਮੁਲਕ ਦੇ ਉਮਦਾ ਗਾਇਕ ਦੇ ਰੂਪ ਵਿਚ 'ਬਜ਼ਮ-ਏ-ਰੂਹ-ਏ ਗ਼ਜ਼ਲ' ਵਰਗੇ ਵੱਕਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਮਖਮਲ਼ੀ ਆਵਾਜ਼ ਦੇ ਧਨੀ ਤਲਤ ਮਹਿਮੂਦ ਹਯਾਤੀ ਦੇ ਆਖਰੀ ਵਕਤ ਦੌਰਾਨ ਚੱਲਣ-ਫਿਰਨ ਤੇ ਬੋਲਣ 'ਚ ਦਿੱਕਤ ਮਹਿਸੂਸ ਕਰਨ ਲੱਗੇ ਸਨ। 9 ਮਈ 1998 ਨੂੰ 74 ਸਾਲ ਦੀ ਉਮਰੇ ਉਨ੍ਹਾਂ ਦਾ ਦੇਹਾਂਤ ਹੋ ਗਿਆ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 12 ਜਨਵਰੀ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-359



*ਨਵੀਂ ਨਵੇਲੀ ਚੌਂਕੇ ਚਾੜ੍ਹੀ, ਸੰਗ ਸੰਗ ਕੜਛੀ ਫੇਰੇ।*
*ਕਿੰਨਾ ਸੋਹਣਾ ਕੜਾਹ ਬਣਾਇਆ ਸ਼ਾਬਾਸ਼ੇ ਨੀ ਤੇਰੇ!*

## ਕੈਪਸ਼ਨ ਮੁਕਾਬਲਾ-357



ਬੋਹੜ ਵਾਲੀਆਂ ਠੰਡੀਆਂ ਛਾਂਵਾਂ
ਘੜੇ ਦਾ ਮਿੱਠਾ ਪਾਣੀ।
ਇੰਤਜ਼ਾਮ ਸਭ ਕਰ ਕੇ ਰੱਖਿਆ
ਕੀਤੀ ਗੱਲ ਸਿਆਣੀ।
ਕੋਈ ਥੱਕਾ ਟੁੱਟਾ ਰਾਹੀ ਆਊ
ਬੈਠ ਜਾਊ ਕੋਈ ਢਾਣੀ।
ਨੇਕ ਕੰਮ ਦੀ ਤੁਰਦੀ ਰਹਿੰਦੀ
ਜੱਗ 'ਤੇ ਸਦਾ ਕਹਾਣੀ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਨਹੀਂ ਹੁੰਦੀਆਂ ਸੀ ਪੱਕੀਆਂ ਸੜਕਾਂ
ਨਾ ਹੀ ਬੱਸਾਂ, ਮੋਟਰ ਕਾਰਾਂ।
ਪੈਦਲ ਤੁਰਦੇ ਸੀ ਪਗਡੰਡੀਆਂ 'ਤੇ
ਸਾਈਕਲ ਜਾਂ ਘੋੜ ਸਵਾਰਾਂ।
ਚੌਂਤੇ ਉਤੇ ਪਿੱਪਲਾਂ-ਬੋਹੜਾਂ ਹੇਠਾਂ
ਪਿੱਲਾ ਘੜਾ ਰੱਖਦੇ ਸੀ ਭਰ ਕੇ।
ਦੇਸੀ ਫਰਿਜ ਵਿਚੋਂ ਠੰਡਾ ਪਾਣੀ
ਰਾਹੀ ਪੀਂਦਾ ਸੀ ਬੁੱਕ ਭਰ ਕੇ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਗਰਮ ਰੁੱਤ, ਪਿਘਲਦੀ ਸੜਕ
ਪੈਦਲ ਸਫਰ ਕੋਹ ਮੰਜ਼ਿਲ
ਤੁਰਦਾ ਸੀ ਫਿਰ ਵੀ ਮਟਕ ਨਾਲ
ਆਉਂਦਾ ਕਦੇ ਕਦੇ ਹਵਾ ਦਾ ਬੁੱਲਾ।
ਪਿਆਸ ਲੱਗਦੀ, ਸਾਹ ਸੁੱਕਦਾ
ਥਾਂ ਥਾਂ ਪਿੱਪਲਾਂ-ਬੋਹੜਾਂ ਥੱਲੇ
ਠੰਢਾ ਜਲ, ਗਲਾਸ, ਘੜਾ ਉਥੇ।
ਨਾ ਰਹੀਆਂ ਉਹ ਆਰਾਮਗਾਹਾਂ
ਨਾ ਥੜ੍ਹੇ, ਪਿੱਪਲ, ਬੋਹੜਾਂ।
ਪਾਣੀ ਹੋਇਆ ਪਲੀਤ ਅੱਜ
ਦਿੰਦਾ ਸੱਦਾ ਮਰਜਾਂ ਨੂੰ
ਲੋੜ ਪੈ ਗਈ ਫਿਲਟਰ ਬੋਤਲਾਂ ਦੀ।

***-ਦਰਸ਼ਨਪਾਲ ਦੋਸਾਂਝ***

---

ਪਿੱਪਲ, ਬੋਹੜ ਦੀ ਠੰਢੀ ਛਾਂ ਥੱਲੇ
ਘੜਾ ਪਾਣੀ ਦਾ ਥੜ੍ਹੇ ਟਿਕਾਅ ਦਿੰਦੇ।
ਲੰਘਦੇ-ਵੜਦੇ ਰਾਹੀਆਂ ਦੀ ਰਾਹ ਉਤੇ
ਥਕੇਵਾਂ ਲਾਹ, ਪਿਆਸ ਬੁਝਾ ਦਿੰਦੇ।
ਜੀ-ਆਇਆਂ ਹੀ ਸੀ, ਪਿੰਡ ਦੀ ਜੂਹ ਅੰਦਰ
ਤੰਦਾਂ ਮੋਹ-ਪਿਆਰ ਦੀਆਂ ਪਾ ਦਿੰਦੇ।
ਪਾਣੀ ਬੋਤਲਾਂ 'ਚ, ਕਾਰਾਂ-ਬੇਕਾਰ ਕੀਤੇ
ਲੰਮੀਆਂ ਵਾਟਾਂ ਜੋ ਪੈਰੀਂ ਸੀ ਗਾਹ ਦਿੰਦੇ।

***-ਦਵਿੰਦਰ ਕੌਰ***

---

ਬੋਹੜਾਂ ਅਤੇ ਪਿੱਪਲਾਂ ਦੀਆਂ
ਹੁੰਦੀਆਂ ਸਨ ਗੂੜ੍ਹੀਆਂ ਛਾਂਵਾਂ।
ਬਣਾ ਕੇ ਇੱਟਾਂ ਦਾ ਗੋਲ ਘੇਰਾ
ਬਣਾਉਂਦੇ ਸੀ ਬੈਠਣ ਲਈ ਥਾਂਵਾਂ।
ਮਿੱਟੀ ਦਾ ਘੜਾ ਭਰ ਕੇ ਨਾਲ ਪਾਣੀ
ਗਲਾਸ ਸੀ ਨਾਲ ਰੱਖਦੇ।
ਰਾਹਗੀਰ ਪੀ ਠੰਡਾ ਪਾਣੀ ਇਸ ਦਾ
ਫਿਰ ਨਹੀਂ ਸੀ ਥੱਕਦੇ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

# ਕਾਟੋਵਿਸ ਦੀ ਮੌਸਮੀ ਤਬਦੀਲੀ ਬਾਰੇ ਕਾਨਫਰੰਸ ਦਾ ਲੇਖਾ-ਜੋਖਾ

ਪੋਲੈਂਡ ਦੇ ਸ਼ਹਿਰ ਕਾਟੋਵਿਸ ਵਿਚ ਦਸੰਬਰ ਦੇ ਪਹਿਲੇ ਅੱਧ ਦੌਰਾਨ ਮੌਸਮੀ ਤਬਦੀਲੀਆਂ ਨਾਲ ਨਜਿੱਠਣ ਲਈ ਦੋ ਹਫਤੇ ਚੱਲੀ ਕਾਨਫਰੰਸ ਸਿਰਫ ਪੈਰਿਸ ਮੌਸਮੀ ਸੰਧੀ ਨੂੰ ਅੱਗੇ ਤੋਰਨ ਲਈ ਇੱਕ ਕੜੀ ਹੀ ਸਾਬਿਤ ਹੋ ਸਕੀ ਹੈ। ਇਸ ਤੋਂ ਇਲਾਵਾ ਬਾਕੀ ਸਾਰੇ ਮੁੱਖ ਮੁੱਦਿਆਂ ਉਤੇ ਹੋਣ ਵਾਲੀ ਕਾਰਵਾਈ ਜਾਂ ਤਾਂ ਅਗਲੇ ਸਾਲ ਹੋਣ ਵਾਲੀ ਮੌਸਮੀ ਕਾਨਫਰੰਸ ਉਤੇ ਪਾ ਦਿੱਤੀ ਗਈ ਜਾਂ ਮੁੱਦਿਆਂ ਨੂੰ ਬਹੁਤ ਹੀ ਪੇਤਲਾ ਕਰਕੇ ਉਨ੍ਹਾਂ ਉਤੇ ਸਹਿਮਤੀ ਦੇ ਦਿੱਤੀ ਗਈ।

ਇਸ ਸਾਲ ਅਕਤੂਬਰ ਮਹੀਨੇ ਆਈ ਇੱਕ ਸਪੈਸ਼ਲ ਰਿਪੋਰਟ ਉਤੇ ਤਾਂ ਅਮਰੀਕਾ, ਰੂਸ, ਸਾਊਦੀ ਅਰਬ ਅਤੇ ਕੁਵੈਤ ਨੇ ਸਿਰਫ ਉਸ ਦੇ ਸਮੇਂ ਸਿਰ ਰਿਲੀਜ਼ ਕੀਤੇ ਜਾਣ ਦੀ ਸ਼ਲਾਘਾ ਕੀਤੀ

**ਡਾ. ਗੁਰਿੰਦਰ ਕੌਰ***
**ਫੋਨ: 91-99156-82196**

ਹੈ, ਪਰ ਉਸ ਦੇ ਨਤੀਜਿਆਂ ਅਤੇ ਚੇਤਾਵਨੀਆਂ ਨੂੰ ਮੰਨਣ ਤੋਂ ਕੋਰਾ ਇਨਕਾਰ ਕਰ ਦਿੱਤਾ, ਜੋ ਦੁਨੀਆਂ ਦੇ ਸਾਰੇ ਦੇਸ਼ਾਂ ਲਈ ਮੰਦਭਾਗਾ ਸਾਬਤ ਹੋ ਸਕਦਾ ਹੈ ਕਿਉਂਕਿ ਵਿਗਿਆਨੀਆਂ ਨੇ ਗਰੀਨ ਹਾਊਸ ਗੈਸਾਂ ਦੀ ਵਰਤਮਾਨ ਨਿਕਾਸੀ ਅਤੇ ਪੈਰਿਸ ਸੰਧੀ ਅਨੁਸਾਰ ਹੋਣ ਵਾਲੀ ਨਿਕਾਸੀ ਦਾ ਤੁਲਨਾਤਮਕ ਅਧਿਐਨ ਕਰਕੇ ਦੱਸਿਆ ਹੈ ਕਿ ਦੋਹਾਂ ਤਰ੍ਹਾਂ ਦੀ ਨਿਕਾਸੀ ਧਰਤੀ ਉਤੇ ਰਹਿਣ ਵਾਲੀ ਹਰ ਤਰ੍ਹਾਂ ਦੀ ਜੈਵਿਕ ਜ਼ਿੰਦਗੀ ਲਈ ਬਹੁਤ ਘਾਤਕ ਸਿੱਧ ਹੋ ਸਕਦੀ ਹੈ। ਹੁਣ ਸਾਡੇ ਕੋਲ ਇਸ ਨਿਕਾਸੀ ਨਾਲ ਧਰਤੀ ਉਤੇ ਆਉਣ ਵਾਲੀਆਂ ਅਣਕਿਆਸੀਆਂ ਮੌਸਮ ਤਬਦੀਲੀਆਂ ਅਤੇ ਕੁਦਰਤੀ ਆਫਤਾਂ ਤੋਂ ਬਚਣ ਲਈ ਬਹੁਤ ਥੋੜ੍ਹਾ ਸਮਾਂ ਬਚਿਆ ਹੈ। ਇਸ ਲਈ ਸਾਰੇ ਦੇਸ਼ਾਂ ਨੂੰ ਬਿਨਾ ਸਮਾਂ ਗੁਆਏ ਤੇਜ਼ੀ ਨਾਲ ਇਸ ਦਿਸ਼ਾ ਵੱਲ ਉਪਰਾਲੇ ਕਰਨੇ ਚਾਹੀਦੇ ਹਨ।

2015 ਵਿਚ ਮੌਸਮੀ ਤਬਦੀਲੀ ਬਾਰੇ ਪੈਰਿਸ ਸੰਧੀ ਵੇਲੇ ਧਰਤੀ ਉਤੇ ਤਾਪਮਾਨ ਦੇ ਵਾਧੇ ਦੀ ਸੁਰੱਖਿਅਤ ਸੀਮਾ ਸਨਅਤੀ ਇਨਕਲਾਬ ਦੇ ਔਸਤ ਤਾਪਮਾਨ ਤੋਂ 2 ਡਿਗਰੀ ਸੈਲਸੀਅਸ ਜਾਂ 1.5 ਡਿਗਰੀ ਸੈਲਸੀਅਸ ਵੱਧ ਹੋਣ ਬਾਰੇ ਵਿਚਾਰ ਹੋਈ। ਵਿਕਸਿਤ ਦੇਸ਼ ਇਸ ਨੂੰ 2 ਡਿਗਰੀ, ਜਦਕਿ ਛੋਟੇ-ਛੋਟੇ ਟਾਪੂਆਂ ਉਤੇ ਸਥਿਤ ਅਤੇ ਗਰੀਬ ਦੇਸ 1.5 ਡਿਗਰੀ ਸੈਲਸੀਅਸ ਮੰਨਦੇ ਸਨ। ਭਾਵੇਂ ਦੋਹਾਂ ਸੁਰੱਖਿਅਤ ਸੀਮਾਵਾਂ ਵਿਚਲਾ ਫਰਕ ਸਿਰਫ 0.5 ਡਿਗਰੀ ਹੈ, ਪਰ ਇਸ ਥੋੜ੍ਹੇ ਜਿਹੇ ਵਾਧੇ ਨਾਲ ਉਤਰੀ ਧਰੁੱਵ ਉਪਰਲੀ ਬਰਫ ਪੂਰੀ ਤਰ੍ਹਾਂ ਪਿਘਲ ਜਾਵੇਗੀ ਅਤੇ 1.5 ਡਿਗਰੀ ਦੇ ਵਾਧੇ ਨਾਲ ਉਥੇ ਗਰਮੀਆਂ ਵਿਚ ਜ਼ਿਆਦਾਤਰ ਇਲਾਕਿਆਂ ਵਿਚ ਬਰਫ ਹੋਵੇਗੀ।

ਇਸ ਅੱਧਾ ਡਿਗਰੀ ਵਾਧੇ ਨਾਲ ਸਮੁੰਦਰ ਦੇ ਜਲ-ਪੱਧਰ ਵਿਚ 8 ਫੁੱਟ ਤੱਕ ਦਾ ਵਾਧਾ ਹੋ ਸਕਦਾ ਹੈ ਜਿਸ ਨਾਲ 3 ਕਰੋੜ ਤੋਂ ਲੈ ਕੇ 8 ਕਰੋੜ ਤੱਕ ਮਨੁੱਖੀ ਆਬਾਦੀ ਨੂੰ ਨੁਕਸਾਨ ਹੋ ਸਕਦਾ ਹੈ। ਤਾਪਮਾਨ ਦੇ ਵਾਧੇ ਨਾਲ 35 ਕਰੋੜ ਸ਼ਹਿਰੀ ਆਬਾਦੀ ਪਾਣੀ ਦੀ ਕਮੀ ਦੀ ਮਾਰ ਝੱਲੇਗੀ ਅਤੇ 6 ਫੀਸਦੀ ਕੀੜੇ-ਮਕੌੜੇ, 8 ਫੀਸਦੀ ਬਨਸਪਤੀ ਅਤੇ 4 ਫੀਸਦੀ ਚੌਪਾਏ ਜਾਨਵਰ ਧਰਤੀ ਤੋਂ ਆਪਣਾ ਵਜੂਦ ਖੋ ਦੇਣਗੇ, ਜਦਕਿ 2 ਡਿਗਰੀ ਸੈਲਸੀਅਸ ਤਾਪਮਾਨ ਦੇ ਵਾਧੇ ਨਾਲ 41 ਕਰੋੜ ਸ਼ਹਿਰੀ ਆਬਾਦੀ ਨੂੰ ਪਾਣੀ ਦੀ ਕਮੀ ਹੋਵੇਗੀ ਅਤੇ 18 ਫੀਸਦੀ ਕੀੜੇ-ਮਕੌੜੇ, 16 ਫੀਸਦੀ ਬਨਸਪਤੀ ਅਤੇ 8 ਫੀਸਦੀ ਚੌਪਾਏ ਜਾਨਵਰ ਧਰਤੀ ਤੋਂ ਸਦਾ ਲਈ ਅਲੋਪ ਹੋ ਜਾਣਗੇ।

ਇਸ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਤਾਪਮਾਨ ਵਿਚ ਹੋਣ ਵਾਲਾ ਥੋੜ੍ਹਾ ਜਿਹਾ ਵਾਧਾ ਵੀ ਧਰਤੀ ਉਤੇ ਆਉਣ ਵਾਲੀਆਂ ਕੁਦਰਤੀ ਆਫਤਾਂ ਵਿਚ ਵਾਧਾ ਕਰਦਾ ਹੈ। ਉਦਯੋਗੀਕਰਨ ਦੇ ਸਮੇਂ ਤੋਂ ਪਹਿਲਾਂ ਦੇ ਔਸਤ ਤਾਪਮਾਨ ਤੋਂ ਹੁਣ ਤੱਕ ਲਗਭਗ 150 ਸਾਲਾਂ ਵਿਚ ਸਿਰਫ ਇਕ ਡਿਗਰੀ ਸੈਲਸੀਅਸ ਤਾਪਮਾਨ ਵਧਿਆ ਹੈ, ਜਿਸ ਨਾਲ ਇਸ ਸਾਲ ਅਮਰੀਕਾ, ਯੂਰਪ ਅਤੇ ਜਾਪਾਨ ਸਮੇਤ ਦੁਨੀਆਂ ਦੇ ਬਹੁਤ ਸਾਰੇ ਦੇਸ਼ ਗਰਮੀ ਦੀ ਲਪੇਟ ਵਿਚ ਆ ਗਏ। ਇਸ ਤੋਂ ਇਲਾਵਾ 2014 ਵਿਚ ਜਦੋਂ ਆਈ. ਪੀ. ਸੀ. ਸੀ. ਦੀ ਇਕ ਰਿਪੋਰਟ ਨੇ ਪਹਿਲੀ ਵਾਰ ਖੁਲਾਸਾ ਕੀਤਾ ਸੀ ਕਿ ਤਾਪਮਾਨ ਦੇ ਵਾਧੇ ਨਾਲ ਧਰਤੀ ਉਤੇ ਕੁਦਰਤੀ ਆਫਤਾਂ ਦੀ ਗਿਣਤੀ ਅਤੇ ਨੁਕਸਾਨ ਕਰਨ ਦੀ ਤੀਬਰਤਾ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਅਤੇ ਉਨ੍ਹਾਂ ਦੀ ਮਾਰ ਤੋਂ ਦੁਨੀਆਂ ਦਾ ਕੋਈ ਵੀ ਦੇਸ਼ ਬਚ ਨਹੀਂ ਸਕੇਗਾ।

2014 ਤੋਂ 2015, 2016 ਅਤੇ 2017 ਇਸ ਸਦੀ ਦੇ ਲਗਾਤਾਰ ਸਭ ਤੋਂ ਗਰਮ ਸਾਲ ਰਹੇ ਹਨ। 1901 ਤੋਂ ਲੈ ਕੇ 2017 ਤੱਕ ਦੇ 117 ਸਾਲ ਦੇ ਸਮੇਂ ਦੌਰਾਨ 2016 ਸਭ ਤੋਂ ਗਰਮ ਸਾਲ ਰਿਹਾ ਹੈ।

ਵਿਗਿਆਨੀਆਂ ਨੇ ਇਸ ਰਿਪੋਰਟ ਵਿਚ ਤਾਪਮਾਨ ਦੇ ਵਾਧੇ ਉਤੇ ਕਾਬੂ ਪਾਉਣ ਲਈ ਤਜਵੀਜ਼ ਦਿੱਤੀ ਸੀ ਕਿ ਜੇ ਤਾਪਮਾਨ ਦੇ ਵਾਧੇ ਨਾਲ ਆਉਣ ਵਾਲੀਆਂ ਮੌਸਮੀ ਤਬਦੀਲੀਆਂ ਦੀ ਮਾਰ ਤੋਂ ਧਰਤੀ ਉਤਲੀ ਜ਼ਿੰਦਗੀ ਨੂੰ ਬਚਾਉਣਾ ਹੈ ਤਾਂ ਕਾਟੋਵਿਸ ਕਾਨਫਰੰਸ ਵਿਚ ਸਾਰੇ ਦੇਸ਼ਾਂ ਨੂੰ 2030 ਤੱਕ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਨੂੰ 2010 ਦੇ ਨਿਕਾਸੀ ਦੇ ਪੱਧਰ ਤੋਂ 45 ਫੀਸਦੀ ਘੱਟ ਕਰਨ ਬਾਰੇ ਸਹਿਮਤੀ ਬਣਾਉਣੀ ਹੋਵੇਗੀ ਅਤੇ 2050 ਤੱਕ ਇਨ੍ਹਾਂ ਗੈਸਾਂ ਦੀ ਨਿਕਾਸੀ ਦੀ ਮਾਤਰਾ ਸਿਫਰ ਕਰਨੀ ਹੋਵੇਗੀ ਭਾਵ ਜਿੰਨੀ ਗਰੀਨ ਗੈਸਾਂ ਦੀ ਨਿਕਾਸੀ ਹੋਵੇ, ਉਨ੍ਹਾਂ ਨੂੰ ਜਜ਼ਬ ਕਰਨ ਲਈ ਓਨੇ ਹੀ ਸਾਧਨ ਉਪਲਬਧ ਕੀਤੇ ਜਾਣ। ਉਸ ਤੋਂ ਬਾਅਦ ਵੀ ਤਾਪਮਾਨ ਵਿਚ ਵਾਧਾ 1.5 ਡਿਗਰੀ ਸੈਲਸੀਅਸ ਤੱਕ ਹੋਵੇਗਾ, ਜੋ ਮਨੁੱਖਤਾ ਨੂੰ ਹੁਣ ਨਾਲੋਂ ਵਧੇਰੇ ਕੁਦਰਤੀ ਆਫਤਾਂ ਦੇ ਸਨਮੁੱਖ ਕਰੇਗਾ।

2018 ਦੀ ਆਈ. ਪੀ. ਸੀ. ਸੀ. ਰਿਪੋਰਟ ਦੇ ਇਸ ਤੱਥ ਉਤੇ ਕਾਟੋਵਿਸ ਮੌਸਮੀ ਤਬਦੀਲੀ ਕਾਨਫਰੰਸ ਵਿਚ ਅਮਰੀਕਾ, ਸਾਊਦੀ ਅਰਬ, ਕੁਵੈਤ ਅਤੇ ਰੂਸ ਨੇ ਮੁੱਖ ਤੌਰ 'ਤੇ ਚਰਚਾ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਬਾਕੀ ਦੇ ਵਿਕਸਿਤ ਦੇਸ਼ਾਂ ਨੇ ਇਸ ਮੁੱਦੇ ਉਤੇ ਚਰਚਾ ਨਾ ਕਰਕੇ ਧਰਤੀ ਉਤਲੀ ਹਰ ਤਰ੍ਹਾਂ ਦੀ ਜ਼ਿੰਦਗੀ ਨੂੰ ਮੌਸਮੀ ਤਬਦੀਲੀਆਂ ਤੋਂ ਹੋਣ ਵਾਲੀਆਂ ਖਤਰਨਾਕ ਕੁਦਰਤੀ ਆਫਤਾਂ ਦੀ ਮਾਰ ਸਹਿਣ ਵੱਲ ਧੱਕ ਦਿੱਤਾ ਹੈ। ਸੋ, ਇਸ ਮੁੱਦੇ ਉਤੇ ਕਾਨਫਰੰਸ ਬੁਰੀ ਤਰ੍ਹਾਂ ਫੇਲ੍ਹ ਹੋ ਗਈ।



ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਵਿਕਸਿਤ ਦੇਸ਼ਾਂ ਦੇ ਇਸ ਵਤੀਰੇ ਨਾਲ ਛੋਟੇ-ਛੋਟੇ ਟਾਪੂਆਂ ਉਤੇ ਵੱਸੇ ਮਾਲਦੀਵ, ਮਾਰਸ਼ਲ ਆਦਿ ਵਰਗੇ ਦੇਸ਼ਾਂ ਅਤੇ ਵਿਕਸਿਤ ਹੋ ਰਹੇ ਦੇਸ਼ਾਂ ਨੂੰ ਭਾਰੀ ਨਿਰਾਸ਼ਾ ਹੋਈ ਹੈ ਕਿਉਂਕਿ ਆਈ. ਪੀ. ਸੀ. ਸੀ. ਦੀ ਸਪੈਸ਼ਲ ਰਿਪੋਰਟ ਉਨ੍ਹਾਂ ਦੀ ਸਮੱਸਿਆ ਨੂੰ ਮੁੱਖ ਰੱਖ ਕੇ ਹੀ ਤਿਆਰ ਕੀਤੀ ਗਈ ਸੀ।

ਇਸ ਤੋਂ ਇਲਾਵਾ ਕਾਰਬਨ ਵਪਾਰ ਦੇ ਮੁੱਦੇ ਨੂੰ ਅਗਲੀ ਹੋਣ ਵਾਲੀ ਕਾਨਫਰੰਸ ਤੱਕ ਟਾਲ ਦਿੱਤਾ ਗਿਆ ਹੈ। ਕਿਊਟੋ ਪਰੋਟੋਕੋਲ ਵਿਚ ਕਾਰਬਨ ਵਪਾਰ ਦਾ ਮੁੱਦਾ ਪਾਸ ਹੋਇਆ ਸੀ, ਜਿਸ ਤਹਿਤ ਦੇਸ਼ ਜਾਂ ਉਦਯੋਗ ਆਪਣੀ ਨਿਰਧਾਰਤ ਕਾਰਬਨ ਨਿਕਾਸੀ ਦੀ ਮਾਤਰਾ ਨੂੰ ਘਟਾ ਕੇ, ਜੋ ਕਾਰਬਨ ਨਿਕਾਸੀ ਦਾ ਕੋਟਾ ਬਚਾਉਂਦੇ ਹਨ, ਉਸ ਨੂੰ ਉਹ ਉਸ ਦੇਸ਼ ਜਾਂ ਉਦਯੋਗ ਨੂੰ ਵੇਚ ਸਕਦੇ, ਜੋ ਉਨ੍ਹਾਂ ਨੂੰ ਵੱਧ ਪੈਸੇ ਦੇਵੇ। ਕਿਊਟੋ ਪਰੋਟੋਕੋਲ ਅਨੁਸਾਰ ਇਸ ਪ੍ਰਬੰਧ ਨੇ 2020 ਤੱਕ ਚੱਲਣਾ ਸੀ। ਬ੍ਰਾਜ਼ੀਲ, ਚੀਨ ਅਤੇ ਭਾਰਤ ਕੋਲ ਕਾਫੀ ਮਾਤਰਾ ਵਿਚ ਕਾਰਬਨ ਵਪਾਰ ਲਈ ਉਪਲਬਧ ਹੈ। ਇਹ ਮੁੱਦਾ ਕਾਨਫਰੰਸ ਵਿਚ ਬ੍ਰਾਜ਼ੀਲ ਨੇ ਚੁੱਕਿਆ ਸੀ ਅਤੇ ਭਾਰਤ ਤੇ ਚੀਨ ਉਸ ਦੇ ਨਾਲ ਸਨ, ਪਰ ਵਿਕਸਿਤ ਦੇਸ਼ਾਂ ਨੇ ਇਸ ਉਤੇ ਬਹੁਤ ਬਹਿਸ ਕੀਤੀ ਅਤੇ ਇਸ ਨੂੰ ਅਗਲੇ ਸਾਲ ਤੱਕ ਟਾਲ ਦਿੱਤਾ।

ਮੌਸਮੀ ਤਬਦੀਲੀਆਂ ਨਾਲ ਆਉਣ ਵਾਲੀਆਂ ਕੁਦਰਤੀ ਆਫਤਾਂ ਤੋਂ ਹੋਣ ਵਾਲੇ ਨੁਕਸਾਨ ਦੀ ਭਰਪਾਈ ਦੇ ਮੁੱਦੇ ਉਤੇ ਵੀ ਆਮ ਸਹਿਮਤੀ ਨਹੀਂ ਬਣ ਸਕੀ ਅਤੇ ਉਸ ਨੂੰ ਅਗਲੇ ਸਾਲ ਉਤੇ ਪਾ ਦਿੱਤਾ ਗਿਆ। ਮੌਸਮੀ ਫੰਡ ਦੀ ਜੋ ਰਾਸ਼ੀ ਮੌਸਮੀ ਤਬਦੀਲੀਆਂ ਦੀ ਮਾਰ ਝੱਲ ਰਹੇ ਵਿਕਾਸ ਕਰ ਰਹੇ ਅਤੇ ਗਰੀਬ ਦੇਸ਼ਾਂ ਨੂੰ ਵਿਕਸਿਤ ਦੇਸ਼ਾਂ ਨੇ ਮਦਦ ਦੇ ਰੂਪ ਵਿਚ ਪੈਰਿਸ ਮੌਸਮੀ ਸੰਧੀ ਅਨੁਸਾਰ ਦੇਣ ਦੀ ਸਹਿਮਤੀ ਦਿੱਤੀ ਸੀ, ਉਹ ਸਿਰਫ 100 ਬਿਲੀਅਨ ਅਮਰੀਕੀ ਡਾਲਰ ਪ੍ਰਤੀ ਸਾਲ ਸੀ, ਜੋ ਉਨ੍ਹਾਂ ਦੇ ਨੁਕਸਾਨ ਦੇ ਮੁਕਾਬਲੇ ਬਹੁਤ ਘੱਟ ਸੀ। ਉਸ ਰਾਸ਼ੀ ਵਿਚ ਵਾਧਾ ਕਰਨ ਲਈ ਵਿਕਸਿਤ ਦੇਸ਼ ਰਾਜ਼ੀ ਤਾਂ ਹੋ ਗਏ, ਪਰ ਉਸ ਦੀ ਰਾਸ਼ੀ ਵੀ ਅਗਲੇ ਸਾਲ ਨਿਰਧਾਰਤ ਹੋਵੇਗੀ ਅਤੇ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਇਹ ਮਦਦ ਉਹ ਪੈਸੇ, ਮਸ਼ੀਨਰੀ ਜਾਂ ਤਕਨੀਕੀ ਜਾਣਕਾਰੀ ਆਦਿ ਕਿਸ ਰੂਪ ਵਿਚ ਕਰਨਗੇ, ਇਹ ਉਨ੍ਹਾਂ ਦੀ ਮਰਜ਼ੀ ਹੋਵੇਗੀ।

ਅਸਲ ਵਿਚ, ਜਿਸ ਇਕ ਮੁੱਦੇ ਉਤੇ ਸਾਰੇ ਦੇਸ਼ਾਂ ਦੀ ਸਹਿਮਤੀ ਬਣ ਗਈ ਹੈ, ਉਹ ਹੈ ਪਾਰਦਰਸ਼ਤਾ। ਹੁਣ ਹਰ ਪੰਜ ਸਾਲ ਬਾਅਦ ਹਰ ਇਕ ਦੇਸ਼ ਸੰਯੁਕਤ ਰਾਸ਼ਟਰ ਸੰਘ ਦੀ ਮੌਸਮ ਕਮੇਟੀ ਨੂੰ ਰਿਪੋਰਟ ਦੇਵੇਗਾ ਕਿ ਉਸ ਨੇ ਆਪਣੇ ਦੇਸ਼ ਵਿਚ ਕਿਸ ਗਰੀਨ ਹਾਊਸ ਗੈਸ ਦੀ ਨਿਕਾਸੀ ਦੀ ਕਿੰਨੀ ਮਾਤਰਾ ਕਿਵੇਂ ਭਾਵ ਕਿਹੜਾ ਸਾਧਨ ਵਰਤ ਕੇ ਘਟਾਈ ਹੈ ਅਤੇ ਇਸ ਨਿਕਾਸੀ ਦੀ ਮਿਣਤੀ ਕਰਨ ਲਈ ਕਿਹੜੀ ਤਕਨੀਕ ਵਰਤੀ ਗਈ ਹੈ। ਇਨ੍ਹਾਂ ਸਭ ਤੱਥਾਂ ਨੂੰ ਸੰਯੁਕਤ ਰਾਸ਼ਟਰ ਸੰਘ ਨੂੰ ਪਾਰਦਰਸ਼ਤਾ ਨਾਲ ਸੌਂਪਣ ਦੀ ਸਹਿਮਤੀ ਦੇ ਦਿੱਤੀ ਗਈ ਹੈ।

ਉਪਰੋਕਤ ਤੱਥਾਂ ਤੋਂ ਪਤਾ ਲੱਗਦਾ ਹੈ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਵਿਕਸਿਤ ਦੇਸ਼ਾਂ ਨੇ ਵਿਕਾਸਸ਼ੀਲ ਦੇਸ਼ਾਂ, ਛੋਟੇ-ਛੋਟੇ ਟਾਪੂਆਂ ਉਤੇ ਵੱਸੇ ਗਰੀਬ ਦੇਸ਼ਾਂ ਨੂੰ ਰਾਹਤ ਨਹੀਂ ਦਿੱਤੀ, ਸਗੋਂ ਉਨ੍ਹਾਂ ਨੂੰ ਫਿਰ ਤੋਂ ਕੁਦਰਤੀ ਆਫਤਾਂ ਦੀ ਮਾਰ ਸਹਿਣ ਲਈ ਰੱਬ ਭਰੋਸੇ ਛੱਡ ਦਿੱਤਾ ਹੈ।

ਕਾਨਫਰੰਸ ਦੇ ਅੰਤ ਵਿਚ ਭਾਵੇਂ ਪੋਲੈਂਡ ਦੇ ਰਾਸ਼ਟਰਪਤੀ ਨੇ ਕਿਹਾ ਕਿ ਹੁਣ ਹਰ ਦੇਸ਼ ਇਸ ਕਾਨਫਰੰਸ ਦੀ ਸਫਲਤਾ ਉਤੇ ਮਾਣ ਮਹਿਸੂਸ ਕਰੇਗਾ, ਪਰ ਅਸਲ ਵਿਚ ਇਸ ਕਾਨਫਰੰਸ ਦੀ ਰੂਪ ਰੇਖਾ ਉਤੇ ਸਵੀਡਨ ਦੀ 15 ਸਾਲਾਂ ਦੀ ਵਾਤਾਵਰਣ ਕਾਰਕੁਨ ਲੜਕੀ ਗਰੀਟਾ ਥੁਨਬਰਗ ਨੇ ਕਿਹਾ ਕਿ ਤੁਸੀਂ ਕਹਿੰਦੇ ਹੋ ਕਿ ਅਸੀਂ ਆਪਣੇ ਬੱਚਿਆਂ ਨੂੰ ਪਿਆਰ ਕਰਦੇ ਹਾਂ, ਪਰ ਤੁਸੀਂ ਸਾਡਾ ਭਵਿੱਖ ਚੋਰੀ ਕਰ ਰਹੇ ਹੋ ਅਤੇ ਅਸੀਂ ਕਦੇ ਵੀ ਚੰਗੀ ਜ਼ਿੰਦਗੀ ਨਹੀਂ ਜੀਅ ਸਕਾਂਗੇ, ਕਿਉਂਕਿ ਤੁਸੀਂ ਸਾਰੇ ਸਰੋਤ ਮੁਕਾ ਦੇਵੋਗੇ। ਥੋੜ੍ਹੇ ਜਿਹੇ ਲੋਕਾਂ ਦੀ ਠਾਠ ਭਰੀ ਜ਼ਿੰਦਗੀ ਨੇ ਬਹੁਤੇ ਲੋਕਾਂ ਦੀ ਜ਼ਿੰਦਗੀ ਨੂੰ ਖਤਰੇ ਵਿਚ ਪਾ ਦਿੱਤਾ ਹੈ। ਇਸ ਦੇ ਨਾਲ ਉਸ ਨੇ ਇਹ ਵੀ ਕਿਹਾ ਕਿ ਸਾਡੇ ਨੇਤਾ ਹਾਲੇ ਇੰਨੇ ਅਕਲਮੰਦ ਨਹੀਂ ਹੋਏ ਕਿ ਮੌਸਮੀ ਤਬਦੀਲੀਆਂ ਉਤੇ ਕਾਬੂ ਪਾਉਣ ਲਈ ਕੋਈ ਠੋਸ ਉਪਰਾਲੇ ਕਰ ਸਕਣ।


ਇਹ ਗੱਲਾਂ ਭਾਵੇਂ ਕੌੜੀਆਂ ਲੱਗਣ, ਪਰ ਸੱਚਾਈ ਭਰਪੂਰ ਹਨ। ਵਰਤਮਾਨ ਪੀੜ੍ਹੀ ਭਵਿੱਖ ਦੀਆਂ ਪੀੜ੍ਹੀਆਂ ਲਈ ਕੁਦਰਤੀ ਸਾਧਨਾਂ ਦੇ ਨਾਂ ਉਤੇ ਕੁਝ ਨਹੀਂ ਛੱਡ ਰਹੀ। ਜੇ ਧਰਤੀ ਨੂੰ ਮੌਸਮੀ ਤਬਦੀਲੀਆਂ ਦੀ ਮਾਰ ਤੋਂ ਬਚਾਉਣਾ ਹੈ ਤਾਂ ਦੁਨੀਆਂ ਦੇ ਸਾਰੇ ਰਾਜਨੀਤਕ ਨੇਤਾਵਾਂ ਦੀ ਥਾਂ ਮੌਸਮ ਵਿਗਿਆਨੀਆਂ, ਖੋਜਾਰਥੀਆਂ ਅਤੇ ਸੂਝਵਾਨ ਵਿਅਕਤੀਆਂ ਨੂੰ ਹੀ ਅਜਿਹੀਆਂ ਕਾਨਫਰੰਸਾਂ ਵਿਚ ਭੇਜਣਾ ਚਾਹੀਦਾ ਹੈ ਤਾਂ ਕਿ ਉਹ ਤੱਥਾਂ ਦੇ ਆਧਾਰ ਉਤੇ ਫੈਸਲੇ ਲੈ ਕੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਘੱਟ ਕਰਨ ਲਈ ਇਕ ਠੋਸ ਰੂਪ ਰੇਖਾ ਉਲੀਕਣ ਅਤੇ ਉਸ ਨੂੰ ਹਰ ਦੇਸ਼ ਸੰਜੀਦਗੀ ਨਾਲ ਲਾਗੂ ਕਰੇ।

ਕਾਰਬਨ ਨਿਕਾਸੀ ਨੂੰ ਘਟਾਉਣ ਲਈ ਸਾਨੂੰ ਊਰਜਾ ਕੁਦਰਤੀ ਸਰੋਤਾਂ ਭਾਵ ਸੂਰਜ ਦੀਆਂ ਕਿਰਨਾਂ, ਪਾਣੀ ਅਤੇ ਹਵਾ ਤੋਂ ਪੈਦਾ ਕਰਨੀ ਚਾਹੀਦੀ ਹੈ। ਕੋਇਲੇ ਅਤੇ ਤੇਲ ਦੀ ਵਰਤੋਂ ਨੂੰ ਤੇਜ਼ੀ ਨਾਲ ਘਟਾਉਣ ਦੇ ਨਾਲ ਨਾਲ ਜੰਗਲਾਂ ਦੇ ਰਕਬੇ ਵਿਚ ਤੇਜ਼ੀ ਨਾਲ ਵਾਧਾ ਕਰਨਾ ਚਾਹੀਦਾ ਹੈ ਤਾਂ ਕਿ ਪੈਦਾ ਕੀਤੀ ਗਈ ਵਾਧੂ ਕਾਰਬਨ ਨੂੰ ਦਰਖਤ ਆਪਣੇ ਅੰਦਰ ਜਜ਼ਬ ਕਰ ਲੈਣ। ਹਰ ਦੇਸ਼ ਨੂੰ ਜਨਤਕ ਵਾਹਨਾਂ ਨੂੰ ਚੁਸਤ-ਦਰੁੱਸਤ ਬਣਾਉਣਾ ਚਾਹੀਦਾ ਹੈ ਤਾਂ ਕਿ ਨਿੱਜੀ ਵਾਹਨਾਂ ਦੀ ਗਿਣਤੀ ਘੱਟ ਕੀਤੀ ਜਾ ਸਕੇ, ਜਿਸ ਨਾਲ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਆਪ ਮੁਹਾਰੇ ਘੱਟ ਜਾਵੇਗੀ। ਜੇ ਅਸੀਂ ਹੁਣ ਵੀ ਉਪਰਾਲੇ ਕਰਨ ਤੋਂ ਖੁੰਝ ਜਾਂਦੇ ਹਾਂ ਤਾਂ ਸਾਡੀ ਧਰਤੀ ਅਣਕਿਆਸੀਆਂ ਕੁਦਰਤੀ ਆਫਤਾਂ ਦੇ ਸਨਮੁੱਖ ਹੋ ਜਾਵੇਗੀ ਅਤੇ ਸਭ ਕੁਝ ਸਾਡੇ ਵੱਸੋਂ ਬਾਹਰ ਹੋ ਜਾਵੇਗਾ।

***ਪ੍ਰੋਫੈਸਰ, ਜਿਓਗਰਾਫੀ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਮਾਤਾ ਮੁਖਤਿਆਰ ਕੌਰ ਦੀ ਨਿੱਘੀ ਯਾਦ ਨੂੰ ਸਮਰਪਿਤ ਪੁਸਤਕ 'ਦਿਲਾਂ 'ਚ ਧੜਕਦੀ ਐਂ ਤੂੰ' ਲੋਕ ਅਰਪਿਤ

**ਫਰਿਜ਼ਨੋ (ਬਿਊਰੋ):** ਉਘੇ ਪੱਤਰਕਾਰ ਨੀਟਾ ਮਾਛੀਕੇ ਅਤੇ ਡਾ. ਸਿਮਰਜੀਤ ਧਾਲੀਵਾਲ ਦੇ ਮਾਤਾ ਸਵਰਗੀ ਮੁਖਤਿਆਰ ਕੌਰ ਦੀ ਨਿੱਘੀ ਯਾਦ ਨੂੰ ਸਮਰਪਿਤ ਪੁਸਤਕ 'ਦਿਲਾਂ 'ਚ ਧੜਕਦੀ ਐਂ ਤੂੰ' ਇਥੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ




ਵੱਲੋਂ ਲੋਕ ਅਰਪਣ ਕੀਤੀ ਗਈ, ਜੋ ਸਾਹਿਬਦੀਪ ਪ੍ਰਕਾਸ਼ਨ, ਭੀਖੀ ਨੇ ਛਾਪੀ ਹੈ।

ਮਾਤਾ ਮੁਖਤਿਆਰ ਕੌਰ ਇਕ ਸੂਝਵਾਨ ਅਤੇ ਸਮਾਜ ਸੇਵਾ ਨੂੰ ਸਮਰਪਿਤ ਨਿੱਘੀ ਸ਼ਖਸੀਅਤ ਸਨ, ਜਿਨ੍ਹਾਂ ਬਹੁਤ ਸਮਾਂ ਬਤੌਰ ਸਫਲ ਅਧਿਆਪਕ ਸਕੂਲੀ ਵਿਦਿਆ ਦੇਣ ਤੋਂ ਇਲਾਵਾ ਸਮਾਜਕ ਬੁਰਾਈਆਂ ਦੂਰ ਕਰਨ ਅਤੇ ਸਾਹਿਤ ਨੂੰ ਪ੍ਰਫੁਲਿਤ ਕਰਨ ਦੀ ਸੇਵਾ ਨਿਭਾਈ। ਇਹ ਪੁਸਤਕ ਸਮੁੱਚੇ ਤੌਰ 'ਤੇ ਮਾਤਾ ਜੀ ਦੀਆਂ ਸਮਾਜ ਪ੍ਰਤੀ ਵਿਦਿਅਕ ਅਤੇ ਸਮਾਜਕ ਸੇਵਾਵਾਂ ਦਾ ਇਕ ਗੁਲਦਸਤਾ ਹੈ। ਨੀਟਾ ਮਾਛੀਕੇ ਨੇ ਇਸ ਵਿਚ ਆਪਣੀ ਮਾਤਾ ਦੀ ਜੀਵਨੀ ਆਪਣੇ ਲੇਖ ਰਾਹੀਂ ਬਿਆਨ ਕੀਤੀ ਹੈ, ਉਥੇ ਹੀ ਬਹੁਤ ਸਾਰੇ ਹੋਰ ਲੇਖਕਾਂ ਨੇ ਵੀ ਮਾਤਾ ਜੀ ਦੇ ਜੀਵਨ ਸਬੰਧੀ ਸ਼ਰਧਾਂਜਲੀ ਭੇਟ ਕੀਤੀ ਹੈ। ਮਾਤਾ ਜੀ ਦੇ ਵੱਡੇ ਬੇਟੇ ਡਾ. ਸਿਮਰਜੀਤ ਦਾ ਵੀ ਬਾ-ਕਮਾਲ ਲੇਖ ਹੈ ਅਤੇ ਮਾਸਟਰ ਦਲਵਾਰਾ ਸਿੰਘ ਧਾਲੀਵਾਲ ਨੇ ਆਪਣੀ ਪਤਨੀ ਸਵ. ਮੁਖਤਿਆਰ ਕੌਰ ਲਈ 'ਜ਼ਿੰਦਗੀ ਚਲੀ ਗਈ' ਨਾਮੀ ਭਾਵਪੂਰਕ ਲੇਖ



ਲਿਖਿਆ ਹੈ। ਪੁਸਤਕ ਵਿਚ ਉਘੇ ਲੇਖਕ ਤਰਲੋਚਨ ਸਿੰਘ ਦੁਪਾਲਪੁਰ, ਮਨਦੀਪ ਖੁਰਮੀ ਹਿੰਮਤਪੁਰਾ, ਸ਼ਿਵਚਰਨ ਜੱਗੀ ਕੁੱਸਾ, ਮੰਗਲ ਹਠੂਰ, ਦਲਬੀਰ ਦਿਲ ਨਿੱਝਰ, ਜਗਤਾਰ ਗਿੱਲ, ਮੇਜਰ ਕੁਲਾਰ, ਗੁਰਜੀਤ ਸਿੰਘ, ਅਮਰਜੀਤ ਢਿੱਲੋਂ, ਜਸਵੰਤ ਸ਼ਾਦ, ਗੁਰਬਖਸ਼ੀਸ਼ ਸਿੰਘ ਗਰੇਵਾਲ, ਕੁਲਵੰਤ ਉਭੀ ਧਾਲੀਆਂ, ਹਰਕ੍ਰਿਸ਼ਨ ਖਟਕੜ ਤੇ ਕਰਨ ਭੀਖੀ ਦੇ ਲੇਖ ਵੀ ਸ਼ਾਮਲ ਹਨ।

ਪੁਸਤਕ ਨੀਟਾ ਮਾਛੀਕੇ ਦੇ ਗ੍ਰਹਿ ਵਿਖੇ ਇਲਾਕੇ ਦੀਆ ਸਾਹਿਤਕ ਅਤੇ ਸਮਾਜਕ ਸ਼ਖਸੀਅਤਾਂ ਦੀ ਹਾਜ਼ਰੀ ਵਿਚ ਲੋਕ ਅਰਪਿਤ ਕੀਤੀ ਗਈ। ਮੁੱਖ ਤੌਰ 'ਤੇ ਪੰਜਾਬੀ ਸਾਹਿਤ ਸਭਾ



ਕੈਲੀਫੋਰਨੀਆ, ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਪੀ. ਸੀ. ਏ., ਇੰਡੋ ਅਮੈਰਿਕਨ ਹੈਰੀਟੇਜ ਫੋਰਮ ਅਤੇ ਇੰਡੋ ਯੂ. ਐਸ. ਹੈਰੀਟੇਜ ਐਸੋਸੀਏਸ਼ਨ ਦੇ ਨੁਮਾਇੰਦੇ ਹਾਜ਼ਰ ਸਨ। ਪ੍ਰੋਗਰਾਮ ਵਿਚ ਸ਼ਿਰਕਤ ਕਰਨ ਲਈ ਉਘੇ ਪੱਤਰਕਾਰ ਮਨਦੀਪ ਖੁਰਮੀ ਹਿੰਮਤਪੁਰਾ ਉਚੇਚੇ ਤੌਰ 'ਤੇ ਇੰਗਲੈਂਡ ਤੋਂ ਪਹੁੰਚੇ। ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਨੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ। ਸਟੇਜ ਸੰਚਾਲਨ ਜਸਵੰਤ ਸਿੰਘ ਸ਼ਾਦ ਨੇ ਬਖੂਬੀ ਕੀਤਾ।

ਪੁਸਤਕ 'ਤੇ ਪਰਚਾ ਲੇਖਕ ਸੰਤੋਖ ਮਿਨਹਾਸ ਨੇ ਪੜ੍ਹਿਆ। ਅਸ਼ੋਕ ਭੌਰਾ ਨੇ ਵੀ ਮਾਤਾ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਆਖਦਿਆਂ ਕੀਤੀ। ਹੋਰ ਬੁਲਾਰਿਆਂ ਜਿਨ੍ਹਾਂ ਨੇ ਕਵਿਤਾਵਾਂ ਅਤੇ ਗੀਤਾਂ ਜਾਂ ਬੋਲਾਂ ਰਾਹੀਂ ਮਾਤਾ ਜੀ ਨੂੰ ਸ਼ਰਧਾਂਜਲੀ ਦਿੱਤੀ, ਉਨ੍ਹਾਂ ਵਿਚ ਬੱਲੂ ਸਿੰਘ, ਬੱਬੂ ਗੁਰਪਾਲ, ਜਗਦੇਵ ਧੰਜਲ, ਧਰਮਵੀਰ ਥਾਂਦੀ, ਗੋਗੀ ਸੰਧੂ, ਇੰਦਰਜੀਤ ਥਰੀਕੇ, ਗੁਰਦੀਪ ਸਿੰਘ ਅਣਖੀ, ਕੁਲਵੰਤ ਉਭੀ ਧਾਲੀਆਂ, ਦਿਲ ਨਿੱਝਰ, ਮੇਜਰ ਕੁਲਾਰ, ਗੁਰਬਖਸ਼ੀਸ਼ ਗਰੇਵਾਲ, ਜਗਤਾਰ ਗਿੱਲ, ਅਕਾਸ਼ਦੀਪ, ਮਨਦੀਪ ਖੁਰਮੀ ਹਿੰਮਤਪੁਰਾ, ਅਵਤਾਰ ਗੋਂਦਾਰਾ, ਮਾਸਟਰ ਦਲਵਾਰਾ ਸਿੰਘ ਧਾਲੀਵਾਲ, ਕੁਲਵੰਤ ਸੇਖੋਂ, ਬਲਬੀਰ ਸਿੰਘ ਐਮ. ਏ. ਅਤੇ ਡਾ. ਸਿਮਰਜੀਤ ਸਿੰਘ ਧਾਲੀਵਾਲ ਸ਼ਾਮਲ ਹਨ। ਅੰਤ 'ਚ ਧਾਲੀਵਾਲ ਪਰਿਵਾਰ, ਰਿਸ਼ਤੇਦਾਰਾਂ ਅਤੇ ਪਤਵੰਤੇ ਸੱਜਣਾਂ ਨੇ ਮਾਤਾ ਜੀ ਨੂੰ ਯਾਦ ਕਰਦਿਆਂ ਪੁਸਤਕ ਲੋਕ ਅਰਪਿਤ ਕੀਤੀ।

# 2019 ਦੀਆਂ ਲੋਕ ਸਭਾ ਚੋਣਾਂ ਲਈ ਤਕੜਾ ਪੇਚਾ

ਪਿਛਲੇ ਹਫਤੇ ਦਿੱਲੀ ਵਿਚ ਨੌਜਵਾਨ ਅਤੇ ਸੀਨੀਅਰ ਪੱਤਰਕਾਰਾਂ ਦੇ ਛੋਟੇ ਜਿਹੇ ਇਕੱਠ ਵਿਚ ਮੈਂ ਉਂਜ ਹੀ ਇਹ ਸਵਾਲ ਪੁੱਛ ਲਿਆ ਕਿ ਨਰੇਂਦਰ ਮੋਦੀ 2014 ਵਿਚ ਚੋਣ ਲੜਦੇ ਸਮੇਂ ਜ਼ਿਆਦਾ ਮਜ਼ਬੂਤ ਸਨ ਜਾਂ 2019 ਵਿਚ ਚੋਣ ਲੜਦੇ ਸਮੇਂ ਮਜ਼ਬੂਤ ਹੋਣਗੇ? ਇਸ ਦੇ ਅੰਦਰ ਇਕ ਅਣਕਿਹਾ ਸਵਾਲ ਵੀ ਸੀ ਕਿ ਮੋਦੀ ਨਾਲ ਟੱਕਰ ਲੈਣ ਦੇ ਮਾਮਲੇ ਵਿਚ ਕਾਂਗਰਸ 2014 ਦੇ ਮੁਕਾਬਲੇ ਕਿੰਨੀ ਮਜ਼ਬੂਤ ਹੈ? ਜ਼ਾਹਰ ਹੈ ਕਿ ਇਹ ਦੋਵੇਂ ਸਵਾਲ ਹਾਂ ਅਤੇ ਨਾਂਹ ਵਿਚ ਦਿੱਤੇ ਜਾਣ ਵਾਲੇ ਜਵਾਬਾਂ ਤੋਂ ਬਿਨਾਂ ਥੋੜ੍ਹੇ ਵਿਸ਼ਲੇਸ਼ਣ ਦੀ ਮੰਗ ਕਰਦੇ

**ਅਭੈ ਕੁਮਾਰ ਦੂਬੇ**

ਸਨ। ਨਤੀਜੇ ਵਜੋਂ ਉਥੇ ਵਿਸ਼ਲੇਸ਼ਣ ਸ਼ੁਰੂ ਹੋ ਗਿਆ। ਇਸ ਚਰਚਾ ਵਿਚ ਜਿਹੜੇ ਬਿੰਦੂ ਉਭਰ ਕੇ ਸਾਹਮਣੇ ਆਏ, ਉਨ੍ਹਾਂ ਦਾ ਸਾਰ ਦਿਲਚਸਪ ਹੈ।

ਸੀਨੀਅਰ ਹੋਵੇ ਜਾਂ ਨੌਜਵਾਨ, ਹਰ ਪੱਤਰਕਾਰ ਇਸ ਗੱਲ 'ਤੇ ਸਹਿਮਤ ਸੀ ਕਿ ਮੋਦੀ ਦੀ ਮੌਜੂਦਾ ਸਥਿਤੀ 2014 ਜਿੰਨੀ ਮਜ਼ਬੂਤ ਨਹੀਂ। ਉਸ ਸਮੇਂ ਜਦੋਂ ਭਾਜਪਾ ਨੇਤਾ ਅਤੇ ਕਾਰਕੁਨ ਲੋਕਾਂ ਵਿਚਕਾਰ 'ਅਬ ਕੀ ਬਾਰ ਮੋਦੀ ਸਰਕਾਰ' ਦਾ ਫਿਕਰਾ ਲੈ ਕੇ ਜਾਂਦੇ ਸਨ ਤਾਂ ਉਨ੍ਹਾਂ ਨੂੰ ਸ਼ਾਇਦ ਹੀ ਕਦੇ ਨਾਂਹਪੱਖੀ ਪ੍ਰਤੀਕਰਮ ਸੁਣਨ ਨੂੰ ਮਿਲਦਾ ਹੋਵੇ। ਮੋਦੀ ਦੇ ਪ੍ਰਧਾਨ ਮੰਤਰੀ ਬਣਨ ਦੀਆਂ ਸੰਭਾਵਨਾਵਾਂ ਪ੍ਰਤੀ ਆਮ ਵੋਟਰਾਂ ਦੀ ਇਹ ਹਾਂ-ਪੱਖੀ ਕੋਈ ਹਫਤੇ, ਦੋ ਹਫਤੇ ਜਾਂ ਮਹੀਨੇ ਦੋ ਮਹੀਨੇ ਦੀ ਘਟਨਾ ਨਹੀਂ ਸੀ, ਸਗੋਂ ਮੋਦੀ ਵੱਲ ਝੁਕੀ ਹੋਈ ਇਹ ਸਾਕਾਰਾਤਮਿਕਤਾ ਘੱਟੋ-ਘੱਟ 9 ਮਹੀਨੇ ਲੰਮੀ ਸੀ। 2013 ਵਿਚ ਜਦੋਂ ਮੋਦੀ ਨੂੰ ਭਾਜਪਾ ਵਲੋਂ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਬਣਾਇਆ ਗਿਆ ਤਾਂ ਉਨ੍ਹਾਂ ਨੂੰ 2014 ਦੀ ਮਈ ਵਿਚ ਨਵੀਂ ਸਰਕਾਰ ਬਣਨ ਤੱਕ ਕਰੀਬ-ਕਰੀਬ ਸਾਲ ਦਾ ਤਿੰਨ-ਚੌਥਾਈ ਹਿੱਸਾ ਮਿਲਿਆ ਸੀ, ਜਿਸ ਵਿਚ ਉਨ੍ਹਾਂ ਕੋਲ ਧੂੰਆਂਧਾਰ ਪ੍ਰਚਾਰ ਕਰਨ ਦਾ ਮੌਕਾ ਸੀ। ਇਸ ਮੌਕੇ ਦਾ ਉਨ੍ਹਾਂ ਨੇ ਬਹੁਤ ਲਾਭ ਉਠਾਇਆ ਅਤੇ ਲੋਕਾਂ ਵਿਚ ਆਪਣੀ ਸਰਕਾਰ ਬਣਨ ਦੀਆਂ ਸੰਭਾਵਨਾਵਾਂ 'ਤੇ ਵਾਰ-ਵਾਰ ਮੋਹਰ ਲਗਵਾਉਣ 'ਤੇ ਕਾਮਯਾਬੀ ਹਾਸਲ ਕੀਤੀ।

ਇਕ ਤਰ੍ਹਾਂ ਨਾਲ ਵੋਟ ਪੈਣ ਤੋਂ ਪਹਿਲਾਂ ਹੀ ਲੋਕਾਂ ਦੇ ਦਿਮਾਗ ਵਿਚ ਉਨ੍ਹਾਂ ਦੀ ਸਰਕਾਰ ਬਣ ਚੁੱਕੀ ਸੀ। ਚੋਣ ਦਾ ਨਤੀਜਾ ਤਾਂ ਸਿਰਫ ਰਸਮ ਹੈ। ਇਥੋਂ ਤੱਕ ਕਿ ਜਿਹੜੇ ਲੋਕਾਂ ਨੇ ਮੋਦੀ ਦੇ ਖਿਲਾਫ ਵੋਟ ਦਿੱਤਾ (ਧਿਆਨ ਰੱਖੋ ਕਿ ਉਨ੍ਹਾਂ ਦੀ ਗਿਣਤੀ 62 ਤੋਂ 69 ਫੀਸਦੀ ਦੇ ਵਿਚਕਾਰ ਸੀ ਅਤੇ ਮੋਦੀ ਨੂੰ 31 ਤੋਂ 38 ਫੀਸਦੀ ਦੇ ਵਿਚਕਾਰ ਹੀ ਵੋਟ ਮਿਲੇ ਸਨ) ਸੀ, ਉਹ ਵੀ ਸੋਚ ਰਹੇ ਸਨ ਕਿ ਜਿੱਤ ਤਾਂ ਮੋਦੀ ਦੀ ਹੀ ਹੋਵੇਗੀ। ਬਹਿਸ ਸਿਰਫ ਇਸ ਗੱਲ 'ਤੇ ਸੀ ਕਿ ਉਨ੍ਹਾਂ ਨੂੰ 200 ਤੋਂ ਲੈ ਕੇ 250 ਦੇ ਵਿਚਕਾਰ ਕਿੰਨੀਆਂ ਸੀਟਾਂ ਮਿਲਣਗੀਆਂ। ਨਤੀਜਾ ਨਾ ਸਿਰਫ ਇਸੇ ਰੁਝਾਨ ਦਾ ਨਿਕਲਿਆ, ਸਗੋਂ ਉਸ ਨੇ ਰੁਝਾਨ ਤੋਂ ਪਰੇ ਜਾਂਦੇ ਹੋਏ ਮੋਦੀ ਨੂੰ ਪੂਰਨ ਬਹੁਮਤ ਦਿਵਾਇਆ। 2019 ਦੀ ਤਿਆਰੀ ਵਿਚ ਇਸ ਸਮੇਂ ਸਥਿਤੀ ਇਹ ਹੈ ਕਿ ਭਾਜਪਾ ਨੇ ਹੁਣ ਤੱਕ 'ਅਬ ਕੀ ਵਾਰ, ਫਿਰ ਸੇ ਮੋਦੀ ਸਰਕਾਰ' ਦਾ ਫਿਕਰਾ ਲੋਕਾਂ ਵਿਚਕਾਰ ਲਿਜਾਣ ਦੀ ਸ਼ੁਰੂਆਤ ਵੀ ਨਹੀਂ ਕੀਤੀ ਅਤੇ ਇਹ ਪ੍ਰਚਾਰ ਕਰਨ ਲਈ ਉਨ੍ਹਾਂ ਕੋਲ ਸਿਰਫ 4 ਮਹੀਨੇ ਦਾ ਸਮਾਂ ਹੈ। ਦੂਸਰੇ ਪਾਸੇ ਮੋਦੀ ਸਰਕਾਰ ਨੂੰ ਹਟਾਉਣ ਦੀ ਬੇਨਤੀ ਨਾਲ ਵਿਰੋਧੀ ਪਾਰਟੀਆਂ ਲਗਾਤਾਰ ਲੋਕਾਂ ਕੋਲ ਜਾ ਰਹੀਆਂ ਹਨ। ਸੁਭਾਵਿਕ ਤੌਰ 'ਤੇ ਉਹ ਸਥਾਪਤੀ ਵਿਰੋਧੀ ਲਹਿਰ ਨੂੰ ਹਵਾ ਦੇ ਰਹੀਆਂ ਹਨ, ਜਿਹੜੀ ਉਨ੍ਹਾਂ ਨੂੰ ਦੇਣੀ ਵੀ ਚਾਹੀਦੀ ਹੈ ਤਾਂ ਕਿ ਇਹ ਪਾਰਟੀਆਂ ਆਪਣੇ ਟੀਚੇ ਵਿਚ ਕਾਮਯਾਬ ਹੋ ਜਾਣਗੀਆਂ?

ਪੱਤਰਕਾਰਾਂ ਦਾ ਵਿਚਾਰ ਸੀ ਕਿ ਲੋਕ ਦੂਜੀ ਵਾਰ ਮੋਦੀ ਸਰਕਾਰ ਦੀਆਂ ਸੰਭਾਵਨਾਵਾਂ ਪ੍ਰਤੀ ਅਜੇ ਸਪਸ਼ਟ ਤੌਰ 'ਤੇ ਨਾਂਹ-ਪੱਖੀ ਨਹੀਂ ਹੋਏ ਪਰ ਉਹ 2014 ਵਾਂਗ ਹਾਂ-ਪੱਖੀ ਵੀ ਨਹੀਂ ਹਨ। ਉਹ ਸੋਚ ਰਹੇ ਹਨ ਕਿ ਉਨ੍ਹਾਂ ਦੇ ਹੱਥ ਵਿਚ ਤੱਕੜੀ ਹੈ, ਜਿਸ ਦੇ ਇਕ ਪਾਸੇ ਮੋਦੀ ਦੇ ਵਾਅਦੇ ਹਨ, ਦੂਜੇ ਪਾਸੇ ਉਨ੍ਹਾਂ ਦੀ ਸਰਕਾਰ ਦਾ ਪ੍ਰਦਰਸ਼ਨ ਹੈ। ਵੋਟਰਾਂ ਦੇ ਇਸ ਸੋਚ-ਵਿਚਾਰ ਦੀ ਝਲਕ ਗੁਜਰਾਤ, ਮੱਧ ਪ੍ਰਦੇਸ਼, ਗੋਆ, ਰਾਜਸਥਾਨ ਅਤੇ ਛੱਤੀਸਗੜ੍ਹ ਦੀਆਂ ਵਿਧਾਨ ਸਭਾ ਚੋਣਾਂ ਵਿਚ ਸੁਣਾਈ ਦਿੱਤੀ ਹੈ, ਕਿਉਂਕਿ ਇਹੋ ਉਹ ਵਿਧਾਨ ਸਭਾਵਾਂ ਹਨ, ਜਿਥੇ ਮੋਦੀ ਦੀ ਪਾਰਟੀ ਭਾਜਪਾ ਨੇ ਸਥਾਪਤੀ ਵਿਰੋਧੀ ਰੁਝਾਨ ਦਾ ਸਾਹਮਣਾ ਕਰਕੇ ਦਿਖਾਉਣਾ ਸੀ।

ਗੁਜਰਾਤ ਵਿਚ ਉਸ ਦੀ ਸਰਕਾਰ ਮੁਸ਼ਕਿਲ ਨਾਲ ਹੀ ਬਚ ਸਕੀ ਪਰ ਬਾਕੀ 6 ਥਾਵਾਂ 'ਤੇ ਨਹੀਂ ਬਚ ਸਕੀ। ਫਿਰ ਵੀ ਛੱਤੀਸਗੜ੍ਹ ਨੂੰ ਛੱਡ ਕਿਤੇ ਵੀ ਭਾਜਪਾ ਦੀ ਵਧੇਰੇ ਮੰਦਾ ਹਾਲ ਨਹੀਂ ਹੋਇਆ, ਭਾਵ ਵੋਟਰਾਂ ਨੇ ਸੰਦੇਸ਼ ਦਿੱਤਾ ਕਿ ਉਹ ਅਜੇ ਅਨਿਸਚਤਾ ਵਾਲੀ ਸਥਿਤੀ ਵਿਚ ਹਨ। ਇਸ ਦੇ ਦੋ ਅਰਥ ਨਿਕਲਦੇ ਹਨ। ਪਹਿਲਾ ਭਾਜਪਾ ਸੂਬਾ ਪੱਧਰ 'ਤੇ ਸਥਾਪਤੀ ਵਿਰੋਧੀ ਰੁਝਾਨ ਦਾ ਮੁਕਾਬਲਾ ਕਰਨ ਵਿਚ ਅਸਫਲ ਰਹੀ ਅਤੇ ਇਹੋ ਸਥਿਤੀ ਲੋਕ ਸਭਾ ਵਿਚ ਵੀ ਹੋ ਸਕਦੀ ਹੈ। ਨਤੀਜੇ ਵਜੋਂ ਵੋਟਰਾਂ ਦੀ ਅਨਿਸਚਿਤਾ ਭਾਜਪਾ ਤੋਂ ਬਹੁਤ ਵੱਡਾ ਵੋਟ ਖੁੰਝ ਸਕਦਾ ਹੈ। ਦੂਸਰਾ ਲੋਕ ਸਭਾ ਲਈ ਉਹ ਵੋਟਰ ਜ਼ਰੂਰ ਕੁਝ ਵੱਖਰੇ ਢੰਗ ਨਾਲ ਸੋਚਣਗੇ, ਜਿਨ੍ਹਾਂ ਨੇ 2014 ਵਿਚ ਆਪਣਾ ਵੋਟ ਭਾਜਪਾ ਨੂੰ ਦਿੱਤਾ ਸੀ। ਕਿਉਂਕਿ ਉਦੋਂ ਉਹ ਕਿਸੇ ਮੁੱਖ ਮੰਤਰੀ ਨੂੰ ਨਹੀਂ ਸਗੋਂ ਪ੍ਰਧਾਨ ਮੰਤਰੀ ਨੂੰ ਚੁਣਨ ਬਾਰੇ ਸੋਚ ਰਹੇ ਹੋਣਗੇ; ਭਾਵ ਸਥਾਪਤੀ ਵਿਰੋਧੀ ਰੁਝਾਨ ਦੇ ਬਾਵਜੂਦ ਉਹ ਮੋਦੀ ਨੂੰ ਇਕ ਹੋਰ ਮੌਕਾ ਦੇਣ ਬਾਰੇ ਫੈਸਲਾ ਕਰ ਸਕਦੇ ਹਨ।

ਮੰਨ ਲਓ ਕਿ ਅਨਿਸਚਤਾ ਦੇ ਸ਼ਿਕਾਰ ਪਰ ਪੰਜ ਸਾਲ ਪਹਿਲਾਂ ਮੋਦੀ ਨੂੰ ਵੋਟ ਦੇ ਚੁੱਕੇ ਵੋਟਰ ਆਪਣੀਆਂ ਕੁਝ-ਕੁਝ ਨਾਰਾਜ਼ਗੀਆਂ ਦੇ ਬਾਵਜੂਦ ਮੋਦੀ ਨੂੰ ਵੋਟ ਦੇਣ ਦਾ ਫੈਸਲਾ ਕਰ ਲੈਂਦੇ ਹਨ ਤਾਂ ਕੀ ਹੋਵੇਗਾ? ਕੀ ਪਿਛਲੀ ਵਾਰ ਵਾਂਗ 31 ਫੀਸਦੀ (ਕੌਮੀ ਔਸਤ) ਤੋਂ 38 ਫੀਸਦੀ (ਜਿਥੇ-ਜਿਥੇ ਭਾਜਪਾ ਚੋਣ ਲੜੀ ਸੀ) ਦੇ ਵਿਚ ਵੋਟ ਜੇ ਮੋਦੀ ਨੂੰ ਦੁਬਾਰਾ ਮਿਲ ਜਾਣ ਤਾਂ ਕੀ ਉਨ੍ਹਾਂ ਨੂੰ ਮੁੜ ਤੋਂ ਪੂਰਨ ਬਹੁਮਤ ਮਿਲ ਸਕਦਾ ਹੈ? ਇਸ ਸਵਾਲ ਦਾ ਜਵਾਬ ਇਸ ਗੱਲ 'ਤੇ ਨਿਰਭਰ ਹੈ ਕਿ ਬਾਕੀ 62 ਤੋਂ 69 ਫੀਸਦੀ ਵੋਟਾਂ ਦਾ ਰੁਝਾਨ ਕੀ ਹੁੰਦਾ ਹੈ? ਉਹ ਵੋਟ 2014 ਵਾਂਗ ਬਿਖਰੇ ਹੋਏ ਰਹਿੰਦੇ ਹਨ ਜਾਂ ਨਹੀਂ? ਚੋਣ ਸ਼ਾਸਤਰ ਦੀ ਭਾਸ਼ਾ ਵਿਚ ਇਸ ਸਵਾਲ ਨੂੰ ਇੰਜ ਵੀ ਪੁੱਛਿਆ ਜਾ ਸਕਦਾ ਹੈ ਕਿ ਭਾਜਪਾ ਵਿਰੋਧੀ ਰਾਜਨੀਤਕ ਸ਼ਕਤੀਆਂ ਦੀ ਏਕਤਾ ਦਾ ਇੰਡੈਕਸ (ਜੋ ਪਿਛਲੀ ਵਾਰ ਸਿਫਰ ਸੀ) ਕੀ ਇਸ ਵਾਰ ਵੀ ਨਾਂਹ ਦੇ ਬਰਾਬਰ ਰਹੇਗਾ ਜਾਂ ਪਹਿਲਾਂ ਦੇ ਮੁਕਾਬਲੇ ਇਹ ਏਕਤਾ 25 ਫੀਸਦੀ ਤੋਂ ਲੈ ਕੇ 70-80 ਫੀਸਦੀ ਦੇ ਵਿਚ ਚੰਗੀ ਸਥਿਤੀ ਵਿਚ ਹੋਵੇਗੀ?

ਇਨ੍ਹਾਂ ਸਵਾਲਾਂ ਦਾ ਜ਼ਿਆਦਾਤਰ ਸੁਰੱਖਿਅਤ ਜਵਾਬ ਇਹ ਹੈ ਕਿ ਇਸ ਵਾਰ ਮੋਦੀ ਨੂੰ ਥੋੜ੍ਹੇ-ਬਹੁਤੇ ਸਥਾਪਤੀ ਵਿਰੋਧੀ ਰੁਝਾਨ ਦਾ ਸਾਹਮਣਾ ਕਰਨਾ ਹੀ ਪਵੇਗਾ ਅਤੇ ਉਨ੍ਹਾਂ ਵਿਰੁਧ ਵਿਰੋਧੀ ਸ਼ਕਤੀਆਂ ਦਾ ਧਰੁਵੀਕਰਨ ਵੀ ਪਹਿਲਾਂ ਦੇ ਮੁਕਾਬਲੇ ਕੁਝ ਨਾ ਕੁਝ ਚੰਗੀ ਸਥਿਤੀ ਵਿਚ ਹੋਵੇਗਾ; ਭਾਵ ਮੋਦੀ ਨੂੰ ਆਪਣੇ ਪੁਰਾਣੇ ਵੋਟ (31 ਤੋਂ 38 ਫੀਸਦੀ) ਤਾਂ ਚਾਹੀਦੇ ਹੀ ਹੋਣਗੇ, ਉਨ੍ਹਾਂ ਨੂੰ ਵਿਰੋਧੀ ਏਕਤਾ ਨੂੰ ਪ੍ਰਭਾਵਹੀਣ ਕਰਨ ਲਈ ਘੱਟੋ-ਘੱਟ 10 ਤੋਂ 12 ਫੀਸਦੀ ਨਵੇਂ ਵੋਟ ਵੀ ਜ਼ਰੂਰ ਚਾਹੀਦੇ ਹੋਣਗੇ। 50 ਫੀਸਦੀ ਜਾਂ ਉਸ ਤੋਂ ਜ਼ਿਆਦਾ ਵੋਟ ਹਾਸਲ ਕਰਨ ਲਈ ਮੋਦੀ ਪੁਰਾਣੇ ਵੋਟਰਾਂ ਨੂੰ ਕਿਵੇਂ ਮਨਾਉਣਗੇ, ਤੇ ਨਵੇਂ ਵੋਟਰ ਕਿਥੋਂ ਲਿਆਉਣਗੇ? ਆਪਣੀ ਸਮਝ ਦੇ ਲਿਹਾਜ਼ ਨਾਲ ਇਥੇ ਮੋਟੇ ਤੌਰ 'ਤੇ ਉਚੀਆਂ ਜਾਤੀਆਂ, ਕਿਸਾਨਾਂ ਅਤੇ ਵਪਾਰੀਆਂ ਦੀਆਂ ਵੋਟਾਂ ਨੂੰ ਪੁਰਾਣੇ ਵੋਟਾਂ ਦੀ ਨੁਮਾਇੰਦਗੀ ਦਿੱਤੀ ਜਾ ਸਕਦੀ ਹੈ ਅਤੇ ਨੌਜਵਾਨਾਂ ਨੂੰ ਨਵੇਂ ਵੋਟਾਂ ਦੇ ਪ੍ਰਤੀਨਿਧੀ ਮੰਨਿਆ ਜਾ ਸਕਦਾ ਹੈ। ਮੋਦੀ ਨੇ ਅਨੁਸੂਚਿਤ ਜਾਤੀ/ਜਨਜਾਤੀ ਕਾਨੂੰਨ ਤੋਂ ਨਾਰਾਜ਼ ਉਚੀਆਂ ਜਾਤੀਆਂ ਨੂੰ ਵੀ ਮਨਾਉਣਾ ਹੈ। ਨੋਟਬੰਦੀ ਅਤੇ ਵਸਤੂ ਤੇ ਸੇਵਾ ਕਰ (ਜੀ.ਐਸ.ਟੀ.) ਨਾਲ ਨਾਰਾਜ਼ ਵਪਾਰੀ ਵਰਗ ਨੂੰ ਵੀ ਮਨਾਉਣਾ ਪਵੇਗਾ। ਅਸਾਧਾਰਨ ਮੁਸ਼ਕਿਲਾਂ ਵਿਚ ਜ਼ਿੰਦਗੀ ਗੁਜ਼ਾਰ ਰਹੇ ਕਿਸਾਨਾਂ ਨੂੰ ਵੀ ਮਨਾਉਣਾ ਪਵੇਗਾ। ਮੋਦੀ ਨੌਜਵਾਨਾਂ ਨੂੰ ਯਕੀਨ ਦਿਵਾਉਣਾ ਪਵੇਗਾ ਕਿ ਉਨ੍ਹਾਂ ਨੂੰ ਬਿਨਾਂ ਸ਼ੱਕ ਪਿਛਲੇ 5 ਸਾਲਾਂ ਵਿਚ ਰੁਜ਼ਗਾਰ ਨਹੀਂ ਮਿਲ ਸਕਿਆ ਪਰ ਅਗਲੇ 5 ਸਾਲਾਂ ਵਿਚ ਜ਼ਰੂਰ ਮਿਲ ਜਾਏਗਾ। ਮੋਦੀ ਸਰਕਾਰ ਦੇ ਅੰਦਰੋਂ ਮਿਲ ਰਹੇ ਸੰਕੇਤ ਦੱਸਦੇ ਹਨ ਕਿ ਉਸ ਦੇ ਰਣਨੀਤੀਕਾਰ ਆਪਣੀਆਂ ਵੱਖ-ਵੱਖ ਯੋਜਨਾਵਾਂ ਤੋਂ ਲਾਭ ਹਾਸਲ ਕਰਨ ਵਾਲਿਆਂ ਨੂੰ ਆਪਣੇ ਨਵੇਂ ਵੋਟਰਾਂ ਦੇ ਰੂਪ ਵਿਚ ਦੇਖ ਰਹੇ ਹਨ। ਪੁਰਾਣੇ ਵੋਟਰਾਂ ਬਾਰੇ ਉਨ੍ਹਾਂ ਦਾ ਮੰਨਣਾ ਹੈ ਕਿ ਉਹ ਭਾਵੇਂ ਕੁਝ ਨਾਰਾਜ਼ ਚੱਲ ਰਹੇ ਹੋਣ ਪਰ ਅਖ਼ੀਰ ਉਨ੍ਹਾਂ ਦੀਆਂ ਉਂਗਲਾਂ ਕਮਲ ਦੇ ਨਿਸ਼ਾਨ ਵਾਲਾ ਬਟਨ ਹੀ ਦਬਾਉਣਗੀਆਂ।

ਅਜਿਹੀ ਸਥਿਤੀ ਵਿਚ ਭਾਜਪਾ ਵਿਰੋਧੀ ਧਿਰਾਂ ਕੀ ਕਰਨਗੀਆਂ? ਉਨ੍ਹਾਂ ਨੇ ਸਿਰਫ ਦੋ ਕੰਮ ਕਰਨੇ ਹਨ। ਪਹਿਲਾ, ਸੂਬਿਆਂ ਵਿਚ ਖੇਤਰੀ ਆਧਾਰ 'ਤੇ ਜ਼ਰੂਰਤ ਅਨੁਸਾਰ ਪ੍ਰਭਾਵੀ ਚੋਣ ਤਾਲਮੇਲ ਕਰਨਾ ਤਾਂ ਕਿ ਭਾਜਪਾ ਨੂੰ ਵਿਰੋਧੀ ਵੋਟਾਂ ਦੇ ਬਿਖਰਾਓ ਦਾ ਲਾਭ ਨਾ ਮਿਲ ਸਕੇ। ਦੂਸਰਾ ਕਾਂਗਰਸ ਲਈ ਭਵਿਖ ਦੀ ਗ਼ੈਰ-ਭਾਜਪਾ ਸਰਕਾਰ ਵਿਚ ਮੁੱਖ ਪਾਰਟੀ ਦੇ ਤੌਰ 'ਤੇ ਸਵਾ ਸੌ ਤੋਂ ਡੇਢ ਸੌ ਦੇ ਵਿਚਾਲੇ ਸੀਟਾਂ ਜਿੱਤਣ ਦੀ ਗਾਰੰਟੀ ਤੈਅ ਕਰਨੀ। ਇਹ ਸੀਟਾਂ ਉਸ ਨੂੰ ਆਪਣੇ ਪ੍ਰਭਾਵ ਵਾਲੇ 15 ਸੂਬਿਆਂ (ਆਸਾਮ, ਛੱਤੀਸਗੜ੍ਹ, ਮੱਧ ਪ੍ਰਦੇਸ਼, ਰਾਜਸਥਾਨ, ਗੁਜਰਾਤ, ਕੇਰਲ, ਪੰਜਾਬ, ਗੋਆ, ਹਰਿਆਣਾ, ਝਾਰਖੰਡ, ਕਰਨਾਟਕ, ਉਤਰਾਖੰਡ, ਮਹਾਰਾਸ਼ਟਰ ਤੇ ਹਿਮਾਚਲ ਪ੍ਰਦੇਸ਼ ਵਿਚ ਜਿਥੇ ਉਹ ਪਹਿਲੇ ਜਾਂ ਦੂਜੇ ਨੰਬਰ ਦੀ ਪਾਰਟੀ ਹੈ) ਦੀਆਂ 198 ਸੀਟਾਂ ਅਤੇ ਬਾਕੀ ਸੂਬਿਆਂ ਵਿਚ ਗੱਠਜੋੜਾਂ ਦੇ ਆਧਾਰ 'ਤੇ ਮਿਲੀਆਂ ਸੀਟਾਂ 'ਤੇ ਲੜ ਕੇ ਹਾਸਲ ਕਰਨੀਆਂ ਪੈਣਗੀਆਂ।

ਕੌਮੀ ਰਾਜਨੀਤੀ ਵਿਚ ਕਾਂਗਰਸ ਦਾ ਪ੍ਰਭਾਵ ਪਹਿਲਾਂ ਨਾਲੋਂ ਕੁਝ ਘਟਿਆ ਹੈ, ਇਸ ਲਈ ਅਜਿਹਾ ਕਰਨਾ ਉਸ ਲਈ ਥੋੜ੍ਹਾ ਮੁਸ਼ਕਿਲ ਜ਼ਰੂਰ ਹੋਵੇਗਾ। ਜੋ ਵੀ ਹੋਵੇ, ਜੇ ਵਿਰੋਧੀ ਧਿਰਾਂ ਇਹ ਦੋਵੇਂ ਸ਼ਰਤਾਂ ਪੂਰੀਆਂ ਨਾ ਕਰ ਸਕੀਆਂ ਤਾਂ 2019 ਵਿਚ 'ਅਬ ਕੀ ਵਾਰ, ਫਿਰ ਤੋਂ ਮੋਦੀ ਸਰਕਾਰ' ਹੀ ਬਣੇਗੀ, ਭਾਵੇਂ ਉਹ 2014 ਜਿੰਨੀ ਤਾਕਤਵਰ ਨਾ ਹੋਵੇ। ਹਾਂ, ਜੇ ਵਿਰੋਧੀ ਧਿਰ ਨੇ ਇਹ ਸ਼ਰਤਾਂ ਪੂਰੀਆਂ ਕਰ ਲਈਆਂ ਤਾਂ ਕੁਝ ਵੀ ਹੋ ਸਕਦਾ ਹੈ।



***ਹੁਕਮਰਾਨ ਇਕ ਪਾਸੇ ਮੁਲਕ ਨੂੰ ਵੱਧ ਤੋਂ ਵੱਧ ਡਿਜੀਟਲ ਬਣਾਉਣ ਉਪਰ ਜ਼ੋਰ ਦੇ ਰਹੇ ਹਨ, ਦੂਜੇ ਪਾਸੇ ਨਾਗਰਿਕਾਂ ਦੀ ਨਿੱਜਤਾ ਵਿਚ ਸੰਨ੍ਹ ਲਗਾ ਕੇ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਨੂੰ ਕੰਟਰੋਲ ਕਰਨ ਲਈ ਨਵੇਂ ਨਵੇਂ ਤਰੀਕੇ ਈਜਾਦ ਕਰ ਰਹੇ ਹਨ। ਸੰਘ ਬ੍ਰਿਗੇਡ ਹੁਣ ਸੋਸ਼ਲ ਮੀਡੀਆ ਪਲੈਟਫਾਰਮਾਂ ਉਪਰ ਇਸ ਹੱਦ ਤਕ ਸ਼ਿਕੰਜਾ ਕੱਸਣਾ ਚਾਹੁੰਦਾ ਹੈ ਤਾਂ ਜੋ ਨਾਗਰਿਕਾਂ ਦੇ ਹਰ ਡਿਜੀਟਲ ਯੰਤਰ ਦੀ ਹਰ ਵਕਤ ਮਨਮਾਨੀ ਫਰੋਲਾ ਫਰਾਲੀ ਕੀਤੀ ਜਾ ਸਕੇ। ਮੋਦੀ ਸਰਕਾਰ ਡਿਜੀਟਲ ਜਾਸੂਸੀ ਦਾ ਨਵਾਂ ਫਾਸ਼ੀਵਾਦੀ ਢਾਂਚਾ ਤਿਆਰ ਕਰਨ ਵਿਚ ਜੁਟੀ ਹੋਈ ਹੈ।***

# 2019: ਫਿਲਹਾਲ ਭਾਜਪਾ ਦਾ ਹਾਲ ਮਾੜਾ

ਨਵਾਂ ਸਾਲ ਭਾਰਤ ਲਈ ਕਿਵੇਂ ਦਾ ਰਹੇਗਾ, ਇਸ ਸਵਾਲ ਦਾ ਜਵਾਬ ਦੇਣਾ ਸੌਖਾ ਨਹੀਂ ਹੈ। ਭਾਰਤ ਮੁਸ਼ਕਿਲਾਂ ਦੇ ਦੌਰ ਵਿਚੋਂ ਲੰਘ ਰਿਹਾ ਹੈ ਅਤੇ ਪਿਛਲੇ ਸਾਲਾਂ ਵਿਚ ਦੇਸ਼ ਦੀ ਰਾਜਨੀਤੀ, ਸਮਾਜ ਅਤੇ ਅਰਥਤੰਤਰ ਵਿਚ ਜ਼ਬਰਦਸਤ ਬਦਲਾਓ ਆਏ ਹਨ। ਡਿਜੀਟਲ ਦੁਨੀਆ ਵਿਚ ਵੀ ਭਾਰੀ ਬਦਲਾਓ ਆਇਆ ਹੈ ਅਤੇ ਇਹ ਦੇਸ਼ ਨੂੰ ਜ਼ਬਰਦਸਤ ਢੰਗ ਨਾਲ ਝੰਜੋੜਨ ਦਾ ਕੰਮ ਕਰ ਰਿਹਾ ਹੈ। ਬਦਲਾਓ ਦੇ ਇਸ ਦੌਰ ਵਿਚ 2019 ਵਿਚ ਵੱਡੀ ਰਾਜਨੀਤਕ ਘਟਨਾ ਵਾਪਰਨ ਵਾਲੀ ਹੈ ਅਤੇ ਉਹ ਘਟਨਾ ਹੈ- ਲੋਕ ਸਭਾ ਦੀਆਂ ਆਮ

**ਉਪੇਂਦਰ ਪ੍ਰਸਾਦ**

ਚੋਣਾਂ ਜੋ ਇਹ ਫੈਸਲਾ ਕਰਨਗੀਆਂ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਕ ਵਾਰ ਫਿਰ ਸੱਤਾ ਹਾਸਲ ਕਰ ਸਕਣਗੇ ਜਾਂ ਨਵਾਂ ਸਾਲ ਸੱਤਾ ਤੋਂ ਉਨ੍ਹਾਂ ਦੀ ਵਿਦਾਈ ਕਰ ਦੇਵੇਗਾ।

ਪੰਜ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਦੇ ਨਤੀਜੇ ਜੇਕਰ ਕੋਈ ਸੰਦੇਸ਼ ਦੇ ਰਹੇ ਹਨ ਤਾਂ ਉਹ ਸੰਦੇਸ਼ ਸੱਤਾਧਾਰੀ ਭਾਜਪਾ ਦੇ ਖਿਲਾਫ ਹੀ ਹੈ। ਇਨ੍ਹਾਂ ਵਿਚੋਂ ਤਿੰਨ ਵਿਚ ਤਾਂ ਭਾਜਪਾ ਦੀਆਂ ਹੀ ਸਰਕਾਰਾਂ ਸਨ। ਇਨ੍ਹਾਂ ਤਿੰਨਾਂ ਸੂਬਿਆਂ ਵਿਚ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਇਹ ਸੱਚ ਹੈ ਕਿ ਵਿਧਾਨ ਸਭਾ ਅਤੇ ਲੋਕ ਸਭਾ ਦੇ ਮੁੱਦੇ ਵੱਖ-ਵੱਖ ਹੁੰਦੇ ਹਨ ਪਰ ਭਾਜਪਾ ਦੀ ਹਾਰ ਦਾ ਇਕ ਮਤਲਬ ਤਾਂ ਇਹ ਵੀ ਹੈ ਕਿ ਅਗਾਮੀ ਲੋਕ ਸਭਾ ਚੋਣਾਂ ਵਿਚ ਇਨ੍ਹਾਂ ਤਿੰਨਾਂ ਸੂਬਿਆਂ ਵਿਚ ਉਸ ਦੀਆਂ ਲੋਕ ਸਭਾ ਦੀਆਂ ਸੀਟਾਂ ਘਟ ਜਾਣਗੀਆਂ। ਇਨ੍ਹਾਂ ਤਿੰਨਾਂ ਸੂਬਿਆਂ ਵਿਚ ਲੋਕ ਸਭਾ ਦੀਆਂ ਕੁੱਲ 65 ਸੀਟਾਂ ਹਨ ਜਿਨ੍ਹਾਂ ਵਿਚੋਂ 62 'ਤੇ ਪਿਛਲੀਆਂ ਆਮ ਚੋਣਾਂ ਵਿਚ ਭਾਜਪਾ ਦੇ ਉਮੀਦਵਾਰ ਹੀ ਜਿੱਤੇ ਸਨ। ਜ਼ਾਹਿਰ ਹੈ ਕਿ ਭਾਜਪਾ ਨੂੰ ਇਨ੍ਹਾਂ ਸੂਬਿਆਂ ਵਿਚ ਨੁਕਸਾਨ ਹੋਵੇਗਾ। ਸਵਾਲ ਸਿਰਫ ਇਹ ਰਹਿ ਗਿਆ ਹੈ ਕਿ ਉਸ ਨੂੰ ਨੁਕਸਾਨ ਕਿੰਨਾ ਹੋਵੇਗਾ?

ਤਿਲੰਗਾਨਾ ਅਤੇ ਮਿਜ਼ੋਰਮ ਵਿਚ ਵੀ ਭਾਜਪਾ ਨੇ ਬੜੇ ਜ਼ੋਰ-ਸ਼ੋਰ ਨਾਲ ਚੋਣਾਂ ਲੜੀਆਂ ਸਨ ਪਰ ਦੋਵਾਂ ਸੂਬਿਆਂ ਵਿਚ ਉਸ ਨੂੰ ਸਿਰਫ ਇਕ-ਇਕ ਸੀਟ ਨਾਲ ਹੀ ਸਬਰ ਕਰਨਾ ਪਿਆ। ਲਿਹਾਜ਼ਾ ਭਾਜਪਾ ਦਾ ਨਵੇਂ ਖੇਤਰਾਂ ਵਿਚ ਪਸਾਰ ਹੁਣ ਰੁਕ ਗਿਆ ਹੈ, ਹਾਲਾਂਕਿ ਉਤਰ ਪੂਰਬ ਦੇ ਕੁਝ ਸੂਬਿਆਂ ਵਿਚ ਉਸ ਨੂੰ ਆਪਣੇ ਸਹਿਯੋਗੀਆਂ ਨਾਲ ਮਿਲ ਕੇ ਜਿੱਤ ਵੀ ਹਾਸਲ ਹੋਈ ਸੀ ਅਤੇ ਜੋੜ-ਤੋੜ ਦੀ ਵਰਤੋਂ ਕਰਕੇ ਉਸ ਨੇ ਜਿੱਤ ਤੋਂ ਵੀ ਵੱਡੀ ਜਿੱਤ ਹਾਸਲ ਕਰਦਿਆਂ ਕੁਝ ਸੂਬਿਆਂ ਵਿਚ ਆਪਣੀਆਂ ਸਰਕਾਰਾਂ ਬਣਾ ਲਈਆਂ ਸਨ।

ਹਿੰਦੀ ਪੱਟੀ ਦੇ ਤਿੰਨ ਪ੍ਰਦੇਸ਼ਾਂ ਵਿਚ ਆਪਣੀ ਸੱਤਾ ਗਵਾਉਣ ਤੋਂ ਬਾਅਦ ਉਤਰ ਪ੍ਰਦੇਸ਼ ਅਤੇ ਬਿਹਾਰ ਉਸ ਲਈ ਖ਼ਾਸ ਮਾਅਨੇ ਰੱਖਦੇ ਹਨ। ਉਤਰ ਪ੍ਰਦੇਸ਼ ਵਿਚ ਉਸ ਦੀ ਹਾਰ ਜਾਂ ਜਿੱਤ ਉਸ ਦੇ ਆਪਣੇ ਪ੍ਰਦਰਸ਼ਨ 'ਤੇ ਘੱਟ ਅਤੇ ਉਸ ਦੇ ਵਿਰੋਧੀਆਂ ਦੀ ਏਕਤਾ ਜਾਂ ਫੁੱਟ 'ਤੇ ਜ਼ਿਆਦਾ ਨਿਰਭਰ ਕਰਦੀ ਹੈ। ਜੇ ਉਥੇ ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ, ਰਾਸ਼ਟਰੀ ਲੋਕਦਲ ਅਤੇ ਕਾਂਗਰਸ ਦਾ ਪੂਰੀ ਤਰ੍ਹਾਂ ਗੱਠਜੋੜ ਹੋ ਜਾਂਦਾ ਹੈ ਤਾਂ ਫਿਰ 25 ਸੀਟਾਂ ਜਿੱਤਣਾ ਵੀ ਮੋਦੀ ਦੀ ਪਾਰਟੀ ਲਈ ਮੁਸ਼ਕਿਲ ਹੋ ਜਾਵੇਗਾ।

ਬਿਹਾਰ ਵਿਚ ਭਾਰਤੀ ਜਨਤਾ ਪਾਰਟੀ ਨੇ ਜਨਤਾ ਦਲ (ਯੂ) ਅਤੇ ਲੋਕ ਜਨਸ਼ਕਤੀ ਪਾਰਟੀ ਨਾਲ ਗੱਠਜੋੜ ਕਰ ਲਿਆ ਹੈ ਪਰ ਜਿਨ੍ਹਾਂ ਸ਼ਰਤਾਂ 'ਤੇ ਇਹ ਤਾਲਮੇਲ ਹੋਇਆ ਹੈ, ਉਹ ਭਾਜਪਾ ਲਈ ਸ਼ਰਮਨਾਕ ਹੈ। ਉਸ ਦੇ ਕੋਲ ਇਸ ਸਮੇਂ ਲੋਕ ਸਭਾ ਦੀਆਂ 22 ਸੀਟਾਂ ਹਨ ਅਤੇ ਐਲਾਨੇ ਤਾਲਮੇਲ ਰਾਹੀਂ ਉਹ ਸਿਰਫ 17 ਸੀਟਾਂ 'ਤੇ ਹੀ ਚੋਣ ਲੜੇਗੀ, ਭਾਵ ਉਥੇ ਚੋਣਾਂ ਤੋਂ ਪਹਿਲਾਂ ਹੀ ਭਾਜਪਾ ਨੇ ਆਪਣੀਆਂ 5 ਸੀਟਾਂ ਗਵਾ ਲਈਆਂ ਹਨ।

ਰਾਸ਼ਟਰੀ ਜਨਤਾ ਦਲ ਦੀ ਅਗਵਾਈ ਵਿਚ ਉਥੇ ਮਹਾਂਗੱਠਜੋੜ ਬਣਨਾ ਤਕਰੀਬਨ ਤੈਅ ਹੈ ਅਤੇ ਦੋਵੇਂ ਗੱਠਜੋੜਾਂ ਵਿਚਾਲੇ ਜ਼ਬਰਦਸਤ ਮੁਕਾਬਲਾ ਹੋਵੇਗਾ। ਨਤੀਜਾ ਆਉਣ ਤੋਂ ਪਹਿਲਾਂ ਇਹ ਕਹਿਣਾ ਮੁਸ਼ਕਿਲ ਹੋਵੇਗਾ ਕਿ ਕਿਹੜਾ ਗੱਠਜੋੜ ਕਿਸ 'ਤੇ ਭਾਰੀ ਪੈਂਦਾ ਹੈ ਪਰ ਇਕ ਗੱਲ ਤਾਂ ਤੈਅ ਹੈ ਕਿ ਉਥੇ ਭਾਜਪਾ ਦੀਆਂ ਸੀਟਾਂ ਘਟਣਗੀਆਂ ਅਤੇ ਉਸ ਦੇ ਸਹਿਯੋਗੀ ਜਨਤਾ ਦਲ (ਯੂ) ਅਤੇ ਲੋਕ ਜਨਸ਼ਕਤੀ ਪਾਰਟੀ ਦੇ ਸੰਸਦ ਮੈਂਬਰ ਚੋਣਾਂ ਤੋਂ ਬਾਅਦ ਉਸ ਦੇ ਨਾਲ ਹੀ ਰਹਿਣਗੇ, ਇਸ ਦੀ ਕੋਈ ਗਰੰਟੀ ਨਹੀਂ।

ਬਿਹਾਰ ਦੇ ਗਵਾਂਢੀ ਸੂਬੇ ਝਾਰਖੰਡ ਦੇ ਕੋਲੇਬਿਰਾ ਵਿਧਾਨ ਸਭਾ ਖੇਤਰ ਦੀਆਂ ਉਪ ਚੋਣਾਂ ਵਿਚ ਕਾਂਗਰਸ ਨੇ ਚੋਣ ਜਿੱਤ ਕੇ ਭਾਜਪਾ ਨੂੰ ਉਹੀ ਸੰਦੇਸ਼ ਦਿੱਤਾ ਹੈ ਜੋ ਉਸ ਨੂੰ ਛੱਤੀਸਗੜ੍ਹ, ਮੱਧਪ੍ਰਦੇਸ਼ ਅਤੇ ਰਾਜਸਥਾਨ ਵਿਚ ਮਿਲਿਆ ਸੀ। ਝਾਰਖੰਡ ਦੇ ਮੁੱਖ ਵਿਰੋਧੀ ਦਲ ਦਾ ਸਮਰਥਨ ਨਾ ਹੋਣ ਦੇ ਬਾਵਜੂਦ ਵੱਡੀ ਜਿੱਤ ਹਾਸਲ ਕਰਕੇ ਕਾਂਗਰਸ ਨੇ ਭਾਜਪਾ ਦੇ ਸਾਹਮਣੇ ਚੁਣੌਤੀ ਪੇਸ਼ ਕੀਤੀ ਹੈ। ਝਾਰਖੰਡ ਦੀਆਂ 14 ਲੋਕ ਸਭਾ ਸੀਟਾਂ ਵਿਚੋਂ ਇਸ ਸਮੇਂ 12 ਤੋਂ ਭਾਜਪਾ ਦੇ ਹੀ ਸੰਸਦ ਮੈਂਬਰ ਹਨ।

ਹਿੰਦੀ ਪ੍ਰਦੇਸ਼ਾਂ ਤੋਂ ਹੀ ਭਾਜਪਾ ਨੇ ਸਭ ਤੋਂ ਜ਼ਿਆਦਾ ਸੀਟਾਂ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਜਿੱਤੀਆਂ ਸਨ ਅਤੇ ਅੱਜ ਹਾਲਤ ਇਹ ਹੈ ਕਿ ਤਕਰੀਬਨ ਸਾਰੇ ਹਿੰਦੀ ਪ੍ਰਦੇਸ਼ਾਂ ਵਿਚ ਉਸ ਲਈ ਸਥਿਤੀ 2014 ਦੇ ਮੁਕਾਬਲੇ ਬੜੀ ਖ਼ਰਾਬ ਹੈ। ਇਨ੍ਹਾਂ ਪ੍ਰਦੇਸ਼ਾਂ ਵਿਚ ਕੁੱਲ ਮਿਲਾ ਕੇ ਉਸ ਨੂੰ ਸੀਟਾਂ ਦਾ ਨੁਕਸਾਨ ਹੋਵੇਗਾ।

ਹਿੰਦੀ ਪ੍ਰਦੇਸ਼ਾਂ ਤੋਂ ਬਾਅਦ ਮਹਾਰਾਸ਼ਟਰ ਅਜਿਹਾ ਸੂਬਾ ਹੈ ਜੋ ਸਭ ਤੋਂ ਜ਼ਿਆਦਾ ਸੰਸਦ ਮੈਂਬਰ ਲੋਕ ਸਭਾ ਵਿਚ ਭੇਜਦਾ ਹੈ। ਉਥੇ ਲੋਕ ਸਭਾ ਦੀਆਂ 48 ਸੀਟਾਂ ਹਨ ਜਿਨ੍ਹਾਂ ਵਿਚੋਂ ਜ਼ਿਆਦਾਤਰ 'ਤੇ ਭਾਜਪਾ ਅਤੇ ਉਸ ਦੀ ਸਹਿਯੋਗੀ ਸ਼ਿਵ ਸੈਨਾ ਦਾ ਕਬਜ਼ਾ ਹੈ। ਪਿਛਲੀਆਂ ਲੋਕ ਸਭਾ ਚੋਣਾਂ ਦੋਵਾਂ ਨੇ ਮਿਲ ਕੇ ਲੜੀਆਂ ਸਨ। ਉਸ ਤੋਂ ਬਾਅਦ ਦੋਵਾਂ ਵਿਚ ਤਣਾਅ ਪੈਦਾ ਹੋ ਗਿਆ ਅਤੇ ਉਨ੍ਹਾਂ ਨੇ ਵਿਧਾਨ ਸਭਾ ਚੋਣਾਂ ਵੱਖ-ਵੱਖ ਲੜੀਆਂ। ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੇ ਸ਼ਿਵ ਸੈਨਾ ਤੋਂ ਵੱਧ ਸੀਟਾਂ ਹਾਸਲ ਕਰ ਲਈਆਂ ਪਰ ਬਹੁਮਤ ਦਾ ਅੰਕੜਾ ਨਾ ਛੂਹ ਸਕਣ ਦੇ ਕਾਰਨ ਉਸ ਨੂੰ ਸ਼ਿਵ ਸੈਨਾ ਨੂੰ ਆਪਣੀ ਸਰਕਾਰ ਵਿਚ ਸ਼ਾਮਿਲ ਕਰਨਾ ਪਿਆ। ਸ਼ਿਵ ਸੈਨਾ ਕਹਿ ਚੁੱਕੀ ਹੈ ਕਿ ਅਗਾਮੀ ਲੋਕ ਸਭਾ ਚੋਣਾਂ ਉਹ ਇਕੱਲਿਆਂ ਲੜੇਗੀ। ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਇਹ ਭਾਜਪਾ ਲਈ ਬੁਰੇ ਸੁਪਨੇ ਵਰਗਾ ਹੋਵੇਗਾ। ਉਂਜ, ਸ਼ਿਵ ਸੈਨਾ ਬਲੈਕਮੇਲਿੰਗ ਲਈ ਜਾਣੀ ਜਾਂਦੀ ਪਾਰਟੀ ਹੈ, ਅਖੀਰ ਵਿਚ ਉਹੀ ਫੈਸਲਾ ਕਰਦੀ ਹੈ, ਜਿਸ ਵਿਚ ਉਸ ਦਾ ਫਾਇਦਾ ਹੁੰਦਾ ਹੈ। ਫਿਰ ਵੀ ਸਵਾਲ ਹੈ ਕਿ ਭਾਜਪਾ-ਸ਼ਿਵ ਸੈਨਾ ਗੱਠਜੋੜ 2014 ਵਾਲੀ ਸਫਲਤਾ ਦੁਹਰਾ ਸਕੇਗਾ?

ਕਰਨਾਟਕ ਦੀਆਂ 28 ਵਿਚੋਂ 17 ਸੀਟਾਂ ਭਾਜਪਾ ਕੋਲ ਹਨ ਪਰ ਜੇ ਕਾਂਗਰਸ ਅਤੇ ਜਨਤਾ ਦਲ (ਸੈਕੂਲਰ) ਮਿਲ ਕੇ ਚੋਣ ਲੜਦੇ ਹਨ, ਜਿਸ ਦੀ ਸੰਭਾਵਨਾ ਮਜ਼ਬੂਤ ਹੈ ਤਾਂ ਫਿਰ ਭਾਜਪਾ ਦੀ ਖੇਡ ਉਥੇ ਵੀ ਵਿਗੜੇਗੀ। ਕੁੱਲ ਮਿਲਾ ਕੇ ਹਾਲੇ ਗਣਿਤ ਭਾਜਪਾ ਦੇ ਪੱਖ ਵਿਚ ਦਿਖਾਈ ਨਹੀਂ ਦਿੰਦਾ ਪਰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਸੱਤਾ ਵਿਚ ਹੈ ਅਤੇ ਚੋਣ ਏਜੰਡਾ ਤੈਅ ਕਰਨ ਦੀ ਸਥਿਤੀ ਵਿਚ ਹੈ।

# ਦਸੰਵਰੀ ਦੀ ਦਾਸਤਾਨ

ਕਣੀਆਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸੰਵੇਦਨਾ ਦੀ ਗੱਲ ਕਰਦਿਆਂ ਕਿਹਾ ਸੀ, “ਸੰਵੇਦਨਾ, ਸੋਹਣੇ ਕਿਰਦਾਰ ਦਾ ਸਿਖਰ, ਸਦੀਵੀ ਪੈੜਾਂ ਵਿਚ ਪਸਰੀ ਸੁੰਦਰਤਾ ਅਤੇ ਸੁਹੰਢਣੇ ਪਲਾਂ ਵਿਚ ਘਰ ਕਰ ਬੈਠੀ ਅਪਣੱਤ।” ਉਨ੍ਹਾਂ ਨੂੰ ਅਫਸੋਸ ਹੈ, “ਸੰਵੇਦਨਾ ਦੀ ਤੋਟ ਹੀ ਏ ਕਿ ਮਨੁੱਖ ਨੇ ਫੈਲਰਨ ਦੀ ਥਾਂ ਸੁੰਗੜਨਾ ਸ਼ੁਰੂ ਕਰ ਦਿਤਾ। ਘਰਾਂ ਨੂੰ ਪੱਥਰ ਬਣਾ ਲਿਆ ਏ, ਜਿਸ ਵਿਚ ਰਹਿੰਦੇ ਨੇ ਪੱਥਰ-ਲੋਕ।...ਸੰਵੇਦਨਾ ਦੀ ਅਣਹੋਂਦ ਵਿਚੋਂ ਹੀ ਕਮੀਨਗੀ, ਕੁਹਜ, ਕੁਰਖਤਾ ਅਤੇ ਕਤਲਾਂ ਵਰਗੀਆਂ ਅਲਾਮਤਾਂ ਸੰਸਾਰ ਦੀ ਝੋਲੀ ਵਿਚ ਖੇਡਦੀਆਂ, ਦੁਨੀਆਂ ਨੂੰ ਅੱਗ ਦੇ ਢੇਰ ‘ਤੇ ਬਿਠਾ ਗਈਆਂ।” ਹਥਲੇ ਲੇਖ ਦਾ ਸਿਰਲੇਖ ਪੜ੍ਹਦਿਆਂ ਪਾਠਕ ਹੈਰਾਨ ਹੁੰਦਾ ਹੈ ਕਿ ਭਲਾ ਦਸੰਵਰੀ ਕੀ ਹੋਇਆ! ਫਿਰ ਜਦੋਂ ਡਾ. ਭੰਡਾਲ ਦੱਸਦੇ ਹਨ ਕਿ ਦਸੰਬਰ ਤੋਂ ਜਨਵਰੀ ਵਿਚ ਪੈਰ ਧਰਨ ਵਿਚਾਲੇ ਫਾਸਲਾ ਇਕ ਪਲ ਦਾ ਹੀ ਹੈ, ਪਰ ਸਾਲ 2018 ਤੋਂ ਬਦਲ ਕੇ 2019 ਹੋ ਜਾਵੇਗਾ, ਹੋਈ ਨਾ ਫਿਰ ਦਸੰਵਰੀ! ਉਹ ਕਹਿੰਦੇ ਹਨ, “ਨਵੇਂ ਸੂਰਜ ਦੀ ਪਹਿਲੀ ਕਿਰਨ ਦੀ ਨਵੀਆਂ ਸੰਭਾਵਨਾਵਾਂ ਸੰਗ ਦਰ ‘ਤੇ ਦਿਤੀ ਦਸਤਕ।...ਦਸੰਬਰ, ਡੁੱਬ ਰਹੇ ਸੂਰਜ ਦੀ ਗਹਿਰ ਜਦ ਕਿ ਜਨਵਰੀ ਚੜ੍ਹਦੇ ਸੂਰਜ ਦੀ ਲਾਲੀ।” -ਸੰਪਾਦਕ***

ਦਸੰਵਰੀ, ਦਸੰਬਰ ਤੇ ਜਨਵਰੀ ਦਾ ਸੁਮੇਲ। ਦੋਹਾਂ ਦੀ ਅਮਿੱਟ ਨੇੜਤਾ। ਇਕ ਦੂਜੇ ਨੂੰ ਮਿਲਣ ਅਤੇ ਵਿਛੜਨ ਦੀ ਨਿਰੰਤਰਤਾ। ਆਪਸੀ ਸਾਂਝ ਪਾਲਦਿਆਂ ਹੀ ਇਕ ਦਾ ਅਰੰਭ ਅਤੇ ਦੂਜੇ ਦਾ ਸਮਾਪਤੀ ਸਮਾਗਮ।

ਦਸੰਬਰ ਤੇ ਜਨਵਰੀ ਦੇ ਮਿਲਣ ਬਿੰਦੂ ‘ਚੋਂ ਹੁੰਦਾ ਹੈ, ਦਸੰਵਰੀ ਦਾ ਆਗਾਜ਼। ਮਿਲਣ-ਰਾਤ ਵਿਚ ਜਸ਼ਨਾਂ ਰਾਹੀਂ ਇਕ ਨੂੰ ਅਲਵਿਦਾ ਅਤੇ ਦੂਸਰੇ ਦੀ ਆਮਦ। ਇਹ ਜਸ਼ਨ-ਜਲੌਅ ਹਰ ਰੰਗ ਨੂੰ ਫਿੱਕਾ ਕਰਦੇ। ਜਸ਼ਨਾਂ ‘ਚ ਮਧਮ ਪੈ ਜਾਂਦੀ ਪਿਛਲੇ ਸਾਲ ਦੀਆਂ ਦੁਸ਼ਵਾਰੀਆਂ ਅਤੇ ਅਸਫਲਤਾਵਾਂ ਦੀ ਕਸਕ। ਕਠਿਆਈਆਂ ਤੇ ਪੀੜਾ, ਆਪਣਿਆਂ ਦੇ ਮੋਢੇ ਲੱਗ ਰੋਂਦਿਆਂ ਦਿਲ ਦੀ ਵੇਦਨਾ। ਕਿਸੇ ਦੇ ਖੇੜਿਆਂ ਵਿਚੋਂ ਖੁਦ ਦੀ ਖੁਸ਼ੀ ਨੂੰ ਨਵੇਂ ਅਰਥ ਦੇਣ ਦੀ ਕੀਮਤੀ ਕਵਾਇਦ। ਦਸੰਬਰ ਅਤੇ ਜਨਵਰੀ ਜਦ ਦਸੰਵਰੀ ਦਾ ਰੂਪ ਵਟਾਉਂਦੇ ਤਾਂ ਸਮਿਆਂ ਦੀ ਸਰਦਲ ‘ਤੇ ਇਕ ਸਾਲ ਦੇ ਬੀਤਣ ਦਾ ਜਸ਼ਨ ਮਨਾਉਂਦੇ ਅਤੇ ਦੂਸਰੇ ਦੇ ਸ਼ੁਭ-ਅਰੰਭ ਦੀ ਆਰਤੀ ਗਾਉਂਦੇ।

ਇਕ ਪਲ ਦੇ ਅੰਤਰ ਵਿਚ ਦਸੰਬਰ ਦਾ ਜਨਵਰੀ ‘ਚ ਤਬਦੀਲ ਹੋਣਾ, ਬਹੁਤ ਕੁਝ ਤਬਦੀਲ ਕਰ ਦਿੰਦਾ। ਰੁੱਤ ਦੀ ਇਕਸਾਰਤਾ ਹੁੰਦਿਆਂ ਵੀ ਬਹੁਤ ਕੁਝ ਵੱਖਰਾ ਦੋਹਾਂ ਦੇ ਹਿੱਸੇ ਆਉਂਦਾ। ਇਸ ਵਖਰੇਵੇਂ ਕਾਰਨ ਹੀ ਦੋਵੇਂ ਮਹੀਨੇ ਆਪੋ-ਆਪਣੀ ਵਿਲੱਖਣਤਾ ਨੂੰ ਜਿਉਂਦੇ।

ਦਸੰਬਰ ਸਾਲ ਦਾ ਆਖਰੀ ਮਹੀਨਾ, ਪੂਰੇ ਸਾਲ ਦੀਆਂ ਕੀਰਤੀਆਂ, ਕਾਰਨਾਮਿਆਂ ਦੀ ਤਫਸੀਲ ਅਤੇ ਦਸਤਾਵੇਜ਼ੀ ਤਸਵੀਰ। ਕੀਤੀਆਂ ਖੁਨਾਮੀਆਂ, ਕੁਤਾਹੀਆਂ ਦਾ ਕੱਚਾ-ਚਿੱਠਾ। ਜਨਵਰੀ, ਆਉਣ ਵਾਲੇ ਸਮੇਂ ਦੀਆਂ ਤਰਜ਼ੀਹਾਂ ਅਤੇ ਤਮੰਨਾਵਾਂ ਨੂੰ ਭਵਿੱਖੀ ਤਰਤੀਬ ਤੇ ਨਵੀਂ ਤਦਬੀਰ ਨਾਲ ਤਕਦੀਰ ਨੂੰ ਨਵੀਆਂ ਮਸਤਕ ਰੇਖਾਵਾਂ ਨਾਲ ਸਜਾਉਣਾ ਅਤੇ ਭਵਿੱਖ ਦੀ ਝੋਲੀ ਵਿਚ ਕੁਝ ਨਵਾਂ ਨਰੋਇਆ ਪਾਉਣਾ।

ਦਸੰਬਰ ਬੀਤ ਚੁਕਿਆ ਵਕਤ, ਬੀਤੇ ਦੀਆਂ ਯਾਦਾਂ ਦੀ ਰੰਗਲੀ ਫੁਲਕਾਰੀ ਲੈ, ਆਖਰੀ ਅਲਵਿਦਾਈ ਲਈ ਹੱਥ ਹਿਲਾਉਂਦਾ ਜਦ ਕਿ ਜਨਵਰੀ ਨਵੀਆਂ ਆਸਾਂ ਤੇ ਵਿਸ਼ਵਾਸ ਨਾਲ ਨਵੀਆਂ ਬੁਲੰਦਗੀਆਂ ਦਾ ਮਾਣਮੱਤਾ ਹਰਫ ਬਣਨ ਲਈ ਆਉਣ ਵਾਲੇ ਸਮੇਂ ਨੂੰ ਖੁਸ਼-ਆਮਦੀਦ ਕਹਿੰਦਿਆਂ ਹੱਥ ਹਿਲਾਉਂਦਾ।

ਦਸੰਬਰ ਸਾਲ ਦੇ ਬੀਤਣ ਦਾ ਆਖਰੀ ਲਮਹਾ ਜਦ ਕਿ ਜਨਵਰੀ ਨਵੇਂ ਸਾਲ ਦੇ ਚੜ੍ਹਨ ਦੀ ਸ਼ਗਨੀ ਸ਼ੁਰੂਆਤ। ਦਸੰਬਰ ਪੈ ਰਹੀਆਂ ਤ੍ਰਿਕਾਲਾਂ, ਡੁੱਬ ਰਿਹਾ ਸੂਰਜ ਅਤੇ ਉਤਰ ਰਹੀ ਰਾਤ ਦੀ ਖੁਮਾਰੀ ਜਦ ਕਿ ਜਨਵਰੀ ਨਵੇਂ ਸਾਲ ਨੂੰ ਚਾਵਾਂ ਤੇ ਸੱਧਰਾਂ ਨਾਲ ਜੀ ਆਇਆਂ ਕਹਿਣ ਦੀ ਤਿਆਰੀ। ਸਰਘੀ ਦਾ ਆਮਦ ਵੇਲਾ, ਪਹੁ-ਫੁਟਾਲੇ ਦੀ ਆਸ ‘ਚ ਪੂਰਬ ਵੰਨੀਂ ਲੱਗੀਆਂ ਅੱਖੀਆਂ। ਨਵੇਂ ਸੂਰਜ ਦੀ ਪਹਿਲੀ ਕਿਰਨ ਦੀ ਨਵੀਆਂ ਸੰਭਾਵਨਾਵਾਂ ਸੰਗ ਦਰ ‘ਤੇ ਦਿਤੀ ਦਸਤਕ।

ਦਸੰਬਰ ਬੀਤ ਚੁੱਕੇ ਗਿਆਰਾਂ ਮਹੀਨਿਆਂ ਵਿਚ ਲਏ ਅਤੇ ਪੂਰੇ ਹੋਏ ਸੁਪਨਿਆਂ ਦੀ ਪੂਰਤੀ ਦਾ ਜਸ਼ਨ ਜਦ ਕਿ ਜਨਵਰੀ ਨੈਣਾਂ ਵਿਚ ਸਜਾਏ ਸੰਦਲੀ ਸੁਪਨਿਆਂ ਦੀ ਰਾਂਗਲੀ ਤਸ਼ਬੀਹ, ਜਿਸ ਨੇ ਬਣਨਾ ਹੈ, ਆਉਣ ਵਾਲੇ ਵਕਤ ਦੀ ਤਰਜ਼ੀਹ।

ਦਸੰਬਰ ਦਾ ਜਨਵਰੀ ਵਿਚ ਤਬਦੀਲ ਹੋਣ ਲਈ ਸਿਰਫ ਇਕ ਪਲ ਦਾ ਵਕਫਾ। ਅੱਜ ਦਾ ਹੋ ਜਾਣਾ ਕੱਲ ਜਦ ਕਿ ਜਨਵਰੀ ਨੂੰ ਦਸੰਬਰ ਤੀਕ ਪਹੁੰਚਣ ਲਈ ਲੱਗ ਜਾਂਦੇ ਨੇ ਗਿਆਰਾਂ ਮਹੀਨੇ।

ਦਸੰਬਰ ਤੋਂ ਜਨਵਰੀ ਤੀਕ ਦਾ ਸਫਰ ਮਿਲਣ-ਮੇਲਾ, ਇਕ ਦੂਜੇ ਨੂੰ ਗਲੇ ਲਾਉਣ ਦੀ ਅਦਾ, ਆਪਸੀ ਗਲਵਕੜੀ ਵਿਚੋਂ ਆਉਂਦੀ ਮਹਿਕ ਨੂੰ ਸਾਹਾਂ ‘ਚ ਵਸਾਉਣਾ ਅਤੇ ਇਕ ਦੂਜੇ ਤੋਂ ਜਿੰਦ ਨੂੰ ਘੋਲ ਘੁਮਾਉਣਾ ਜਦ ਕਿ ਜਨਵਰੀ ਤੋਂ ਦਸੰਬਰ ਦਾ ਫਾਸਲਾ, ਵਿਛੜਨ ਦੀ ਰੁੱਤ ਦੀ ਆਮਦ। ਵਿਛੋੜੇ ਦੀ ਇਸ ਲੰਮੀ ਉਡੀਕ ਵਿਚ ਬਹੁਤ ਕੁਝ ਬਦਲ ਜਾਂਦਾ। ਰੁੱਤਾਂ, ਮੌਸਮ, ਮਹੀਨੇ, ਦਿਨ ਤੇ ਤਕਦੀਰਾਂ ਅਤੇ ਇਨ੍ਹਾਂ ਦੇ ਬਦਲਣ ਨਾਲ ਮਨੁੱਖੀ ਸੋਚ ਵਿਚ ਆਇਆ ਬਦਲਾਓ, ਮਨੁੱਖ ਨੂੰ ਵੀ ਬਦਲ ਦਿੰਦਾ। ਬਦਲਾਓ ਜਦ ਉਸਾਰੂ ਹੁੰਦਾ ਤਾਂ ਵਿਛੋੜੇ ਵਿਚੋਂ ਵੀ ਵਿਸਮਾਦ ਪੈਦਾ ਹੁੰਦਾ ਪਰ ਜਦ ਇਹ ਬਦਲਾਓ ਸਵੈ-ਮਾਰੂ ਹੁੰਦਾ ਤਾਂ ਵਿਛੋੜੇ ਵਿਚੋਂ ਵੀ ਵਖਤ ਦੀ ਵਹਿੰਗੀ ਢੋਣ ਲਈ ਮਜ਼ਬੂਰ ਹੋਣਾ ਪੈਂਦਾ।

ਦਸੰਬਰ ਵਿਚ ਅੰਤਰੀਵ ‘ਚ ਝਾਤੀ ਮਾਰ ਕੇ ਖੁਦ ਵਿਚੋਂ ਖੁਦ ਨੂੰ ਪਛਾਣੀਏ। ਖੁਦ ਦੀ ਫੋਲਾ-ਫਾਲੀ ‘ਚੋਂ ਚੰਗਿਆਈਆਂ ਨੂੰ ਤਰਾਸ਼ ਤੇ ਬੁਰਿਆਈ ਨੂੰ ਨਕਾਰ, ਜਨਵਰੀ ਦੀ ਸਰਦਲ ‘ਤੇ ਪੈਰ ਧਰਾਂਗੇ ਤਾਂ ਨਵਾਂ ਸਾਲ, ਜਨਵਰੀ ਦੇ ਦਰਾਂ ‘ਚ ਪਾਣੀ ਡੋਲੇਗਾ ਅਤੇ ਤੇਲ ਚੋਅ ਕੇ ਸ਼ਗਨ ਵੀ ਮਨਾਵੇਗਾ ਕਿਉਂਕਿ ਚੰਗਿਆਈ ਨੇ ਜਨਵਰੀ ਅਤੇ ਆਉਣ ਵਾਲੇ ਵਕਤਾਂ ਨੂੰ ਨਵੇਂ ਨਕਸ਼ ਬਖਸ਼ਣੇ ਹੁੰਦੇ।

ਦਸੰਬਰ ਘੱਟ ਰਹੇ ਦਿਨਾਂ ਦਾ ਬਿੰਬ, ਰਾਤ ਦੇ ਲੰਮੇਰੇ ਹੋਣ ਦੀ ਨਿਸ਼ਾਨੀ, ਚਾਨਣ ਤੋਂ ਦੂਰ ਜਾਂਦੀਆਂ ਪੈੜਾਂ ਅਤੇ ਹਨੇਰਿਆਂ ਵੰਨੀਂ ਤੁਰਨ ਦੀ ਕਾਹਲ ਜਦ ਕਿ ਜਨਵਰੀ, ਦਿਨਾਂ ਦਾ ਵਧਣਾ, ਰੌਸ਼ਨ ਰਾਹਾਂ ਨੂੰ ਤੁਹਾਡੇ ਨਵੇਂ ਕਰਦਾ, ਰਾਤ ਦਾ ਅੰਧੇਰਾ ਆਪਣੀ ਸਫ ਸਮੇਟਣ ਦੇ ਆਹਰ ‘ਚ, ਦਿਨ ਦਾ ਵਾਧਾ ਸਮੇਂ ਦਾ ਧੰਨਭਾਗ।

ਦਸੰਬਰ ਵਿਚ ਠੰਢ ਦਾ ਕਹਿਰ। ਧੁੰਦਾਂ-ਗੁਬਾਰਾਂ ਦੀ ਤ੍ਰਾਸਦੀ ਰਾਹਾਂ ਤੇ ਰਸਤਿਆਂ ‘ਤੇ ਫੈਲਦੀ। ਕੁੰਗੜੇ ਜਿਸਮਾਂ ‘ਚ ਸੁੰਗੜ ਜਾਂਦੇ ਚਾਅ। ਜਨਵਰੀ ਨਾਲ ਆਉਂਦੀ ਲੋਹੜੀ ਦੀ ਰੁੱਤ, ਨਿੱਘ ਤੇ ਰੌਸ਼ਨੀ ਲੈ ਕੇ ਭਾਵਨਾਵਾਂ ਨੂੰ ਗਰਮਾਉਂਦੀ ਅਤੇ ਚਾਵਾਂ ਦੀ ਝੋਲੀ ਵਿਚ ਨਿੱਘੇ ਪਲਾਂ ਦੀਆਂ ਰਿਓੜੀਆਂ ਪਾਉਂਦੀ। ਸੂਹੇ ਚਿਹਰਿਆਂ ਦਾ ਜਲਾਲ ਹੈ, ਜਨਵਰੀ ਦਾ ਕਮਾਲ। ਇਸ ਕਮਾਲ ਕਾਰਨ ਹੀ ਲੋਹੜੀ ਦੇ ਦੁਆਲੇ ਪੈਂਦੀ ਧਮਾਲ। ਖੁਸ਼ੀਆਂ ਤੇ ਖੇੜਿਆਂ ਦੀ ਸੱਤਰੰਗੀ ਆਭਾ ਵਿਚ ਨਿੱਖਰਦਾ ਏ ਵਿਹੜਾ। ਨਵੇਂ ਵਿਆਹ ਜਾਂ ਨਵ-ਜਨਮੇ ਬੱਚੇ ਦੀਆਂ ਖੁਸ਼ੀਆਂ ਨੂੰ ਸੰਗੀਤੀ ਰੂਪ ਵਿਚ ਮਨਾਉਣ ਲਈ ਹਰੇਕ ਨੂੰ ਹੁੰਦੀ ਜਨਵਰੀ ਦੀ ਉਡੀਕ ਅਤੇ ਦਸੰਬਰ ਦੇ ਛੇਤੀ ਤੋਂ ਛੇਤੀ ਬੀਤ ਜਾਣ ਦੀ ਦੁਆ।

ਦਸੰਬਰ ਅਤੇ ਜਨਵਰੀ ਮਹੀਨਿਆਂ ਵਿਚ ਇਕੋ ਜਿਹੇ ਦਿਨ ਪਰ ਇਕ ਪੁਰਾਣੇ ਸਾਲ ਦਾ ਆਖਰੀ ਮਹੀਨਾ ਜਦ ਕਿ ਦੂਸਰਾ ਨਵੇਂ ਸਾਲ ਦਾ ਪਹਿਲਾ ਮਹੀਨਾ। ਦੋਹਾਂ ਵਿਚ ਕੜਾਕੇ ਦੀ ਸਰਦੀ। ਦਸੰਬਰ ਵਿਚ ਸਰਦੀ ਤੋਂ ਰਾਹਤ ਦੀ ਨਾ-ਉਮੀਦੀ ਜਦ ਕਿ ਜਨਵਰੀ ਵਿਚ ਠੰਢ ਤੋਂ ਮਿਲਣ ਵਾਲੀ ਰਾਹਤ ਦੀ ਆਸ, ਜੋ ਮਨ ਨੂੰ ਭਰ ਦਿੰਦੀ ਕੋਸੇ ਅਹਿਸਾਸਾਂ ਨਾਲ।

ਦਸੰਬਰ, ਸਿੱਖਾਂ ਲਈ ਸੋਗ ਦਾ ਮਹੀਨਾ। ਅਨੰਦਪੁਰ ਸਾਹਿਬ ਦਾ ਕਿਲਾ ਛੱਡਣ ਤੋਂ ਸ਼ੁਰੂ ਹੋ ਕੇ ਸਰਸਾ ਨਦੀ ‘ਤੇ ਪਰਿਵਾਰ ਦਾ ਵਿਛੜਨਾ। ਸਰਹਿੰਦ ਵਿਚ ਛੋਟੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣ ਕੇ ਸ਼ਹੀਦ ਕਰਨਾ ਅਤੇ ਮਾਤਾ ਗੁਜਰੀ ਜੀ ਦੀ ਦਾ ਅਕਾਲ ਚਲਾਣਾ। ਵੱਡੇ ਸਾਹਿਬਜ਼ਾਦਿਆਂ ਦਾ ਚਮਕੌਰ ਦੀ ਜੰਗ ਵਿਚ ਸੈਂਕੜੇ ਸਿੱਖਾਂ ਸਮੇਤ ਸ਼ਹੀਦ ਹੋਣਾ। ਗੁਰੂ ਗੋਬਿੰਦ ਸਿੰਘ ਜੀ ਵਲੋਂ ਸ਼ਹਾਦਤਾਂ ਦੇ ਨਵੇਂ ਕੀਰਤੀਮਾਨ ਸਥਾਪਤ ਕਰਨ ਪਿਛੋਂ ਵੀ ਪ੍ਰਭੂ ਦੇ ਭਾਣੇ ਵਿਚ ਰਹਿੰਦਿਆਂ ਕਹਿਣਾ,

ਮਿਤ੍ਰ ਪਿਆਰੇ ਨੂੰ
ਹਾਲ ਮੁਰੀਦਾਂ ਦਾ ਕਹਿਣਾ॥
ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ
ਨਾਗ ਨਿਵਾਸਾਂ ਦੇ ਰਹਿਣਾ॥
ਸੂਲ ਸੁਰਾਹੀ ਖੰਜਰੁ ਪਿਆਲਾ
ਬਿੰਗ ਕਸਾਈਆਂ ਦਾ ਸਹਿਣਾ॥
ਯਾਰੜੇ ਦਾ ਸਾਨੂੰ ਸੱਥਰੁ ਚੰਗਾ
ਭੱਠ ਖੇੜਿਆਂ ਦਾ ਰਹਿਣਾ॥

ਇਹ ਸੰਤ ਸਿਪਾਹੀ ਦੀ ਉਚਤਮ ਮਾਨਸਿਕ ਅਵਸਥਾ ਦਾ ਚਿੱਤਰਨ ਏ, ਜਿਸ ਨੂੰ ਸਮਝਣ ਤੋਂ ਆਕੀ ਹੋਏ, ਅਸੀਂ ਗੁਮਨਾਮੀ ਹੰਢਾ ਰਹੇ ਹਾਂ। ਸਿੱਖ ਇਤਿਹਾਸ ਵਿਚ ਦਸੰਬਰ ਅਤੇ ਸ਼ਹਾਦਤ ਦਾ ਗੂੜ੍ਹਾ ਸਬੰਧ। ਇਹ ਵੇਦਨਾ ਹਰ ਸਿੱਖ ਹਿਰਦੇ ਵਿਚ ਅੱਥਰੂਆਂ ਦੀ ਬਰਸਾਤ ਕਰਦੀ, ਪਰ ਦੁਖ ਹੁੰਦਾ ਜਦ ਸੋਗ-ਸਮਾਗਮਾਂ ਵੀ ਰਾਜਸੀ ਜਸ਼ਨ ਬਣ ਜਾਂਦੇ। ਜਨਵਰੀ, ਗੁਰੂ ਗੋਬਿੰਦ ਸਿੰਘ ਜੀ ਦੇ ਜਨਮ-ਜਸ਼ਨਾਂ ਨੂੰ ਮੁਖਾਤਬ। ਬੜਾ ਲੰਮਾ ਪੈਂਡਾ ਕਰਨਾ ਪਿਆ ਸੀ ਗੁਰੂ ਜੀ ਨੂੰ ਜਨਮ ਤੋਂ ਲੈ ਕੇ ਸ਼ਹਾਦਤਾਂ ਦੀ ਵਿਰਾਸਤ ਤੀਕ ਦਾ। ਜਨਮ ਤੋਂ ਸ਼ਹਾਦਤ ਤੀਕ ਦਾ ਸਫਰ ਹੈ, ਜਨਵਰੀ ਤੋਂ ਦਸੰਬਰ ਤੀਕ ਦਾ, ਜਿਸ ਵਿਚ ਸਿੱਖਾਂ ਨੂੰ ਰੱਤ ਲਿਬੜੇ ਵਰਕਿਆਂ ਰਾਹੀਂ ਇਤਿਹਾਸ ਸਿਰਜਣ ਲਈ ਖੂਨ ਦੀਆਂ ਨਦੀਆਂ ਵਹਾਉਣੀਆਂ ਪਈਆਂ ਅਤੇ ਜ਼ੁਲਮ ਦੀਆਂ ਸੂਕਦੀਆਂ ਨਦੀਆਂ ਨੂੰ ਵੀ ਚੀਰਿਆ।

ਦਸੰਬਰ ਵਿਚ ਈਸਾਈ ਧਰਮ ਦੇ ਪੈਰੋਕਾਰ ਜੀਸਸ ਕਰਾਈਸਟ ਦੇ ਜਨਮ ਦਿਨ ਨੂੰ ਕ੍ਰਿਸਮਸ ਡੇ ਵਜੋਂ ਦੁਨੀਆਂ ਭਰ ਵਿਚ ਮਨਾਉਂਦੇ। ਦੁਨੀਆਂ ਦਾ ਸਭ ਤੋਂ ਵੱਡਾ ਧਰਮ ਹੈ, ਈਸਾਈ ਮੱਤ ਜੋ ਅੱਜ ਕੱਲ ਬਾਕੀ ਧਰਮਾਂ ਵਾਂਗ ਹੀ ਵੱਖ-ਵੱਖ ਫਿਰਕਿਆਂ ਵਿਚ ਵੰਡਿਆ ਹੋਇਆ ਹੈ। ਈਸਾਈਆਂ ਲਈ ਇਸ ਦਿਨ ਦੀ ਉਡੀਕ ਵਿਚ ਸਾਲ ਬੜਾ ਲੰਬਾ ਹੋ ਜਾਂਦਾ। ਦਸੰਬਰ ਚੜ੍ਹਦੇ ਸਾਰ ਹੀ ਉਨ੍ਹਾਂ ਦੇ ਘਰਾਂ ਤੇ ਅਦਾਰਿਆਂ ਵਿਚ ਮੇਲੇ ਵਰਗੀਆਂ ਰੌਣਕਾਂ ਅਤੇ ਮਹਿਫਿਲਾਂ ਦਾ ਰੰਗ ਤਾਰੀ ਹੁੰਦਾ।

ਦਸੰਬਰ ਸਾਲ ਭਰ ਮਿਲੀਆਂ ਅਮਾਨਤਾਂ ਲਈ ਸ਼ੁਕਰਗੁਜ਼ਾਰੀ ਦਾ ਸਮਾਂ ਜਦ ਕਿ ਜਨਵਰੀ ਨਵੀਆਂ ਉਪਲਬਧੀਆਂ ਅਤੇ ਸਿਰਲੇਖਾਂ ਦੀ ਆਸ-ਅਰਦਾਸ।

ਦਸੰਬਰ ਬੀਤੇ ਦੀਆਂ ਗਲਤੀਆਂ ਵਿਚੋਂ ਸਿੱਖਣਾ, ਇਨ੍ਹਾਂ ਨੂੰ ਨਕਾਰਨਾ, ਸੁਧਾਰਨਾ ਅਤੇ ਪਿੰਡੇ ਹੰਢਾਈ ਜਿਲਤ-ਜਹਾਲਤ ਵਿਚੋਂ ਖੁਦ ਨੂੰ ਪਾਕ ਕਰਨਾ, ਜਦ ਕਿ ਜਨਵਰੀ ਗਲਤੀਆਂ ਨੂੰ ਗੁਣ ਵਿਚ ਤਬਦੀਲ ਕਰ, ਗੁਣਾਤਮਕ ਕੀਰਤੀਮਾਨਾਂ ਦਾ ਹਾਣੀ ਬਣਨਾ।

ਦਸੰਬਰ, ਦਕੀਆਨੂਸੀ ਸੋਚਾਂ, ਵਹਿਮਾਂ-ਭਰਮਾਂ ਅਤੇ ਸੋਗੀ ਸੁਪਨਿਆਂ ਨੂੰ ਦਫਨਾਉਣ-ਵੇਲਾ ਜਦ ਕਿ ਜਨਵਰੀ ਨਵੇਂ ਸੁਪਨਿਆਂ ਦੀ ਤਾਮੀਰਦਾਰੀ ਲਈ ਨਵੀਂ ਸੋਚ ਦਾ ਆਗਮਨ। ਸੁਪਨ-ਰੰਗਤਾ ਅਤੇ ਸੁਪਨ-ਪਰਵਾਜ਼ ਦਾ ਪੈਗਾਮ ਲੈ ਕੇ ਜਨਵਰੀ ਦੇ ਪਹਿਲੇ ਪਲ ਦੀ ਤੁਹਾਡੇ ਮਸਤਕ ‘ਤੇ ਦਸਤਕ।

ਦਸੰਵਰੀ ਸਮੇਂ ਦੀ ਨਿਰੰਤਰਤਾ ਦਾ ਪ੍ਰਮਾਣ ਅਤੇ ਵਕਤ ਦੀ ਪਛਾਣ। ਇਸ ਦੀ ਨਿਰੰਤਰਤਾ ਦੀ ਬਰਕਰਾਰੀ ਹੀ ਮਨੁੱਖ ਦਾ ਵਕਤ ਸਿਰ ਕੀਤਾ ਹੋਇਆ ਅਹਿਸਾਨ, ਜਿਸ ਦੀ ਵੱਖਰੀ ਏ ਸ਼ਾਨ।

ਦਸੰਬਰ, ਡੁੱਬ ਰਹੇ ਸੂਰਜ ਦੀ ਗਹਿਰ ਜਦ ਕਿ ਜਨਵਰੀ ਚੜ੍ਹਦੇ ਸੂਰਜ ਦੀ ਲਾਲੀ। ਦਸੰਬਰ, ਉਤਰ ਰਹੀ ਰਾਤ ਦੀ ਕਾਹਲ ਜਦ ਕਿ ਜਨਵਰੀ, ਬਨੇਰਿਆਂ ਤੋਂ ਉਤਰ ਰਹੀ ਸਵੇਰ ਦੀ ਮਟਕਵੀਂ ਤੋਰ। ਦਸੰਬਰ, ਅਲਸਾਏ ਪਲਾਂ ਦਾ ਸ਼ੋਰ ਜਦ ਕਿ ਜਨਵਰੀ, ਜਾਗਦੇ ਤੇ ਧੜਕਦੇ ਪਲਾਂ ਦੀ ਲੋਰ। ਦਸੰਬਰ, ਥੱਕੇ ਹੋਏ ਕਦਮਾਂ ਲਈ ਅਰਾਮ ਜਦ ਕਿ ਜਨਵਰੀ, ਨਵੇਲੇ ਕਦਮਾਂ ਦਾ ਨਵੀਆਂ ਪੈੜਾਂ ਉਕਰਨ ਦਾ ਐਲਾਨ। ਦਸੰਬਰ, ਨਿੰਦਰਾਏ ਦੀਦਿਆਂ ਦੇ ਕੋਏ ਜਦ ਕਿ ਜਨਵਰੀ, ਅੱਖਾਂ ਵਿਚ ਜੱਗ ਰਹੇ ਸੂਰਜੀ-ਦੀਵੇ। ਦਸੰਬਰ, ਡਾਇਰੀ ਦੇ ਆਖਰੀ ਪੰਨੇ ‘ਤੇ ਅਲਵਿਦਾ ਦੀ ਸੋਗੀ ਇਬਾਰਤ ਜਦ ਕਿ ਜਨਵਰੀ, ਨਵੀਂ ਡਾਇਰੀ ‘ਤੇ ਪਹਿਲੇ ਪੰਨੇ ‘ਤੇ ਕਵਿਤਾ ਦੀ ਇਬਾਦਤ। ਦਸੰਬਰ, ਸਾਲ ਦੇ ਪਿੰਡੇ ਤੋਂ ਪੁਰਾਣੇ ਲਿਬਾਸ ਨੂੰ ਉਤਾਰਨ ਦਾ ਅਹਿਸਾਸ ਜਦ ਕਿ ਜਨਵਰੀ, ਨਵੀਂ ਸੋਚ ਦੀ ਪਾਕੀਜ਼ਗੀ ਅਤੇ ਪ੍ਰਤੀਬੱਧਤਾ ਵਿਚ ਗੁੰਨੀ ਨਰੋਈ ਆਸ, ਜੋ ਏ ਜੀਵਨ ਦਾ ਯੁੱਗ-ਜਿਉਂਦਾ ਧਰਵਾਸ।

ਦਸੰਬਰ, ਮਾਣੀਆਂ ਸਾਂਝਾਂ ਤੇ ਦੋਸਤੀਆਂ ਦਾ ਧੰਨਵਾਦ। ਸ਼ੁਕਰਾਨੇ ਲਈ ਮਿੱਤਰਾਂ ਦੀ ਮਿਲਣ ਧਾਰਾ, ਜਦ ਕਿ ਜਨਵਰੀ ਪੁਰਾਣੀਆਂ ਸਾਂਝਾਂ ਦੇ ਨਾਲ-ਨਾਲ ਨਵੇਂ ਸਬੰਧਾਂ ਤੇ ਰਿਸ਼ਤਿਆਂ ਨੂੰ ਨਵੀਂ ਤਰਕੀਬ ਅਤੇ ਨਿਵੇਕਲੀ ਅਨੁਪਾਤ ਦੇ ਕੇ ਇਸ ਵਿਚੋਂ ਸੁਗੰਧਤ ਸਮਿਆਂ ਦੀ ਭਵਿੱਖਵਾਣੀ ਦਾ ਕਿਆਸਿਆ ਸੱਚ।

ਦਸੰਬਰ ਅੰਤ ਹੈ ਸਾਲ ਦਾ, ਜਦ ਕਿ ਜਨਵਰੀ ਆਦਿ ਹੈ ਸਾਲ ਦਾ। ਦਸੰਬਰ ਤੇ ਜਨਵਰੀ ਵੱਖ-ਵੱਖ ਹੋ ਕੇ ਵੀ ਇਕ ਦੂਜੇ ਤੋਂ ਦੂਰ ਨਹੀਂ ਰਹਿ ਸਕਦੇ। ਇਨ੍ਹਾਂ ਦੀ ਮਿਲਣ-ਰੁੱਤ ਬਾ-ਦਸਤੂਰ ਜਾਰੀ, ਪਰ ਅਸੀਂ ਇਕ ਵਾਰ ਟੁੱਟਣ ਤੋਂ ਬਾਅਦ ਮਿਲਣ ਲਈ ਉਚੇਚ ਕਰਨਾ ਹੀ ਭੁੱਲ ਜਾਂਦੇ। ਚਿਰਾਂ ਦੇ ਵਿਛੜੇ ਮਿੱਤਰਾਂ ਨੂੰ ਮਿਲਣ ਦੀ ਤਮੰਨਾ ਮਨ ਵਿਚ ਪਾਲਣਾ, ਤੁਹਾਡਾ ਸੱਜਣਾਂ ਅਤੇ ਜ਼ਿੰਦਗੀ ਪ੍ਰਤੀ ਨਜ਼ਰੀਆ ਹੀ ਬਦਲ ਜਾਵੇਗਾ।

ਦਸੰਬਰ ਤੇ ਜਨਵਰੀ ਨੂੰ ਵੱਖਰਾ ਨਾ ਸਮਝੋ ਸਗੋਂ ਇਸ ਨੂੰ ਦਸੰਵਰੀ ਦੇ ਰੂਪ ‘ਚ ਸੋਚ-ਸਮਾਧੀ ਵਿਚ ਧਰੋਗੇ ਤਾਂ ਤੁਹਾਨੂੰ ਇਸ ਦੇ ਵਖਰੇਵੇਂ ਦੀ ਪੀੜਾ ਨਹੀਂ ਹੋਵੇਗੀ ਸਗੋਂ ਇਨ੍ਹਾਂ ਦੇ ਮਿਲਣ ਦਾ ਅਨੂਠਾ ਅਹਿਸਾਸ ਹੋਵੇਗਾ। ਵਿਛੜਨ ਰੁੱਤ ਨਾਲੋਂ ਮਿਲਣ ਰੁੱਤ ਨੂੰ ਕਿਆਸੋ, ਜੀਵਨ-ਨਾਦ ਤੁਹਾਡੀ ਜੀਵਨ-ਬੀਹੀ ਵਿਚ ਅਨਾਦੀ ਸੁਰ ਛੇੜਦਾ ਰਹੇਗਾ।

ਦਸੰਵਰੀ ਸਾਡੇ ਚੇਤਿਆਂ ਵਿਚ ਇਹ ਵੀ ਧਰਦੀ ਕਿ ਸਮੇਂ ਦੀ ਚਾਲ ਨਿਰੰਤਰ ਏ ਅਤੇ ਕਿਸੇ ਵੀ ਥਿਰ ਨਹੀਂ ਰਹਿਣਾ। ਦਸੰਬਰ ਤੋਂ ਬਾਅਦ ਜਨਵਰੀ ਅਤੇ ਫਿਰ ਦਸੰਬਰ ਨੇ ਪਰਤਣਾ ਏ। ਇਸ ਲਈ ਮਿਲਣਾ ਤੇ ਵਿਛੜਨਾ, ਸੂਰਜ ਦਾ ਡੁੱਬਣਾ ਤੇ ਚੜ੍ਹਨਾ, ਰੁੱਤ ਦਾ ਆਉਣਾ ਤੇ ਜਾਣਾ, ਬਹਾਰਾਂ ਤੇ ਪਤਝੜਾਂ ਦੀ ਫੇਰੀ, ਸੌਣ-ਭਾਦੋਂ ਤੇ ਜੇਠ-ਹਾੜ ਦੇ ਮੌਸਮੀ ਵਰਤਾਰੇ, ਸਰਦੀ ਤੇ ਗਰਮੀ, ਖੁਸ਼ੀਆਂ ਤੇ ਖੇੜੇ, ਦੁੱਖ ਤੇ ਸੁੱਖ, ਆਸ਼ਾ ਤੇ ਨਿਰਾਸ਼ਾ, ਹਾਸੀ ਤੇ ਉਦਾਸੀ, ਸਾਕਾਰਾਤਮਕਤਾ ਅਤੇ ਨਾਕਾਰਾਤਮਕਤਾ, ਹਾਸਲਾਂ ਦੀ ਆਮਦ ਜਾਂ ਅਸਫਲਤਾਵਾਂ ਦਾ ਆਵਾਗੌਣ, ਪ੍ਰਾਪਤੀਆਂ ਦਾ ਅਹਿਸਾਸ ਜਾਂ ਕੁਝ ਖੁੱਸਣ ਦਾ ਦਰਦ ਆਦਿ ਵਰਤਾਰਿਆਂ ਨੇ ਸਦੀਵ ਰਹਿਣਾ। ਸਿਰਫ ਲੋੜ ਹੈ ਕਿ ਅਸੀਂ ਜੀਵਨੀ ਰੰਗ-ਬਰੰਗਤਾ ਵਿਚੋਂ ਜੀਵਨ ਤੋਰ ਨੂੰ ਚਿਤਾਰੀਏ ਅਤੇ ਇਸ ਦੀ ਬਰਕਰਾਰੀ ਲਈ ਸੰਤੁਲਿਤ ਸੋਚ ਨੂੰ ਜੀਵਨ-ਸ਼ੈਲੀ ਬਣਾਈਏ।

ਦਸੰਵਰੀ, ਦਿਲਾਂ ਨੂੰ ਜੋੜਨ ਲਈ ਦੁਆ। ਭਰਾਤਰੀ ਭਾਵ ਅਤੇ ਸਮਾਜਕ ਸਬੰਧਾਂ ਵਿਚ ਪਕਿਆਈ ਲਈ ਪ੍ਰਾਰਥਨਾ। ਸਭਨਾਂ ਲਈ ਆਸ ਤੇ ਵਿਸ਼ਵਾਸ ਲਈ ਅਰਦਾਸ। ਹਰ ਵਿਹੜੇ ਵਿਚ ਚਾਵਾਂ ਤੇ ਸੱਧਰਾਂ ਦੀ ਭਰਪੂਰਤਾ ਲਈ ਅਰਜ਼ੋਈ। ਬਿਨ-ਛੱਤਿਆਂ ਲਈ ਅੰਬਰੀ ਲੋਈ। ਡਿਗਦੇ ਲਈ ਡੰਗੋਰੀ ਜਿਹੀ ਸੋਚ। ਬੇਹੋਸ਼ਿਆਂ ਦੇ ਪੱਲੇ ਵਿਚ ਪਾਈ ਜਾਣ ਵਾਲੀ ਹੋਸ਼ ਦੀ ਕਾਮਨਾ।

ਦਸੰਵਰੀ ਨੂੰ ਮੁਖਾਤਬ ਹੋਣ ਲੱਗਿਆ ਤਾਂ ਬੀਤਿਆ ਸਾਲ ਮੇਰੇ ਸਾਹਵੇਂ ਬਹੁਤ ਸਾਰੇ ਪ੍ਰਸ਼ਨ ਲੈ, ਮੈਨੂੰ ਪ੍ਰਸ਼ਨ ਹੀ ਬਣਾ ਗਿਆ:

ਉਦਾਸ ਜਿਹਾ ਹੋਇਆ ਬੀਤਿਆ ਵਰ੍ਹਾ
ਮੈਨੂੰ ਮੁਖਾਤਬ ਹੋ ਪੁੱਛਣ ਲੱਗਾ
ਜਰਾ ਕੁ ਦੱਸੀਂ,
ਮਨੁੱਖ ਨੇ ਅਜੇ ਹੋਰ ਕਿੰਨੇ ਕੁ
ਸਾਹਾਂ ਨੂੰ ਦਫਨਾਉਣਾ ਏ
ਕਿੰਨੀ ਕੁ ਜ਼ਹਿਰ ਨੂੰ
ਧਰਤੀ ‘ਚ ਮਿਲਾਉਣਾ ਏ
ਪਲੀਤ ਪਾਣੀਆਂ ਦਾ ਕਿੰਨਾ ਕੁ
ਹੋਰ ਹੱਠ ਪਰਖਣਾ ਏ
ਅਤੇ ਹੌਕਾ ਹੌਕਾ ਹੋਈ ਪੌਣ ‘ਚ
ਕਿੰਨੀਆਂ ਹੋਰ ਹਿੱਚਕੀਆਂ ਬੀਜਣੀਆਂ ਨੇ?

ਜਰਾ ਕੁ ਇਹ ਵੀ ਦੱਸੀਂ ਕਿ
ਆਦਮ-ਜਾਤ ਨੇ ਕਿੰਨੀਆਂ ਕੁ ਦੇ
ਸੁਪਨਿਆਂ ਦਾ ਚੀਰ ਹਰਨ ਕਰਨਾ ਏ,
ਕਿੰਨਿਆਂ ਦੇ ਜੀਵਨ-ਮਾਰਗ ਦੇ ਨਾਂ
ਕੰਡਿਆਂ ਦਾ ਕਫਨ ਕਰਨਾ ਏ
ਕਿੰਨਿਆਂ ਨੂੰ ਸੁਰਖ-ਰੁੱਤੇ
ਕਬਰਾਂ ਦੇ ਹਵਾਲੇ ਕਰਨਾ ਏ
ਤੇ ਕਿੰਨੀਆਂ ਡੰਗੋਰੀਆਂ ਦੀ
ਅੱਖ ਵਿਚ ਅੱਥਰੂ ਧਰਨਾ ਏ?

ਬੜੀ ਮਿਹਰਬਾਨੀ ਹੋਵੇਗੀ
ਜੇ ਇਹ ਵੀ ਦੱਸ ਦੇਵੇਂ ਕਿ
ਕਿੰਨੇ ਅੰਬਰਾਂ ਨੂੰ ਗੰਧਲਾ ਕਰਨਾ ਏ
ਕਿੰਨੇ ਸੂਰਜਾਂ ਦੀ ਕੁੱਖ ‘ਚ ਗਮ ਧਰਨਾ ਏ
ਕਿੰਨੇ ਤਾਰਿਆਂ ਦੀ ਅਉਧ ਨਾਲ
ਖਿਲਵਾੜ ਕਰਨਾ ਏ
ਅਤੇ ਕਿੰਨਿਆਂ ਨੂੰ
ਟੁੱਟਦੇ ਤਾਰਿਆਂ ਜਿਹੀ ਮੌਤੇ ਮਾਰਨਾ ਏ?

ਦੱਸੀਂ ਤਾਂ ਸਹੀ ਕਿ
ਕਿੰਨਿਆਂ ਨੇ ਘਰੇ ਕੰਜਕਾਂ ਖੁਆਈਆਂ
ਕਿੰਨਿਆਂ ਨੇ ਕੁੱਖ ਵਿਚਲੀਆਂ
ਕੰਜਕਾਂ ਮਾਰ ਮੁਕਾਈਆਂ
ਕਿੰਨੀਆਂ ਨੂੰਹਾਂ ਅਗਨ ਭੇਟ ਹੋਈਆਂ
ਤੇ ਕਿੰਨੀਆਂ ਪਤੀਆਂ ਹੱਥੋਂ ਜਿਬਾਹ ਹੋਈਆਂ?

ਇਹ ਜਰੂਰ ਦੱਸੀਂ ਕਿ
ਕਿਹੜੇ ਰਿਸ਼ਤਿਆਂ ਵਿਚ ਤਰੇੜਾਂ ਉਗੀਆਂ
ਕਿਹੜੇ ਸਬੰਧਾਂ ਦਾ ਅਨਰਥ ਹੋਇਆ
ਕਿਹੜੇ ਸੰਗੀਆਂ ਨੇ ਆਂਦਰਾਂ ਨੂੰ ਕੋਹਿਆ
ਅਤੇ ਕਿਹੜਾ ਰਿਸ਼ਤਾ
ਹੋਂਦ ਤੋਂ ਹੀ ਮੁਨਕਰ ਹੋਇਆ?

ਹਰ ਵਾਰ
ਨਵਾਂ ਸਾਲ ਮੁਬਾਰਕ ਆਖਣ ਵਾਲਿਆ
ਮੇਰੀ ਹਿੱਕ ‘ਤੇ ਲੱਗੇ
ਜਖਮਾਂ ਦੀ ਤਵਾਰੀਖ ਪੜ੍ਹ।

ਵਾਸਤਾ ਈ!
ਇਸ ਵਾਰ ਕਿਸੇ ਨੂੰ ਪਹਿਲੇ ਸਾਲਾਂ ਵਰਗਾ
‘ਨਵਾਂ ਸਾਲ ਮੁਬਾਰਕ’ ਨਾ ਕਹੀਂ
ਨਾ ਕਹੀਂ
ਕਿਸੇ ਨੂੰ ਨਵਾਂ ਸਾਲ ਮੁਬਾਰਕ।

ਦਸੰਵਰੀ ਦੀ ਦਰਿਆ-ਦਿਲੀ ਨੂੰ ਦਿਲ ਦੇ ਨਾਮ ਕਰਨਾ, ਆਦਮੀਅਤ ਤੇ ਬੰਦਿਆਈ ਨੂੰ ਅਪਨਾਉਣ ਵਿਚ ਤੁਸੀਂ ਪਹਿਲ ਜਰੂਰ ਕਰੋਗੇ।

ਅਜਿਹੀ ਆਸ ਕਰਨਾ, ਕਲਮ ਦਾ ਹੱਕ ਤਾਂ ਹੈ।

***ਸਿੱਖ ਇਤਿਹਾਸ ਵਿਚ ਦਸੰਬਰ ਅਤੇ ਸ਼ਹਾਦਤ ਦਾ ਗੂੜ੍ਹਾ ਸਬੰਧ। ਇਹ ਵੇਦਨਾ ਹਰ ਸਿੱਖ ਹਿਰਦੇ ਵਿਚ ਅੱਥਰੂਆਂ ਦੀ ਬਰਸਾਤ ਕਰਦੀ, ਪਰ ਦੁਖ ਹੁੰਦਾ ਜਦ ਸੋਗ-ਸਮਾਗਮਾਂ ਵੀ ਰਾਜਸੀ ਜਸ਼ਨ ਬਣ ਜਾਂਦੇ। ਜਨਵਰੀ, ਗੁਰੂ ਗੋਬਿੰਦ ਸਿੰਘ ਜੀ ਦੇ ਜਨਮ-ਜਸ਼ਨਾਂ ਨੂੰ ਮੁਖਾਤਬ। ਬੜਾ ਲੰਮਾ ਪੈਂਡਾ ਕਰਨਾ ਪਿਆ ਸੀ ਗੁਰੂ ਜੀ ਨੂੰ ਜਨਮ ਤੋਂ ਲੈ ਕੇ ਸ਼ਹਾਦਤਾਂ ਦੀ ਵਿਰਾਸਤ ਤੀਕ ਦਾ। ਜਨਮ ਤੋਂ ਸ਼ਹਾਦਤ ਤੀਕ ਦਾ ਸਫਰ ਹੈ, ਜਨਵਰੀ ਤੋਂ ਦਸੰਬਰ ਤੀਕ ਦਾ, ਜਿਸ ਵਿਚ ਸਿੱਖਾਂ ਨੂੰ ਰੱਤ ਲਿਬੜੇ ਵਰਕਿਆਂ ਰਾਹੀਂ ਇਤਿਹਾਸ ਸਿਰਜਣ ਲਈ ਖੂਨ ਦੀਆਂ ਨਦੀਆਂ ਵਹਾਉਣੀਆਂ ਪਈਆਂ ਅਤੇ ਜ਼ੁਲਮ ਦੀਆਂ ਸੂਕਦੀਆਂ ਨਦੀਆਂ ਨੂੰ ਵੀ ਚੀਰਿਆ।***

# ਚਮਕੌਰ ਦੀ ਜੰਗ ਗੁਰੂ ਗੋਬਿੰਦ ਸਿੰਘ ਦੀ ਜ਼ੁਬਾਨੀ

**ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਵਲੋਂ ਫਾਰਸੀ ਵਿਚ ਲਿਖਿਆ ਖਤ 'ਜ਼ਫਰਨਾਮਾ' ਅਸਲ ਵਿਚ ਮੁਗਲ ਸਮਰਾਟ ਔਰੰਗਜ਼ੇਬ ਦੀ ਹਾਰ ਦਾ ਲਖਾਇਕ ਹੈ। ਡਾ. ਹਰਚੰਦ ਸਿੰਘ ਸਰਹਿੰਦੀ ਨੇ ਇਸ ਲੇਖ ਵਿਚ ਗੁਰੂ ਗੋਬਿੰਦ ਸਿੰਘ ਵਲੋਂ ਚਮਕੌਰ ਦੀ ਜੰਗ ਬਾਰੇ ਦਿੱਤੇ ਵੇਰਵੇ ਸ਼ਾਮਲ ਕੀਤੇ ਹਨ। ਇਨ੍ਹਾਂ ਤੋਂ ਗੁਰੂ ਸਾਹਿਬ ਦੇ ਦਿਲ ਵਿਚ ਚਮਕੌਰ ਦੀ ਜੰਗ ਅਤੇ ਸਾਹਿਬਜ਼ਾਦਿਆਂ ਬਾਰੇ ਉਠੀ ਹੂਕ ਦੀ ਸੂਹ ਮਿਲਦੀ ਹੈ। -ਸੰਪਾਦਕ**

'ਜ਼ਫਰਨਾਮਾ' ਗੁਰੂ ਗੋਬਿੰਦ ਸਿੰਘ ਵਲੋਂ ਮੁਗਲ ਸਮਰਾਟ ਔਰੰਗਜ਼ੇਬ ਨੂੰ ਫਾਰਸੀ ਸ਼ਿਅਰਾਂ ਵਿਚ ਲਿਖੀ ਹੋਈ ਚਿੱਠੀ ਹੈ। ਇਉਂ ਇਹ ਇਤਿਹਾਸਕ ਦਸਤਾਵੇਜ਼ ਹੈ। ਇਸ ਦਾ ਹਰ ਸ਼ਿਅਰ ਅਣਖ, ਸਵੈਮਾਣ ਤੇ ਪ੍ਰਭੂ ਭਰੋਸਾ ਜਗਾਉਂਦਾ ਹੈ। 'ਜ਼ਫਰਨਾਮਾ' ਉਹ ਮਹਾਨ ਵਿਜੈ-ਪੱਤਰ ਹੈ, ਜਿਸ ਨੂੰ ਪੜ੍ਹ ਕੇ ਔਰੰਗਜ਼ੇਬ ਨੇ ਅਸਿੱਧੇ ਤੌਰ 'ਤੇ ਆਪਣੀ ਹਾਰ ਮੰਨ ਲਈ ਸੀ। ਇਹ ਖਤ ਪੜ੍ਹ ਕੇ ਅਤਿਆਚਾਰ ਦੀ ਤਸਵੀਰ ਬਣ ਚੁੱਕੇ ਔਰੰਗਜ਼ੇਬ ਦੀਆਂ ਅੱਖਾਂ ਨਮ ਹੋ ਗਈਆਂ ਸਨ। ਜੋ ਕੰਮ ਤਲਵਾਰ ਨਾ ਕਰ ਸਕੀ, ਉਹ ਗੁਰੂ ਸਾਹਿਬ ਦੀ ਕਲਮ ਨੇ ਕਰ ਵਿਖਾਇਆ। ਇਹ ਚਿੱਠੀ ਫਾਰਸੀ ਸ਼ਾਇਰੀ ਦਾ ਉਤਮ ਨਮੂਨਾ ਪੇਸ਼ ਕਰਦੀ ਹੈ। ਇਹ ਚਿੱਠੀ ਔਰੰਗਜ਼ੇਬ ਨੂੰ ਸ਼ਰਮਸਾਰ ਹੀ ਨਹੀਂ ਕਰਦੀ, ਸਗੋਂ ਉਸ ਦੇ 'ਕੱਦ' ਨੂੰ ਵੀ ਬੌਣਾ ਬਣਾਉਂਦੀ ਹੈ। ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ 'ਟਕੇ ਦਾ ਮੁਰੀਦ' ਅਤੇ 'ਈਮਾਂ ਫਿਕਨ', ਭਾਵ ਬੇ-ਇਮਾਨ ਕਹਿਣ ਤੋਂ ਸੰਕੋਚ ਨਹੀਂ ਕੀਤਾ।

ਕੁਝ ਘਟਨਾਵਾਂ ਅਜਿਹੀਆਂ ਹੁੰਦੀਆਂ ਹਨ,

ਡਾ. ਹਰਚੰਦ ਸਿੰਘ ਸਰਹਿੰਦੀ

ਜਿਨ੍ਹਾਂ ਦਾ ਦੁਖਾਂਤ ਸਮੁੱਚੀ ਕੌਮ ਦਾ ਦੁਖਾਂਤ ਹੋ ਨਿਬੜਦਾ ਹੈ ਅਤੇ ਉਸ ਦੁਖਾਂਤ ਨਾਲ ਹੋਏ ਜ਼ਖਮ ਹਮੇਸ਼ਾ ਰਿਸਦੇ ਰਹਿੰਦੇ ਹਨ, ਹਰੇ ਰਹਿੰਦੇ ਹਨ। ਸਾਕਾ ਚਮਕੌਰ ਸਾਹਿਬ (ਗੁਰੂ ਗੋਬਿੰਦ ਸਿੰਘ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਦੀ ਅਦੁੱਤੀ ਸ਼ਹਾਦਤ ਦੀ ਘਟਨਾ) ਵੀ ਅਜਿਹਾ ਹੀ ਦੁਖਾਂਤ ਹੈ, ਜਿਸ ਨੂੰ ਉਸ ਸਮੇਂ ਸਮੁੱਚੀ ਕੌਮ ਨੇ ਹੰਢਾਇਆ। ਰੌਂਗਟੇ ਖੜ੍ਹੇ ਕਰ ਦੇਣ ਵਾਲੀ ਇਸ ਮੰਦਭਾਗੀ ਘਟਨਾ ਨੇ ਸਿੱਖ ਸਮਾਜ ਨੂੰ ਗਮਾਂ ਦੇ ਡੂੰਘੇ ਸਮੁੰਦਰ 'ਚ ਡੁਬੋ ਦਿੱਤਾ ਤੇ ਸਿੱਖ ਮਾਨਸਿਕਤਾ ਲਹੂ-ਲੁਹਾਣ ਹੋ ਗਈ।

ਬੇਸ਼ੱਕ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਗੁਰੂ ਸਾਹਿਬ ਅਡੋਲ ਰਹੇ ਪਰ ਇਹ ਘਟਨਾ ਉਨ੍ਹਾਂ ਦੇ ਦਿਲ 'ਤੇ ਡੂੰਘੀ ਉਕਰੀ ਗਈ। ਇਹੋ ਕਾਰਨ ਹੈ ਕਿ ਗੁਰੂ ਸਾਹਿਬ ਨੇ 'ਜ਼ਫਰਨਾਮਾ' ਵਿਚ ਪਹਿਲੀ ਵਾਰ ਜ਼ੁਲਮ, ਜਬਰ ਵਿਰੁਧ ਤਲਵਾਰ ਉਠਾਉਣ ਲਈ ਲਲਕਾਰ ਕੇ ਆਖਿਆ:

ਚੂੰ ਕਰਾ ਅਜ਼ ਹਮਾ ਹੀਲਤੇ ਦਰਗੁਜ਼ਸ਼ਤ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।

ਇਸ ਤਰ੍ਹਾਂ ਸ਼ਹਾਦਤ ਦੀ ਇਸ ਬੇਨਜ਼ੀਰ ਘਟਨਾ ਨੇ ਸਿੱਖ ਸੋਚ ਤੇ ਫਲਸਫੇ ਨੂੰ ਨਵੀਂ ਦਿਸ਼ਾ ਦਿੱਤੀ। ਗੁਰੂ ਸਾਹਿਬ ਨੇ ਆਪਣੇ ਇਸ ਵਿਜੈ-ਪੱਤਰ ਵਿਚ ਚਮਕੌਰ ਦੀ ਜੰਗ ਦਾ ਬੜੀ ਬਰੀਕੀ ਨਾਲ ਵਰਨਣ ਕੀਤਾ ਹੈ। ਗੁਰੂ ਸਾਹਿਬ ਵੱਲੋਂ ਪੇਸ਼ ਕੀਤੀ ਜੰਗ ਦੀ ਇਹ ਇਤਿਹਾਸਕ ਝਾਕੀ ਬੇਮਿਸਾਲ ਹੈ ਅਤੇ ਚਮਕੌਰ ਦੀ ਜੰਗ ਦੀ ਚਸ਼ਮਦੀਦ ਗਵਾਹੀ ਭਰਦੀ ਹੈ। ਚਮਕੌਰ ਦੀ ਜੰਗ ਬਰਾਬਰ ਦੀ ਚੋਟ ਨਹੀਂ ਸੀ। ਦੋਵੇਂ ਵਿਰੋਧੀ ਦਲਾਂ ਦੀ ਨਫਰੀ ਵਿਚ ਜ਼ਮੀਂ-ਅਸਮਾਨ ਦਾ ਫਰਕ ਸੀ। ਇਕ ਪਾਸੇ ਥੱਕੇ-ਟੁੱਟੇ ਤੇ ਭੁੱਖਣ-ਭਾਣੇ ਚਾਲੀ ਸਿੰਘ ਅਤੇ ਦੂਜੇ ਪਾਸੇ ਟਿੱਡੀ ਦਲ ਮੁਗਲ ਫੌਜ। ਇਸ ਅਤੁਲਵੇਂ ਯੁੱਧ ਦਾ ਜ਼ਿਕਰ ਕਰਦਿਆਂ ਗੁਰੂ ਗੋਬਿੰਦ ਸਿੰਘ ਨੇ 'ਜ਼ਫਰਨਾਮਾ' ਵਿਚ ਲਿਖਿਆ ਹੈ:

ਗੁਰਸਨਾ: ਚਿ ਕਾਰੇ ਕੁਨਦ ਚਿਹਲ ਨਰ।
ਕਿ ਦਹ ਲਕ ਬਰਾਯਦ ਬਰੂ ਬੇਖਬਰ।

ਭਾਵ ਭੁੱਖਣ-ਭਾਣੇ ਚਾਲੀ ਆਦਮੀ ਕੀ ਕਰ ਸਕਦੇ ਹਨ, ਜੇ ਉਨ੍ਹਾਂ ਉਤੇ ਅਚਨਚੇਤ ਦਸ ਲੱਖ (ਅਣਗਿਣਤ) ਫੌਜ ਟੁੱਟ ਪਵੇ। ਗੁਰੂ ਸਾਹਿਬ ਨੇ ਮੁਗਲ ਫੌਜ ਵੱਲੋਂ ਕੀਤੇ ਹੱਲੇ ਦਾ ਬੜੀ ਖੂਬਸੂਰਤੀ ਨਾਲ ਜ਼ਿਕਰ ਕੀਤਾ ਹੈ:

ਬਰੰਗਿ ਮਗਸ ਸ਼ਯਾਹ-ਪੋਸ਼ ਆਮਦੰਦ।
ਬ: ਯਕ-ਬਾਰਗੀ ਦਸ ਖਰੋਸ਼ ਆਮਦੰਦ।

ਭਾਵ ਤੇਰੀ ਕਾਲੀ ਖੋਸ਼ ਫੌਜ ਮੱਖੀਆਂ ਵਾਂਗ ਆ ਪਈ ਤੇ ਸ਼ੋਰ ਮਚਾਉਂਦੀ ਇਕਦਮ ਟੁੱਟ ਪਈ।

ਗੁਰੂ ਸਾਹਿਬ ਜੰਗ ਦੇ ਦ੍ਰਿਸ਼ਾਂ ਨੂੰ ਬਿਆਨ ਕਰਦਿਆਂ ਲਿਖਦੇ ਹਨ ਕਿ ਮੁਗਲ ਫੌਜ ਦੇ ਜਰਨੈਲ ਤੇ ਸਿਪਾਹੀ ਦੀਵਾਰ ਦੀ ਓਟ ਲਈ ਆਪਣੀ ਜਾਨ ਦੀ ਖੈਰ ਮੰਗਦੇ ਰਹੇ। ਫਿਰ ਉਸ ਦੀਵਾਰ ਤੋਂ ਕੋਈ ਵੀ ਬਾਹਰ ਨਾ ਆਇਆ। ਨਾ ਉਨ੍ਹਾਂ ਤੀਰ ਖਾਧੇ ਤੇ ਨਾ ਹੀ ਖੁਆਰ ਹੋਏ। ਜੋ ਕੋਈ ਵੀ ਦੀਵਾਰ ਦੀ ਓਟ ਤੋਂ ਜ਼ਰਾ ਬਾਹਰ ਆਇਆ, ਉਹ ਇਕੋ ਤੀਰ ਖਾ ਕੇ ਲਹੂ ਵਿਚ ਗਰਕ ਹੋ ਗਿਆ। ਗੁਰੂ ਸਾਹਿਬ, ਮੁਗਲ ਫੌਜ ਦੇ ਫੌਜਦਾਰ ਨਾਹਰ ਖਾਂ ਨੂੰ ਆਪਣੇ ਤੀਰ ਦਾ ਨਿਸ਼ਾਨਾ ਬਣਾਉਣ ਦੇ ਦ੍ਰਿਸ਼ ਨੂੰ ਇਉਂ ਚਿਤਰਦੇ ਹਨ:

ਚੁ ਦੀਦਮ ਕਿ ਨਾਹਰ ਬਿਯਾਮਦ ਬਜੰਗ।
ਚਸ਼ੀਦ: ਯਕੇ ਤੀਰਿ ਮਨ ਬੇਦਰੰਗ।

ਜਦ ਮੈਂ ਨਾਹਰ ਖਾਂ ਨੂੰ ਮੈਦਾਨ-ਏ-ਜੰਗ ਵਿਚ ਆਇਆ ਵੇਖਿਆ ਤਾਂ ਉਸ ਨੇ ਫੌਰਨ ਮੇਰੇ ਤੀਰ ਦਾ ਸੁਆਦ ਚੱਖਿਆ, ਭਾਵ ਉਹ ਤੀਰ ਖਾ ਕੇ ਥਾਂ ਹੀ ਢੇਰੀ ਹੋ ਗਿਆ।

ਆਪਣੇ-ਆਪ ਨੂੰ ਬਹਾਦਰ ਅਖਵਾਉਣ ਵਾਲੇ ਕੁਝ ਪਠਾਣਾਂ ਦੇ ਰਣਭੂਮੀ ਤੋਂ ਭੱਜ ਜਾਣ ਦਾ ਜ਼ਿਕਰ ਕਰਦਿਆਂ ਗੁਰੂ ਜੀ ਲਿਖਦੇ ਹਨ, ਅਖੀਰ ਉਹ ਪਠਾਣ ਜੋ ਬਾਹਰ ਖੜੋਤੇ ਸ਼ੇਖੀਆਂ ਮਾਰਦੇ ਸਨ, ਰਣਭੂਮੀ ਤੋਂ ਭੱਜ ਗਏ। ਗੁਰੂ ਸਾਹਿਬ ਨੇ ਜਿਥੇ ਬੁਜ਼ਦਿਲ ਪਠਾਣਾਂ ਦਾ ਜ਼ਿਕਰ ਕੀਤਾ ਹੈ, ਉਥੇ ਹੀ ਇਕ ਪਠਾਣ ਜਰਨੈਲ ਵਲੋਂ ਬਹਾਦਰੀ ਨਾਲ ਹਮਲੇ ਕਰਨ ਦਾ ਵੀ ਵਰਣਨ ਕੀਤਾ ਹੈ:

ਕਿ ਅਫਗਾਨਿ ਦੀਗਰ ਬਯਾਮਦ ਬਜੰਗ।
ਚੁ ਸੈਲਿ ਰਵਾਂ ਹਮਚੁ ਤੀਰੋ ਤੁਫੰਗ।

ਭਾਵ ਇਸ ਪਿਛੋਂ ਇਕ ਹੋਰ ਪਠਾਣ ਤੇਜ਼ ਹੜ੍ਹ ਵਾਂਗ ਤੇ ਤੀਰ ਤੁਫੰਗ (ਭਾਵ ਬੰਦੂਕ ਦੀ ਗੋਲੀ) ਵਾਂਗ ਲੜਨ ਲਈ ਅੱਗੇ ਆਇਆ (ਸ਼ਾਇਦ ਇਹ ਜ਼ਫਰ ਬੇਗ ਵੱਲ ਸੰਕੇਤ ਹੈ)।

ਗੁਰੂ ਸਾਹਿਬ ਇਸ ਪਠਾਣ ਦੀ ਬਹਾਦਰੀ ਬਾਰੇ ਲਿਖਦੇ ਹਨ ਕਿ ਉਸ ਨੇ ਬਹਾਦਰੀ ਨਾਲ ਬਹੁਤ ਸਾਰੇ ਹਮਲੇ ਕੀਤੇ, ਕੁਝ ਸੂਝ-ਬੂਝ ਨਾਲ, ਕੁਝ ਬੇਸਮਝੀ ਨਾਲ। ਉਸ ਨੇ ਕਈ ਹੱਲੇ ਕੀਤੇ ਅਤੇ ਖੁਦ ਵੀ ਬਹੁਤ ਸਾਰੇ ਫੱਟ ਖਾਧੇ। ਉਸ ਨੇ ਦੋ ਜਣਿਆਂ ਨੂੰ ਜਾਨੋਂ ਮਾਰ ਦਿੱਤਾ ਅਤੇ ਆਖਰ ਆਪ ਵੀ ਆਪਣੀ ਜਾਨ ਦੇ ਗਿਆ। ਇਕ ਹੋਰ ਪਠਾਣ ਫੌਜਦਾਰ, ਖੁਆਜਾ ਜ਼ਫਰ ਬੇਗ ਦਾ ਜ਼ਿਕਰ ਹੈ ਜੋ ਬਹਾਦਰਾਂ ਵਾਂਗ ਮੈਦਾਨ ਵਿਚ ਨਹੀਂ ਨਿੱਤਰਦਾ:

ਕਿ ਆਂ ਖ੍ਵਾਜਾ ਮਰਦੂਦ ਸਾਯ: ਏ ਦੀਵਾਰ।
ਨਯਾਮਦ ਬ-ਮੈਦਾਂ ਬ-ਮਰਦਾਨ: ਵਾਰ।

ਭਾਵ ਉਹ ਮਰਦੂਦ ਖੁਆਜਾ ਜ਼ਫਰ ਬੇਗ ਦੀਵਾਰ ਦੀ ਓਟ ਹੇਠ ਹੀ ਰਿਹਾ। ਬਹਾਦਰਾਂ ਵਾਂਗ ਮੈਦਾਨ ਵਿਚ ਨਹੀਂ ਆਇਆ। ਅਗਲੇ ਸ਼ਿਅਰ ਵਿਚ ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜੇ ਉਹ ਉਸ ਨੂੰ ਵੇਖ ਲੈਂਦੇ ਤਾ ਸਹਿਜੇ ਹੀ ਆਪਣੇ ਤੀਰ ਦਾ ਨਿਸ਼ਾਨਾ ਬਣਾ ਦਿੰਦੇ। ਗੁਰੂ ਜੀ ਨੇ ਇਸ ਗੱਲ ਉਤੇ ਅਫਸੋਸ ਪ੍ਰਗਟ ਕਰਦਿਆਂ ਲਿਖਿਆ ਹੈ:

ਦਰੇਗ਼ਾ! ਅਗਰ ਰੂਏ ਊ ਦੀਦਮੇ।
ਬ-ਯਕ ਤੀਰ ਲਾਚਾਰ ਬਖਸ਼ੀਦਮੇ।

ਗੁਰੂ ਸਾਹਿਬ ਨੇ 'ਜ਼ਫਰਨਾਮਾ' ਵਿਚ ਚਮਕੌਰ ਦੀ ਜੰਗ ਦੇ ਖੌਫਨਾਕ ਦ੍ਰਿਸ਼ਾਂ ਨੂੰ ਬੜੀ ਮੁਹਾਰਤ ਨਾਲ ਚਿਤਰਿਆ ਹੈ। ਉਨ੍ਹਾਂ ਲਿਖਿਆ ਕਿ ਅਖੀਰ ਤੀਰਾਂ ਤੇ ਬੰਦੂਕਾਂ ਦੇ ਫੱਟ ਖਾ-ਖਾ ਥੋੜ੍ਹੇ ਚਿਰ ਵਿਚ ਹੀ ਦੋਹਾਂ ਪਾਸਿਆਂ ਦੇ ਬਹੁਤ ਸਾਰੇ ਆਦਮੀ ਮਾਰੇ ਗਏ। ਬੰਦੂਕਾਂ ਤੇ ਤੀਰਾਂ ਦੀ ਇੰਨੀ ਵਰਖਾ ਹੋਈ ਕਿ ਧਰਤੀ ਲਹੂ ਨਾਲ ਪੋਸਤ ਦੇ ਫੁੱਲ ਵਾਂਗ ਲਾਲੋ-ਲਾਲ ਹੋ ਗਈ। ਮਾਰੇ ਗਏ ਬੰਦਿਆਂ ਦੇ ਸਿਰ-ਪੈਰਾਂ ਦੇ ਇਉਂ ਢੇਰ ਲੱਗ ਗਏ ਜਿਵੇਂ ਖੇਡ ਦਾ ਮੈਦਾਨ ਖਿੱਦੋ-ਖੂੰਡੀਆਂ ਨਾਲ ਭਰਿਆ ਹੋਵੇ। ਤੀਰਾਂ ਤੇ ਕਮਾਨਾਂ ਦੀਆਂ ਟਣਕਾਰਾਂ ਨਾਲ ਲੋਕਾਂ ਵਿਚ ਚੀਕ-ਚਿਹਾੜਾ ਪੈ ਗਿਆ। ਇਸ ਪਿਛੋਂ ਮਾਰੂ ਬਰਛਿਆਂ ਨੇ ਅਜਿਹੀ ਗੜਬੜ ਮਚਾਈ ਕਿ ਵੱਡੇ-ਵੱਡੇ ਸੂਰਮਿਆਂ ਦੇ ਵੀ ਹੋਸ਼ ਗੁੰਮ ਗਏ।

44ਵੇਂ ਸ਼ਿਅਰ ਵਿਚ ਗੁਰੂ ਸਾਹਿਬ ਲਿਖਦੇ ਹਨ ਕਿ ਨਾ ਉਨ੍ਹਾਂ ਦਾ ਰਤਾ ਵਾਲ ਵਿੰਗਾ ਹੋਇਆ ਤੇ ਨਾ ਹੀ ਉਨ੍ਹਾਂ ਦੇ ਸਰੀਰ ਨੂੰ ਕੋਈ ਖਦ ਪਹੁੰਚਿਆ, ਕਿਉਂਕਿ ਸ਼ੱਤਰੂ-ਹਰਤਾ ਪਰਮੇਸ਼ਰ ਨੇ ਆਪ ਉਨ੍ਹਾਂ ਨੂੰ ਮੁਸੀਬਤ ਵਿਚੋਂ ਕੱਢ ਲਿਆਂਦਾ। 45ਵੇਂ ਸ਼ਿਅਰ ਵਿਚ ਗੁਰੂ ਸਾਹਿਬ ਚਮਕੌਰ ਦੀ ਘਟਨਾ ਦੇ ਤਿੱਖੇ ਪ੍ਰਤੀਕਰਮ ਵਜੋਂ ਲਿਖਦੇ ਹਨ ਕਿ ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਇਕਰਾਰ ਤੋੜਨ ਵਾਲਾ (ਔਰੰਗਜ਼ੇਬ) ਟਕੇ ਦਾ ਮੁਰੀਦ ਹੈ ਤੇ ਧਰਮ ਇਮਾਨ ਨੂੰ ਪਰ੍ਹੇ ਸੁੱਟ ਦੇਣ ਵਾਲਾ ਹੈ। ਅਗਲੇ ਸ਼ਿਅਰ ਵਿਚ ਗੁਰੂ ਸਾਹਿਬ ਲਿਖਦੇ ਹਨ, "ਔਰੰਗਜ਼ੇਬ! ਨਾ ਤੂੰ ਦੀਨ ਇਮਾਨ ਉਤੇ ਕਾਇਮ ਹੈਂ ਤੇ ਨਾ ਹੀ ਤੂੰ ਸ਼ਰ੍ਹਾ-ਸ਼ਰੀਅਤ ਦਾ ਪਾਬੰਦ ਹੈਂ। ਨਾ ਤੈਨੂੰ ਪਰਮਾਤਮਾ ਦੀ ਪਛਾਣ ਹੈ ਅਤੇ ਨਾ ਹੀ ਤੇਰਾ ਹਜ਼ਰਤ ਮੁਹੰਮਦ ਉਤੇ ਹੀ ਕੋਈ ਭਰੋਸਾ ਹੈ।"

'ਜ਼ਫਰਨਾਮਾ' ਦੇ ਕੁੱਲ 112 ਸ਼ਿਅਰ ਹਨ। ਇਸ ਇਤਿਹਾਸਕ ਪੱਤਰ ਵਿਚ ਚਮਕੌਰ ਦੀ ਦਾਸਤਾਨ ਦਾ ਉਭਰਵਾਂ ਸਥਾਨ ਹੈ। ਸਪਸ਼ਟ ਹੈ ਕਿ ਚਮਕੌਰ ਦੀ ਜੰਗ ਗੁਰੂ ਸਾਹਿਬ ਦੇ ਦਿਮਾਗ 'ਤੇ ਛਾਈ ਰਹੀ ਪਰ ਉਦਾਸੀ, ਝੋਰਾ ਤੇ ਕਲੇਸ਼ ਕਦੇ ਵੀ ਉਨ੍ਹਾਂ ਦੇ ਨੂਰਾਨੀ ਜਲਾਲ ਦੀ ਤਾਬ ਨਹੀਂ ਝੱਲ ਸਕੇ। ਨਿਮਨ ਦਰਜ ਸ਼ਿਅਰ ਗੁਰੂ ਸਾਹਿਬ ਦੇ ਚੜ੍ਹਦੀ ਕਲਾ ਦਾ ਅਵਤਾਰ ਹੋਣ ਦੀ ਤਸਵੀਰ ਪੇਸ਼ ਕਰਦਾ ਹੈ:

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸਤ: ਚਾਰ।
ਕਿ ਬਾਕੀ ਬਮਾਂਦਸਤ ਪੇਚੀਦ: ਮਾਰ।

ਇਸ ਸ਼ਿਅਰ ਵਿਚ ਗੁਰੂ ਸਾਹਿਬ ਦਾ ਸਮੇਂ ਦੇ ਸ਼ਕਤੀਸ਼ਾਲੀ ਹੁਕਮਰਾਨ ਨੂੰ ਇਹ ਕਹਿਣਾ, "ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ, ਅਜੇ ਤਾਂ ਕੁੰਡਲੀਦਾਰ ਨਾਗ (ਭਾਵ ਖਾਲਸਾ) ਬਾਕੀ ਹੈ।" ਇਹ ਬਾਦਸ਼ਾਹ 'ਤੇ ਜਿੱਤ ਦਾ ਪ੍ਰਤੀਕ ਹੈ।

## ਕਲਗੀਆਂ ਵਾਲਾ ਸਤਿਗੁਰ

ਅੰਮ੍ਰਿਤ ਵੇਲੇ ਸੁਬਹ ਸਵੇਰੇ
ਭਿੰਨੀ ਰੈਣਿ ਚਮਕਦੇ ਤਾਰੇ।
ਕਦੀ ਕਦੀ ਬੱਦਲਾਂ ਦੇ ਵਿਚੋਂ
ਚੰਨ ਧਰਤੀ ਵਲ ਝਾਤੀਆਂ ਮਾਰੇ।

ਸੁੱਤੀ ਉਠ ਕੇ ਜੰਗਲ ਪਾਣੀ
ਤੁਰ ਗਈ ਇਕ ਅੰਞਾਣੀ ਧੀ,
ਸੁੱਤ ਉਨੀਂਦੇ ਉਸ ਬੱਚੜੀ ਨੇ
ਤੱਕਿਆ ਸੀ ਅੱਜ ਉਥੇ ਕੀ।

ਬੇਬੇ ਬੇਬੇ ਕਰਦੀ ਘਰ ਵਲ
ਉਹ ਦੌੜੀ ਦੌੜੀ ਆਈ,
ਵਾਹੋ ਦਾਹੀ ਆ ਕੇ ਉਸ ਨੇ
ਮਾਂ ਨੂੰ ਸੀ ਗਲਵੱਕੜੀ ਪਾਈ।

ਮਾਂ ਨੇ ਪੁੱਛਿਆ ਕੀ ਹੋਇਆ ਈ
ਕੀ ਤੱਕਿਆ ਈ ਸੁਬਹ ਸਵੇਰੇ?
ਕੀ ਜ਼ਾਲਮ ਮੁਗਲਾਂ ਨੇ ਸਾਨੂੰ
ਪਾ ਲਏ ਆਣ ਚੁਫੇਰਿਓਂ ਘੇਰੇ?

ਨਹੀਂ, ਨੀ ਮਾਏ ਜੰਗਲ ਵਿਚ
ਮੈਂ ਵੇਖਿਆ ਈ ਇਕ ਅਜਬ ਨਜ਼ਾਰਾ,
ਸੁੱਤਾ ਇੱਕ ਅਨੋਖਾ ਰਾਹੀ
ਜਗ ਮਗ ਹੋਇਆ ਜੰਗਲ ਸਾਰਾ।

ਮਾਏ ਨੀ ਉਹਦੇ ਪੈਰਾਂ ਵਿਚੋਂ
ਖੂਨ ਦੇ ਤੁਪਕੇ ਰਿਸਦੇ ਪਏ ਸੀ,
ਇੰਜ ਲੱਗਦਾ ਸੀ ਛਾਲੇ ਜੀਕਣ
ਭਰਦੇ ਪਏ ਸੀ, ਫਿਸਦੇ ਪਏ ਸੀ।

ਮਾਏ ਨੀ ਉਹਦੇ ਚੋਲੇ ਨਾਲੋਂ
ਲਮਕ ਰਹੀਆਂ ਸੀ ਲੀਰਾਂ ਲੀਰਾਂ,
ਇੰਜ ਲੱਗਿਆ ਜਿਵੇਂ ਸੁੱਤਾ ਪਿਆ ਵੀ
ਘੜ ਰਿਹਾ ਏ ਨਵੀਆਂ ਤਦਬੀਰਾਂ।

ਮਾਏ ਨੀ ਕਿਸੇ ਦੂਰ ਦੇਸ਼ ਤੋਂ
ਲੰਮੀਆਂ ਵਾਟਾਂ ਵਾਹ ਕੇ ਆਇਐ,
ਕੁਝ ਵੀ ਕੋਲ ਨਹੀਂ ਸੂ ਰੱਖਿਆ
ਆਪਣਾ ਆਪ ਲੁਟਾ ਕੇ ਆਇਐ।

ਮਾਏ ਨੀ ਉਹਦੇ ਚਿਹਰੇ ਉਤੇ
ਆਨ ਬਾਨ ਤੇ ਸ਼ਾਨ ਬੜੀ ਏ,
ਮਾਏ ਨੀ ਉਹਦੇ ਸੱਜੇ ਹੱਥ ਵਿਚ
ਬੜੀ ਵੱਡੀ ਕਿਰਪਾਨ ਫੜੀ ਏ।

ਮਾਂ ਬੋਲੀ ਸੁਣ ਝੱਲੀਏ ਧੀਏ
ਐਸਾ ਉਸ ਦਾ ਵੇਸ ਤੇ ਨਹੀਓਂ,
ਕੌਮ ਤੋਂ ਸਭ ਕੁਝ ਵਾਰਨ ਵਾਲਾ
ਕਿਤੇ ਗੁਰੂ ਦਸ਼ਮੇਸ਼ ਤੇ ਨਹੀਓਂ!

ਚੱਲ ਤੁਰ ਛੇਤੀ ਲੈ ਚੱਲ ਮੈਨੂੰ
ਵੇਖਾਂ ਤੇ ਸਹੀ ਕੌਣ ਹੈ ਆਇਆ,
ਹੋਵੇ ਨਾ ਕਿਤੇ ਮੈਂ ਤੱਤੜੀ ਦੇ
ਸੁੱਤੇ ਭਾਗ ਜਗਾਉਣ ਹੈ ਆਇਆ।

ਰਾਤ ਚਾਨਣੀ ਮੁਕ ਚੱਲੀ ਸੀ
ਦਿਨ ਦਾ ਸੂਰਜ ਚੜ੍ਹਦਾ ਪਿਆ ਸੀ,
ਕੰਡਿਆਂ ਉਤੇ ਬੈਠਾ ਸਤਿਗੁਰ
ਧੁਰ ਕੀ ਬਾਣੀ ਪੜ੍ਹਦਾ ਪਿਆ ਸੀ।

ਸ਼ੁਕਰ ਤੇਰਾ ਹੈ ਮੇਰੇ ਮਾਲਕ
ਆਪਣਾ ਫਰਜ ਨਿਭਾ ਕੇ ਆਇਆਂ,
ਕਰਜ ਤੇਰਾ ਜੋ ਮੇਰੇ ਸਿਰ ਸੀ
ਉਸ ਦੀਆਂ ਕਿਸ਼ਤਾਂ ਲਾਹ ਕੇ ਆਇਆਂ।

ਵਿਚ ਚਮਕੌਰ ਗੜੀ ਦੇ ਦਾਤਾ
ਅਜੀਤ-ਜੁਝਾਰ ਸਰਦਾਰ ਦਿੱਤੇ ਨੇ,
ਨਿੱਕੜੇ ਨਿੱਕੜੇ ਦੋ ਨੰਨ੍ਹੇ ਜਿਹੇ
ਪੰਥ ਲਈ ਮੈਂ ਵਾਰ ਦਿੱਤੇ ਨੇ।

ਪਿਤਾ ਪ੍ਰਭੂ ਜੀ ਸਵਰਗਾਂ ਤੋਂ ਵੀ
ਠੰਢੜੀ ਮਿੱਠੀ ਛਾਂ ਵਾਰੀ ਏ,
ਪਹਿਲਾਂ ਬਾਪੂ ਤੋਰ ਦਿੱਤਾ ਸੀ
ਹੁਣ ਮੈਂ ਆਪਣੀ ਮਾਂ ਵਾਰੀ ਏ।
ਸਭ ਕੁਝ ਵਾਰਿਐ ਹੁਣ ਮੈਂ
ਆਪਣੀ ਜਾਨ ਪੰਥ ਤੋਂ ਵਾਰ ਦਿਆਂਗਾ,
ਕੁਝ ਨਹੀਂ ਮੇਰਾ, ਸਭ ਕੁਝ ਤੇਰਾ
ਪੰਥ ਨੂੰ ਮੈਂ ਸਤਿਕਾਰ ਦਿਆਂਗਾ।

ਬੁਢੜੀ ਮਾਂ ਦੀਆਂ ਅੱਖੀਆਂ ਵਿਚੋਂ
ਤਿਪ ਤਿਪ ਅੱਥਰੂ ਡੁਲਦੇ ਪਏ ਸੀ,
ਕਈ ਜਨਮਾਂ ਦੇ ਭੇਦ ਇਲਾਹੀ
ਹੌਲੀ ਹੌਲੀ ਖੁਲ੍ਹਦੇ ਪਏ ਸੀ।

ਇਕ ਵੇਲਾ ਵੀ ਉਹ ਸੀ ਵੇਲਾ
ਇਕ ਵੇਲੇ ਨੇ ਅੱਜ ਦੇ ਵੇਲੇ,
ਵੇਖ ਜਰਾ ਸਰਬੰਸ ਦਾਨੀਆ
ਪੰਥ ਤੇਰੇ ਵਿਚ ਪਏ ਝਮੇਲੇ।
ਚੌਧਰ ਤੇ ਕੁਰਸੀ ਦੀ ਖਾਤਰ
ਪੁੱਠੀਆਂ ਮੱਤਾਂ ਪੜ੍ਹਦੇ ਪਏ ਨੇ,
ਗੋਲਕ ਉਤੇ ਕਬਜੇ ਦੇ ਲਈ
ਸਿੰਘ ਤੇਰੇ ਹੁਣ ਲੜਦੇ ਪਏ ਨੇ।

ਆਪਣੀ ਚੌਧਰ ਆਪਣੇ ਰੁਤਬੇ
ਇਕ ਦੂਜੇ ਨਾਲ ਮੇਚ ਰਹੇ ਨੇ,
ਪੰਥ ਦੀ ਗੱਲ ਕੀ ਸ਼ਬਦ ਗੁਰੂ ਨੂੰ
ਸੇਲਾਂ ਲਾ ਕੇ ਵੇਚ ਰਹੇ ਨੇ।

ਕੀ ਦੱਸਾਂ ਮੈਂ ਸਤਿਗੁਰੂ ਮੇਰੇ
ਕਿੰਨੀਆਂ ਪੀੜਾਂ ਜਰਦੀ ਪਈ ਹਾਂ,
ਪੰਥ ਤੇਰੇ ਦੇ ਹਾਲ ਦੇਖ ਕੇ
ਅੰਦਰੋ ਅੰਦਰੀ ਮਰਦੀ ਪਈ ਹਾਂ।

ਹੱਥ ਜੋੜ ਕੇ ਅਰਜ ਗੁਜਾਰਾਂ
ਆਪਣੇ ਘਰ ਦੀ ਰੀਤ ਪੁਗਾ ਦੇ,
ਦਰ ਤੇਰੇ 'ਤੇ ਆਣ ਡਿੱਗੀ ਹਾਂ
ਮੈਨੂੰ ਤੂੰ 'ਸੁਰਜੀਤ' ਬਣਾ ਦੇ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

---

## ਗੋਬਿੰਦ ਜਿਹਾ

ਅਕਾਲ ਦੀ ਰਜ਼ਾ ਵਿਚ ਰਵ੍ਹੇ ਸਦਾ ਰਾਜ਼ੀ
ਦੁਖ-ਸੁਖ ਹੋਵਣ, ਓਟ ਉਸੇ ਦੀ ਚਿਤਾਰੇ।
ਗੋਬਿੰਦ ਜਿਹਾ ਕੋਈ ਬਣ ਕੇ ਤਾਂ ਵਿਖਾਵੇ
ਖੁਦਾਈ ਦੇ ਦਾਅਵੇ ਤਾਂ ਕਰਦੇ ਨੇ ਸਾਰੇ।

ਬੇ-ਕਸ, ਮਜ਼ਲੂਮਾਂ ਦੇ ਜ਼ਖਮ ਹੋਣ ਸੀਤੇ
ਝੁੱਗੀਆਂ ਦੇ ਹਨੇਰੇ ਕਿਸੇ ਦੂਰ ਹੋਣ ਕੀਤੇ।

ਹੋਵੇ ਜਾਤ-ਪਾਤ ਦਾ ਫਰਕ ਮਿਟਾਇਆ
ਟੋਏ, ਟਿੱਬੇ ਢਾਲ ਇਕ ਕੀਤੇ ਹੋਣ ਸਾਰੇ।

ਤਲਵਾਰ ਨਾਲ ਜ਼ਾਬਰਾਂ ਦੇ ਮੂੰਹ ਹੋਣ ਮੋੜੇ
ਸਦੀਆਂ ਦੀ ਗੁਲਾਮੀ ਦੇ ਸੰਗਲ ਹੋਣ ਤੋੜੇ।

ਪਾਪ, ਜ਼ੁਲਮ ਦੀਆਂ ਨੀਂਹਾਂ ਹੋਣ ਹਿੱਲੀਆਂ
ਭੁਚਾਲ ਵਾਂਗੂ ਕੰਬੇ ਹੋਣ ਮਹਿਲ ਤੇ ਮੁਨਾਰੇ।

ਯੁੱਧਾਂ 'ਚ ਹੋਣ ਗਿੱਦੜਾਂ, ਸ਼ੇਰਾਂ ਦੇ ਦੰਦ ਤੋੜੇ
ਚਿੜੀਆਂ ਝਪਟ ਹੋਣ, ਬਾਜ਼ਾਂ ਦੇ ਮੂੰਹ ਮੋੜੇ।

ਬੇਗੈਰਤੀ ਦਾ ਠੰਡਾ ਖੂਨ ਹੋਵੇ ਗਰਮਾਇਆ
ਕੰਬਦਿਆਂ ਹੱਥਾਂ 'ਚ, ਫੜਾਏ ਹੋਣ ਦੋ-ਧਾਰੇ।

ਸਿਰ ਚੁੱਕ ਜਿਉਣਾ ਕਿਸੇ ਹੋਵੇ ਸਿਖਾਇਆ
ਮਰ ਕੇ ਜਿਉਣਾ ਕਿਵੇਂ, ਹੋਵੇ ਸਮਝਾਇਆ।

ਸੂਲਾ ਦੇ ਹੀਲੇ ਜਦ ਸਿਰੋਂ ਲੰਘ ਜਾਣ ਤਾਂ
ਮੈਦਾਨੇ ਜੰਗ ਤੇਗ ਨਾਲ ਦੁਸ਼ਮਣ ਸੰਘਾਰੇ।

ਹੱਥੀਂ ਮੌਤ ਦੇ ਗਾਨੇ ਬੰਨ ਲਾਲ ਹੋਣ ਟੋਰੇ
ਖਿੜੇ ਮੱਥੇ ਸਹੇ ਹੋਣ ਪਰਿਵਾਰ ਦੇ ਵਿਛੋੜੇ।

ਨੰਗੇ ਪੈਰਾਂ ਨਾਲ ਗਾਹੇ ਹੋਣ ਜੰਗਲ, ਬੇਲੇ
ਗਾਵੇ ਸੱਥਰ ਯਾਰੜੇ ਦਾ, ਸ਼ੁਕਰ ਗੁਜ਼ਾਰੇ।

ਰਾਜ ਭਾਗ ਦੌਲਤਾਂ ਨੂੰ ਹੋਵੇ ਠੋਕਰ ਮਾਰੀ
ਭੂਰੀ ਵਾਲਿਆਂ ਨੂੰ ਬਖਸ਼ੀ ਹੋਵੇ ਸਰਦਾਰੀ।

ਮਾਇਆ ਦੇ ਗੰਜ ਹੋਣ, ਨਦੀ 'ਚ ਰੁੜ੍ਹਾਏ
ਕੱਟੀ ਹੋਵੇ ਜਿੰਦਗੀ ਇਕ ਤੇਗ ਦੇ ਸਹਾਰੇ।
ਚੇਲਿਆਂ ਨੂੰ ਗੁਰੂ, ਕਿਸੇ ਹੋਵੇ ਬਣਾਇਆ
ਕੰਮੀਆਂ, ਕਮੀਣਾਂ ਨੂੰ ਹੋਵੇ ਗਲ ਲਾਇਆ।

ਤੇਜ, ਪਰਤਾਪ, ਰੂਪ ਆਪਣਾ ਹੋਵੇ ਦਿਤਾ
ਪੁੱਤਰਾਂ ਤੋਂ ਵੱਧ ਸਿੱਖ ਰੱਖੇ ਹੋਣ ਪਿਆਰੇ।

ਘਰ ਬਾਰ, ਸਰਬੰਸ ਸਾਰਾ ਕੌਮ ਲੇਖੇ ਲਾ ਕੇ
ਲਾਹਵੇ ਥਕਾਨ ਢਾਸਣਾ ਤੇਗ ਦਾ ਬਣਾ ਕੇ।

ਗਿਲਾ ਕੋਈ ਸ਼ਿਕਵਾ, ਰੰਜੋ ਨਾ ਗਮ ਕੋਈ
ਲਬ 'ਤੇ ਹੋਵੇ ਆਇਆ ਇਕ ਵੀ ਵਾਰ ਏ।

ਪੁੱਤਾਂ ਦੇ ਗਮ 'ਚ ਰਾਜੇ ਜਾਨ ਸੀ ਗਵਾਈ
ਪੈਗੰਬਰ ਵੀ ਪੱਟੀ ਸੀ ਅੱਖਾਂ 'ਤੇ ਬੰਨਾਈ।

ਸਾਨੀ ਗੋਬਿੰਦ ਦਾ ਲੱਭਦਾ ਨਹੀਂ ਕਿਤੇ ਵੀ
ਮਾਤਾ-ਪਿਤਾ, ਲਾਲ ਹੋਣ ਹੱਸ ਹੱਸ ਵਾਰੇ।

ਅੱਜ ਸੰਤ, ਬਾਬੇ, ਸਵਾਮੀ, ਸਾਧਾਂ ਦੇ ਡੇਰੇ
ਫੈਲਾ ਰਹੇ ਨੇ ਲੋਕਾਂ ਦਿਆਂ ਮਨਾਂ 'ਚ ਹਨੇਰੇ।

ਕਿਸੇ ਸਜਾਈ ਕਲਗੀ, ਕੋਈ ਰੱਬ ਵਿਖਾਵੇ
ਕਿਸੇ ਸੁਰਗ ਬਣਾਏ, ਸੱਚ-ਖੰਡ ਨੇ ਉਸਾਰੇ।

ਪੁੱਛਿਆ ਮਾਤਾ ਜੀ, ਕਿੱਥੇ ਲਾਲ ਨੇ ਮੇਰੇ
ਭਾਂ ਭਾਂ ਕਰ ਰਹੇ ਖਾਲੀ ਪਏ ਇਹ ਵਿਹੜੇ।

ਮਾਤਾ ਜੀ ਵੀ ਸਾਂਈਆਂ ਨਜ਼ਰ ਨਹੀਂ ਪੈਂਦੇ
ਕਿੱਥੇ ਛੱਡ ਆਏ ਓ, ਉਹ ਸਾਰੇ ਦੇ ਸਾਰੇ।

ਲਾਲ ਤੇਰੇ ਜੀਤਾਂ, ਦੇਸ਼ ਤੋਂ ਵਾਰ ਆਇਆਂ
ਪੰਥ ਦਾ ਕਰਜ਼ਾ ਸਿਰ ਤੋਂ ਉਤਾਰ ਆਇਆਂ।

ਕੀ ਹੋਇਆ ਚਾਰ ਜੇ ਨਜ਼ਰ ਨਹੀਂ ਆਉਂਦੇ
ਆਹ ਵੀ ਨੇ ਪੁੱਤ, ਲਾਲਾਂ ਤੋਂ ਵੱਧ ਪਿਆਰੇ।

'ਗੋਬਿੰਦ' ਜਿਹਾ ਕੋਈ ਬਣ ਕੇ ਤਾਂ ਵਿਖਾਵੇ
ਖੁਦਾਈ ਵਾਲੇ ਦਾਅਵੇ ਤਾਂ ਕਰਦੇ ਨੇ ਸਾਰੇ।

*-ਚੰਨ, ਫੋਨ: 908-788-8427*

# ਮੈ ਹੋ ਪਰਮ ਪੁਰਖ ਕੋ ਦਾਸਾ

**ਗੁਰਪੁਰਬ 'ਤੇ ਵਿਸ਼ੇਸ਼**

ਇਹ ਜਗਤ ਸੱਚੇ ਅਕਾਲ ਪੁਰਖ ਦੀ ਕੋਠੜੀ ਹੈ, ਹਰ ਇਕ ਮਨੁੱਖ ਵਿਚ ਉਸ ਦੀ ਜੋਤ ਹੈ। ਕਿਸੇ ਪ੍ਰਤੀ ਮਾੜੀ ਸੋਚ ਕਰਮ ਤੇ ਵਿਹਾਰ ਨਾਲ ਬੰਦੇ ਦੇ ਮਨ ਦਾ ਸ਼ੀਸ਼ਾ ਧੁੰਦਲਾ ਹੋਣ ਕਾਰਨ ਉਸ ਵਿਚਲੀ ਜੋਤ ਸਾਫ ਨਜ਼ਰ ਨਹੀਂ ਆਉਂਦੀ। ਇਸ ਜਗਤ ਦਾ ਮਾਲੀ ਅਕਾਲ ਪੁਰਖ ਵਾਹਿਗੁਰੂ ਆਪ ਹੀ ਹੈ। ਇਹ ਰੰਗ-ਬਿਰੰਗਾ ਬਾਗ ਉਸ ਦੀ ਖੇਡ ਹੈ। ਇਸ ਰੰਗ-ਬਿਰੰਗੇਪਨ ਨੂੰ ਮਿਟਾਉਣਾ ਤੇ ਮਿਟਦੇ ਵੇਖਣਾ ਉਸ ਨੂੰ ਪ੍ਰਵਾਨ ਨਹੀਂ। ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਮੁਤਾਬਕ ਕੋਈ ਬੈਰਾਗੀ ਹੈ, ਕੋਈ ਸੰਨਿਆਸੀ, ਕੋਈ ਹਿੰਦੂ ਅਤੇ ਕੋਈ ਤੁਰਕ ਪਰ ਮੂਲ ਰੂਪ ਵਿਚ ਸਭ ਉਸ ਅਕਾਲ ਪੁਰਖ ਦੀ ਇਕੋ ਜੋਤ ਦਾ ਪਸਾਰਾ ਹੀ ਹੈ।

**ਭਗਵਾਨ ਸਿੰਘ ਜੌਹਲ**

ਉਸ ਤੋਂ ਵੱਡੀ ਤਾਕਤ ਹੋਰ ਕਿਸੇ ਕੋਲ ਨਹੀਂ:

ਕੋਊ ਤਇਓ ਮੁੰਡੀਆ
ਸੰਨਿਆਸੀ ਕੋਊ ਜੋਗੀ ਭਇਓ,
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨ ਬੋ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ,
ਮਾਨਸ ਦੀ ਜਾਤ ਸਭੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ, ਰਾਜਕ ਰਹੀਮ ਓਈ,
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ, ਸਭ ਹੀ ਕੋ, ਗੁਰਦੇਵ,
ਏਕ ਹੀ ਸਰੂਪ ਸਭੈ ਏਕੈ ਜੋਤ ਜਾਨਬੋ॥

ਏਸੇ ਵਿਚਾਰ ਨੂੰ ਹੀ ਅੱਗੇ ਤੋਰਦਿਆਂ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਦੱਖਣਪਨ ਅਤੇ ਤਾਕਤ ਦੇ ਹੰਕਾਰ ਨੂੰ ਤੁਛ ਆਖਦਿਆਂ ਕਿਹਾ ਕਿ ਮੰਦਿਰ, ਮਸਜਿਦ, ਪੂਜਾ, ਨਮਾਜ਼ ਸਭ ਇਕ ਸਮਾਨ ਹਨ। ਸਾਰੀ ਮਨੁੱਖਤਾ ਅਤੇ ਜੀਵ-ਜੰਤੂਆਂ ਵਿਚ ਇਕੋ ਜੋਤ ਹੈ, ਵੱਖ-ਵੱਖ ਹੋਣਾ ਕੇਵਲ ਸਾਡਾ ਭਰਮ ਹੈ। ਵੱਖ-ਵੱਖ ਮਨੁੱਖੀ ਰੰਗਾਂ, ਨਸਲਾਂ ਦਾ ਭੇਦ ਭਿੰਨ-ਭਿੰਨ ਧਰਤੀ ਦੇ ਹਿੱਸਿਆਂ 'ਤੇ ਵਸਦੇ ਦੇਸ਼ਾਂ ਦੇ ਸਭਿਆਚਾਰ, ਰਹਿਣ-ਸਹਿਣ ਕਰਕੇ ਹੀ ਹੈ। ਸਾਰੇ ਮਨੁੱਖ ਅੱਖਾਂ, ਕੰਨਾਂ, ਸਰੀਰਕ ਬਨਾਵਟ ਵਜੋਂ ਇਕ ਸਮਾਨ ਹਨ, ਕਿਉਂਕਿ ਇਨ੍ਹਾਂ ਦੀ ਰਚਨਾ ਭੌਤਿਕ ਤੱਤਾਂ ਦੇ ਸਹਿਯੋਗ ਨਾਲ ਹੋਈ ਹੈ। ਰਾਮ ਤੇ ਰਹੀਮ, ਕੁਰਾਨ ਤੇ ਪੁਰਾਨ ਵਿਚ ਕੋਈ ਅੰਤਰ ਨਹੀਂ, ਕਿਉਂਕਿ ਇਨ੍ਹਾਂ ਦਾ ਸਰੂਪ ਅਤੇ ਬਨਾਵਟ ਇਕੋ ਜਿਹੀ ਹੈ:

ਦੇਹੁਰਾ ਮਸੀਤ ਸੋਈ
ਪੂਜਾ ਔ ਨਿਵਾਜ ਓਈ,
ਮਾਨਸ ਸਭੈ ਏਕ ਪੈ
ਅਨੇਕ ਕੋ ਭ੍ਰਮਾਉ ਹੈ॥
ਦੇਵਤਾ ਅਦੇਵ ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ
ਭੇਸ ਕੋ ਪ੍ਰਭਾਉ ਹੈ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੇ ਬਾਨ,
ਖਾਨ ਬਾਦ ਆਤਸ ਔਰ
ਆਬ ਕੋ ਰਲਾਉ ਹੈ॥
ਅਲਹ ਅਭੇਦ ਸੋਈ
ਪੁਰਾਨ ਔਰ ਕੁਰਾਨ ਓਈ,
ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ।



*ਇਕ ਚਿੱਤਰਕਾਰ ਦਾ ਬਣਾਇਆ ਗੁਰੂ ਗੋਬਿੰਦ ਸਿੰਘ ਜੀ ਦਾ ਚਿੱਤਰ*

ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਆਗਮਨ ਪੁਰਬ 'ਤੇ ਦਸਮ ਪਿਤਾ ਜੀ ਦੀ ਰਚਨਾ 'ਬਚਿਤ੍ਰ ਨਾਟਕ' ਸਰਵੋਤਮ ਬਾਣੀਆਂ ਵਿਚੋਂ ਇਕ ਹੈ ਜਿਸ ਵਿਚ ਦਸਮ ਪਿਤਾ ਨੇ ਅਕਾਲ ਪੁਰਖ ਵਾਹਿਗੁਰੂ ਦੇ ਦਾਸ ਵਜੋਂ ਸੰਸਾਰ ਵਿਚ ਫੈਲੇ ਅਧਰਮ ਨੂੰ ਖਤਮ ਕਰਨ ਲਈ ਧਰਮ ਤੇ ਮਾਨਵਤਾ ਦੀ ਰੱਖਿਆ ਲਈ ਹੀ ਆਗਮਨ ਹੋਇਆ ਦੱਸਿਆ ਹੈ। ਸਰਬੰਸਦਾਨੀ, ਸਾਹਿਬੇ-ਕਮਾਲ, ਵਿਦਵਤਾ ਦੇ ਮੁਜੱਸਮੇ, ਸੰਤ-ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਾਨੀ ਪੂਰੀ ਦੁਨੀਆਂ ਵਿਚ ਕੋਈ ਨਹੀਂ। ਗੁਰੂ ਸਾਹਿਬ ਨੇ ਮਨੁੱਖਤਾ ਦੀ ਭਲਾਈ ਲਈ ਅਤੇ ਮਜ਼ਲੂਮਾਂ ਦੀ ਰੱਖਿਆ ਲਈ ਆਪਣਾ ਸਭ ਕੁਝ ਲੇਖੇ ਲਾ ਦਿੱਤਾ ਤੇ ਇੰਨਾ ਕੁਝ ਕਰਕੇ ਵੀ ਆਪਣੇ ਆਪ ਨੂੰ ਪਰਮ-ਪੁਰਖ ਪਰਮਾਤਮਾ ਦਾ ਦਾਸ ਹੀ ਜਾਣਿਆ। ਇਨਸਾਨੀਅਤ ਨੂੰ ਸਮ ਦ੍ਰਿਸ਼ਟੀ ਨਾਲ ਦੇਖਣ ਵਾਲੇ ਦਸਮ ਪਾਤਸ਼ਾਹ ਦਾ ਪ੍ਰਕਾਸ਼ 1666 ਈਸਵੀ ਵਿਚ ਪੋਹ ਸੁਦੀ ਸੱਤਵੀਂ ਨੂੰ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਤੇ ਮਾਤਾ ਗੁਜਰੀ ਦੇ ਗ੍ਰਹਿ ਵਿਖੇ ਪਟਨਾ ਸਾਹਿਬ ਦੀ ਪਾਵਨ ਧਰਤੀ 'ਤੇ ਹੋਇਆ। ਧਰਮ ਅਤੇ ਮਨੁੱਖਤਾ ਦਾ ਅਜਿਹਾ ਬੇਜੋੜ ਉਪਾਸ਼ਕ ਵਿਸ਼ਵ ਵਿਚ ਸ਼ਾਇਦ ਹੀ ਕਦੇ ਪੈਦਾ ਹੋਵੇ। 'ਬਚਿਤ੍ਰ ਨਾਟਕ' ਵਿਚ ਆਪ ਜੀ ਦਾ ਫੁਰਮਾਨ ਹੈ:

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵ ਪਠਾਏ॥
ਜਹਾ ਤਹਾ ਤੁਮ ਧਰਮ ਬਿਥਾਰੋ॥
ਦੁਸਟ ਦੋਖੀਅਨਿ ਪਕਰਿ ਪਛਾਰੋ॥

ਗੁਰੂ ਸਾਹਿਬ ਦਾ ਜੀਵਨ ਹਰ ਪੱਖੋਂ ਮੁਕੰਮਲ ਤੇ ਆਦਰਸ਼ਕ ਹੈ। ਦਸਮੇਸ਼ ਪਿਤਾ ਨੇ ਆਪਣੀ ਸੰਸਾਰਕ ਯਾਤਰਾ ਦੌਰਾਨ ਪਰਮਾਤਮਾ ਵਲੋਂ ਸੌਂਪੇ ਕਾਰਜ ਨੂੰ ਬਾਖੂਬੀ ਕਰ ਵਿਖਾਇਆ। 9 ਵਰ੍ਹਿਆਂ ਦੀ ਉਮਰ ਵਿਚ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਦੂਸਰੇ ਧਰਮ ਨੂੰ ਬਚਾਉਣ ਦੀ ਸਲਾਹ ਦੇਣੀ, ਖਾਲਸਾ ਪੰਥ ਦੀ ਸਾਜਨਾ ਕਰਨਾ, ਅਨੇਕਾਂ ਧਰਮ ਯੁੱਧਾਂ ਵਿਚ ਕਰਤਵ ਤੇ ਬਖਸ਼ਿਸ਼ਾਂ ਕਰਕੇ ਮੁਰਦਾ ਹੋ ਚੁਕੀ ਕੌਮ ਵਿਚ ਨਵੀਂ ਰੂਹ-ਫੂਕ ਕੇ ਜਾਗ੍ਰਿਤੀ ਪੈਦਾ ਕਰਨੀ, ਅਖੌਤੀ ਨੀਵੀਆਂ ਜਾਤਾਂ ਵਿਚੋਂ ਯੋਧੇ ਪੈਦਾ ਕਰਨਾ, ਪਠਾਣਾਂ ਤੇ ਔਰੰਗਜ਼ੇਬ ਦੇ ਵਿਸ਼ਾਲ ਰਾਜ ਨਾਲ ਟੱਕਰ ਲੈਣਾ, ਕਲਗੀਧਰ ਦਸਮੇਸ਼ ਪਿਤਾ ਦਾ ਹੀ ਕੰਮ ਸੀ। ਆਪ ਜੀ ਨੇ ਦੱਬੇ-ਕੁਚਲੇ ਲੋਕਾਂ ਦੀ ਸਾਰ ਲਈ ਤੇ ਉਨ੍ਹਾਂ ਨੂੰ ਸੀਨੇ ਨਾਲ ਲਾ ਕੇ ਸਾਰੀਆਂ ਪ੍ਰਾਪਤੀਆਂ ਦਾ ਸਿਹਰਾ ਗਰੀਬ ਲੋਕਾਂ ਦੇ ਸਿਰ ਬੰਨਿਆ। 1699 ਈਸਵੀ ਵਿਚ ਖਾਲਸਾ ਪੰਥ ਦੀ ਸਿਰਜਣਾ ਕਰਕੇ ਡਰੇ ਅਤੇ ਸਹਿਮੇ ਲੋਕ ਮਨਾਂ ਅੰਦਰ ਏਕਤਾ, ਕੁਰਬਾਨੀ, ਦਲੇਰੀ ਤੇ ਜ਼ੁਲਮ ਵਿਰੁਧ ਡਟਣ ਦੀ ਭਾਵਨਾ ਪੈਦਾ ਕਰ ਦਿੱਤੀ। ਇਹ ਸਾਰੇ ਗਿੱਦੜਾਂ ਤੋਂ ਸ਼ੇਰ ਬਣ ਗਏ, ਸਵਾ-ਸਵਾ ਲੱਖ ਅਤਿਆਚਾਰੀਆਂ ਨਾਲ ਟਾਕਰਾ ਕਰਨ ਦੇ ਸਮਰੱਥ ਬਣ ਗਏ। ਇਥੇ ਹੀ ਬਸ ਨਹੀਂ, ਪੰਜਾਂ ਨੂੰ ਇਕੋ ਬਾਟੇ ਵਿਚ ਅੰਮ੍ਰਿਤ ਛਕਾ ਕੇ ਅਤੇ ਉਨ੍ਹਾਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਉਨ੍ਹਾਂ ਦੇ ਚੇਲੇ ਬਣ ਗਏ। ਇਹ ਘਟਨਾ ਸੰਸਾਰ ਦੇ ਧਰਮਾਂ ਦੇ ਇਤਿਹਾਸ ਵਿਚ ਨਿਵੇਕਲੀ ਹੈ:

ਵਾਹਿ ਪ੍ਰਗਿਟਿਓ ਮਰਦ ਅਗੰਮੜਾ
ਵਰਿਆਮ ਅਕੇਲਾ
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਦੱਬੇ-ਕੁਚਲੇ ਲੋਕਾਂ ਨੂੰ ਸਿੰਘਾਸਨ 'ਤੇ ਬਿਠਾ ਕੇ ਮੁੱਖ ਉਜਲੇ ਵਾਲੇ ਤੇ ਸਰਬੱਤ ਦੇ ਰਾਖੇ ਬਣਾਇਆ। ਮਨੁੱਖ ਦੀ ਬਾਹਰਲੀ ਜੋਤਿ ਨੂੰ ਜਗਾ ਕੇ ਅੰਧਕਾਰੀ ਸੰਸਾਰ ਨੂੰ ਜਗਮਗਾ ਦੇਣਾ, ਉਨ੍ਹਾਂ ਦੀ ਮਹਾਨ ਸ਼ਕਤੀ ਹੈ। 'ਬਚਿਤ੍ਰ ਨਾਟਕ' ਵਿਚ ਉਨ੍ਹਾਂ ਨੇ ਆਪਣੇ ਮੂਲ ਉਦੇਸ਼ ਦੇ ਕਈ ਸੰਕੇਤ ਦਿੱਤੇ ਹਨ, ਜਿਨ੍ਹਾਂ ਵਿਚ ਉਨ੍ਹਾਂ ਦਾ ਮੂਲ ਉਦੇਸ਼ ਦੁਸ਼ਟਾਂ ਦਾ ਨਾਸ ਕਰਨਾ ਤੇ ਸੰਤਾਂ ਨੂੰ ਉਭਾਰਨਾ ਹੈ। ਇਸ ਸੱਚ ਨੂੰ ਪ੍ਰਤੱਖ ਕਰਨ ਲਈ ਉਨ੍ਹਾਂ ਤਲਵਾਰ ਚੁੱਕੀ:

ਧਰਮ ਚਲਾਵਨ ਸੰਤ ਉਬਾਰਨ॥
ਦੁਸ਼ਟ ਸਭ ਕੋ ਮੂਲ ਉਪਾਰਨ॥

ਕਲਗੀਧਰ ਪਾਤਸ਼ਾਹ ਨੇ ਆਪਣੇ ਆਪ ਨੂੰ ਪੂਰਨ ਮਨੁੱਖ ਅਖਵਾਉਣ ਵਿਚ ਸੰਤੁਸ਼ਟੀ ਪ੍ਰਗਟ ਕੀਤੀ। ਮੈਂ ਅਕਾਲ ਪੁਰਖ ਦਾ ਦਾਸ ਹਾਂ। ਸੰਸਾਰ ਤਮਾਸ਼ੇ ਨੂੰ ਬੜੀ ਨੀਝ ਨਾਲ ਵੇਖ ਰਿਹਾ ਹਾਂ:

ਮੈ ਹੋ ਪਰਮ ਪੁਰਖ ਕੋ ਦਾਸਾ॥
ਦੇਖਨ ਆਯੋ ਜਗਤ ਤਮਾਸਾ॥

ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਅਜਿਹੀ ਰੱਬੀ-ਸ਼ਕਤੀ ਦੇ ਮਾਲਕ ਸਨ, ਇਲਾਹੀ ਜੋਤ ਤੇ ਗੁਰੂ ਨਾਨਕ ਦੇਵ ਦੇ ਦਸਵੇਂ ਸਰੂਪ ਸਨ, ਜਿਨ੍ਹਾਂ ਦੇ ਉਪਦੇਸ਼ਾਂ ਦਾ ਆਮ ਲੋਕਾਂ 'ਤੇ ਅਜਿਹਾ ਅਸਰ ਹੋਇਆ ਕਿ ਨਿਮਾਣੇ ਤੇ ਨਿਤਾਣੇ ਤੇ ਸਾਹ-ਸਤਹੀਣ ਲੋਕਾਂ ਨੂੰ ਸੰਸਾਰ ਦੇ ਪ੍ਰਸਿਧ ਯੋਧੇ ਬਣਾ ਦਿੱਤਾ। ਉਨ੍ਹਾਂ ਦਾ ਨਿਸ਼ਾਨਾ ਕਿਸੇ ਨਿੰਜੀ ਗਰਜ਼ ਜਾਂ ਵੈਰ ਭਾਵਨਾ ਨਹੀਂ, ਸਗੋਂ ਅਕਾਲ ਪੁਰਖ ਦੇ ਉਪਦੇਸ਼ ਦੀ ਪਾਲਣਾ ਹੈ। ਉਨ੍ਹਾਂ ਕੇਵਲ ਜੰਗ ਵਿਚ ਆਪਣੇ ਸਿੰਘਾਂ ਨੂੰ ਸ਼ਹੀਦ ਨਹੀਂ ਕਰਵਾਇਆ ਸਗੋਂ ਆਪਣੇ ਪਿਆਰੇ ਲਖਤੇ-ਜਿਗਰ ਚਾਰੋਂ ਸਾਹਿਬਜ਼ਾਦਿਆਂ, ਮਾਤਾ ਜੀ ਅਤੇ ਪਿਤਾ ਜੀ ਸ਼ਹਾਦਤ ਪਿਛੋਂ ਸਰਬੰਸਦਾਨੀ ਦਾ ਰੁਤਬਾ ਪ੍ਰਾਪਤ ਕੀਤਾ। ਨਾਲ ਹੀ ਪਰਮਾਤਮਾ ਦਾ ਸ਼ੁਕਰਾਨਾ ਹੈ।

ਸੰਤ ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸੰਘਰਸ਼ ਅਨਿਆਂ, ਅਤਿਆਚਾਰ ਤੇ ਗੈਰ-ਮਨੁੱਖੀ ਪ੍ਰਵਿਰਤੀ ਦੇ ਵਿਰੋਧ ਵਿਚ ਸੀ। ਆਪ ਜੀ ਦਾ ਉਦੇਸ਼ ਸ੍ਰੀ ਗੁਰੂ ਨਾਨਕ ਦੇਵ ਦੇ ਸੱਚੇ ਧਰਮ ਦਾ ਵਿਸਥਾਰ ਕਰਨਾ ਸੀ। ਕਲਗੀਧਰ ਪਾਤਸ਼ਾਹ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਦਿਨ ਵੀ ਵੇਖੇ, ਪਾਉਂਟਾ ਸਾਹਿਬ ਦੀ ਧਰਤੀ ਦੇ ਕੁਦਰਤੀ ਨਜ਼ਾਰੇ ਵੀ ਮਾਣੇ, ਭੁੱਖਾਂ ਵੀ ਕੱਟੀਆਂ, ਉਨੀਂਦਰੇ ਵੀ ਝਾਗੇ, ਨੰਗੇ-ਪੈਰੀਂ ਕੰਡਿਆਂ 'ਤੇ ਮਾਛੀਵਾੜੇ ਦੇ ਜੰਗਲ ਵਿਚ ਵੀ ਵਿਚਰੇ, ਯੁੱਧ ਵੀ ਲੜੇ, ਮਾਤਾ-ਪਿਤਾ ਤੇ ਲਾਡਲੇ ਪੁੱਤਰ ਵੀ ਵਾਰੇ, ਫਿਰ ਵੀ ਕੋਈ ਸ਼ਿਕਵਾ, ਸ਼ਿਕਾਇਤ ਨਹੀਂ ਕੀਤੀ, ਸਗੋਂ ਅਕਾਲ ਪੁਰਖ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਤਕਲੀਫਾਂ ਤੇ ਮੁਸ਼ਕਿਲਾਂ ਦੇ ਸਮੇਂ ਵਿਚ ਕੋਈ ਫਰਕ ਨਹੀਂ ਆਇਆ। ਉਨ੍ਹਾਂ ਵਲੋਂ ਇਸ ਸ਼ਕਤੀ ਨੇ ਹਜ਼ਾਰਾਂ ਸ਼ਹੀਦ ਪੈਦਾ ਕੀਤੇ ਜਿਨ੍ਹਾਂ ਹੰਕਾਰੀ ਹਕੂਮਤਾਂ ਦੇ ਤਖਤੇ ਪਲਟ ਕੇ ਲੋਕ-ਮਾਰੂ ਰਾਜ ਦੀਆਂ ਚਿਰ ਸਥਾਈ ਜੜ੍ਹਾਂ ਹਮੇਸ਼ਾ ਲਈ ਉਖਾੜ ਦਿੱਤੀਆਂ। ਕਲਗੀਧਰ ਪਾਤਸ਼ਾਹ ਦੇ ਆਗਮਨ ਪੁਰਬ 'ਤੇ ਅਸੀਂ ਕਰਨੀ ਤੇ ਕਥਨੀ ਦੇ ਸੂਰੇ ਬਣੀਏ, ਜਾਤਾਂ-ਪਾਤਾਂ ਤੋਂ ਉਤੇ ਉਠ ਕੇ ਮਾਨਵਤਾ ਦੀ ਸੇਵਾ ਕਰੀਏ। ਗੁਰੂ ਸਾਹਿਬਾਨ ਦੇ ਸਰਬ ਸਾਂਝੇ ਉਪਦੇਸ਼ਾਂ ਨੂੰ ਸਾਰੀ ਮਨੁੱਖਤਾ ਤੱਕ ਪਹੁੰਚਾਉਣ ਦੇ ਸਾਰਥਕ ਯਤਨ ਕਰੀਏ। ਇਸੇ 'ਚ ਸਰਬੱਤ ਦਾ ਭਲਾ ਹੈ।

# ਸ਼ਹੀਦੀ ਹਫਤੇ ਦੀ ਦਾਸਤਾਨ

**ਸਿੱਖ ਇਤਿਹਾਸ**

'ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ॥' ਦੇ ਬਚਨ ਵਿਚ ਗੁਰੂ ਨਾਨਕ ਦੇਵ ਜੀ ਸਪਸ਼ਟ ਕਰਦੇ ਹਨ ਕਿ ਪੋਹ ਦੇ ਮਹੀਨੇ 'ਚ ਤੁਖਾਰ, ਕੱਕਰ, ਬਰਫ, ਪਾਲਾ ਅਤੇ ਠੰਢ ਪੈਣ ਕਾਰਨ ਕੁਦਰਤ ਦੇ ਖਿੜਾਓ 'ਚ ਪਤਝੜ ਆ ਜਾਂਦੀ ਹੈ। ਸੂਰਜ ਦੀ ਗਰਮੀ ਨਾ ਮਿਲਣ ਕਾਰਨ ਦਰੱਖਤ, ਫੁੱਲ ਤੇ ਵਣ ਤ੍ਰਿਣ ਸਭ ਮੁਰਝਾ ਜਾਂਦੇ ਹਨ। ਇਸ ਕੁਦਰਤੀ ਤਬਦੀਲੀ ਕਾਰਨ ਮਨੁੱਖੀ ਮਨ ਤੇ ਸਰੀਰ ਵੀ ਖੁਸ਼ਕੀ ਮਹਿਸੂਸ ਕਰਦਾ ਹੈ ਪਰ ਜੋ ਮਾਨਵ ਸ਼ਕਤੀ ਅਤੇ ਸਦਾ ਵਿਗਾਸ ਦੇ ਅਮੁੱਕ ਸੋਮੇ ਕਰਤਾ ਪੁਰਖ ਨਾਲ ਆਪਣਾ ਸਦੀਵੀਂ ਸਬੰਧ ਬਣਾ ਲੈਂਦਾ ਹੈ, ਉਹ ਇਸ ਦਸ਼ਾ 'ਚ ਵੀ ਅਕਾਲ



**ਡਾ. ਰੂਪ ਸਿੰਘ**

ਪੁਰਖ ਦੀ ਰਜ਼ਾ ਵਿਚ ਰਾਜ਼ੀ ਰਹਿੰਦਾ ਹੈ। ਸਿਰਜਣਹਾਰ ਨੂੰ ਸਮਰਪਿਤ ਹੋ ਕੇ ਅਸੀਂ ਆਪਣਾ ਜੀਵਨ ਸੁਹਾਵਣਾ-ਸੁਖਮਈ ਬਣਾ ਸਕਦੇ ਹਾਂ।

ਪੋਹ ਦੇ ਮਹੀਨੇ ਸਾਨੂੰ ਸਭ ਨੂੰ ਸਰਦੀ ਬਹੁਤ ਸਤਾਉਂਦੀ ਹੈ, ਪਰ ਅਨੰਦਪੁਰੀ ਦੇ ਅਨੰਦਮਈ ਵਾਤਾਵਰਣ, ਅਨੰਦਪੁਰ ਦੇ 8 ਮਹੀਨੇ ਦੇ ਜ਼ਬਰਦਸਤ ਘੇਰੇ, ਅਨੰਦਪੁਰ ਨੂੰ ਛੱਡਣ, ਸਿਰਸਾ ਦੇ ਭਿਆਨਕ ਯੁੱਧ, ਪਰਿਵਾਰ ਵਿਛੋੜੇ, ਚਮਕੌਰ ਦੀ ਕੱਚੀ ਗੜ੍ਹੀ ਤੇ ਸਰਹਿੰਦ ਦੀਆਂ ਦੀਵਾਰਾਂ 'ਚ ਸਾਹਿਬਜ਼ਾਦਿਆਂ ਦੇ ਜਿਊਂਦੇ ਚਿਣੇ ਜਾਣ ਅਤੇ ਮਾਤਾ ਗੁਜਰੀ ਦੀ ਠੰਢੇ ਬੁਰਜ ਦੀ ਦਾਸਤਾਨ ਨੂੰ ਪੜ੍ਹ-ਸੁਣ ਕੇ ਮਨ-ਸਰੀਰ 'ਚ ਰੋਸ-ਰੋਹ ਤੇ ਜੋਸ਼ ਦੀ ਲਹਿਰ ਦੌੜਦੀ ਹੈ। 8 ਤੋਂ 13 ਪੋਹ ਦੇ ਇਹ ਦਿਨ ਸਿੱਖ ਇਤਿਹਾਸ ਦੇ ਦਰਦਮਈ ਤੇ ਗੰਭੀਰ ਪ੍ਰੀਖਿਆ ਦੇ ਦਿਨ ਸਨ।

ਇਕ ਦਿਨ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਨੇ ਪੰਜ ਸਿਰਾਂ ਦੀ ਮੰਗ ਕਰ ਕੇ ਆਪਣੇ ਸਿੱਖਾਂ, ਸੇਵਕਾਂ ਦੀ ਪਰਖ ਕੀਤੀ। ਪੰਜ ਪਿਆਰਿਆਂ ਦਾ ਰੁਤਬਾ ਹਾਸਲ ਕਰਨ ਵਾਲਿਆਂ ਨੇ ਗੁਰੂ ਚਰਨਾਂ 'ਚ ਸੀਸ ਭੇਟ ਕੀਤੇ। ਅਨੰਦਪੁਰ ਸਾਹਿਬ ਨੂੰ ਲਾਹੌਰ ਦੇ ਸੂਬੇਦਾਰ ਜ਼ਬਰਦਸਤ ਖਾਂ, ਸਰਹਿੰਦ ਦੇ ਸੂਬੇਦਾਰ ਅਤੇ ਪਹਾੜੀ ਰਾਜਿਆਂ ਨੇ ਘੇਰਾ ਪਾ ਲਿਆ। ਅੱਠ ਮਹੀਨੇ ਤੱਕ ਰਹੇ ਇਸ ਜ਼ਬਰਦਸਤ ਘੇਰੇ ਕਾਰਨ ਅਨੰਦਗੜ੍ਹ ਦੇ ਕਿਲੇ 'ਚ ਜਲ-ਪਾਣੀ, ਅੰਨ-ਦਾਣਾ ਆਉਣਾ ਬੰਦ ਹੋ ਗਿਆ। ਜੇ ਸਿੰਘ ਸੂਰਮੇ ਦੁਸ਼ਮਣ ਦਲਾਂ 'ਤੇ ਹਮਲਾ ਕਰਕੇ ਅੰਨ-ਪਾਣੀ ਦਾ ਪ੍ਰਬੰਧ ਕਰਦੇ ਤਾਂ ਉਨ੍ਹਾਂ ਦਾ ਕਾਫੀ ਜਾਨੀ ਨੁਕਸਾਨ ਹੋ ਜਾਂਦਾ। ਮੁਸੀਬਤ ਦੇ ਸਮੇਂ ਵੀ ਸਿੱਖਾਂ ਨੇ ਸਬਰ-ਸਿਦਕ ਤੋਂ ਕੰਮ ਲਿਆ। ਜਦੋਂ ਦੁਸ਼ਮਣ ਨੇ ਵੇਖਿਆ ਕਿ ਇਸ ਤਰ੍ਹਾਂ ਅਸੀਂ ਅਨੰਦਗੜ੍ਹ ਦੇ ਕਿਲ੍ਹੇ 'ਤੇ ਕਾਬਜ਼ ਨਹੀਂ ਹੋ ਸਕਾਂਗੇ ਤਾਂ ਉਨ੍ਹਾਂ ਕੁਰਾਨ ਸਰੀਫ ਤੇ ਗਊ ਦੀਆਂ ਕਸਮਾਂ ਖਾ ਕੇ ਕਿਹਾ ਕਿ ਜੇ ਗੁਰੂ ਜੀ ਆਪਣੇ ਸਿੰਘਾਂ ਸਣੇ ਕਿਲੇ ਨੂੰ ਖਾਲੀ ਕਰਨ ਤਾਂ ਉਨ੍ਹਾਂ ਨੂੰ ਸੁਰੱਖਿਅਤ ਲਾਂਘਾ ਦਿੱਤਾ ਜਾਵੇਗਾ। ਕਿਲਾ ਖਾਲੀ ਕਰਨ ਦੀ ਦੇਰ ਸੀ ਕਿ ਦੁਸ਼ਮਣਾਂ ਨੇ ਭੁੱਖੇ ਸਿੰਘਾਂ 'ਤੇ ਹੱਲਾ ਬੋਲ ਦਿੱਤਾ।

ਪੋਹ ਦੇ ਮਹੀਨੇ, ਬਾਰਸ਼ ਸਮੇਂ ਸ਼ੂਕਦੀ ਸਰਸਾ ਨਦੀ ਦੇ ਕੰਢੇ ਭਿਆਨਕ ਯੁੱਧ ਹੋਇਆ। ਭਾਈ ਬਚਿੱਤਰ ਸਿੰਘ ਤੇ ਕੁਝ ਹੋਰ ਸੂਰਮੇ ਦੁਸ਼ਮਣਾਂ ਦਾ ਮੁਕਾਬਲਾ ਕਰਦਿਆਂ ਸ਼ਹੀਦੀ ਪ੍ਰਾਪਤ ਕਰ ਗਏ। ਬੇਸ਼ੁਮਾਰ ਸਾਹਿਤਕ ਸਰਮਾਇਆ ਤੇ ਇਤਿਹਾਸਕ-ਧਾਰਮਕ ਗ੍ਰੰਥ ਸਰਸਾ ਨਦੀ ਦੀ ਭੇਟ ਚੜ੍ਹ ਗਏ। ਸਰਸਾ ਕਿਨਾਰੇ ਹੀ ਕਲਗੀਧਰ ਦੇ ਪਰਿਵਾਰ ਦਾ ਵਿਛੋੜਾ ਪੈ ਗਿਆ। ਗੁਰੂ ਪਰਿਵਾਰ ਤਿੰਨ ਹਿੱਸਿਆਂ ਤੇ ਤਿੰਨ ਦਿਸ਼ਾਵਾਂ 'ਚ ਵੰਡਿਆ ਗਿਆ। ਗੁਰੂ ਗੋਬਿੰਦ ਸਿੰਘ ਤੇ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ ਗਿਣਤੀ ਦੇ ਸਿੰਘ ਚਮਕੌਰ ਦੀ ਕੱਚੀ ਗੜ੍ਹੀ 'ਚ, ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ ਭਾਈ ਮਨੀ ਸਿੰਘ ਦੇ ਨਾਲ ਦਿੱਲੀ ਨੂੰ ਅਤੇ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਗੰਗੂ ਰਸੋਈਏ ਨਾਲ ਇਕ ਪਾਸੇ ਨੂੰ ਚੱਲ ਪਏ।

ਚਮਕੌਰ ਦੀ ਕੱਚੀ ਗੜ੍ਹੀ ਵੱਡੇ ਸਾਹਿਬਜ਼ਾਦਿਆਂ, ਤਿੰਨ ਪਿਆਰਿਆਂ ਤੇ ਚਾਲੀ ਸਿੰਘਾਂ ਨੇ ਦਸ ਲੱਖ ਫੌਜ ਦਾ ਮੁਕਾਬਲਾ ਬੇਮਿਸਾਲ ਬਹਾਦਰੀ ਨਾਲ ਕੀਤਾ। ਚਮਕੌਰ ਦੀ ਗੜ੍ਹੀ 'ਚ ਗੁਰੂ ਗੋਬਿੰਦ ਸਿੰਘ ਨੇ ਗੁਰੂ-ਪੰਥ ਦੀ ਸਰਵਉਚਤਾ ਦਾ ਪੰਜ ਪਿਆਰਿਆਂ ਦੇ ਰੂਪ 'ਚ ਸਵੀਕਾਰ ਤੇ ਸਤਿਕਾਰ ਕਰਦਿਆਂ ਗੁਰੂ ਚੇਲੇ ਦੀ ਅਭੇਦਤਾ ਦੇ ਸਿਧਾਂਤ ਨੂੰ ਪ੍ਰਗਟ ਕੀਤਾ। ਗੁਰੂ-ਪੰਥ ਦੇ ਹੁਕਮ ਅਨੁਸਾਰ ਗੁਰੂ ਗੋਬਿੰਦ ਸਿੰਘ ਦੁਸ਼ਮਣ ਦਲਾਂ ਨੂੰ ਚੀਰਦੇ ਹੋਏ ਮਾਛੀਵਾੜੇ ਦੇ ਜੰਗਲਾਂ ਦੇ ਵਾਸੀ ਬਣੇ।

ਧਨ ਦੇ ਲਾਲਚ 'ਚ ਗੰਗੂ ਰਸੋਈਏ ਨੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਨੂੰ ਫੜਾਉਣ ਲਈ ਮੁਖਬਰੀ ਕੀਤੀ। ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਸੂਬੇਦਾਰ ਨੇ ਬੰਦੀ ਬਣਾ, ਠੰਢੇ ਬੁਰਜ 'ਚ ਕੈਦ ਕਰ ਦਿੱਤਾ। ਬੁਰਜ ਆਮ ਕਰਕੇ ਕਿਲ੍ਹਿਆਂ, ਸ਼ਾਹੀ ਮਹਿਲਾਂ ਦੇ ਕਿਨਾਰੇ ਜਾਂ ਖੁੱਲ੍ਹੇ 'ਚ ਉੱਚੇ ਉਸਾਰੇ ਜਾਂਦੇ ਹਨ। ਬੁਰਜ ਗੋਲਾਕਾਰ, ਚੌਕੋਣੇ ਜਾਂ ਅਠਕੋਣੇ ਹੁੰਦੇ ਹਨ, ਜਿਨ੍ਹਾਂ ਤੋਂ ਸੁਰੱਖਿਆ ਕਰਮਚਾਰੀ ਚੁਫੇਰੇ ਦੇਖ ਸਕਦੇ ਸਨ। ਪੋਹ ਦਾ ਮਹੀਨਾ ਤੇ ਉਚੇ ਖੁੱਲ੍ਹੇ ਬੁਰਜ ਵਿਚ ਮੁਸੀਬਤਾਂ ਨਾਲ ਜੂਝ ਰਹੀ ਮਾਤਾ ਨੇ ਆਪਣੇ ਪੋਤਰਿਆਂ ਨੂੰ ਕਿਵੇਂ ਆਪਣੇ ਬਜ਼ੁਰਗ ਸਰੀਰ ਦੀ ਗਰਮਾਇਸ਼ ਨਾਲ ਗਰਮ ਰੱਖਿਆ ਹੋਵੇਗਾ, ਇਸ ਦੀ ਕਲਪਨਾ ਵੀ ਮੁਸ਼ਕਿਲ ਹੈ।

ਵਜ਼ੀਰ ਖਾਂ ਦੀ ਕਚਹਿਰੀ 'ਚ ਭੇਜਣ ਸਮੇਂ ਮਾਤਾ ਗੁਜਰੀ ਨੂੰ ਪਤਾ ਸੀ ਕਿ ਉਸ ਦੇ ਲਾਲਾਂ ਨੇ ਸ਼ਹੀਦ ਹੋ ਜਾਣਾ ਹੈ। ਸੂਬੇਦਾਰ ਸਰਹਿੰਦ ਵਜ਼ੀਰ ਖਾਂ ਤੇ ਕਾਜ਼ੀ ਦੇ ਵਕਤੀ-ਖੁਸ਼ਾਮਦ ਭਰਪੂਰ ਫਤਵਾ ਸੁਣਾਉਣ 'ਤੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਂਹਾਂ 'ਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਬਾਬਾ ਫਤਿਹ ਸਿੰਘ, ਗੁਰੂ ਗੋਬਿੰਦ ਸਿੰਘ ਦੇ ਲਾਡਲੇ ਲਾਲ ਛੋਟੇ ਸਾਹਿਬਜ਼ਾਦੇ ਸਨ, ਜਿਨ੍ਹਾਂ ਦੀ ਅਗਵਾਈ 'ਚ ਗੁਰੂ ਸਾਹਿਬ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਕਾਰਜਸ਼ੀਲ ਹਨ। ਸਰਹਿੰਦ ਦਾ ਸ਼ਹੀਦੀ ਸਾਕਾ ਵਾਪਰਨ 'ਤੇ ਸੰਸਾਰ ਵਿਚ ਹਾਹਾਕਾਰ ਮਚ ਗਈ। ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਸ਼ਹੀਦੀ ਦੀ ਦਾਸਤਾਨ ਸੁਣ ਕੇ ਗੁਰੂ ਜੀ ਗਮਗੀਨ ਨਹੀਂ ਹੋਏ ਸਗੋਂ ਫਖਰ ਨਾਲ ਕਿਹਾ ਸੀ:

ਇਨ ਪੁਤ੍ਰਨ ਕੇ ਸੀਸ ਪਰ
ਵਾਰ ਦੀਏ ਸੁਤ ਚਾਰ॥
ਚਾਰ ਮੂਏ ਤੋ ਕਿਆ ਹੂਆ
ਜੀਵਤ ਕਈ ਹਜ਼ਾਰ॥

ਸਰਹਿੰਦ ਦੇ ਦਰਦਮਈ ਸਾਕੇ 'ਤੇ ਨਵਾਬ ਮਾਲੇਰਕੋਟਲੇ, ਮੋਤੀ ਮਹਿਰੇ ਤੇ ਦੀਵਾਨ ਟੋਡਰ ਮੱਲ ਨੇ ਹਾਅ ਦਾ ਨਾਅਰਾ ਮਾਰਿਆ। ਦਸਮੇਸ਼ ਪਿਤਾ ਨੇ ਸਿੱਖੀ ਦੇ ਬਾਗ ਨੂੰ ਪਿਤਾ, ਸਾਹਿਬਜ਼ਾਦਿਆਂ, ਬਜ਼ੁਰਗ ਮਾਤਾ, ਤਿੰਨ ਪਿਆਰਿਆਂ, ਭਾਈ ਸੰਗਤ ਸਿੰਘ, ਭਾਈ ਜੀਵਨ ਸਿੰਘ ਵਰਗੇ ਮਹਾਨ ਗੁਰਸਿੱਖਾਂ ਦੇ ਪਵਿੱਤਰ ਖੂਨ ਨਾਲ ਸਿੰਜ ਕੇ ਖਿੜਾਓ ਬਖਸ਼ਿਸ਼ ਕੀਤਾ। ਸਾਹਿਬਜ਼ਾਦੇ ਤੇ ਮਾਤਾ ਗੁਜਰੀ ਕਥਨੀ-ਕਰਨੀ ਤੇ ਕਿਰਦਾਰ ਦੇ ਸੂਰਮੇ ਤੇ ਸੂਰਬੀਰ-ਬਚਨ ਕੇ ਬਲੀ ਸ਼ਹੀਦ ਸਨ।

ਇਸ ਸ਼ਹੀਦੀ ਹਫਤੇ ਸਮੇਂ ਸਾਡਾ ਕਾਰ-ਵਿਹਾਰ, ਆਚਾਰ, ਰਹਿਣ-ਸਹਿਣ ਤੇ ਖਾਣ-ਪੀਣ 'ਚ ਫਰਕ ਦਿਖਾਈ ਦੇਣਾ ਚਾਹੀਦਾ ਹੈ। ਨਿੱਜੀ ਰੂਪ ਵਿਚ ਅਸੀਂ ਭਾਵੇਂ ਸਾਰੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰੀ ਨੂੰ ਸ਼ਰਧਾ ਸਤਿਕਾਰ ਭੇਟ ਕਰਨ ਲਈ ਨਹੀਂ ਪਹੁੰਚ ਸਕਦੇ, ਪਰ ਸਾਨੂੰ ਇਨ੍ਹਾਂ ਦਿਨਾਂ ਦੇ ਸਦਮੇ ਦਾ ਅਹਿਸਾਸ ਜ਼ਰੂਰ ਹੋਣਾ ਚਾਹੀਦਾ ਹੈ। ਇਹ ਸਾਡਾ ਕੌਮੀ ਸ਼ਹੀਦੀ ਹਫਤਾ ਹੈ, ਇਸ ਦੌਰਾਨ ਖੁਸ਼ੀ ਦੇ ਪ੍ਰੋਗਰਾਮ ਨਹੀਂ ਰੱਖਣੇ ਚਾਹੀਦੇ, ਇਸ ਕੌਮੀ ਸ਼ਹੀਦੀ ਸਭਾ ਦੇ ਦਿਨਾਂ 'ਚ ਗੰਭੀਰਤਾ ਹੋਵੇ ਤੇ ਗਮ ਦਾ ਅਹਿਸਾਸ ਹੋਣਾ ਚਾਹੀਦਾ ਹੈ।

ਆਜ਼ਾਦੀ ਘੁਲਾਟੀਏ

# ਮਹਾਨ ਗਦਰੀ ਬੀਬੀ ਗੁਲਾਬ ਕੌਰ

***ਬੀਬੀ ਗੁਲਾਬ ਕੌਰ ਨੇ ਗਦਰ ਲਹਿਰ ਵਿਚ ਉਘਾ ਯੋਗਦਾਨ ਪਾਇਆ। ਇਸ ਯੋਗਦਾਨ ਬਦਲੇ ਉਸ ਨੂੰ ਮਾਈ ਭਾਗੋ ਦੀ ਵਾਰਸ ਕਰਕੇ ਵੀ ਯਾਦ ਕੀਤਾ ਜਾਂਦਾ ਹੈ। ਗਦਰੀਆਂ ਬਾਰੇ ਅਣਗਿਣਤ ਕਿਤਾਬਾਂ ਲਿਖਣ ਵਾਲੇ ਉਘੇ ਨਾਵਲਕਾਰ ਕੇਸਰ ਸਿੰਘ ਨੇ ਗੁਲਾਬ ਕੌਰ ਦੀ ਜ਼ਿੰਦਗੀ ਅਤੇ ਸੰਗਰਾਮ ਨੂੰ ਆਧਾਰ ਬਣਾ ਕੇ ਕਿਤਾਬ 'ਗਦਰ ਦੀ ਧੀ ਗੁਲਾਬ ਕੌਰ' ਲਿਖੀ ਹੈ। ਕਿਰਪਾਲ ਸਿੰਘ ਸੰਧੂ ਨੇ ਆਪਣੇ ਇਸ ਲੇਖ ਵਿਚ ਬੀਬੀ ਗੁਲਾਬ ਕੌਰ ਦੇ ਜੀਵਨ ਅਤੇ ਸੰਗਰਾਮ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ। -ਸੰਪਾਦਕ***

ਗਦਰ ਪਾਰਟੀ ਵਿਚ ਬੀਬੀ ਗੁਲਾਬ ਕੌਰ ਮਾਈ ਭਾਗੋ ਦੀ ਵਾਰਸ ਵਜੋਂ ਜਾਣੀ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਦੇ 40 ਸਿੰਘਾਂ ਨੇ ਬੇਦਾਵਾ ਦੇ ਕੇ ਜੰਗ ਤੋਂ ਪਾਸਾ ਵੱਟ ਲਿਆ ਤੇ ਘਰਾਂ ਨੂੰ ਹੋ ਤੁਰੇ। ਉਨ੍ਹਾਂ ਦੇ ਰਸਤੇ ਵਿਚ ਮਾਈ ਭਾਗੋ ਵੰਗਾਰ ਬਣ ਆਣ ਖੜ੍ਹੀ ਹੋਈ। ਉਨ੍ਹਾਂ ਹੀ ਸਿੰਘਾਂ ਨੇ ਮਾਈ ਭਾਗੋ ਨਾਲ ਖਿਦਰਾਣੇ ਦੀ ਢਾਬ 'ਤੇ ਹੋਈ ਹੱਥੋ-ਹੱਥੀ ਲੜਾਈ ਵਿਚ ਸ਼ਹਾਦਤ ਦੇ ਜਾਮ ਪੀਤੇ।

ਅਜਿਹਾ ਹੀ ਮਨੀਲਾ ਵਿਚ ਵਾਪਰਿਆ ਸੀ। ਗਦਰ ਪਾਰਟੀ ਦੇ ਸੱਦੇ 'ਤੇ ਭਾਰਤ ਨੂੰ ਅੰਗਰੇਜ਼ੀ ਰਾਜ ਤੋਂ ਆਜ਼ਾਦ ਕਰਵਾਉਣ ਲਈ ਦੇਸ਼ ਨੂੰ ਚਾਲੇ ਪਾਉਣ ਸਮੇਂ ਕੁਝ ਲੋਕ, ਸਮੇਤ ਬੀਬੀ ਗੁਲਾਬ ਕੌਰ ਦੇ ਘਰ ਵਾਲੇ ਦੇ, ਪਿਛੇ ਹਟ ਗਏ ਤਾਂ ਬੀਬੀ ਗੁਲਾਬ ਕੌਰ ਮਾਈ ਭਾਗੋ ਦੀ ਵਾਰਸ ਬਣ ਕੇ ਭਾਰਤ ਦੀ ਆਜ਼ਾਦੀ ਦੀ ਜੰਗ ਵਿਚ ਕੁੱਦ ਪਈ ਅਤੇ ਫਿਰ ਸਾਰੀ ਉਮਰ ਆਜ਼ਾਦੀ ਸੰਗਰਾਮ ਦੇ ਲੇਖੇ ਲਾ ਦਿੱਤੀ। ਕਦੇ ਵੀ ਪਿਛਾਂਹ ਮੁੜ ਕੇ ਨਹੀਂ ਦੇਖਿਆ। ਪਿੰਡ ਬਖਸ਼ੀਵਾਲਾ ਦੀ ਜੰਮੀ ਇਸ ਸੰਗਰਾਮਣ ਨੇ ਆਜ਼ਾਦੀ ਦੇ ਪਿੜ ਵਿਚ ਉਹ ਕਾਰਨਾਮੇ ਕਰ ਦਿਖਾਏ, ਜੋ ਹੈਰਾਨਕੁਨ ਹਨ।



**ਕਿਰਪਾਲ ਸਿੰਘ ਸੰਧੂ**
ਫੋਨ: 559-259-4844

ਗਦਰੀ ਸੂਰਬੀਰਾਂ, ਬੱਬਰ ਅਕਾਲੀਆਂ ਨੇ ਅੰਗਰੇਜ਼ ਸਰਕਾਰ ਦੇ ਪੇਂਡੂ ਥੰਮ੍ਹ ਕਹੇ ਜਾਣ ਵਾਲੇ ਝੋਲੀ ਚੁੱਕ ਲਾਣੇ ਸਫੈਦਪੋਸ਼, ਨੰਬਰਦਾਰ, ਜ਼ੈਲਦਾਰ, ਚੌਧਰੀ ਸਾਹਿਬ, ਸਰਦਾਰ ਬਹਾਦਰ ਵਗੈਰਾ ਨੂੰ, ਸਰਕਾਰੇ-ਦਰਬਾਰੇ ਝੂਠੀਆਂ ਸ਼ਹਾਦਤਾਂ (ਗਵਾਹੀਆਂ) ਦੇ ਕੇ ਸਰਕਾਰ ਦੀ ਪੁਸ਼ਤ-ਪਨਾਹੀ ਕਰਦਿਆਂ ਨੂੰ ਇਨ੍ਹਾਂ ਕੰਮਾਂ ਤੋਂ ਬਾਜ਼ ਆਉਣ ਲਈ ਕਿਹਾ ਅਤੇ ਫਿਰ ਇਨ੍ਹਾਂ ਨੂੰ ਸਬਕ ਸਿਖਾ ਕੇ ਸਰਕਾਰੀ ਢਾਂਚੇ 'ਤੇ ਵਦਾਣੀ ਸੱਟ ਮਾਰ, ਇਸ ਨੂੰ ਤਹਿਸ-ਨਹਿਸ ਕਰਨ ਦਾ ਪੱਕਾ ਮਨ ਬਣਾ ਲਿਆ। ਇਹ ਦੇਸ਼ ਭਗਤ ਆਪਣੇ ਮਿਸ਼ਨ ਵਿਚ ਕਾਮਯਾਬ ਵੀ ਹੋ ਰਹੇ ਸਨ।

ਬੀਬੀ ਗੁਲਾਬ ਕੌਰ ਸਰਕਾਰੀ ਟੋਡੀਆਂ, ਪੁਲਿਸ ਅਤੇ ਹਾਕਮਾਂ ਦੀਆਂ ਨਜ਼ਰਾਂ ਤੋਂ ਬਚ ਕੇ ਵੱਖ-ਵੱਖ ਸਮਿਆਂ ਅਨੁਸਾਰ ਭੇਸ ਵਟਾ ਕੇ ਗਦਰ ਪਾਰਟੀ ਵਲੋਂ ਜ਼ਿੰਮੇ ਲੱਗੇ ਹਰ ਔਖੇ ਤੋਂ ਔਖੇ ਕੰਮ ਨੂੰ ਆਪਣੀ ਸੂਝ-ਬੂਝ ਅਤੇ ਦਲੇਰੀ ਨਾਲ ਵਕਤ ਸਿਰ ਅੰਜਾਮ ਦਿੰਦੀ ਰਹੀ। ਇਸੇ ਕਰਕੇ ਦੇਸ਼ ਭਗਤ ਹਲਕਿਆਂ ਵਿਚ ਉਸ ਨੂੰ ਬਹੁਤ ਸਤਿਕਾਰ ਦਿਤਾ ਜਾਂਦਾ ਸੀ।

ਉਸ ਨੇ ਆਜ਼ਾਦੀ ਦੀ ਜੰਗ ਵਿਚ ਬਹੁਤ ਹੀ ਜੋਖਮ ਭਰੇ ਕੰਮਾਂ ਨੂੰ ਨੇਪਰੇ ਚਾੜ੍ਹਿਆ। ਰੋਟੀਆਂ ਵਾਲੇ ਟੋਕਰੇ ਵਿਚ ਅਸਲਾ ਅਤੇ ਹੋਰ ਹਥਿਆਰ ਰੱਖ ਕੇ ਪੁਲਿਸ ਦੇ ਘੇਰੇ ਵਿਚੋਂ ਨਿਕਲ ਜਾਣਾ ਕੋਈ ਮਾਮੂਲੀ ਕੰਮ ਨਹੀਂ ਸੀ। ਫੜੇ ਜਾਣ 'ਤੇ ਉਸ ਨੂੰ ਅੰਜਾਮ ਵੀ ਭੁਗਤਣੇ ਪਏ। ਉਸ ਨੂੰ ਗ੍ਰਿਫਤਾਰ ਕਰਕੇ ਲਾਹੌਰ ਦੇ ਸ਼ਾਹੀ ਕਿਲ੍ਹੇ, ਜਿਸ ਨੂੰ ਆਮ ਭਾਸ਼ਾ ਵਿਚ ਬੁਚੜਖਾਨਾ ਵੀ ਕਿਹਾ ਜਾਂਦਾ ਸੀ, ਵਿਚ ਕੈਦ ਕਰ ਦਿੱਤਾ ਗਿਆ। ਗਦਰ ਪਾਰਟੀ ਦੇ ਭੇਤ ਅਤੇ ਗਦਰੀ ਸਾਥੀਆਂ ਦੇ ਨਾਂ, ਉਨ੍ਹਾਂ ਦੇ ਟਿਕਾਣੇ ਅਤੇ ਰਣਨੀਤੀ ਜਾਣਨ ਲਈ ਉਸ 'ਤੇ ਤਸ਼ੱਦਦ ਕੀਤਾ ਗਿਆ ਪਰ ਸਦਕੇ ਜਾਈਏ ਪੰਜਾਬ ਦੀ ਜੰਮੀ ਜਾਈ ਦੇ! ਉਹਨੂੰ ਇਹ ਤਸ਼ੱਦਦ ਨਾ ਤਾਂ ਝੁਕਾ ਸਕਿਆ ਅਤੇ ਨਾ ਹੀ ਤੋੜ ਸਕਿਆ। ਬਰਤਾਨਵੀ ਸਰਕਾਰ ਉਸ ਦੇ ਮੂੰਹ ਵਿਚੋਂ ਕੋਈ ਵੀ ਭੇਤ ਨਾ ਕਢਵਾ ਸਕੀ। ਅੰਤ ਸਰਕਾਰ ਨੇ ਥੱਕ-ਹਾਰ ਕੇ ਅੱਧੋਰਾਣੇ ਮੈਲੇ-ਕੁਚੈਲੇ, ਖਟਮਲਾਂ ਅਤੇ ਜੂੰਆਂ ਨਾਲ ਭਰੇ ਕੰਬਲਾਂ 'ਤੇ ਪਈ ਹੱਡੀਆਂ ਦੀ ਮੁੱਠ ਬਣੀ, ਅਧਮੋਈ ਗੁਲਾਬ ਕੌਰ ਨੂੰ ਰਿਹਾ ਕਰ ਦਿਤਾ। ਉਸ ਦੇ ਗਦਰੀ ਸਾਥੀ, ਬੀਬੀ ਨੂੰ ਪਿੰਡ ਕੋਟੜਾ ਨੌਧਸਿੰਘਵਾਲਾ ਲੈ ਗਏ, ਜੋ ਜ਼ਿਲ੍ਹਾ ਹੁਸ਼ਿਆਰਪੁਰ ਦਾ ਪਿੰਡ ਹੈ। ਉਹ ਉਥੇ ਭਾਈ ਅਮਰ ਸਿੰਘ ਕੋਲ ਰਹਿਣ ਲੱਗ ਪਈ। ਇਸੇ ਥਾਂ ਬੀਬੀ ਨੇ 1941 ਵਿਚ ਆਖਰੀ ਸਾਹ ਲਿਆ।

ਇਹ ਕਹਿਣਾ ਹੱਕ ਬਜਾਨਬ ਹੋਵੇਗਾ ਕਿ ਭਾਰਤ ਦੇਸ਼ ਦੀ ਮਹਾਨ ਪੁੱਤਰੀ, ਜਿਸ ਨੇ ਕੱਲਰੀ ਧਰਤੀ ਵਿਚ ਗੁਲਾਬ ਦਾ ਫੁੱਲ ਬਣ ਕੇ ਜਨਮ ਲਿਆ ਅਤੇ ਭਾਰਤ ਦੇ ਆਜ਼ਾਦੀ ਸੰਗਰਾਮਾਂ ਵਿਚ ਲਾਮਿਸਾਲ ਕੰਮ ਕੀਤਾ। ਬੀਬੀ ਦੇ ਸੰਘਰਸ਼ਾਂ ਭਰੇ ਜੁਝਾਰੂ ਜੀਵਨ 'ਤੇ ਝਾਤ ਮਾਰੀਏ।


ਪਿੰਡ ਬਖਸ਼ੀਵਾਲਾ 19ਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਵਿਚ ਪਟਿਆਲਾ ਰਿਆਸਤ ਦੇ ਕਸਬਾ ਸੁਨਾਮ ਤੋਂ ਤਿੰਨ ਮੀਲ ਦੀ ਦੂਰੀ 'ਤੇ ਆਬਾਦ ਹੋਇਆ ਸੀ। ਦੂਸਰੇ ਪਿੰਡਾਂ ਤੋਂ ਖਾਸ ਕਰ ਚੱਠੇ, ਸੇਖਵਾਂ ਤੇ ਡੋਗਰ ਗੋਤ ਦੇ ਕਾਸ਼ਤਕਾਰ ਇਸ ਪਿੰਡ ਵਿਚ ਆ ਕੇ ਵਸਣ ਲੱਗੇ ਅਤੇ ਸਹਾਇਕ ਧੰਦਿਆਂ ਨਾਲ ਜੁੜੇ ਲੋਕ ਜਿਵੇਂ ਤੇਲੀ, ਲੁਹਾਰ, ਤਰਖਾਣ, ਨਾਈ, ਝਿਊਰ, ਛੀਂਬੇ ਅਤੇ ਖੱਦਰ ਬੁਣਨ ਵਾਲੇ, ਰਮਦਾਸੀਏ ਸਿੱਖ ਵੀ ਪਰਿਵਾਰਾਂ ਸਣੇ ਪੁਸ਼ਤ-ਦਰ-ਪੁਸ਼ਤ ਜ਼ਿੰਦਗੀ ਬਸਰ ਕਰਨ ਲੱਗੇ।

ਨਗਰ ਵਿਚ ਬੈਰਾਗੀ, ਸਨਿਆਸੀ, ਉਦਾਸੀ ਸੰਪਰਦਾਇ ਅਤੇ ਗੁੰਥੀ ਸਿੰਘ ਵੀ ਆਪੋ-ਆਪਣੇ ਡੇਰੇ ਜਾਂ ਕੁਟੀਆ ਬਣਾ ਕੇ ਰਹਿਣ ਲੱਗੇ। ਗੁਰਦੁਆਰੇ ਦਾ ਨਿਸ਼ਾਨ ਸਾਹਿਬ ਵੀ ਨਗਰ ਦੀ ਸ਼ਾਨ ਬਣ ਰਿਹਾ ਸੀ। ਗੱਲ ਕੀ, ਇਹ ਪਿੰਡ ਹਰ ਤਰ੍ਹਾਂ ਦੇ ਕਿੱਤਿਆਂ, ਧਰਮਾਂ, ਮਜਹਬਾਂ ਦੀ ਆਪਸੀ ਭਾਈਚਾਰਕ ਸਾਂਝ ਦਾ ਗੁਲਦਸਤਾ ਸੀ। ਜਿਥੇ ਲੋਕ ਆਪਸ ਵਿਚ ਪਿਆਰ, ਮੁਹੱਬਤ ਅਤੇ ਦੁੱਖ-ਸੁੱਖ ਦੇ ਸਾਂਝੀ ਸਨ, ਉਥੇ ਹੱਡ-ਭੰਨਵੀਆਂ ਕਾਰਾਂ ਕਰ ਵਾਹੀਆਂ, ਬੀਜੀਆਂ ਤੇ ਪੁੱਤਾਂ ਵਾਗ ਪਾਲੀਆਂ ਫਸਲਾਂ ਤਿਆਰ ਹੋ ਜਾਂਦੀਆਂ ਤਾਂ ਫਿਰ ਬਿਸਵੇਦਾਰ ਤੇ ਉਨ੍ਹਾਂ ਦੇ ਲੱਠਮਾਰ, ਕਿਸਾਨਾਂ ਕੋਲੋਂ ਆਪਣੀ ਮਰਜ਼ੀ ਦਾ ਹਿੱਸਾ ਲੈਂਦੇ। ਕੰਮੀਆਂ ਅਤੇ ਕਾਸ਼ਤਕਾਰਾਂ ਕੋਲੋਂ ਵਾਧੂ ਵਗਾਰਾਂ ਵੀ ਲੈਂਦੇ। ਜਿਥੇ ਜਗੀਰਦਾਰਾਂ ਤੇ ਉਨ੍ਹਾਂ ਦੇ ਮੁਨਸ਼ੀਆਂ ਦੀ ਲੁੱਟ-ਖਸੁੱਟ ਜਾਰੀ ਰਹਿੰਦੀ, ਉਥੇ ਉਨ੍ਹਾਂ ਦੇ ਪਾਲਤੂ ਲੱਠਮਾਰ ਗੁੰਡਿਆਂ ਪਾਸੋਂ ਕਿਰਤੀਆਂ ਦੀਆਂ ਧੀਆਂ-ਭੈਣਾਂ ਦੀ ਇੱਜਤ ਵੀ ਮਹਿਫੂਜ਼ ਨਹੀਂ ਸੀ। ਇਸੇ ਕਰਕੇ ਕਾਸ਼ਤਕਾਰਾਂ ਅਤੇ ਉਨ੍ਹਾਂ ਦੇ ਸਹਾਇਕ ਵੀ ਨਵੀਂ ਪੀੜ੍ਹੀ ਦੇ ਗਰਮ ਖੂਨ ਅੰਦਰ ਇਸ ਜ਼ੁਲਮ ਵਿਰੁਧ ਰੋਹ ਦੇ ਬੀਜ ਪੁੰਗਰਨੇ ਅਤੇ ਆਜ਼ਾਦੀ ਦੇ ਖਵਾਬ ਲੈਣੇ ਸੁਭਾਵਕ ਸਨ।

ਨਿਤ ਦਿਹਾੜੇ ਦੇ ਸਿਤਮ ਤੋਂ ਤੰਗ ਆ ਕੇ ਪਰਜਾ ਮੰਡਲ ਅਤੇ ਮੁਜਾਰਾ ਲਹਿਰ ਦੇ ਘੋਲ ਦਾ ਬਿਗੁਲ ਵੱਜਿਆ ਅਤੇ ਪਿੰਡ ਬਖਸ਼ੀਵਾਲਾ ਇਸ ਸੰਘਰਸ਼ ਦਾ ਮੋਹਰੀ ਕੇਂਦਰ ਬਣ ਗਿਆ।

ਅੰਗਰੇਜ਼ ਸਾਮਰਾਜੀ ਭਾਰਤ ਤੋਂ ਕੱਚੇ ਮਾਲ ਤੇ ਅਨਾਜ ਦੀ ਲੁੱਟ ਕਰਕੇ ਵਲੈਤ ਲੈ ਜਾਂਦੇ ਅਤੇ ਉਥੋਂ ਪੱਕਾ ਮਾਲ ਤਿਆਰ ਕਰਕੇ ਭਾਰਤ ਵਿਚ ਮਹਿੰਗੇ ਭਾਅ ਵੇਚਦੇ। ਇਸ ਨਾਲ ਦੇਸ਼ ਦੀ ਆਰਥਕ ਹਾਲਤ ਨਿਘਰਦੀ ਗਈ ਅਤੇ ਛੋਟੀ ਦਸਤਕਾਰੀ ਤਬਾਹ ਹੋ ਗਈ। ਦੇਸ਼ ਵਿਚ ਬੇਰੁਜ਼ਗਾਰੀ, ਭੁੱਖ, ਨੰਗ ਅਤੇ ਕੰਗਾਲੀ ਫੈਲ ਗਈ। ਕਿਸਾਨ, ਮਜ਼ਦੂਰ, ਪੇਂਡੂ ਕਾਰੀਗਰ ਆਪੋ-ਆਪਣੇ ਘਰਾਂ ਦੇ ਚੁੱਲ੍ਹੇ ਗਰਮ ਰੱਖਣ ਲਈ ਬਾਹਰਲੇ ਮੁਲਕਾਂ ਵਿਚ ਮਿਹਨਤ-ਮਜ਼ਦੂਰੀ ਕਰਨ ਲਈ ਜਾਣ ਲੱਗ ਪਏ। ਉਨ੍ਹਾਂ ਪਹਿਲਾਂ ਪਹਿਲ ਮਲਾਇਆ, ਸਿੰਘਾਪੁਰ, ਬਰਮਾ ਅਤੇ ਉਥੋਂ ਫਿਰ ਕੈਨੇਡਾ, ਅਮਰੀਕਾ ਆਦਿ ਦੇਸ਼ਾਂ ਵਲ ਰੁਖ ਕੀਤਾ। ਭਾਰਤ ਦੀ ਬਰਤਾਨਵੀ ਸਰਕਾਰ ਇਹ ਵੀ ਨਾ ਜਰ ਸਕੀ। ਉਸ ਨੇ ਭਾਰਤੀਆਂ ਦੇ ਕੈਨੇਡਾ ਵਿਚ ਦਾਖਲੇ 'ਤੇ ਵੀ ਕਈ ਚੁੱਚਰਾਂ ਡਾਹੁਣੀਆਂ ਸ਼ੁਰੂ ਕਰ ਦਿੱਤੀਆਂ। ਭਾਰਤੀਆਂ ਨੂੰ ਹਾਂਗਕਾਂਗ, ਮਨੀਲਾ, ਸ਼ੰਘਾਈ ਤੇ ਪਨਾਂਗ ਦੀਆਂ ਬੰਦਰਗਾਹਾਂ 'ਤੇ ਰਾਹਦਾਰੀ ਲੈਣ ਲਈ ਕਈ-ਕਈ ਮਹੀਨੇ ਬੈਠਣਾ ਪੈਂਦਾ। ਉਨ੍ਹਾਂ ਦੇ ਮਨਾਂ ਵਿਚ ਇਸ ਦੁਰਦਸ਼ਾ ਲਈ ਅੰਗਰੇਜ਼ੀ ਸਰਕਾਰ ਪ੍ਰਤੀ ਨਫਰਤ ਪੈਦਾ ਹੋਣੀ ਕੁਦਰਤੀ ਸੀ। ਇਸ ਕਰਕੇ ਉਨ੍ਹਾਂ ਨੂੰ ਗੁਲਾਮੀ ਅਤੇ ਆਜ਼ਾਦੀ ਦਾ ਅਹਿਸਾਸ ਵੀ ਹੋਣ ਲੱਗਾ।

ਭਾਰਤੀਆਂ ਨੇ ਕੈਨੇਡਾ ਅਤੇ ਅਮਰੀਕਾ ਦੀ ਧਰਤੀ 'ਤੇ ਪਹੁੰਚ ਕੇ ਇਨ੍ਹਾਂ ਆਜ਼ਾਦ ਮੁਲਕਾਂ ਦੀ ਆਜ਼ਾਦ ਫਿਜ਼ਾ ਵਿਚ ਸਾਹ ਲਿਆ। ਇਥੇ ਆਜ਼ਾਦੀ ਅਤੇ ਗੁਲਾਮੀ ਦੇ ਫਰਕ ਦਾ ਪਤਾ ਲੱਗਾ। ਇਸ ਧਰਤੀ 'ਤੇ ਵੀ ਭਾਰਤੀਆਂ ਨੂੰ ਗੁਲਾਮ ਦੇਸ਼ ਦੇ ਵਾਸੀ ਹੋਣ ਕਰਕੇ ਤ੍ਰਿਸਕਾਰ ਦੀ ਨਿਗ੍ਹਾ ਨਾਲ ਹੀ ਦੇਖਿਆ ਜਾਂਦਾ ਸੀ ਅਤੇ 'ਹਿੰਦੂ ਸਲੇਵ, ਹਿੰਦੂ ਸਲੇਵ' ਦੇ ਤਾਹਨੇ-ਮਿਹਣੇ ਉਨ੍ਹਾਂ ਨੂੰ ਸੁਣਨੇ ਪੈਂਦੇ।



*ਗੁਲਾਬ ਕੌਰ*

ਗੁਲਾਮ ਦੇਸ਼ ਦੇ ਵਾਸੀ ਹੋਣ ਕਰਕੇ ਰੋਜ਼ਮੱਰ੍ਹਾ ਦੀਆਂ ਔਕੜਾਂ ਬਾਰੇ ਛੁੱਟੀ ਵਾਲੇ ਦਿਨ ਇਹ ਪਰਵਾਸੀ, ਖਾਸ ਕਰਕੇ ਪੰਜਾਬੀ, ਇਕੱਠੇ ਬੈਠ ਕੇ ਸੋਚ-ਵਿਚਾਰਾਂ ਕਰਦੇ। ਆਖਰ ਇਸ ਸਿੱਟੇ 'ਤੇ ਪੁੱਜੇ ਕਿ ਇਸ ਕੋਹੜ ਦਾ ਹੱਲ ਸਿਰਫ ਤੇ ਸਿਰਫ ਦੇਸ਼ ਦੀ ਆਜ਼ਾਦੀ ਹੀ ਹੈ। ਇਸ ਲਈ ਚਲੋ, ਚਲ ਕੇ ਪਹਿਲਾਂ ਦੇਸ਼ ਨੂੰ ਆਜ਼ਾਦ ਕਰਵਾਈਏ। ਇਨ੍ਹਾਂ ਵਿਚ ਘੱਟ ਪੜ੍ਹੇ-ਲਿਖੇ ਰਾਜਨੀਤੀ ਤੋਂ ਕੋਰੇ ਨੌਜਵਾਨ, ਕੁਝ ਫੌਜੀ ਰਿਟਾਇਰ ਅਤੇ ਵਿਰਲੇ-ਵਿਰਲੇ ਪੜ੍ਹਨ ਆਏ ਪਾੜ੍ਹੇ ਸਨ। ਉਨ੍ਹਾਂ ਦੇ ਮਨਾਂ ਵਿਚ ਬਰਤਾਨਵੀ ਸਾਮਰਾਜ ਖਿਲਾਫ ਇਨਕਲਾਬੀ ਭਾਵਨਾ ਪੈਦਾ ਹੋ ਗਈ।

1913 ਵਿਚ ਗਦਰ ਪਾਰਟੀ ਦਾ ਮੁੱਢ ਬੱਝਾ। ਥੋੜ੍ਹੇ ਸਮੇਂ ਵਿਚ ਹੀ ਇਹ ਪਾਰਟੀ ਦੁਨੀਆਂ ਭਰ ਵਿਚ ਮਸ਼ਹੂਰ ਹੋ ਗਈ। ਗਦਰ ਅਖਬਾਰ ਨੇ ਜਿਥੇ-ਜਿਥੇ ਵੀ ਹਿੰਦੁਸਤਾਨੀ, ਖਾਸ ਕਰ ਪੰਜਾਬੀ ਰਹਿੰਦੇ ਸਨ, ਉਨ੍ਹਾਂ ਦੇ ਮਨਾਂ ਵਿਚ ਬਰਤਾਨਵੀ ਸਾਮਰਾਜ ਦੇ ਵਿਰੁਧ ਅੱਗ ਬਾਲ ਦਿੱਤੀ। ਲੋਕ ਆਜ਼ਾਦੀ ਖਾਤਰ ਮਰਨ ਮਾਰਨ ਨੂੰ ਤਿਆਰ ਹੋ ਗਏ। ਗਦਰੀ ਆਗੂਆਂ ਦਾ 1857 ਵਿਚ ਆਜ਼ਾਦੀ ਲਈ ਮਾਰਿਆ ਹੰਭਲਾ, ਫਿਰ ਕੂਕਾ ਅੰਦੋਲਨ ਅਤੇ ਹੁਣ ਪਹਿਲੀ ਆਲਮੀ ਜੰਗ ਦੇ ਮੰਡਰਾਉਂਦੇ ਬੱਦਲਾਂ ਬਾਰੇ ਚਰਚਾ ਕਰਦੇ ਕਿ ਅੰਗਰੇਜ਼ ਜੰਗ ਵਿਚ ਉਲਝ ਜਾਣਗੇ ਤੇ ਉਨ੍ਹਾਂ ਨੂੰ ਦੇਸ਼ ਵਿਚੋਂ ਕੱਢਣਾ ਸੌਖਾ ਹੋਵੇਗਾ, ਗੱਲ ਅਗਾਂਹ ਤੁਰੀ। ਗਦਰ ਪਾਰਟੀ ਨੇ ਇਹ ਸਭ ਸੋਚ ਵਿਚਾਰ ਕੇ ਪਹਿਲੀ ਅਗਸਤ 1914 ਨੂੰ ਗਦਰ ਅਖਬਾਰ ਵਿਚ 'ਐਲਾਨੇ ਜੰਗ' ਛਾਪ ਦਿੱਤਾ ਅਤੇ ਅੰਗਰੇਜ਼ਾਂ ਨੂੰ ਹਿੰਦੋਸਤਾਨ ਵਿਚੋਂ ਬਾਹਰ ਕੱਢ ਮਾਰਨ ਲਈ ਦੇਸ਼ ਨੂੰ ਚਾਲੇ ਪਾਉਣ ਲਈ ਲੋਕਾਂ ਨੂੰ ਸੱਦਾ ਦਿੱਤਾ।

ਗਦਰ ਪਾਰਟੀ ਨੇ ਆਜ਼ਾਦੀ ਪਿਛੋਂ ਨਿਸ਼ਾਨਾ ਮਿਥਿਆ ਕਿ ਹਰ ਬੱਚੇ ਲਈ ਮੁਫਤ ਤੇ ਲਾਜ਼ਮੀ ਤਾਲੀਮ, ਕੰਮਕਾਰ ਦੀ ਸਰਕਾਰੀ ਗਾਰੰਟੀ, ਅੰਨ੍ਹੀ ਲੁੱਟ ਤੋਂ ਰਹਿਤ ਸਮਾਜ ਦੀ ਉਸਾਰੀ ਅਤੇ ਜਾਤਾਂ-ਪਾਤਾਂ, ਧਰਮਾਂ ਤੋਂ ਨਿਰਪੱਖ ਸਰਕਾਰ ਹੋਵੇਗੀ। ਉਨ੍ਹਾਂ ਹਥਿਆਰਬੰਦ ਘੋਲ ਲਈ ਫੌਜੀਆਂ ਦੀ ਮਦਦ ਲੈਣੀ ਜ਼ਰੂਰੀ ਸਮਝੀ। ਉਨ੍ਹਾਂ ਦਾ ਵਿਚਾਰ ਸੀ ਕਿ ਇਨਕਲਾਬ ਫੌਜਾਂ ਤੋਂ ਬਿਨਾ ਸੰਭਵ ਨਹੀਂ ਹੈ।

1914 ਵਿਚ ਕੈਲੀਫੋਰਨੀਆ ਦੇ ਸ਼ਹਿਰਾਂ-ਫਰਿਜ਼ਨੋ ਅਤੇ ਸੈਕਰਾਮੈਂਟੋ ਵਿਚ ਗਦਰ ਪਾਰਟੀ ਨੇ ਸਾਂਝੇ ਤੌਰ 'ਤੇ ਕੀਤੇ ਫੈਸਲੇ ਅਨੁਸਾਰ ਵਤਨ ਪਹੁੰਚਣ ਲਈ ਸੱਦਾ ਦੇ ਦਿੱਤਾ। ਲੋਕ ਸਿਰਾਂ 'ਤੇ ਕਫਨ ਬੰਨ੍ਹ ਕੇ ਦੇਸ਼ ਨੂੰ ਜਾਣੇ ਸ਼ੁਰੂ ਹੋ ਗਏ।


## ਬੀਬੀ ਗੁਲਾਬ ਕੌਰ


ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਦਿਆਂ ਹੀ ਘਰਦਿਆਂ ਨੇ ਬੀਬੀ ਗੁਲਾਬ ਕੌਰ ਦਾ ਵਿਆਹ ਨੇੜੇ ਦੇ ਪਿੰਡ ਜਖੇਪਲ ਦੇ ਨੌਜਵਾਨ ਮਾਨ ਸਿੰਘ ਨਾਲ ਕਰ ਦਿੱਤਾ। ਇਸ ਜੋੜੇ ਨੇ ਚੜ੍ਹਦੀ ਜਵਾਨੀ ਵਿਚ ਖੇਤਾਂ 'ਚ ਸਖਤ ਮਿਹਨਤ ਨਾਲ ਹਰ ਮੌਸਮ ਵਿਚ ਫਸਲ ਬੀਜਣ-ਪਾਲਣ ਲਈ ਲਹੂ ਪਸੀਨਾ ਇਕ ਕੀਤਾ। ਫਸਲ ਵੱਢ ਕੇ ਦਾਣੇ ਤਿਆਰ ਹੋ ਜਾਂਦੇ ਤਾਂ ਬੋਹਲਾਂ ਤੇ ਬਿਸਵੇਦਾਰਾਂ ਦੇ ਲੱਠਮਾਰ ਆ ਕੇ ਅੱਧ ਤੋਂ ਵੱਧ ਹਿੱਸਾ ਚੁੱਕ ਕੇ ਤੁਰਦੇ ਬਣਦੇ। ਜੋ ਬਾਕੀ ਬਚਦਾ, ਉਹ ਸ਼ਾਹੂਕਾਰਾਂ ਦੇ ਭੇਟ ਚੜ੍ਹ ਜਾਂਦਾ। ਖੇਤਾਂ ਵਿਚ ਹੱਡ-ਭੰਨਵੀਆਂ ਕਾਰਾਂ ਕਰਕੇ ਵੀ ਢਿੱਡ ਭਰਨ ਲਈ ਰੋਟੀ ਨਸੀਬ ਨਾ ਹੁੰਦੀ। ਹਰ ਸਾਲ ਘਾਟੇ ਦੀ ਮਾਰ ਡੰਗਰ ਵੱਛਾ ਵੇਚ ਕੇ ਪੂਰੀ ਕੀਤੀ ਜਾਂਦੀ।

ਅਜਿਹੀ ਜ਼ਿੰਦਗੀ ਤੋਂ ਤੰਗ ਆ ਕੇ ਖੇਤਾਂ ਵਿਚ ਕੰਮ ਕਰਦਿਆਂ ਗੁਲਾਬ ਕੌਰ ਨੇ ਆਪਣੇ ਘਰ ਵਾਲੇ ਨੂੰ ਕਿਹਾ ਕਿ ਜ਼ਿੱਲਤ ਦੀ ਇਹ ਜ਼ਿੰਦਗੀ ਗੁਜ਼ਾਰਨ ਨਾਲੋਂ ਆਪਾਂ ਵੀ ਕਿਸੇ ਬਾਹਰਲੇ ਦੇਸ਼ ਵਿਚ ਜਾ ਕੇ ਮਿਹਨਤ ਮਜ਼ਦੂਰੀ ਕਰੀਏ, ਇਥੇ ਨਾਲੋਂ ਤਾਂ ਚੰਗੇ ਹੀ ਰਹਾਂਗੇ। ਮਾਨ ਸਿੰਘ ਦੇ ਵੀ ਗੱਲ ਮਨ ਲੱਗ ਗਈ ਅਤੇ ਉਹ ਝੱਟ ਤਿਆਰ ਹੋ ਗਿਆ। ਰਿਸ਼ਤੇਦਾਰਾਂ ਕੋਲੋਂ ਉਧਾਰ ਫੜ, ਸ਼ਾਹੂਕਾਰਾਂ ਤੋਂ ਕਰਜ਼ਾ ਚੁੱਕ, ਕਿਰਾਇਆ ਭਾੜਾ ਤਿਆਰ ਕਰ ਉਹ ਦੋਵੇਂ ਕਲਕੱਤੇ ਦੀ ਬੰਦਰਗਾਹ 'ਤੇ ਜਾ ਪਹੁੰਚੇ। ਉਥੋਂ ਸਮੁੰਦਰੀ ਜਹਾਜ ਰਾਹੀਂ ਹਾਂਗਕਾਂਗ ਤੇ ਫਿਰ ਫਿਲੀਪੀਨ ਦੀ ਬੰਦਰਗਾਹ ਮਨੀਲਾ ਜਾ ਪਹੁੰਚੇ ਅਤੇ ਉਥੋਂ ਅਮਰੀਕਾ ਜਾਣ ਦੀਆਂ ਵਿਉਂਤਾਂ ਬਣਾਉਣ ਲੱਗੇ।

ਉਨ੍ਹਾਂ ਦਿਨਾਂ ਵਿਚ ਹਿੰਦੋਸਤਾਨ ਨੂੰ ਆਜ਼ਾਦ ਕਰਵਾਉਣ ਲਈ ਬਣੀ ਗਦਰ ਪਾਰਟੀ ਦੀ ਚੜ੍ਹਤ ਜ਼ੋਰਾਂ 'ਤੇ ਸੀ। 29 ਅਗਸਤ 1914 ਨੂੰ ਸੈਨ ਫਰਾਂਸਿਸਕੋ ਦੀ ਬੰਦਰਗਾਹ ਤੋਂ ਐਸ. ਐਸ.

*(ਅਗਲੇ ਸਫੇ 'ਤੇ ਜਾਰੀ)*







*ਨੌਧਸਿੰਘ ਪਿੰਡ ਦੇ ਉਸ ਚੁਬਾਰੇ ਦੀਆਂ ਤਸਵੀਰਾਂ ਜਿਥੇ ਰਹਿੰਦੀ ਗੁਲਾਬ ਕੌਰ 1941 ਵਿਚ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਈ*

ਕੋਰੀਆ ਨਾਮੀ ਜਹਾਜ ਮਨੀਲਾ ਦੀ ਬੰਦਰਗਾਹ 'ਤੇ ਆ ਰੁਕਿਆ। ਇਸ ਵਿਚ 70 ਗਦਰੀ ਦੇਸ਼ ਭਗਤ ਸਵਾਰ ਸਨ। ਗੁਰਦੁਆਰੇ ਵਿਚ ਭਾਰੀ ਇਕੱਠ ਹੋਇਆ। ਇਕੱਠ ਨੂੰ ਭਾਈ ਭਗਵਾਨ ਸਿੰਘ, ਕੇਸਰ ਸਿੰਘ ਅਤੇ ਹਾਫਿਜ਼ ਅਬਦੁੱਲਾ ਨੇ ਸੰਬੋਧਨ ਕਰਦਿਆਂ ਹਿੰਦੋਸਤਾਨ ਦੀ ਪੂਰਨ ਆਜ਼ਾਦੀ ਪਿੱਛੋਂ ਗਦਰ ਪਾਰਟੀ ਵਲੋਂ ਲੁੱਟ ਤੋਂ ਰਹਿਤ ਸਮਾਜ ਸਿਰਜਣ ਦੀ ਤਾਲੀਮ ਅਤੇ ਕੰਮ ਦੀ ਗਾਰੰਟੀ ਵਾਲੀ ਸਰਕਾਰ ਬਣਾਉਣ ਦੀ ਗੱਲ ਕੀਤੀ। ਮਾਨ ਸਿੰਘ ਤੇ ਗੁਲਾਬ ਕੌਰ ਨੇ ਵੀ ਇਹ ਭਾਸ਼ਣ ਸੁਣੇ।

ਬੀਬੀ ਗੁਲਾਬ ਕੌਰ ਨੇ ਮੁੱਢਲੀ ਵਿਦਿਆ ਆਪਣੇ ਪਿੰਡ ਦੇ ਗ੍ਰੰਥੀ ਪਾਸੋਂ ਪੜ੍ਹੀ ਸੀ। ਦੂਜਾ ਬਿਸਵੇਦਾਰੀ, ਜਾਗੀਰਦਾਰੀ ਅਤੇ ਸ਼ਾਹੂਕਾਰਾਂ ਦੀ ਲੁੱਟ ਨੂੰ ਬੜੇ ਨੇੜੇ ਹੋ ਕੇ ਵੇਖਿਆ ਹੀ ਨਹੀਂ, ਸਗੋਂ ਆਪਣੇ ਪਿੰਡੇ 'ਤੇ ਵੀ ਹੰਢਾਇਆ ਹੋਇਆ ਸੀ। ਗੁਲਾਬ ਕੌਰ ਨੇ ਮਾਨ ਸਿੰਘ ਨੂੰ ਕਿਹਾ ਕਿ ਵਿਦੇਸ਼ਾਂ ਵਿਚ ਕੰਮ ਕਰਨ ਨਾਲੋਂ ਚੱਲ ਪਹਿਲਾਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਗਦਰ ਪਾਰਟੀ ਦਾ ਸਾਥ ਦੇਈਏ। ਆਜ਼ਾਦੀ ਪਿੱਛੋਂ ਆਪਣਾ ਖਾਣਾ-ਪੀਣਾ, ਉਠਣਾ-ਬੈਠਣਾ, ਸੌਣਾ-ਜਾਗਣਾ, ਮਰਨਾ-ਜੀਣਾ ਸਭ ਦੇਸ਼ ਵਾਸਤੇ ਹੋਵੇਗਾ। ਜਿਥੇ ਆਪਾਂ ਸੁਖ ਦਾ ਸਾਹ ਲਵਾਂਗੇ, ਉਥੇ ਆਪਣੀ ਔਲਾਦ ਵੀ ਸੁਖ ਪਾਵੇਗੀ। ਚੱਲ ਵਾਪਸ ਮੁੜ ਚੱਲੀਏ। ਮੁੱਕਦੀ ਗੱਲ, ਮਾਨ ਸਿੰਘ ਪਹਿਲਾਂ ਤਾਂ ਤਿਆਰ ਹੋਇਆ, ਫੇਰ ਉਸ ਨੇ ਨਾਂਹ ਕਰ ਦਿੱਤੀ।

ਗੁਲਾਬ ਕੌਰ ਮਾਨ ਸਿੰਘ ਨਾਲੋਂ ਸਾਰੇ ਰਿਸ਼ਤੇ-ਨਾਤੇ ਤੋੜ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਗਦਰੀ ਭਰਾਵਾਂ ਦੇ ਸੰਗ ਵਾਪਸ ਮੁੜ ਗਈ। ਸਫਰ ਦੌਰਾਨ ਜਹਾਜ ਵਿਚ ਚਾਹ-ਪਾਣੀ ਦੀ ਸੇਵਾ ਵਿਚ ਹੱਥ ਵਟਾਉਂਦੀ, ਆਪਣਾ ਪੂਰਾ ਯੋਗਦਾਨ ਪਾਉਂਦੀ। ਕਈ ਵਾਰੀ ਗਦਰੀਆਂ ਨਾਲ ਜਾਤ-ਪਾਤ, ਛੂਤ-ਛਾਤ, ਧਰਮਾਂ-ਕਰਮਾਂ, ਵਹਿਮਾਂ-ਭਰਮਾਂ ਅਤੇ ਸੱਚ-ਇਨਸਾਫ ਦੀਆਂ ਉਸਾਰੂ ਕਦਰਾਂ-ਕੀਮਤਾਂ ਬਾਰੇ ਵਿਚਾਰ-ਚਰਚਾ ਵੀ ਛੇੜ ਲੈਂਦੀ। ਗਦਰੀਆਂ ਦੇ ਹੌਸਲੇ ਅਤੇ ਦੇਸ਼ ਭਗਤੀ ਦੇ ਜਜ਼ਬੇ ਵਿਚ ਗੜੁੱਚ ਵਿਚਾਰ ਸੁਣ ਕੇ ਗੁਲਾਬ ਕੌਰ ਵੀ ਹੋਰ ਹੌਸਲੇ ਵਿਚ ਹੋ ਜਾਂਦੀ। 'ਗਦਰ ਦੀਆਂ ਗੂੰਜਾਂ' ਵਾਲੀਆਂ ਨਜ਼ਮਾਂ ਰੀਝ ਨਾਲ ਪੜ੍ਹਦੀ।

ਕਲਕੱਤੇ ਦੀ ਬੰਦਰਗਾਹ 'ਤੇ ਉਤਰਦਿਆਂ ਗੁਲਾਬ ਕੌਰ ਨੇ ਕਾਗਜ਼ੀ ਕਾਰਵਾਈ ਮੁਕੰਮਲ ਕਰਵਾਉਣ ਲਈ ਆਪਣੇ ਪਤੀ ਦਾ ਨਾਂ ਜੀਵਨ ਸਿੰਘ, ਪਿੰਡ ਦੌਲਾਸਿੰਘਵਾਲਾ ਲਿਖਵਾਇਆ। ਇਹ ਸਿਰਫ ਪੁਲਿਸ ਤੋਂ ਬਚਣ ਦਾ ਬਹਾਨਾ ਸੀ, ਜੋ ਇਨਕਲਾਬੀ ਭਾਵਨਾਵਾਂ ਅਤੇ ਸਮਾਜੀ ਜ਼ਿੰਦਗੀ ਦਾ ਸਿਖਰ ਕਿਹਾ ਜਾ ਸਕਦਾ ਹੈ। ਜੀਵਨ ਸਿੰਘ ਦੌਲਾਸਿੰਘਵਾਲਾ ਵੀ ਮਨੀਲਾ ਵਿਚ ਰਾਹਦਾਰੀ ਬਣਾਉਣ ਦੀ ਉਡੀਕ ਵਿਚ ਠਹਿਰਿਆ ਹੋਇਆ ਸੀ ਅਤੇ ਗਦਰੀਆਂ ਨਾਲ ਵਾਪਸ ਮੁੜਿਆ ਸੀ। ਜੀਵਨ ਸਿੰਘ ਫਿਰੋਜ਼ਪੁਰ ਵਾਲੀ ਛਾਉਣੀ ਵਿਚ ਬਗਾਵਤ ਕਰਾਉਣ ਲਈ ਤਿਆਰੀ ਵਜੋਂ ਕਰਤਾਰ ਸਿੰਘ ਸਰਾਭਾ ਨਾਲ ਗਿਆ ਸੀ, ਜਿਸ ਨੂੰ ਬਾਅਦ ਵਿਚ ਅੰਗਰੇਜ਼ ਹਾਕਮਾਂ ਨੇ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ 'ਤੇ ਲਟਕਾ ਦਿੱਤਾ।

ਬੀਬੀ ਗੁਲਾਬ ਕੌਰ ਲੁਧਿਆਣਾ ਸਟੇਸ਼ਨ 'ਤੇ ਉਤਰ ਕੇ ਨਾ ਸਹੁਰੇ ਗਈ ਅਤੇ ਨਾ ਪੇਕੇ; ਬਲਕਿ ਉਸੇ ਜਹਾਜ ਵਿਚ ਅਮਰੀਕਾ ਤੋਂ ਆਏ ਅਮਰ ਸਿੰਘ ਨਾਲ ਉਸ ਦੇ ਪਿੰਡ ਪੁੱਜ ਗਈ। ਅਮਰ ਸਿੰਘ ਨੂੰ ਵੀ ਗੁਲਾਬ ਕੌਰ ਨੂੰ ਪਨਾਹ ਦੇਣ ਦੇ ਜੁਰਮ ਵਿਚ ਦੋ ਸਾਲ ਦੀ ਜੇਲ੍ਹ ਹੋ ਗਈ ਸੀ।

## ਆਜ਼ਾਦੀ ਦੀ ਤਿਆਰੀ

ਗਦਰੀ ਵੱਖ-ਵੱਖ ਜਹਾਜ਼ਾਂ ਰਾਹੀਂ ਵੱਖ-ਵੱਖ ਬੰਦਰਗਾਹਾਂ 'ਤੇ ਪੰਜਾਬ ਅਤੇ ਭਾਰਤ ਪਹੁੰਚ ਗਏ। ਦੇਸ਼ ਭਗਤ ਕਾਰਕੁਨ ਦੇਸ਼ ਦੇ ਹਿੱਸਿਆਂ ਦੀਆਂ ਛਾਉਣੀਆਂ ਵਿਚ ਆਪਣੀ ਰਣਨੀਤੀ ਅਨੁਸਾਰ ਆਜ਼ਾਦ ਦੇਸ਼ ਨਾਲ ਪਿਆਰ ਰੱਖਣ ਵਾਲੇ ਫੌਜੀ ਭਰਾਵਾਂ ਦੀ ਭਾਲ ਕਰਕੇ ਦੋਸਤੀ ਬਣਾ ਕੇ ਰਾਬਤਾ ਕਾਇਮ ਕਰਨ ਲੱਗੇ। ਦੂਸਰੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਸੈਲ ਕਾਇਮ ਕਰਨ ਲਈ ਗੁਪਤ ਮੀਟਿੰਗਾਂ ਸ਼ੁਰੂ ਕੀਤੀਆਂ ਗਈਆਂ। ਦੇਸ਼ ਵਾਸੀਆਂ ਦੇ ਦਿਲਾਂ ਨੂੰ ਹਲੂਣਾ ਦੇਣ ਲਈ ਕੁਰਬਾਨੀਆਂ ਭਰੇ ਇਤਿਹਾਸਕ ਵਿਰਸੇ ਨੂੰ ਯਾਦ ਕਰਵਾਉਣ ਵਾਲੇ ਇਸ਼ਤਿਹਾਰ ਗੁਪਤ ਤੌਰ 'ਤੇ ਦੀਵਾਰਾਂ 'ਤੇ ਲਾਉਣੇ ਸ਼ੁਰੂ ਕਰ ਦਿੱਤੇ। 1914 ਵਿਚ ਲਾਹੌਰ ਅਤੇ ਫਿਰੋਜ਼ਪੁਰ ਛਾਉਣੀਆਂ ਵਾਲੀਆਂ ਪਲਟਨਾਂ ਨੇ ਗਦਰੀਆਂ ਨਾਲ ਮਿਲ ਕੇ ਬਗਾਵਤ ਦੇ ਐਕਸ਼ਨ ਕਰਨ, ਫਿਰ ਹਥਿਆਰ ਲੁੱਟਣ ਲਈ ਨਵੰਬਰ ਮਹੀਨੇ ਦੀ 26 ਤਰੀਕ ਤੈਅ ਕਰ ਲਈ। ਐਕਸ਼ਨ ਪਲਾਨ ਤੋਂ ਇਕ ਦਿਨ ਪਹਿਲਾਂ ਕਿਰਪਾਲ ਸਿੰਘ ਨੇ ਬਗਾਵਤ ਦਾ ਸਰਕਾਰ ਨੂੰ ਭੇਤ ਦੇ ਦਿੱਤਾ, ਜਿਸ ਕਰਕੇ ਇਹ ਸਕੀਮ ਸਿਰੇ ਨਾ ਚੜ੍ਹ ਸਕੀ।

ਇਸੇ ਦੌਰਾਨ ਫੇਰੂ ਸ਼ਹਿਰ ਵਾਲੀ ਦੁਰਘਟਨਾ ਵਾਪਰ ਗਈ। ਪੁਲਿਸ ਨਾਲ ਹੋਏ ਮੁਕਾਬਲੇ ਵਿਚ ਗਦਰੀ ਦੇਸ਼ ਭਗਤਾਂ ਦੇ ਸ਼ਹੀਦ ਹੋ ਜਾਣ ਅਤੇ ਬਾਕੀਆਂ ਦੇ ਫੜੇ ਜਾਣ ਦੀ ਖਬਰ ਗੁਲਾਬ ਕੌਰ ਨੂੰ ਮਿਲੀ। ਉਦੋਂ ਉਹ ਲਾਹੌਰ ਵਿਚ ਗੁਪਤ ਤਰੀਕੇ ਨਾਲ ਰਹਿ ਕੇ ਬਗਾਵਤ ਵੇਲੇ ਵਰਤੇ ਜਾਣ ਵਾਲੇ ਗਦਰ ਪਾਰਟੀ ਦੇ ਝੰਡੇ ਤਿਆਰ ਕਰ ਰਹੀ ਸੀ, ਜੋ ਇਕੋ ਵੇਲੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਲਹਿਰਾਏ ਜਾਣੇ ਸਨ। ਉਸੇ ਦਿਨ ਪਿੰਡ ਨਾਰੰਗਵਾਲ ਦਾ ਸੱਜਣ ਸਿੰਘ ਆਇਆ, ਜਿਸ ਨੇ ਸਾਰੀ ਗੱਲਬਾਤ ਦੱਸੀ ਅਤੇ ਕਿਹਾ ਕਿ ਗ੍ਰਿਫਤਾਰੀਆਂ ਹੋ ਰਹੀਆਂ ਹਨ, ਜਲਦੀ ਇਥੋਂ ਨਿਕਲ ਜਾਣਾ ਚਾਹੀਦਾ ਹੈ। ਬੀਬੀ ਗੁਲਾਬ ਕੌਰ ਜਲਦੀ ਸਮਾਨ ਸੰਭਾਲ ਕੇ ਭੇਸ ਵਟਾ ਕੇ ਲਾਹੌਰ ਤੋਂ ਅੰਮ੍ਰਿਤਸਰ, ਜਲੰਧਰ ਤੋਂ ਹੁਸ਼ਿਆਰਪੁਰ ਦੇ ਸ਼ਾਮ ਚੁਰਾਸੀ ਪਿੰਡ ਧਾਮੀਆ, ਜਿਥੇ ਅਮਰ ਸਿੰਘ ਦੀ ਰਿਸ਼ਤੇਦਾਰੀ ਸੀ, ਦੇ ਘਰ ਪਹੁੰਚ ਗਈ।

ਬੀਬੀ ਗੁਲਾਬ ਕੌਰ ਨੇ ਧਾਮੀਆ ਦੇ ਦਲੀਪ ਸਿੰਘ ਉਰਫ ਦਲੀਪਾ, ਜਿਸ ਨੂੰ ਬਾਅਦ ਵਿਚ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ ਸੀ, ਦੇ ਘਰ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾ ਲਿਆ। ਉਹਨੇ ਹੁਸ਼ਿਆਰਪੁਰ, ਜਲੰਧਰ, ਕਪੂਰਥਲਾ ਦੇ ਪਿੰਡਾਂ, ਕਸਬਿਆਂ ਨੂੰ ਆਪਣਾ ਕਾਰਜ ਖੇਤਰ ਚੁਣਿਆ। ਉਹ ਗਦਰ ਦਾ ਸਾਹਿਤ ਵੰਡਦੀ ਆਜ਼ਾਦੀ ਦਾ ਪ੍ਰਚਾਰ ਕਰਦੀ ਅਤੇ ਮੁਨਾਸਬ ਸਮੇਂ ਅਨੁਸਾਰ ਜਗ੍ਹਾ ਵੀ ਬਦਲ ਲੈਂਦੀ। ਦਲੀਪ ਸਿੰਘ ਬੱਬਰ ਅਕਾਲੀਆਂ ਵਿਚ ਛੋਟੀ ਉਮਰ ਦਾ ਪਰ ਬਹਾਦਰ ਜਾਂਬਾਜ਼ ਨੌਜਵਾਨ ਸੀ। ਇਸੇ ਦੌਰਾਨ ਗੁਲਾਬ ਕੌਰ ਦਾ ਬੱਬਰ ਅਕਾਲੀ ਲਹਿਰ ਦੇ ਸਿਰਕੱਢ ਮੋਢੀ ਕਾਰਕੁਨਾਂ ਨਾਲ ਵੀ ਰਾਬਤਾ ਕਾਇਮ ਹੋ ਗਿਆ। ਉਹ ਮੌਕੇ ਮੁਤਾਬਕ ਉਸੇ ਤਰ੍ਹਾਂ ਭੇਸ ਵਟਾ ਕੇ ਬੱਬਰਾਂ ਦੇ ਕਾਗਜ਼ ਪੱਤਰ ਜਾਂ ਸੁਨੇਹਾ ਪਹੁੰਚਾਉਣ ਦਾ ਕੰਮ ਵੀ ਕਰਦੀ। ਲੋੜ ਪੈਣ 'ਤੇ ਕਿਰਾਏ 'ਤੇ ਮਕਾਨ ਲੈਣ ਵਿਚ ਔਰਤ ਦਾ ਰੋਲ ਵੀ ਅਦਾ ਕਰਦੀ। ਲੋਕਾਂ ਨੂੰ ਕਿਸੇ ਕਿਸਮ ਦਾ ਸ਼ੱਕ ਨਾ ਪੈ ਜਾਵੇ, ਇਸ ਲਈ ਚਰਖੇ 'ਤੇ ਸੂਤ ਵੀ ਕੱਤਦੀ ਰਹਿੰਦੀ।

ਇਕ ਵਾਰ ਜਲੰਧਰ ਦੇ ਕਸਬਾ ਅਲਾਵਲਪੁਰ ਦੇ ਨਜ਼ਦੀਕ ਸੰਗਵਾਲ ਵਿਚ ਗਦਰੀ ਬੰਤਾ ਸਿੰਘ ਬੱਬਰ ਅਕਾਲੀ ਦੇ ਘਰ ਬੱਬਰਾਂ ਨੇ ਜ਼ਰੂਰੀ ਮੀਟਿੰਗ ਰੱਖ ਲਈ। ਏਜੰਡਾ ਦੇਸ਼ ਧ੍ਰੋਹ ਕਰ ਰਹੇ ਕੁਝ ਅਨਸਰਾਂ ਨੂੰ ਜਹੰਨਮ ਪਹੁੰਚਾਉਣਾ ਅਤੇ ਅਸਲੇ ਦੀ ਲੋੜ ਪੂਰਾ ਕਰਨ ਦਾ ਸੀ। ਮੀਟਿੰਗ ਵਿਚ ਸਾਰੀ ਲੀਡਰਸ਼ਿਪ ਹਾਜ਼ਰ ਸੀ। ਸਰਕਾਰ ਨੂੰ ਸੂਹ ਮਿਲ ਗਈ। ਗੋਰੇ ਪੁਲਿਸ ਕਪਤਾਨ ਦੀ ਕਮਾਨ ਹੇਠ ਘੋੜ ਸਵਾਰ ਸੰਗਵਾਲ ਨੂੰ ਘੇਰਾ ਪਾਉਣ ਲਈ ਤਿਆਰ ਹੋਣ ਲੱਗੇ। ਅਲਾਵਲਪੁਰ ਵਿਚ ਢੋਡਾ ਖਾਨਦਾਨ ਦਾ ਰਾਏ ਬਹਾਦਰ ਜੋ ਸਰਕਾਰ ਦੀ ਪੁਸ਼ਤ-ਪਨਾਹੀ ਕਰਦਾ ਸੀ, ਨੇ ਉਸ ਨੂੰ ਜਲਦੀ ਸੰਗਵਾਲ ਪਹੁੰਚਣ ਦੀ ਇਤਲਾਹ ਭੇਜ ਦਿੱਤੀ। ਉਸ ਦਾ ਲੜਕਾ ਭਗਤ ਰਾਤ ਢੋਡਾ, ਜੋ ਦੇਸ਼ ਦੀ ਆਜ਼ਾਦੀ ਦਾ ਹਾਮੀ ਸੀ, ਨੂੰ ਇਸ ਬਾਰੇ ਪਤਾ ਲੱਗ ਗਿਆ। ਉਹ ਜਲਦੀ ਘੋੜੀ 'ਤੇ ਸਵਾਰ ਹੋ ਕੇ ਸੰਗਵਾਲ ਜਾ ਕੇ ਬੱਬਰਾਂ ਨੂੰ ਸਾਰੀ ਜਾਣਕਾਰੀ ਦੇ ਆਇਆ। ਬੱਬਰ ਛਾਲਾਂ ਮਾਰਦੇ ਉਥੋਂ ਨਿਕਲ ਗਏ। ਬੀਬੀ ਗੁਲਾਬ ਕੌਰ ਨੇ ਉਨ੍ਹਾਂ ਦਾ ਜ਼ਰੂਰੀ ਸਮਾਨ ਅਤੇ ਕੁਝ ਅਸਲਾ ਕੱਪੜੇ ਵਿਚ ਲਪੇਟ ਕੇ ਇਸ ਨੂੰ ਟੋਕਰੇ ਵਿਚ ਰੱਖ ਕੇ ਉਪਰ ਸਫੇਦ ਕਪੜੇ ਨਾਲ ਢੱਕ ਲਿਆ। ਇਹ ਸਮਾਨ ਸਿਰ 'ਤੇ ਰੱਖ ਕੇ ਅਤੇ ਹੱਥ ਵਿਚ ਲੱਸੀ ਦੀ ਬਾਲਟੀ ਲੈ ਕੇ ਪੁਲਿਸ ਦੇ ਟੋਲੇ ਕੋਲੋਂ ਲੰਘ ਗਈ। ਪੁਲਿਸ ਨੂੰ ਖਾਲੀ ਹੱਥ ਮੁੜਨਾ ਪਿਆ।

ਬੀਬੀ ਗੁਲਾਬ ਕੌਰ ਨੂੰ ਫੜਨ ਲਈ ਸਰਕਾਰੀ ਮਸ਼ੀਨਰੀ ਦਾ ਖੁਫੀਆ ਵਿਭਾਗ ਅਤੇ ਸਾਰੀ ਪੁਲਿਸ ਪੂਰਾ ਤਾਣ ਲਾ ਕੇ ਹੁਸ਼ਿਆਰਪੁਰ, ਜਲੰਧਰ, ਕਪੂਰਥਲਾ ਵਿਚ ਚੱਪਾ-ਚੱਪਾ ਛਾਣ ਰਹੀ ਸੀ, ਪਰ ਹੱਥ ਪੱਲੇ ਕੁਝ ਵੀ ਨਹੀਂ ਸੀ ਪੈ ਰਿਹਾ। ਬੇਲਾ ਸਿੰਘ, ਪਿੰਡ ਜੈਨ ਨਜ਼ਦੀਕ ਚੱਬੇਵਾਲ, ਜ਼ਿਲ੍ਹਾ ਹੁਸ਼ਿਆਰਪੁਰ ਦਾ ਬਦਨਾਮ ਕੈਨੇਡੀਅਨ ਮੁਖਬਰ ਸੀ, ਜਿਸ ਨੂੰ ਸਰਕਾਰ ਵਲੋਂ ਪੁਲਿਸ ਸੁਰੱਖਿਆ ਵੀ ਮਿਲੀ ਹੋਈ ਸੀ। ਉਸ ਦੀ ਇਤਲਾਹ 'ਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੁਲਿਸ 1916 ਵਿਚ ਬੀਬੀ ਗੁਲਾਬ ਕੌਰ ਨੂੰ ਫੜਨ ਵਿਚ ਕਾਮਯਾਬ ਹੋ ਗਈ। ਇਹ ਉਹੀ ਬੇਲਾ ਸਿੰਘ ਪਿੰਡ ਜੈਨ ਵਾਲਾ ਕੈਨੇਡੀਅਨ ਸੀ, ਜੋ ਕੈਨੇਡਾ ਵਿਚ ਦੇਸ਼ ਭਗਤਾਂ ਦੀ ਮੁਖਾਲਫਤ ਕਰਦਾ ਸਰਕਾਰ ਨੂੰ ਰਿਪੋਰਟਾਂ ਕਰਦਾ ਸੀ। ਉਹ ਬੱਬਰਾਂ ਦੇ ਦਿਲਾਂ ਵਿਚ ਰੜਕ ਰਿਹਾ ਸੀ, ਪਰ ਹਰ ਵਾਰ ਬਚ ਜਾਂਦਾ ਸੀ। ਆਖਰ ਇਕ ਰਾਤ ਬੱਬਰਾਂ ਨੂੰ ਇਤਲਾਹ ਮਿਲੀ ਤਾਂ ਉਨ੍ਹਾਂ ਨੇ ਉਸੇ ਰਾਤ ਉਸ ਨੂੰ ਜਹੰਨਮ ਪਹੁੰਚਾਉਣ ਦਾ ਮਨ ਬਣਾ ਲਿਆ। ਬੇਲਾ ਸਿੰਘ ਹੁਸ਼ਿਆਰਪੁਰ ਤੋਂ ਚੱਬੇਵਾਲ ਦੇ ਅੱਡੇ 'ਤੇ ਬੱਸ ਵਿਚੋਂ ਉਤਰ ਕੇ ਪਿੰਡ ਜੈਨ ਨੂੰ ਜਾ ਰਿਹਾ ਸੀ। ਰਸਤੇ ਵਿਚ ਬੱਬਰ ਹਰੀ ਸਿੰਘ ਸੁੰਢ ਤੇ ਉਸ ਦੇ ਸਾਥੀਆਂ ਨੇ ਬੇਲਾ ਸਿੰਘ ਨੂੰ ਲਲਕਾਰਿਆ, ਉਹ ਸੰਭਲਿਆ ਪਰ ਬੱਬਰਾਂ ਅੱਗੇ ਪੇਸ਼ ਨਾ ਚੱਲੀ। ਆਖਰ ਬੱਬਰਾਂ ਨੇ ਉਸ ਦੇ ਬੁਰੇ ਕੰਮਾਂ ਦੀ ਸਜ਼ਾ 1936 ਵਿਚ ਦੇ ਦਿੱਤੀ।

ਹੁਸ਼ਿਆਰਪੁਰ ਦੀ ਪੁਲਿਸ ਆਪਣੀ ਨਿਗਰਾਨੀ ਹੇਠ ਗਦਰੀ ਬੀਬੀ ਗੁਲਾਬ ਕੌਰ ਨੂੰ ਸ਼ਾਹੀ ਕਿਲ੍ਹੇ ਲਾਹੌਰ ਦੇ ਇਨਟੈਰੋਗੇਸ਼ਨ ਸੈਂਟਰ ਦੇ ਸਪੁਰਦ ਕਰ ਆਈ। ਲਾਹੌਰ ਵਾਲੇ ਸ਼ਾਹੀ ਕਿਲ੍ਹੇ ਨੂੰ ਆਮ ਜ਼ਬਾਨ ਵਿਚ ਬੁੱਚੜਖਾਨਾ ਕਿਹਾ ਜਾਂਦਾ ਸੀ। ਪੁਲਿਸ ਬੀਬੀ ਗੁਲਾਬ ਕੌਰ ਪਾਸੋਂ ਗਦਰੀਆਂ ਅਤੇ ਬੱਬਰਾਂ ਦੇ ਨਾਂ, ਟਿਕਾਣੇ ਅਤੇ ਰਣਨੀਤੀ ਬਾਰੇ ਸੂਹ ਲਾਉਣ ਲਈ ਤਸ਼ੱਦਦ ਕਰਦੀ ਰਹੀ। ਬੀਬੀ ਤਸ਼ੱਦਦ ਤਾਂ ਆਪਣੇ ਜਿਸਮ 'ਤੇ ਝਲਦੀ ਰਹੀ, ਪਰ ਆਫਰੀਨ! ਪੰਜ ਦਰਿਆਵਾਂ ਦੀ ਧਰਤੀ ਦੀ ਜਾਈ, ਗਦਰੀ ਭਰਾਵਾਂ ਦੀ ਭੈਣ, ਦੇਸ਼ ਭਗਤੀ ਦੇ ਜਜ਼ਬੇ ਵਿਚ ਗੜੁੱਚ ਬੀਬੀ ਗੁਲਾਬ ਕੌਰ ਨੇ ਆਪਣਾ ਮੂੰਹ ਤਕ ਨਾ ਖੋਲ੍ਹਿਆ। ਆਖਰ ਪੁਲਿਸ ਨੇ ਬਿਸਤਰੇ-ਮਰਗ 'ਤੇ ਪਈ, ਹੱਡੀਆਂ ਦੀ ਮੁੱਠ ਬਣੀ ਗੁਲਾਬ ਕੌਰ ਨੂੰ 1921 ਵਿਚ ਰਿਹਾ ਕਰ ਦਿੱਤਾ। ਉਹ ਕੋਟਲਾ ਨੌਧਸਿੰਘ ਆ ਗਈ, ਜਿਥੇ ਕੁਝ ਪਰਿਵਾਰ ਉਸ ਦਾ ਇਲਾਜ ਦੇਸੀ ਹਕੀਮ ਪਾਸੋਂ ਕਰਵਾਉਂਦੇ ਰਹੇ। ਆਖਰ ਕੋਟਲਾ ਨੌਧਸਿੰਘ ਪਿੰਡ ਦੇ ਇਕ ਚੁਬਾਰੇ ਵਿਚ ਰਹਿੰਦੀ ਗੁਲਾਬ ਕੌਰ 1941 ਵਿਚ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਈ।

ਗਦਰ ਲਹਿਰ ਦੀ ਮਾਈ ਭਾਗੋ ਕਹੀ ਜਾਂਦੀ ਬੀਬੀ ਗੁਲਾਬ ਕੌਰ ਦੇ ਜੱਦੀ ਪਿੰਡ ਬਖਸ਼ੀਵਾਲਾ ਵਿਚ ਗੁਲਾਬ ਕੌਰ ਦੇ ਨਾਂ 'ਤੇ ਸਟੇਡੀਅਮ ਬਣਾਇਆ ਗਿਆ ਹੈ। ਬਖਸ਼ੀਵਾਲਾ ਕਲੱਬ ਹਰ ਸਾਲ ਸਟੇਡੀਅਮ ਵਿਚ ਖੇਡਾਂ ਕਰਾਉਂਦੀ ਅਤੇ ਹੁਣ ਤਕ 27 ਖੇਡ ਮੇਲੇ ਕਰਵਾ ਚੁਕੀ ਹੈ ਅਤੇ ਹਰ ਸਾਲ ਕਰਾਉਣ ਦਾ ਯਤਨ ਕਰ ਰਹੀ ਹੈ।

ਗਦਰੀ ਬੀਬੀ ਗੁਲਾਬ ਕੌਰ ਦੇ ਸਹੁਰੇ ਪਿੰਡ ਜਖੇਪਲ ਵਿਚ ਸੀਨੀਅਰ ਸੈਕੰਡਰੀ ਸਕੂਲ ਦਾ ਨਾਂ ਗਦਰੀ ਗੁਲਾਬ ਕੌਰ ਦੇ ਨਾਂ 'ਤੇ ਰਖਿਆ ਗਿਆ ਹੈ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ, ਜੋ ਇਨਕਲਾਬੀ ਗਦਰੀਆਂ ਦੀ ਸੋਚ ਨੂੰ ਪ੍ਰਣਾਏ ਲੋਕਾਂ ਦਾ ਮੱਕਾ ਕਿਹਾ ਜਾਂਦਾ ਹੈ, ਵਿਚ ਗਦਰੀਆਂ ਨੂੰ ਯਾਦ ਕਰਵਾਏ ਜਾਂਦੇ ਮੇਲੇ ਦਾ ਨੌਵਾਂ ਮੇਲਾ ਬੀਬੀ ਗੁਲਾਬ ਕੌਰ ਨੂੰ ਸਮਰਪਿਤ ਸੀ। ਉਸ ਮੇਲੇ ਵਿਚ ਪਿੰਡ ਬਖਸ਼ੀਵਾਲਾ ਦੀ ਪੰਚਾਇਤ ਨੂੰ ਸਨਮਾਨਤ ਕੀਤਾ ਗਿਆ ਸੀ। ਉਸ ਸਮੇਂ ਦੇ ਸਰਪੰਚ ਕਿਹਰ ਸਿੰਘ ਨੇ ਗਦਰੀਆਂ ਨੂੰ ਸਜਦਾ ਕਰਦਿਆਂ ਇਹ ਸਨਮਾਨ ਪੱਤਰ ਕਬੂਲ ਕੀਤਾ ਸੀ।

###


# ਅਮਰਜੀਤ ਦੁੱਲਤ ਤੇ ਨਰਿੰਦਰ ਮੋਦੀ ਦਾ ਵਾਜਪਾਈ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਸ਼ਾਸਨ ਕਾਲ ਵਿਚ ਲੰਮੇ ਸਮੇਂ ਤੋਂ ਬੀਮਾਰ ਪਏ ਸਾਬਕਾ ਪ੍ਰਧਾਨ ਮੰਤਰੀ ਅਟੱਲ ਬਿਹਾਰੀ



ਅਮਰਜੀਤ ਸਿੰਘ ਦੁੱਲਤ

ਵਾਜਪਾਈ ਦਾ ਅਗਸਤ 2018 ਵਿਚ ਉਸ ਦੇ ਅਕਾਲ ਚਲਾਣੇ ਤੱਕ ਕੋਈ ਗੁਣ-ਗਾਇਨ ਨਹੀਂ ਕੀਤਾ। ਹੁਣ ਜਦੋਂ ਉਨ੍ਹਾਂ ਦਾ ਇੰਤਕਾਲ ਹੋਇਆਂ 4 ਮਹੀਨੇ ਹੋ ਗਏ ਹਨ ਤਾਂ ਉਨ੍ਹਾਂ ਦੇ ਨਾਂ ਉਤੇ 100 ਰੁਪਏ ਦਾ ਸਿੱਕਾ ਜਾਰੀ ਕਰਕੇ ਆਪਣੀ ਸਵੈਸਿਰਜੀ ਭੁੱਲ ਬਖਸ਼ਾਉਣ ਦਾ ਯਤਨ ਕੀਤਾ ਹੈ। ਇਹ ਸਿੱਕਾ ਵਾਜਪਾਈ ਦੇ 94ਵੇਂ ਜਨਮ ਦਿਨ ਦੇ ਪ੍ਰਸੰਗ ਵਿਚ ਜਾਰੀ ਕਰਦਿਆਂ ਵਾਜਪਾਈ ਲਈ 'ਲੋਕਤੰਤਰ ਦਾ ਰਾਖਾ' ਆਦਿ ਉਚ ਦੁਮਾਲੜੇ ਸ਼ਬਦ ਵੀ ਵਰਤੇ ਹਨ।

ਮੀਡੀਆ ਵਿਚ ਇਸ ਖਬਰ ਦੇ ਪ੍ਰਕਾਸ਼ਿਤ ਹੋਣ ਸਮੇਂ ਮੈਂ ਲੰਮਾ ਸਮਾਂ ਪ੍ਰਧਾਨ ਮੰਤਰੀ ਵਾਜਪਾਈ ਦੇ ਸ਼ਾਸਨ ਕਾਲ ਵਿਚ ਭਾਰਤ ਦੀ ਖੁਫੀਆ ਏਜੰਸੀ ਰਿਸਰਚ ਐਂਡ ਐਨੇਲਿਸਿਜ਼ ਵਿੰਗ (ਰਾਅ) ਦੇ ਮੁਖੀ ਰਹੇ ਅਮਰਜੀਤ ਸਿੰਘ ਦੁੱਲਤ ਦੀ ਪੁਸਤਕ 'ਕਸ਼ਮੀਰ ਦੀ ਦਾਸਤਾਨ' (ਯੂਨੀਸਟਾਰ ਬੁਕਸ, ਮੋਹਾਲੀ, ਪੰਨੇ 430, ਮੁਲ 395 ਰੁਪਏ) ਪੜ੍ਹ ਰਿਹਾ ਸਾਂ, ਜਿਸ ਵਿਚ ਵਾਜਪਾਈ ਦੀ ਕਸ਼ਮੀਰ ਮਸਲੇ ਪ੍ਰਤੀ ਪਹੁੰਚ ਦਾ ਵਿਸਥਾਰ ਵਿਚ ਜ਼ਿਕਰ ਹੈ। ਦੁੱਲਤ ਨੇ ਨੇੜਿਓਂ ਤੱਕੇ ਵਾਜਪਾਈ ਦੀ ਸਵੈਵਿਸ਼ਵਾਸ ਪਹੁੰਚ, ਦ੍ਰਿਸ਼ਟੀ ਅਤੇ ਕੌਮਪ੍ਰਸਤੀ ਉਤੇ ਨਿਰਪੱਖ ਮੋਹਰ ਲਾਉਂਦਿਆਂ ਲਿਖਿਆ ਹੈ ਕਿ ਉਹ ਕਸ਼ਮੀਰ ਦੇ ਮਸਲੇ ਨੂੰ ਸੱਚੇ-ਸੁੱਚੇ ਦਿਲੋਂ ਸੁਲਝਾਉਣ ਦੇ ਹੱਕ ਵਿਚ ਸਨ। ਵਾਜਪਾਈ ਦੀ ਦਿੱਲੀ-ਲਾਹੌਰ ਬੱਸ ਯਾਤਰਾ ਤੇ ਇਸ ਯਾਤਰਾ ਦਾ ਉਸ ਵੇਲੇ ਦੇ ਪਾਕਿਸਤਾਨੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਵਲੋਂ ਨਿੱਘਾ ਸਵਾਗਤ ਵੀ ਇਸ ਧਾਰਨਾ ਉਤੇ ਮੋਹਰ ਲਾਉਂਦਾ ਹੈ।

ਇਹ ਗੱਲ ਵੱਖਰੀ ਹੈ ਕਿ ਉਸ ਵੇਲੇ ਦੇ ਪਾਕਿਸਤਾਨ ਦੇ ਸੈਨਾ ਮੁਖੀ ਪਰਵੇਜ਼ ਮੁਸ਼ੱਰਫ ਦੇ ਮਨ ਵਿਚ 1971 ਦੀ ਭਾਰਤ-ਪਾਕਿਸਤਾਨ ਜੰਗ ਸਮੇਂ ਭਾਰਤ ਸਰਕਾਰ ਵਲੋਂ ਬੰਗਲਾ ਦੇਸ਼ ਦੀ ਮੁਕਤੀ ਵਾਹਿਨੀ ਦਾ ਸਮਰਥਨ ਕਰਕੇ ਪਾਕਿਸਤਾਨ ਦੇ ਇੱਕ ਵੱਡੇ ਟੁਕੜੇ ਬੰਗਲਾ ਦੇਸ਼ ਨੂੰ ਸੁਤੰਤਰ ਹੋਣ ਵਿਚ ਨਿਭਾਈ ਭੂਮਿਕਾ ਦਾ ਬਹੁਤ ਗੁੱਸਾ ਸੀ। ਇਸ ਗੁੱਸੇ ਕਾਰਨ ਮੁਸ਼ਰਫ ਨੇ ਨਵਾਜ਼ ਸ਼ਰੀਫ ਨੂੰ ਬਰਤਰਫ ਕਰਕੇ ਸਾਊਦੀ ਅਰਬ 'ਚ ਪਨਾਹ ਲੈਣ ਲਈ ਹੀ ਮਜਬੂਰ ਨਹੀਂ ਸੀ ਕੀਤਾ, ਭਾਰਤ ਨਾਲ ਕਾਰਗਿਲ ਦੀ ਜੰਗ ਰਚਾ ਕੇ ਮੂੰਹ ਦੀ ਖਾਣ ਵੱਲ ਵੀ ਧੱਕਿਆ। ਇਸ ਜੰਗ ਨੇ ਮੁਸ਼ੱਰਫ ਨੂੰ ਭਲੀ ਭਾਂਤ ਜਤਾ ਦਿੱਤਾ ਕਿ ਪਾਕਿਸਤਾਨੀ ਸੈਨਾ ਕਿਸੇ ਪੱਖੋਂ ਵੀ ਭਾਰਤ ਨਾਲ ਆਢਾ ਲੈਣ ਦੇ ਯੋਗ ਨਹੀਂ।

ਦੂਜੇ ਪਾਸੇ ਮੁਸ਼ੱਰਫ ਤੇ ਡਾ. ਮਨਮੋਹਨ ਸਿੰਘ ਦੀ ਸਰਕਾਰ ਭਾਰਤ-ਪਾਕਿਸਤਾਨ ਦੋਸਤੀ ਚਾਹੁੰਦੀ ਹੋਈ ਵੀ ਇਸ ਪਾਸੇ ਪੁਖਤਾ ਕਦਮ ਨਹੀਂ ਸੀ ਚੁੱਕ ਸਕੀ। ਦੁੱਲਤ ਇਸ ਵਰਤਾਰੇ ਨੂੰ ਮੰਦਭਾਗਾ ਤੇ ਦੁਖਦਾਈ ਕਹਿੰਦਾ ਹੈ। ਇਸ ਲਈ ਵੀ ਕਿ




ਅਜਿਹੀ ਜੰਗ ਦੋਹਾਂ ਦੇਸ਼ਾਂ ਲਈ ਭਿਅੰਕਰ ਤਬਾਹੀ ਦਾ ਕੇਂਦਰ ਬਿੰਦੂ ਬਣ ਸਕਦੀ ਹੈ।

ਇਸ ਪੁਸਤਕ ਵਿਚ ਮੋਦੀ ਵਲੋਂ ਨਹਿਰੂ ਪਰਿਵਾਰ ਦੀ ਲਗਾਤਾਰ ਨਿੰਦਾ ਦੇ ਟਾਕਰੇ ਉਤੇ ਵਾਜਪਾਈ ਦੀ ਪਹੁੰਚ ਇਸ ਦੇ ਉਲਟ ਦਰਸਾਈ ਗਈ ਹੈ। ਦੁੱਲਤ ਅਨੁਸਾਰ ਪੰਡਿਤ ਨਹਿਰੂ ਤੋਂ ਪਿੱਛੋਂ ਕੇਵਲ ਇੱਕੋ ਇੱਕ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ ਸੀ, ਜਿਸ ਨੇ ਆਪਣੇ ਆਪ ਨੂੰ ਨਹਿਰੂ ਮਾਡਲ ਉਤੇ ਢਾਲਣ ਦਾ ਯਤਨ ਕੀਤਾ। ਉਸ ਨੇ ਭਾਰਤ-ਪਾਕਿਸਤਾਨ ਸੰਵਾਦ ਰਚਾਇਆ ਤੇ ਇਸ ਨੂੰ ਜਾਰੀ ਰੱਖਣ ਵਿਚ ਕੋਈ ਕਸਰ ਨਹੀਂ ਛੱਡੀ। ਮੋਦੀ ਸਰਕਾਰ ਵਲੋਂ ਜਾਰੀ ਕੀਤੇ ਵਾਜਪਾਈ ਦੇ ਸਿੱਕੇ ਵਿਚ ਕੋਈ ਖੋਟ ਹੈ ਜਾਂ ਨਹੀਂ, ਵਾਜਪਾਈ ਦੇ ਸ਼ਾਸਨ ਕਾਲ ਵਿਚ ਰਾਅ ਦਾ ਮੁਖੀ ਰਹੇ ਤੇ ਉਸ ਤੋਂ ਪਿੱਛੋਂ ਕਸ਼ਮੀਰ ਮਸਲਿਆਂ ਦੇ ਸਲਾਹਕਾਰ ਰਹੇ ਦੁੱਲਤ ਦੀ ਧਾਰਨਾ ਵਿਚ ਉੱਕਾ ਹੀ ਕੋਈ ਖੋਟ ਨਹੀਂ।

ਦੁੱਲਤ ਦੀ ਇਸ ਰਚਨਾ ਤੋਂ ਸੇਧ ਲੈ ਕੇ ਕਸ਼ਮੀਰ ਦਾ ਮਸਲਾ ਹਾਲੀ ਵੀ ਸੁਲਝਾਇਆ ਜਾ ਸਕਦਾ ਹੈ, ਪਰ ਮੋਦੀ ਨੂੰ ਕੌਣ ਸਮਝਾਵੇ, ਜੋ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਵੀ ਅਪਨਾਉਣ ਤੋਂ ਝਿਜਕ ਰਿਹਾ ਹੈ। ਪੁਸਤਕ ਅੰਗਰੇਜ਼ੀ ਵਿਚ ਹੈ ਪਰ ਇਸ ਦਾ ਅਨੁਵਾਦ ਅਰਵਿੰਦਰ ਜੌਹਲ ਨੇ ਕੀਤਾ ਹੈ, ਜਿਸ ਦੀ ਰਵਾਨੀ ਮੂਲ ਰਚਨਾ ਦੇ ਹਾਣ ਦੀ ਹੈ। ਪੜ੍ਹੋ ਤੇ ਮਾਣੋ।

**ਮੇਰੀ ਸੱਜਰੀ ਪ੍ਰੀਤ ਨਗਰ ਫੇਰੀ:** ਪਿਛਲੇ ਦਿਨਾਂ ਵਿਚ ਮੈਨੂੰ ਆਪਣੀ ਜਵਾਨੀ ਦੇ ਮੱਕੇ ਪ੍ਰੀਤ ਨਗਰ ਜਾਣ ਦਾ ਮੌਕਾ ਮਿਲਿਆ। ਮੇਰੀ ਇਹ ਫੇਰੀ ਗੁਰਬਖਸ਼ ਸਿੰਘ-ਨਾਨਕ ਸਿੰਘ ਫਾਊਂਡੇਸ਼ਨ ਦੀ ਸਥਾਪਨਾ ਤੋਂ ਪਿੱਛੋਂ ਪਹਿਲੀ ਸੀ। ਇਹ ਵੇਖ ਕੇ ਬੜੀ ਤਸੱਲੀ ਹੋਈ ਕਿ ਫਾਊਂਡੇਸ਼ਨ ਵਲੋਂ ਓਪਨ ਏਅਰ ਥੀਏਟਰ (ਖੁੱਲ੍ਹੇ ਮੰਚ) ਦੇ ਪ੍ਰਵੇਸ਼ ਦੁਆਰ ਉਤੇ ਲੱਗੀਆਂ ਤਸਵੀਰਾਂ ਵਿਚ ਕੇਵਲ ਟੈਗੋਰ ਦੇ ਸ਼ਾਂਤੀ ਨਿਕੇਤਨ ਦਾ ਪ੍ਰਤੀਨਿਧ ਤੇ ਨੋਰਾ ਰਿਚਰਡ ਹੀ, ਕ੍ਰਮਵਾਰ 1941 ਦੇ ਮਈ ਤੇ ਦਸੰਬਰ ਮਹੀਨੇ ਪ੍ਰੀਤਨਗਰ ਨਹੀਂ ਗਏ, ਸਗੋਂ 1942 ਦੇ ਮਈ ਮਹੀਨੇ ਪੰਡਿਤ ਜਵਾਹਰ ਲਾਲ ਨਹਿਰੂ ਵੀ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਏਸ ਸੁਪਨ ਨਗਰੀ ਵਿਚ ਪਧਾਰੇ ਸਨ।

ਇਹ ਵੀ ਪਤਾ ਲੱਗਾ ਕਿ ਸਾਹਿਰ ਲੁਧਿਆਣਵੀ ਦੀ ਪ੍ਰਸਿੱਧ ਰਚਨਾ 'ਤਲਖੀਆਂ' ਦੀ ਘੁੰਡ ਚੁਕਾਈ ਵੀ ਇਸ ਥਾਂ ਹੀ ਹੋਈ ਸੀ। ਇਹ ਵੀ ਖੁਸ਼ੀ ਦੀ ਗੱਲ ਹੈ ਕਿ ਗੁਰਬਖਸ਼ ਸਿੰਘ ਦੀ ਧੀ ਉਮਾ (ਬਲੋਚ) 92 ਵਰ੍ਹੇ ਦੀ ਹੋਣ 'ਤੇ ਵੀ ਨੌਂ ਬਰ ਨੌਂ ਹੈ। ਉਸ ਦਾ ਜਨਮ (27 ਜੁਲਾਈ 1927) ਖੇਨਈ ਬੋਲਚਿਸਤਾਨ ਦਾ ਹੈ, ਜਿਥੇ ਉਨ੍ਹਾਂ ਦੇ ਦਾਰ ਜੀ (ਪਿਤਾ) ਬਤੌਰ ਰੇਲਵੇ ਇੰਜੀਨੀਅਰ ਤਾਇਨਾਤ ਸਨ।

**ਅੰਤਿਕਾ:**

*ਸਾਹਿਰ ਲੁਧਿਆਣਵੀ ਦਾ 'ਤਾਜ ਮਹਲ'*

ਮੇਰੀ ਮਹਿਬੂਬ!
ਕਹੀਂ ਔਰ ਮਿਲਾ ਕਰ ਮੁਝ ਸੇ
ਯੇ ਮੁਨਕਸ਼ ਦਰ-ਓ-ਦੀਵਾਰ
ਯੇ ਮਹਿਰਾਬ, ਯੇ ਤਾਕ
ਯੇ ਚਮਨਜ਼ਾਰ,
ਯੇ ਜਮਨਾ ਕਾ ਕਿਨਾਰਾ, ਯੇ ਮਹਲ
ਇੱਕ ਸ਼ਹਿਨਸ਼ਾਹ ਨੇ
ਦੌਲਤ ਕਾ ਸਹਾਰਾ ਲੇ ਕਰ
ਹਮ ਗਰੀਬੋਂ ਕੀ ਮੁਹੱਬਤ ਕਾ
ਉੜਾਇਆ ਹੈ ਮਜ਼ਾਕ
ਮੇਰੀ ਮਹਿਬੂਬ!
ਕਹੀਂ ਔਰ ਮਿਲਾ ਕਰ ਮੁਝ ਸੇ।

## ਵਰ੍ਹੀਨੇ ਸਮੇਂ ਯਾਦ ਕਰਦਿਆਂ!

# ਅਫਜ਼ਲ ਤੌਸੀਫ: ਸੰਤਾਲੀ ਦੀ ਕਾਲੀ ਲਕੀਰ ਤੋਂ ਨਾਬਰ ਪੰਜਾਬਣ

*30 ਦਸੰਬਰ ਨੂੰ ਉਘੀ ਕਹਾਣੀਕਾਰ ਅਫਜ਼ਲ ਤੌਸੀਫ ਨੂੰ ਇਸ ਸੰਸਾਰ ਤੋਂ ਗਿਆਂ ਚਾਰ ਸਾਲ ਹੋ ਗਏ ਹਨ। ਉਹਦਾ ਜੱਦੀ ਪਿੰਡ ਸਿੰਬਲੀ (ਨੇੜੇ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ) ਹੈ। ਸੰਤਾਲੀ ਦੇ ਫਸਾਦਾਂ ਵੇਲੇ ਉਹਦੇ ਟੱਬਰ ਦੇ 12 ਜੀਅ ਕਤਲ ਕਰ ਦਿੱਤੇ ਗਏ ਸਨ, ਕੁਝ ਕੁੜੀਆਂ ਨੇ ਖੂਹ ਵਿਚ ਛਾਲ ਮਾਰ ਕੇ ਇੱਜਤ ਬਚਾਈ ਅਤੇ ਦੋ ਨੂੰ ਧਾੜਵੀ ਅਗਵਾ ਕਰਕੇ ਲੈ ਗਏ। ਉਦੋਂ ਗਿਆਰਾਂ ਵਰ੍ਹਿਆਂ ਦੀ ਅਫਜ਼ਲ ਤੌਸੀਫ ਆਪਣੇ ਨਾਨਕੇ ਪਿੰਡ ਹੋਣ ਕਰਕੇ ਬਚ ਗਈ ਪਰ ਇਸ ਸਾਕੇ ਦਾ ਅਸਰ ਉਸ ਉਤੇ ਸਾਰੀ ਉਮਰ ਰਿਹਾ। ਪਿਛਲੇ ਅੰਕ ਵਿਚ ਪਾਠਕ ਕਹਾਣੀਕਾਰ ਅਜਮੇਰ ਸਿੱਧੂ ਦਾ ਅਫਜ਼ਲ ਤੌਸੀਫ ਬਾਰੇ ਲੇਖ ਪੜ੍ਹ ਚੁਕੇ ਹਨ। ਤੌਸੀਫ ਦੇ ਦਰਦ ਨੂੰ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ ਇਸ ਲੇਖ ਵਿਚ ਹੋਰ ਤਫਸੀਲ ਦਿੱਤੀ ਹੈ। -ਸੰਪਾਦਕ*

ਅਫਜ਼ਲ ਤੌਸੀਫ ਦਾ ਜ਼ਿਕਰ ਇਧਰਲੇ, ਚੜ੍ਹਦੇ ਪੰਜਾਬ ਵਿਚ ਆਮ ਕਰਕੇ 'ਲਹਿੰਦੇ ਪੰਜਾਬ ਦੀ ਪ੍ਰਸਿੱਧ ਲੇਖਿਕਾ' ਵਜੋਂ ਕੀਤਾ ਜਾਂਦਾ ਹੈ। ਇਹ ਕਹਿਣਾ ਇਸ ਪੱਖੋਂ ਤਾਂ ਠੀਕ ਹੈ ਕਿ ਆਜ਼ਾਦੀ ਆਉਣ ਦੇ ਨਾਲ ਹੀ ਪੰਜਾਬ ਦੀ ਹਿੱਕ ਨੂੰ ਚੀਰਦੀ ਜਿਹੜੀ ਕਾਲੀ ਲਕੀਰ ਸਰਹੱਦ ਦੇ ਰੂਪ ਵਿਚ ਲੱਖਾਂ ਲੋਕਾਂ ਦੀ ਮੌਤ ਤੇ ਕਰੋੜਾਂ ਲੋਕਾਂ ਦਾ ਉਜਾੜਾ ਬਣ ਕੇ ਲੰਘੀ, ਤੌਸੀਫ ਉਸ ਲਕੀਰ ਦੇ ਦੂਜੇ, ਲਹਿੰਦੇ ਵਾਲੇ ਪਾਸੇ ਰਹਿੰਦੀ ਸੀ। ਪਰ ਇਹ ਲਫਜ਼ ਉਹਦੇ ਮਿਜਾਜ਼ ਦੀ, ਉਹਦੇ ਸੁਭਾਅ ਦੀ, ਉਹਦੇ ਮਨ ਦੀ ਤਰਜਮਾਨੀ ਨਹੀਂ ਕਰਦੇ। ਉਹ ਸਾਰੀ ਉਮਰ ਕਈ ਘਰਾਂ ਵਿਚ ਰਹਿੰਦਿਆਂ ਬੇਘਰੀ, ਕਈ ਨਗਰਾਂ ਵਿਚ ਟਿਕਦਿਆਂ ਬੇਨਗਰੀ ਅਤੇ ਪਾਕਿਸਤਾਨ ਨਾਂ ਦੇ ਉਹਦੀ ਝੋਲੀ ਪਾਏ ਗਏ ਨਵੇਂ ਵਤਨ ਦੇ ਹੁੰਦਿਆਂ ਬੇਵਤਨੀ ਹੀ ਰਹੀ। ਇਸੇ ਕਰਕੇ ਉਹਨੇ ਆਪਣੀ

**ਗੁਰਬਚਨ ਸਿੰਘ ਭੁੱਲਰ**
ਫੋਨ:+1142502364
E-mail: bhullargs@gmail.com

ਸਵੈਜੀਵਨੀ ਦਾ ਨਾਂ 'ਮਨ ਦੀਆਂ ਬਸਤੀਆਂ' ਰੱਖਿਆ।

ਅਫਜ਼ਲ ਤੌਸੀਫ ਕਿਹਾ ਕਰਦੀ ਸੀ, "ਮੈਂ ਤਾਂ ਆਪਣੇ ਮਨ ਵਿਚ ਵਸਦੀ ਹਾਂ, ਮੈਨੂੰ ਸਕੂਨ ਆਪਣੇ ਮਨ ਦੀ ਕੋਠੜੀ 'ਚ ਪਹੁੰਚ ਕੇ ਹੀ ਮਿਲਦਾ ਹੈ। ਇਸ ਧਰਤੀ ਉਤੇ ਮੇਰੀ ਕੋਈ ਬਸਤੀ ਨਹੀਂ। ਮੇਰੀਆਂ ਬਸਤੀਆਂ ਮੇਰੇ ਮਨ ਵਿਚ ਹਨ, ਜੋ ਮੁੜ ਮੁੜ ਉਜੜਦੀਆਂ ਤੇ ਮੁੜ ਮੁੜ ਵਸਦੀਆਂ ਰਹੀਆਂ ਹਨ! ਇਹ ਦੇਸ਼, ਇਹ ਨਗਰ-ਸ਼ਹਿਰ, ਇਹ ਘਰ, ਇਨ੍ਹਾਂ ਸਭਨਾਂ ਦੀ ਤਾਂ ਮੈਂ ਕਿਰਾਏਦਾਰ ਹਾਂ!"

ਇਧਰ ਉਹਦਾ ਸਾਰਾ ਪਰਿਵਾਰ ਕਤਲ ਹੋਇਆ ਹੋਣ ਦੇ ਬਾਵਜੂਦ ਉਹਨੇ ਚੜ੍ਹਦੇ ਪੰਜਾਬ ਦੇ ਲੋਕਾਂ ਨਾਲ ਰੱਤੀ ਭਰ ਵੀ ਦੁਸ਼ਮਣੀ ਜਾਂ ਨਫਰਤ ਮਹਿਸੂਸ ਨਹੀਂ ਸੀ ਕੀਤੀ। ਉਹ ਕਾਤਲਾਂ ਨੂੰ ਆਮ ਲੋਕਾਂ ਨਾਲੋਂ ਨਿਖੇੜ ਕੇ ਦੇਖਣ ਦੇ ਸਮਰੱਥ ਸੀ। ਉਹ ਫੈਜ਼, ਮੰਟੋ, ਕ੍ਰਿਸ਼ਨ ਚੰਦਰ ਅਤੇ ਸਾਹਨੀ ਭਰਾਵਾਂ-ਬਲਰਾਜ ਤੇ ਭੀਸ਼ਮ ਵਰਗੇ ਉਨ੍ਹਾਂ ਅਣਗਿਣਤ ਪੰਜਾਬੀਆਂ ਵਿਚੋਂ ਸੀ, ਜੋ ਮਰਨੀ ਮਰ ਗਏ ਪਰ ਜਿਨ੍ਹਾਂ ਨੇ ਇਹ ਕਾਲੀ ਮਨਹੂਸ ਲਕੀਰ ਕਦੀ ਪ੍ਰਵਾਨ ਨਾ ਕੀਤੀ। ਉਹ ਲਕੀਰ ਨੂੰ ਦੋਹਾਂ ਪੈਰਾਂ ਹੇਠ ਮਿੱਧ ਕੇ ਸਾਂਝੇ ਅਣਵੰਡੇ ਪੰਜਾਬ ਦੇ ਵਿਚਕਾਰ ਖਲੋਤੀ ਬੁਲੰਦ-ਕੱਦ ਨਾਬਰ ਪੰਜਾਬਣ ਸੀ। ਸੰਤਾਲੀ ਦੇ ਘੱਲੂਘਾਰੇ ਮਗਰੋਂ ਜੀਵੇ ਸਤਾਹਠ ਸਾਲਾਂ ਵਿਚ ਉਹ ਸਮੁੱਚੇ, ਅਣਵੰਡੇ ਪੰਜਾਬ ਦੀ ਵਸਨੀਕ ਹੀ ਬਣੀ ਰਹੀ।

ਉਸ ਵਿਚੋਂ ਟਕਸਾਲੀ ਪੰਜਾਬਣ, ਹਮਦਰਦ, ਮੋਹਵੰਤੀ ਤੇ ਜੁਝਾਰੂ ਪੰਜਾਬਣ ਦੇ ਦਰਸ਼ਨ ਹੁੰਦੇ ਸਨ। ਇਕ ਵਾਰ ਮੈਂ ਉਹਨੂੰ ਲੰਮੀ ਮੁਲਾਕਾਤ ਲਈ ਮਿਲਿਆ ਤਾਂ ਉਹਦੀਆਂ ਗੱਲਾਂ ਵਿਚੋਂ, ਉਹਦੇ ਜਵਾਬਾਂ ਵਿਚੋਂ ਅਜਿਹਾ ਕੋਈ ਝਾਉਲਾ ਵੀ ਨਹੀਂ ਸੀ ਪਿਆ ਕਿ ਇਹ ਕਿਸੇ ਦੂਜੇ ਦੇਸ਼ੋਂ ਆਈ ਹੋਈ ਲੇਖਿਕਾ ਹੈ। ਉਹ ਇਧਰਲੇ ਪੰਜਾਬ ਦੀਆਂ ਗੱਲਾਂ, ਆਪਣੇ ਪਿੰਡ, ਜ਼ਿਲਾ ਹੁਸ਼ਿਆਰਪੁਰ ਦੇ ਸਿੰਬਲੀ ਅਤੇ ਆਪਣੇ ਨਾਨਕੇ, ਜ਼ਿਲਾ ਲੁਧਿਆਣਾ ਦੇ ਪਿੰਡ ਕੂਮ ਖੁਰਦ ਦੀਆਂ ਗੱਲਾਂ, ਇਧਰ ਸਭ ਕੁਝ ਲੁਟਾਇਆ ਹੋਣ ਦੇ ਬਾਵਜੂਦ ਆਪਣਿਆਂ ਵਾਂਗ ਕਰ ਰਹੀ ਸੀ। ਦੇਸ਼-ਵੰਡ ਦੇ ਝੱਖੜ ਨੇ ਦਸ-ਗਿਆਰਾਂ ਸਾਲ ਦੀ ਬਾਲੜੀ ਉਮਰੇ ਲਹਿੰਦੇ ਪੰਜਾਬ ਦੀ ਓਪਰੀ ਧਰਤੀ ਉਤੇ ਸੁੱਟ ਕੇ ਉਹਨੂੰ ਬਹੁਤ ਸਮਝਾਇਆ ਕਿ ਇਹ ਤੇਰਾ ਆਪਣਾ ਨਵਾਂ-ਨਕੋਰ ਦੇਸ਼ ਹੈ, ਪਾਕਿਸਤਾਨ ਜਿਸ ਦਾ ਨਾਂ ਹੈ। ਪਰ ਨਵਾਂ ਖਿਡੌਣਾ ਲੈਣ ਤੋਂ ਨਾਂਹ ਕਰ ਕੇ ਸਿਰ ਮਾਰਦਿਆਂ ਹੱਥੋਂ ਖੋਹ ਵਗਾਹਿਆ ਪੁਰਾਣਾ ਖਿਡੌਣਾ ਹੀ ਲੈਣ ਦੀ ਜ਼ਿਦ ਵਿਚ ਅੱਡੀਆਂ ਰਗੜਦੀ ਬਾਲੜੀ ਵਾਂਗ ਅਫਜ਼ਲ ਤੌਸੀਫ ਉਹਨੂੰ ਦਿੱਤੇ ਗਏ ਪਸ਼ੌਰ-ਲਾਹੌਰ ਲੈਣ ਤੋਂ ਸਾਰੀ ਉਮਰ ਇਨਕਾਰੀ ਰਹੀ। ਉਹ ਬਾਲੜੀ ਉਮਰ ਤੋਂ ਅੰਤਲੇ ਸਾਹ ਤੱਕ ਆਪਣੇ ਇਕੋ ਬਾਲ-ਹਠ 'ਤੇ ਅੜੀ ਰਹੀ, "ਮੈਨੂੰ ਮੇਰੀ ਸਿੰਬਲੀ ਦਿਉ...ਮੈਨੂੰ ਮੇਰਾ ਕੂਮ ਦਿਉ! ਲਹਿੰਦਾ-ਚੜ੍ਹਦਾ ਕੋਈ ਨਹੀਂ, ਪੰਜਾਬ ਇਕੋ ਹੈ, ਸਾਲਮ-ਸਾਬਤ, ਤੇ ਉਹ ਪੂਰੇ ਦਾ ਪੂਰਾ ਮੇਰਾ ਹੈ!"

ਮੈਂ ਉਹਦੀ ਇਸ ਸੋਚ ਬਾਰੇ ਪੁੱਛਿਆ ਤਾਂ ਉਹਦਾ ਕਹਿਣਾ ਸੀ, "ਇਧਰਲਾ ਪਾਸਾ ਮੇਰੇ ਲਈ ਦੂਜਾ ਪਾਸਾ ਕਿਵੇਂ ਹੋਵੇ, ਓਪਰਾ ਪਾਸਾ ਕਿਵੇਂ ਹੋਵੇ, ਜੋ ਅੰਮ੍ਰਿਤਾ ਦਾ ਵਸੇਬਾ ਹੈ, ਭੁੱਲਰ ਭਰਾ ਤੁਹਾਡਾ ਵਸੇਬਾ ਹੈ, ਕ੍ਰਿਸ਼ਨ ਤੇ ਬੇਦੀ ਅਤੇ ਹੋਰ ਅਜਿਹੇ ਲੋਕਾਂ ਦਾ ਵਸੇਬਾ ਹੈ, ਜਿਹੜੇ ਤੁਸੀਂ ਸਾਰੇ ਮੇਰੇ ਹੰਝੂਆਂ ਨੂੰ ਵਗਣ ਲਈ ਆਪਣੀਆਂ ਅੱਖਾਂ ਦਿੰਦੇ ਹੋ, ਜੋ ਮਨ ਦੇ ਸੱਥਰ ਉਤੇ ਮੇਰੇ ਨਾਲ ਬੈਠ ਕੇ ਮੇਰੇ ਕਤਲ ਹੋਏ ਟੱਬਰ ਦੇ ਵੈਣ ਪਾਉਂਦੇ ਹੋ, ਜੋ ਮੇਰੇ ਟੱਬਰ ਦੇ ਕਾਤਲਾਂ ਨੂੰ ਮੈਥੋਂ ਵੱਧ ਨਫਰਤ ਕਰਦੇ ਹੋ, ਮੈਥੋਂ ਵੱਧ ਲਾਅਨਤਾਂ ਪਾਉਂਦੇ ਹੋ। ਉਹ ਸਭ, ਚਾਹੇ ਇਧਰ ਹੋਣ ਜਾਂ ਉਧਰ, ਚੜ੍ਹਦੇ ਪੰਜਾਬ ਵਾਲੇ ਕਹੇ ਜਾਣ ਜਾਂ ਲਹਿੰਦੇ ਪੰਜਾਬ ਵਾਲੇ, ਸਭ ਮੇਰੇ ਆਪਣੇ ਹਨ ਜੋ ਮੇਰੇ ਨਾਲ ਰਲ ਕੇ ਇਸ ਕਾਲੀ ਲਕੀਰ ਦਾ ਪਿੱਟ-ਸਿਆਪਾ ਕਰਦੇ ਹਨ! ਜਿਥੋਂ ਤੱਕ ਕਾਤਲਾਂ ਦਾ ਤਾਅਲੁਕ ਹੈ, ਉਹ ਬੇਦੋਸ਼ੇ ਮੁਸਲਮਾਨਾਂ ਨੂੰ ਮਾਰਨ-ਲੁੱਟਣ ਵਾਲੇ ਇਧਰਲੇ ਹੋਣ ਜਾਂ ਬੇਦੋਸ਼ੇ ਸਿੱਖਾਂ-ਹਿੰਦੂਆਂ ਨੂੰ ਮਾਰਨ-ਲੁੱਟਣ ਵਾਲੇ ਉਧਰਲੇ ਹੋਣ, ਉਹ ਸਭ ਮੇਰੇ ਅਸਲੀ ਮੁਜਰਿਮ ਹਨ। ਉਹ ਮੇਰੇ ਲਈ ਪੰਜਾਬੀ ਨਹੀਂ, ਪੰਜਾਬ ਦੇ ਨਾਂ ਉਤੇ ਕਲੰਕ ਹਨ। ਆਪਣੇ ਹੀ ਪੰਜਾਬੀਆਂ ਨੂੰ ਕਤਲ ਕਰਨ ਵਾਲੇ, ਆਪਣੀਆਂ ਧੀਆਂ-ਭੈਣਾਂ ਦੀ ਇੱਜਤ ਦੇ ਲੁਟੇਰੇ, ਆਪਣੇ ਗੁਆਂਢੀਆਂ ਦੀਆਂ ਜਾਇਦਾਦਾਂ ਦੇ ਡਾਕੂ! ਕਾਲੀ ਲਕੀਰ ਸਿਆਸਤਦਾਨਾਂ ਦੀ ਵਾਹੀ ਹੋਈ ਹੈ। ਅਸੀਂ ਤਾਂ ਅਦਬ ਤੇ ਕਲਚਰ ਦੇ ਲੋਕ ਹਾਂ। ਸਾਡੇ ਲਈ ਅਜਿਹੀਆਂ ਲਕੀਰਾਂ ਦਾ ਕੋਈ ਮਤਲਬ ਨਹੀਂ ਹੁੰਦਾ। ਅਸੀਂ ਸਭ ਪੰਜਾਬੀ ਅਦੀਬ ਇਕੋ ਸਾਂਝੀ ਪੰਜਾਬੀਅਤ ਦੇ ਨੁਮਾਇੰਦੇ ਹਾਂ, ਰਖਵਾਲੇ ਹਾਂ, ਝੰਡਾਬਰਦਾਰ ਹਾਂ, ਸਾਡੇ ਲਈ ਕੇਹੀਆਂ ਲਕੀਰਾਂ!"



ਅਫਜ਼ਲ ਤੌਸੀਫ

ਸਿੰਬਲੀ ਵਿਚ ਉਹਦਾ ਪਰਿਵਾਰ ਚੰਗਾ ਖਾਂਦਾ-ਪੀਂਦਾ, ਸਾਹਿਬ-ਏ-ਜਾਇਦਾਦ ਪਰਿਵਾਰ ਸੀ। ਤੀਹ ਘੁਮਾਂ ਭੋਇੰ ਸੀ। ਦਾਦਾ ਗੁਲਾਮ ਗੌਂਸ ਦੇ ਤਿੰਨ ਪੁੱਤਰ ਸਨ। ਅਫਜ਼ਲ ਤੌਸੀਫ ਉਨ੍ਹਾਂ ਵਿਚੋਂ ਛੋਟੇ ਮਹਿੰਦੀ ਖਾਂ ਦੀ ਧੀ ਸੀ, ਜੋ ਕੋਇਟੇ ਦਾ ਠਾਣੇਦਾਰ ਸੀ। ਕੁੜੀ ਜੰਮੀ ਨੂੰ 'ਵਿਹੜੇ ਪੱਥਰ ਡਿੱਗਿਆ' ਸਮਝਣ ਵਾਲੇ ਉਸ ਜ਼ਮਾਨੇ ਵਿਚ, ਉਹਦੇ ਦੱਸਣ ਅਨੁਸਾਰ ਦਾਈ ਝੰਡੋ ਨੇ 18 ਮਈ 1936 ਨੂੰ ਉਹਦੀ ਪੈਦਾਇਸ਼ ਦਾ ਐਲਾਨ 'ਹਾਹ! ਹਾਇਆ ਨੀ! ਕੁੜੀ ਜੰਮ ਪਈ!' ਆਖ ਕੇ ਕੀਤਾ ਸੀ। ਤਾਇਆਂ ਦੀਆਂ ਧੀਆਂ ਨਾਲ ਪਹਿਲਾਂ ਹੀ ਭਰੇ ਹੋਏ ਦਾਦਕੇ ਵਿਹੜੇ ਵਿਚ ਪਲੇਠੀ ਧੀ ਨੂੰ ਕੁੱਛੜ ਚੁੱਕ ਕੇ ਪੈਰ ਪਾਉਣਾ ਮਾਂ ਵਾਸਤੇ ਭੈੜਾ ਸ਼ਗਨ ਸੀ। ਪਰ ਇਸ ਸੋਗੀ ਮਾਹੌਲ ਵਿਚ ਇਕ ਜ਼ਨਾਨੀ ਬੜੀ ਖੁਸ਼ ਸੀ, ਇਕਲਾਪੇ ਦੀ ਮਾਰੀ ਹੋਈ ਇਕ ਬੇਔਲਾਦ ਵਿਧਵਾ ਮਾਮੀ! ਉਹਨੇ ਇਹਦੇ ਜੰਮਣ ਦਾ ਗੁੜ ਵੰਡਿਆ ਤੇ ਤਰਲਾ ਪਾ ਕੇ ਇਹਦੇ ਮਾਪਿਆਂ ਕੋਲੋਂ ਕੁੜੀ ਪਾਲਣ ਦਾ ਹੱਕ, ਜਿਸ ਨੂੰ ਅਫਜ਼ਲ 'ਪੋਤੜੇ ਧੋਣ ਦਾ ਹੱਕ' ਆਖਦੀ ਸੀ, ਮੰਗ ਲਿਆ। ਉਹ ਇਹਦੀ 'ਕਾਕੀ ਮਾਂ' ਬਣ ਗਈ।

ਇਹ ਸੱਤਾਂ ਸਾਲਾਂ ਦੀ ਸੀ ਜਦੋਂ ਬਦਕਿਸਮਤੀ ਨੂੰ ਕਾਕੀ ਮਾਂ ਵੀ ਅੱਲ੍ਹਾ ਨੂੰ ਪਿਆਰੀ ਹੋ ਗਈ। ਹੁਣ ਇਹਨੂੰ ਲੈ ਕੇ ਜਾਣਾ ਦਾਦਕਿਆਂ ਦੀ ਮਜਬੂਰੀ ਬਣ ਗਈ।

ਕਟਾ-ਵੱਢੀ ਵੇਲੇ ਸਬੱਬੀਂ ਉਹ ਮਾਂ ਜ਼ੁਬੈਦਾ ਬੀਬੀ ਨਾਲ ਨਾਨਕੀਂ ਕੂਮ ਖੁਰਦ ਮਿਲਣ ਗਈ ਹੋਈ ਸੀ ਜਦੋਂ ਉਹਦੇ ਦਾਦਕੇ ਘਰ ਸਿੰਬਲੀ ਮੌਤ ਦਾ ਕਹਿਰ ਟੁੱਟਿਆ। ਉਹ ਦੋਵੇਂ ਮਾਂ-ਧੀ ਬਚ ਕੇ ਕਾਫਲੇ ਨਾਲ ਲਾਹੌਰ ਜਾ ਪਹੁੰਚੀਆਂ। ਪਿਤਾ ਵਾਂਗ ਛੋਟਾ ਤਾਇਆ ਫਜ਼ਲ ਮੁਹੰਮਦ ਵੀ ਸਿੰਬਲੀ ਤੋਂ ਬਾਹਰ ਹੋਣ ਕਰਕੇ ਬਚ ਰਿਹਾ। ਵੱਡੇ ਪਰਿਵਾਰ ਵਿਚੋਂ ਬੱਸ ਇਹ ਚਾਰ ਜੀਅ ਸਨ ਜੋ ਬਚ ਕੇ ਪਾਕਿਸਤਾਨ ਦੀ ਓਪਰੀ ਧਰਤੀ ਉਤੇ ਪਹੁੰਚ ਸਕੇ। ਉਹਦੇ ਪਰਿਵਾਰ ਦੇ ਬਾਕੀ ਬਾਰਾਂ ਜੀਅ ਵੱਢ ਦਿੱਤੇ ਗਏ। ਤਾਏ ਦੀਆਂ ਦੋ ਧੀਆਂ ਅਗਵਾ ਕਰ ਲਈਆਂ ਗਈਆਂ। ਆਂਢ-ਗੁਆਂਢ ਦੀਆਂ ਕਈ ਕੁੜੀਆਂ ਖੂਹ ਵਿਚ ਛਾਲਾਂ ਮਾਰ ਗਈਆਂ। ਪਿੰਡ ਵਾਲਿਆਂ ਅਨੁਸਾਰ ਉਥੋਂ ਦੇ ਢਾਈ ਸੌ ਦੇ ਕਰੀਬ ਮੁਸਲਮਾਨ ਮਾਰ ਦਿੱਤੇ ਗਏ ਸਨ।

ਤਾਲੀਮ ਦੇ ਕੁੜੀਆਂ ਦੀ ਪਹੁੰਚ ਤੋਂ ਬਹੁਤ ਦੂਰ ਹੋਣ ਦੇ ਉਸ ਜ਼ਮਾਨੇ ਵਿਚ ਉਹਦੇ ਪ੍ਰੋਫੈਸਰ ਬਣਨ ਬਾਰੇ ਹੈਰਾਨੀ ਦੇ ਜਵਾਬ ਵਿਚ ਉਹ ਹੱਸੀ, "ਅਸੀਂ ਮਾਂ-ਧੀ ਦਾਦਕੀਂ ਪਹੁੰਚੀਆਂ ਤਾਂ ਦਾਦੇ ਦੀਆਂ ਹਦਾਇਤਾਂ ਵਿਚ ਇਹ ਤਾੜਨਾ ਵੀ ਸ਼ਾਮਲ ਸੀ, ਸੁਣ ਕੁੜੀਏ! ਤੂੰ ਸਾਡੀ ਕੁੜੀ ਨੂੰ ਕਿਤੇ ਪੜ੍ਹਨ ਵੱਲ ਨਾ ਪਾ ਦੇਈਂ! ਆਪਣੇ ਪੁੱਤਰ ਉਤੇ ਤਾਂ ਉਹਨੂੰ ਪੂਰਾ ਪੱਕ ਸੀ ਕਿ ਉਹ ਆਪਣੀ ਧੀ ਨੂੰ ਇਸ ਭੈੜੇ ਕੰਮ ਵਿਚ ਨਹੀਂ ਪਾਏਗਾ।" ਤਾਂ ਵੀ ਕੁਝ ਚਿਰ ਮਗਰੋਂ ਟੱਬਰ ਨੂੰ ਨੌਕਰੀ ਵਾਲੀ ਥਾਂ ਲਿਜਾ ਰਹੇ ਪੁੱਤਰ ਨੂੰ ਉਹਨੇ ਇਹ ਹਦਾਇਤ ਕਰ ਹੀ ਦਿੱਤੀ, "ਕਾਕਾ ਮਹਿੰਦੀ ਖਾਂ, ਵੇਖੀਂ ਸ਼ਹਿਰ ਜਾ ਕੇ ਸਾਡੀ ਕੁੜੀ ਨੂੰ ਕਿਤੇ ਸਕੂਲ-ਸਕਾਲ ਨਾ ਪਾ ਦੇਈਂ!" ਪਰ ਛੁਪਾ ਕੇ ਰੱਖੇ 'ਸੈਫਲ ਮਲੂਕ' ਤੇ 'ਸੋਹਣੀ ਮਹੀਂਵਾਲ' ਜਿਹੇ ਚਿੱਠੇ ਚੋਰੀਉਂ ਪੜ੍ਹਨ ਦੀ ਸ਼ੌਕੀਨ ਮਾਂ ਉਹਨੂੰ ਲੁਕ-ਛਿਪ ਕੇ ਅੱਖਰਾਂ ਦੀ ਸਿਆਣੂ ਤੇ ਗਿਣਤੀ-ਪਹਾੜਿਆਂ ਦੀ ਜਾਣੂ ਬਣਨ ਦੇ ਰਾਹ ਤੋਰ ਵੀ ਚੁੱਕੀ ਸੀ।

ਪਾਕਿਸਤਾਨ ਪਹੁੰਚ ਕੇ ਨਵੇਂ ਓਪਰੇ ਦੇਸ਼ ਵਿਚ ਪੈਰ ਲਾਉਣ ਦੀ ਕੋਸ਼ਿਸ਼ ਕਰਦਿਆਂ ਤੇ ਬਦਲੇ ਹੋਏ ਹਾਲਾਤ ਵਿਚ ਕੁੜੀਆਂ ਵਾਸਤੇ ਤਾਲੀਮ ਦੀ ਲੋੜ ਨੂੰ ਪਛਾਣਦਿਆਂ ਅੱਬਾ ਨੇ ਉਹਨੂੰ ਸਕੂਲ ਭਰਤੀ ਕਰਵਾ ਦਿੱਤਾ। ਉਹਨੇ ਉਰਦੂ ਤੇ ਅੰਗਰੇਜ਼ੀ ਦੀਆਂ ਦੋ ਐਮ. ਏ. ਕੀਤੀਆਂ ਅਤੇ ਲੰਮਾ ਸਮਾਂ ਕਾਲਜ ਲੈਕਚਰਾਰ ਵਜੋਂ ਕੰਮ ਕੀਤਾ। ਉਹਨੇ ਹਜ਼ਾਰਾਂ ਕੁੜੀਆਂ ਨੂੰ ਪੁਸਤਕਾਂ ਦੇ ਪਾਠ ਤੋਂ ਇਲਾਵਾ ਲੋਕ-ਹਿਤ ਨੂੰ ਜੀਵਨ-ਜਾਚ ਬਣਾਉਣ ਦਾ ਪਾਠ ਵੀ ਦ੍ਰਿੜ੍ਹ ਕਰਵਾਇਆ।

ਅਫਜ਼ਲ ਤੌਸੀਫ ਇਧਰ ਆਉਣ ਲੱਗੀ ਤਾਂ ਕੁਦਰਤੀ ਸੀ, ਉਹਦੇ ਮਨ ਵਿਚ ਆਉਂਦਾ ਕਿ ਆਪਣੀ ਜਨਮ-ਭੋਇੰ ਦੀ ਫੇਰੀ ਵੀ ਪਾਵੇ, ਪਰ ਹੌਸਲਾ ਨਹੀਂ ਸੀ ਪੈਂਦਾ। 1997 ਵਿਚ ਇਕ ਵਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾਕਟਰ ਸੋਚ ਨੇ ਉਹਦੇ ਜਾਣ ਦਾ ਪ੍ਰਬੰਧ ਵੀ ਕਰ ਦਿੱਤਾ ਤੇ ਸਾਥ ਲਈ ਉਨ੍ਹਾਂ ਦੀ ਪਤਨੀ ਵੀ ਜਾਣ ਲਈ ਤਿਆਰ ਹੋ ਗਈ। ਤੌਸੀਫ ਸਾਰੀ ਰਾਤ ਪਾਸੇ ਪਰਤਦੀ ਰਹੀ। ਉਜੜੇ ਘਰ ਦੇ ਵਿਹੜੇ ਵਿਚ ਉਹਨੂੰ ਅਜੇ ਵੀ ਆਪਣਿਆਂ ਦੀਆਂ ਲਾਸ਼ਾਂ ਪਈਆਂ ਦਿੱਸਣੀਆਂ ਸਨ। ਕੀ ਕਰੇਗੀ ਅੱਧੀ ਸਦੀ ਤੋਂ ਉਹਦੀ ਕਲਪਨਾ ਵਿਚ ਪਈਆਂ ਉਨ੍ਹਾਂ ਲਾਸ਼ਾਂ ਨੂੰ ਦੇਖ ਕੇ! ਸਵੇਰੇ ਉਹਨੇ ਜਾਣ ਤੋਂ ਨਾਂਹ ਕਰ ਦਿੱਤੀ।

ਸੰਨ 2000 ਵਿਚ ਉਹਨੇ ਸਵੈਜੀਵਨੀ 'ਮਨ ਦੀਆਂ ਬਸਤੀਆਂ' ਛਪਵਾਈ। ਆਪਣੇ ਦਿਲ ਦਾ ਸਾਰਾ ਦਰਦ ਉਹਨੇ ਉਹਦੇ ਸਫਿਆਂ ਉਤੇ ਡੋਲ੍ਹ ਦਿੱਤਾ। ਉਹਦੇ ਆਪਣੇ ਕਹਿਣ ਅਨੁਸਾਰ, "ਮੇਰੀ ਆਟੋਬਾਇਉਗਰਾਫੀ 'ਮਨ ਦੀਆਂ ਬਸਤੀਆਂ', ਤਿੰਨ ਸੌ ਸਫੇ ਦੀ ਇਹ ਕਿਤਾਬ ਮੇਰੀ ਕਹਾਣੀ, ਮੇਰੇ ਜੀਵਨ-ਵੇਰਵੇ, ਮੇਰੀ ਜੀਵਨੀ, ਮੇਰੀ ਦੁਨੀਆ ਬਾਰੇ ਬੜਾ ਕੁਝ ਦਸਦੀ ਏ।" ਇਹ ਕਿਤਾਬ ਲਿਖਣਾ ਉਹਦੇ ਲਈ ਅਣਆਈ ਮੌਤ ਮਾਰੇ ਗਏ ਆਪਣਿਆਂ ਦੀ ਅੰਤਿਮ ਰਸਮ ਸੀ, ਜਿਸ ਪਿੱਛੋਂ ਤਰਵੰਜਾ ਸਾਲ ਤੋਂ ਉਹਦੇ ਮਨ ਵਿਚ ਵਿਛਿਆ ਹੋਇਆ ਸੱਥਰ ਲਪੇਟਿਆ ਗਿਆ।

ਇਸ ਦੌਰਾਨ ਉਹਦਾ ਸੰਪਰਕ ਨਵਾਂ ਸ਼ਹਿਰ ਰਹਿੰਦੇ ਕਹਾਣੀਕਾਰ ਅਜਮੇਰ ਸਿੱਧੂ ਨਾਲ ਹੋ ਗਿਆ। ਨਵਾਂ ਸ਼ਹਿਰ ਤੋਂ ਸਿੰਬਲੀ ਦਾ ਫਾਸਲਾ ਕੁੱਲ ਛੇ ਕਿਲੋਮੀਟਰ ਹੈ ਜਿਸ ਸਦਕਾ ਉਹਨੇ ਅਫਜ਼ਲ ਤੌਸੀਫ ਨੂੰ ਭੂਆ ਬਣਾ ਲਿਆ। ਇਸ ਵਾਰ ਗੋਦ ਲੈ ਕੇ ਪੁੱਤਰ ਬਣਾਏ ਭਤੀਜੇ, 'ਦਿ ਪਾਕਿਸਤਾਨ ਟਾਈਮਜ਼' ਦੇ ਚੀਫ ਨਿਊਜ਼ ਐਡੀਟਰ, ਰਾਣਾ ਨਵੀਦ ਇਕਬਾਲ ਨਾਲ ਆਈ ਤਾਂ ਮਨ ਪੁਰਾਣੇ ਪਿੰਡ ਜਾਣ ਜੋਗਾ ਤਕੜਾ ਕਰ ਕੇ ਆਈ। ਅਜਮੇਰ ਦੇ ਦੱਸੇ ਤੋਂ ਉਸ ਤੋਂ ਖੋਹੇ ਗਏ ਉਹਦੇ ਪਿੰਡ ਦੇ ਲੋਕ ਉਹਨੂੰ ਬਾਂਹਾਂ ਖੋਲ੍ਹ ਕੇ ਉਡੀਕ ਰਹੇ ਸਨ। ਅਜਮੇਰ ਲਿਖਦਾ ਹੈ, "ਇਨ੍ਹਾਂ ਸਤਰਾਂ ਦਾ ਲੇਖਕ ਬੀਬੀ ਅਫਜ਼ਲ ਤੌਸੀਫ ਤੇ ਰਾਣਾ ਨਵੀਦ ਇਕਬਾਲ ਨੂੰ ਲੈ ਕੇ ਕਤਲੇਆਮ ਵਾਲੀ ਜਗ੍ਹਾ 'ਤੇ ਪੁੱਜਿਆ ਤਾਂ...ਖੰਡਰ ਬਣੀਆਂ ਇਮਾਰਤਾਂ ਦੇਖ ਕੇ ਉਸ ਨੇ ਹਉਕਾ ਲਿਆ। ਅੱਗੇ ਉਹ ਖੂਹ ਸੀ ਜਿਸ ਵਿਚ ਕੁੜੀਆਂ ਨੇ ਆਪਣੀ ਆਬਰੂ ਬਚਾਉਣ ਲਈ ਛਾਲਾਂ ਮਾਰੀਆਂ ਸਨ। ਦੋ ਮਿੰਟ ਦਾ ਮੌਨ ਧਾਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਉਹਨੂੰ ਆਪਣਾ ਵਿਹੜਾ ਲਾਸ਼ਾਂ ਨਾਲ ਭਰਿਆ ਦਿੱਸਿਆ। ਅਗਵਾ ਹੋਈਆਂ ਭੈਣਾਂ ਦਿੱਸੀਆਂ। ਲਹੂ ਦੇ ਛੱਪੜ ਵਿਚ ਤੈਰਦੀਆਂ ਬੱਤਖਾਂ ਦਿੱਸੀਆਂ। ਉਹ ਆਪਣੇ ਘਰ ਸੁੰਨ ਹੋਈ ਖੜ੍ਹੀ ਸੀ। ਉਹਦੇ ਵਡੇਰਿਆਂ ਦੇ ਜਾਣਕਾਰ ਮਰਦ-ਔਰਤਾਂ ਉਹਦੇ ਨਾਲ ਯਾਦਾਂ ਸਾਂਝੀਆਂ ਕਰਦੇ ਰਹੇ।"

ਸੋਚ ਦੇ ਪੱਖੋਂ ਉਹ ਪੱਕੀ ਮਾਰਕਸਵਾਦੀ ਸੀ, ਤੇ ਦਲਦਲੀ ਜੀਵਨ ਜਿਉਂਦੇ ਲੋਕਾਂ ਨੂੰ ਦੇਖ ਕੇ ਇਹ ਸੋਚ ਉਹਨੂੰ ਚੈਨ ਨਹੀਂ ਸੀ ਲੈਣ ਦਿੰਦੀ। ਉਹ ਜੂਝਦੇ ਲੋਕਾਂ ਦੇ ਨਾਲ ਹੀ ਨਹੀਂ ਸੀ ਖਲੋਂਦੀ, ਉਨ੍ਹਾਂ ਦੇ ਝੰਡਾਬਰਦਾਰਾਂ ਵਿਚ ਸ਼ਾਮਲ ਹੁੰਦੀ ਸੀ। ਉਸ ਨੂੰ ਦੇਸ਼-ਵਿਰੋਧੀ ਆਖ ਕੇ ਮੁਕੱਦਮਿਆਂ ਵਿਚ ਫਸਾਇਆ ਤੇ ਇੰਟੈਰੋਗੇਸ਼ਨ ਸੈਂਟਰਾਂ ਦੇ ਤਸੀਹਿਆਂ ਵਿਚੋਂ ਲੰਘਾਇਆ ਜਾਂਦਾ ਰਿਹਾ। ਯਾਹੀਆ ਖਾਂ ਦੇ ਮਾਰਸ਼ਲ ਲਾਅ ਦਾ ਵਿਰੋਧ ਕਰਨ ਕਰਕੇ ਉਹਨੂੰ ਕੈਦ ਤਾਂ ਹੋਈ ਹੀ, ਕੋੜਿਆਂ ਦੀ ਸਜ਼ਾ ਵੀ ਮਿਲੀ। ਪਰ ਇਹ ਸਭ ਉਹਦੇ ਵਿਸ਼ਵਾਸ ਤੇ ਸਿਦਕ-ਸਿਰੜ ਦੀ ਕੋਈ ਚਿੱਪਰ ਲਾਹੁਣ ਵਿਚ ਵੀ ਕਾਮਯਾਬ ਨਾ ਹੋ ਸਕਿਆ। ਉਹ 30 ਦਸੰਬਰ 2014 ਨੂੰ ਲਏ ਆਖਰੀ ਸਾਹ ਤੱਕ ਆਪਣੇ ਲੋਕ-ਹਿਤੈਸ਼ੀ ਨਜ਼ਰੀਏ ਉਤੇ ਅਡੋਲ ਰਹੀ।

ਉਹ ਕਲਮ ਦੀ ਹਥਿਆਰੀ ਸਮਰੱਥਾ ਨੂੰ ਅਤੇ ਲਫਜ਼ ਦੀ ਅਸਰਦਾਰ ਤਾਕਤ ਨੂੰ ਭਲੀਭਾਂਤ ਸਮਝਦੀ ਸੀ। ਉਹ ਕਲਮ ਨੂੰ ਵੀ ਆਪਣੇ ਵਾਂਗ ਚੈਨ ਨਹੀਂ ਸੀ ਲੈਣ ਦਿੰਦੀ। ਉਹਨੇ ਉਰਦੂ ਤੇ ਸ਼ਾਹਮੁਖੀ ਪੰਜਾਬੀ ਵਿਚ ਉਚ-ਮਿਆਰੀ ਕਹਾਣੀਆਂ ਵੀ ਲਿਖੀਆਂ ਤੇ ਨਾਵਲ ਵੀ। ਉਹ ਪੰਜਾਬੀ ਦੀ ਬੜੀ ਸ਼ਕਤੀਸ਼ਾਲੀ ਗਲਪਕਾਰ ਸੀ। 'ਮਾਈ ਅਨਾਰਾਂ ਵਾਲੀ' ਉਹਦੀ ਪਹਿਲੀ ਕਹਾਣੀ ਸੀ, ਜੋ ਮੈਨੂੰ ਪੜ੍ਹਨ ਨੂੰ ਮਿਲੀ। ਉਹਦੀ ਅਹਿਸਾਸ ਦੀ ਗਹਿਰਾਈ ਤੇ ਉਸ ਅਹਿਸਾਸ ਨੂੰ ਪਾਠਕ ਸਾਹਮਣੇ ਪੇਸ਼ ਕਰਨ ਦੀ ਕਲਾ ਨੇ ਮੈਨੂੰ ਧੁਰ ਅੰਦਰ ਤੱਕ ਕੀਲ ਲਿਆ। ਸਾਹਿਤ ਜਿੰਨਾ ਹੀ ਅਹਿਮ ਉਹਦਾ ਪੱਤਰਕਾਰਾਨਾ ਕੰਮ ਸੀ। ਪਾਕਿਸਤਾਨ ਦੇ ਮੋਹਰੀ ਅਖਬਾਰਾਂ ਵਿਚ ਸਮਾਜਕ ਤੇ ਸਿਆਸੀ ਮਸਲਿਆਂ ਨੂੰ ਲੈ ਕੇ ਲਿਖੇ ਹੋਏ ਉਹਦੇ ਕਾਲਮ ਲਗਾਤਾਰ ਛਪਦੇ ਰਹੇ। ਉਨ੍ਹਾਂ ਦੀ ਚਾਰ ਹਜ਼ਾਰ ਤੋਂ ਵੱਧ ਦੀ ਗਿਣਤੀ ਬੇਆਸਰੇ ਤੇ ਬੇਓਟੇ ਲੋਕਾਂ ਵਾਸਤੇ ਆਪਣੀ ਕਲਮੀ ਜ਼ਿੰਮੇਦਾਰੀ ਦੇ ਉਹਦੇ ਅਹਿਸਾਸ ਦਾ ਸਬੂਤ ਹੈ, ਜਿਨ੍ਹਾਂ ਵਿਚੋਂ ਬਹੁਤ ਸਾਰੇ ਕਿਤਾਬਾਂ ਵਿਚ ਵੀ ਸੰਗ੍ਰਿਹਤ ਹੋਏ।

ਉਹਦੇ ਸ਼ਾਹਮੁਖੀ ਲਿਪੀ ਵਿਚ ਛਪੇ ਪੰਜਾਬੀ ਕਹਾਣੀ-ਸੰਗ੍ਰਿਹ 'ਟਾਹਲੀ ਮੇਰੇ ਬੱਚੜੇ', 'ਮਾਈ ਅਨਾਰਾਂ ਵਾਲੀ', 'ਪੰਝੀਵਾਂ ਘੰਟਾ', 'ਅਮਨ ਵੇਲੇ ਮਿਲਾਂਗੇ' ਤੇ 'ਦਰਦਮੰਦਾਂ ਦੀਆਂ ਆਹੀਂ' ਇਧਰ ਗੁਰਮੁਖੀ ਲਿਪੀ ਵਿਚ ਪ੍ਰਕਾਸ਼ਿਤ ਹੋਏ। 'ਕੀਹਦਾ ਨਾਂ ਪੰਜਾਬ' ਤੇ 'ਹੱਥ ਨਾ ਲਾ ਕਸੁੰਭੜੇ' ਨਾਂ ਦੇ ਦੋ ਲੇਖ-ਸੰਗ੍ਰਿਹ ਵੀ ਗੁਰਮੁਖੀ ਵਿਚ ਛਪੇ। ਸਵੈਜੀਵਨੀ 'ਮਨ ਦੀਆਂ ਬਸਤੀਆਂ' ਤਾਂ ਇਧਰ ਛਪ ਕੇ ਬਹੁਤ ਪਾਠਕ-ਪਿਆਰੀ ਹੋਈ। ਸ਼ਾਹਮੁਖੀ ਤੇ ਗੁਰਮੁਖੀ ਵਿਚ ਛਪੀਆਂ ਪੰਜਾਬੀ ਪੁਸਤਕਾਂ ਤੋਂ ਇਲਾਵਾ ਉਹਨੇ ਉਰਦੂ ਵਿਚ ਵੀ ਲਗਾਤਾਰ ਲਿਖਿਆ। ਉਹਦੀਆਂ ਕਈ ਪੁਸਤਕਾਂ ਨੂੰ ਵੀ ਸਨਮਾਨਿਆ ਗਿਆ ਤੇ ਉਹਨੂੰ ਸਮੁੱਚੀ ਰਚਨਾ ਲਈ ਵੀ ਕਈ ਸਨਮਾਨ ਮਿਲੇ, ਪਰ ਉਹਦਾ ਸਭ ਤੋਂ ਵੱਡਾ ਸਨਮਾਨ ਹੁਣ ਦੋ ਟੋਟਿਆਂ ਵਿਚ ਵੰਡੇ ਹੋਏ ਸਾਲਮ ਪੰਜਾਬ ਦੇ ਪਾਠਕਾਂ ਦਾ ਉਹਨੂੰ ਮਿਲਿਆ ਤੇ ਮਿਲ ਰਿਹਾ ਪਿਆਰ-ਸਤਿਕਾਰ ਹੈ!

*ਮੈਂ ਉਹਦੀ ਇਸ ਸੋਚ ਬਾਰੇ ਪੁੱਛਿਆ ਤਾਂ ਉਹਦਾ ਕਹਿਣਾ ਸੀ, "ਇਧਰਲਾ ਪਾਸਾ ਮੇਰੇ ਲਈ ਦੂਜਾ ਪਾਸਾ ਕਿਵੇਂ ਹੋਵੇ, ਓਪਰਾ ਪਾਸਾ ਕਿਵੇਂ ਹੋਵੇ, ਜੋ ਅੰਮ੍ਰਿਤਾ ਦਾ ਵਸੇਬਾ ਹੈ, ਭੁੱਲਰ ਭਰਾ ਤੁਹਾਡਾ ਵਸੇਬਾ ਹੈ, ਕ੍ਰਿਸ਼ਨ ਤੇ ਬੇਦੀ ਅਤੇ ਹੋਰ ਅਜਿਹੇ ਲੋਕਾਂ ਦਾ ਵਸੇਬਾ ਹੈ, ਜਿਹੜੇ ਤੁਸੀਂ ਸਾਰੇ ਮੇਰੇ ਹੰਝੂਆਂ ਨੂੰ ਵਗਣ ਲਈ ਆਪਣੀਆਂ ਅੱਖਾਂ ਦਿੰਦੇ ਹੋ, ਜੋ ਮਨ ਦੇ ਸੱਥਰ ਉਤੇ ਮੇਰੇ ਨਾਲ ਬੈਠ ਕੇ ਮੇਰੇ ਕਤਲ ਹੋਏ ਟੱਬਰ ਦੇ ਵੈਣ ਪਾਉਂਦੇ ਹੋ, ਜੋ ਮੇਰੇ ਟੱਬਰ ਦੇ ਕਾਤਲਾਂ ਨੂੰ ਮੈਥੋਂ ਵੱਧ ਨਫਰਤ ਕਰਦੇ ਹੋ, ਮੈਥੋਂ ਵੱਧ ਲਾਅਨਤਾਂ ਪਾਉਂਦੇ ਹੋ। ਉਹ ਸਭ, ਚਾਹੇ ਇਧਰ ਹੋਣ ਜਾਂ ਉਧਰ, ਚੜ੍ਹਦੇ ਪੰਜਾਬ ਵਾਲੇ ਕਹੇ ਜਾਣ ਜਾਂ ਲਹਿੰਦੇ ਪੰਜਾਬ ਵਾਲੇ, ਸਭ ਮੇਰੇ ਆਪਣੇ ਹਨ ਜੋ ਮੇਰੇ ਨਾਲ ਰਲ ਕੇ ਇਸ ਕਾਲੀ ਲਕੀਰ ਦਾ ਪਿੱਟ-ਸਿਆਪਾ ਕਰਦੇ ਹਨ! ਜਿਥੋਂ ਤੱਕ ਕਾਤਲਾਂ ਦਾ ਤਾਅਲੁਕ ਹੈ, ਉਹ ਬੇਦੋਸ਼ੇ ਮੁਸਲਮਾਨਾਂ ਨੂੰ ਮਾਰਨ-ਲੁੱਟਣ ਵਾਲੇ ਇਧਰਲੇ ਹੋਣ ਜਾਂ ਬੇਦੋਸ਼ੇ ਸਿੱਖਾਂ-ਹਿੰਦੂਆਂ ਨੂੰ ਮਾਰਨ-ਲੁੱਟਣ ਵਾਲੇ ਉਧਰਲੇ ਹੋਣ, ਉਹ ਸਭ ਮੇਰੇ ਅਸਲੀ ਮੁਜਰਿਮ ਹਨ। ਉਹ ਮੇਰੇ ਲਈ ਪੰਜਾਬੀ ਨਹੀਂ, ਪੰਜਾਬ ਦੇ ਨਾਂ ਉਤੇ ਕਲੰਕ ਹਨ। ਆਪਣੇ ਹੀ ਪੰਜਾਬੀਆਂ ਨੂੰ ਕਤਲ ਕਰਨ ਵਾਲੇ, ਆਪਣੀਆਂ ਧੀਆਂ-ਭੈਣਾਂ ਦੀ ਇੱਜਤ ਦੇ ਲੁਟੇਰੇ, ਆਪਣੇ ਗੁਆਂਢੀਆਂ ਦੀਆਂ ਜਾਇਦਾਦਾਂ ਦੇ ਡਾਕੂ!"*

ਕਹਾਣੀ

# ਅਮਰ ਕਥਾ

***1947 ਦੀ ਵੰਡ ਮੌਕੇ ਬੜੀ ਤਬਾਹੀ ਹੋਈ, ਬੜੇ ਜ਼ੁਲਮ ਹੋਏ, ਸਰਹੱਦ ਦੇ ਦੋਹੀਂ ਪਾਸੀਂ। ਹਿੰਦੋਸਤਾਨ ਵਾਲੇ ਪਾਸੇ ਮੁਸਲਮਾਨਾਂ 'ਤੇ ਬਹੁਤ ਜ਼ੁਲਮ ਹੋਏ ਤੇ ਦੂਜੇ ਪਾਸੇ ਸਿੱਖਾਂ ਤੇ ਹਿੰਦੂਆਂ 'ਤੇ। ਕਤਲ ਹੋਏ, ਔਰਤਾਂ ਨਾਲ ਜਬਰ ਜਿਨਾਹ ਹੋਏ, ਗੁਲਾਮ ਬਣਾ ਲਈਆਂ ਗਈਆਂ। ਇਹ ਸਾਰੇ ਕਾਰੇ ਆਮ ਲੋਕਾਂ ਦੇ ਨਹੀਂ, ਸਗੋਂ ਜਨੂੰਨੀ ਤੇ ਬਦਮਾਸ਼ ਜ਼ਹਿਨੀਅਤ ਵਾਲੇ ਲੋਕਾਂ ਦੇ ਸਨ। ਇਨ੍ਹਾਂ ਕਾਰਿਆਂ ਨੂੰ ਠੱਲ੍ਹ ਉਥੇ ਹੀ ਪਈ, ਜਿੱਥੇ ਆਮ ਲੋਕ ਉਨ੍ਹਾਂ ਦੇ ਵਿਰੁਧ ਉਠ ਖੜ੍ਹੇ ਹੋਏ। ਗਲਪਕਾਰ ਅਤੇ ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ ਦੇ ਸਾਬਕਾ ਸੰਪਾਦਕ ਗੁਲਜ਼ਾਰ ਸਿੰਘ ਸੰਧੂ ਦੀ ਇਸ ਕਹਾਣੀ ਵਿਚ ਵੀ ਅਜਿਹੀ ਹੀ ਗਾਥਾ ਹੈ, ਜਦੋਂ ਪਿੰਡ ਦੇ ਲੋਕਾਂ ਬਦਮਾਸ਼ਾਂ ਨੂੰ ਹਿੱਕ ਦੇ ਜ਼ੋਰ ਠੱਲ੍ਹ ਪਾਈ। -ਸੰਪਾਦਕ***

ਇਹ ਕਹਾਣੀ ਬੰਗਲਾ ਦੇਸ਼ ਦੀ ਨਹੀਂ। ਹਰ ਕਹਾਣੀ ਬੰਗਲਾ ਦੇਸ਼ ਦੀ ਹੋ ਹੀ ਨਹੀਂ ਸਕਦੀ।

ਬੰਗਲਾ ਦੇਸ਼ ਤਾਏ ਨੱਥਾ ਸਿੰਘ ਨੇ ਵੇਖਿਆ ਹੀ ਕਦੋਂ ਸੀ? ਵੇਖੀ-ਸੁਣੀ ਗੱਲ ਦਾ ਫਰਕ ਵੀ ਤਾਂ ਹੁੰਦਾ ਹੈ। ਜੇ ਸੱਚ ਪੁੱਛੋ ਤਾਂ ਉਸ ਨੇ ਵੇਖਿਆ ਹੀ ਕੀ ਸੀ? ਇਕ ਬੰਨੇ ਰੋਪੜ ਤੇ ਦੂਜੇ ਬੰਨੇ ਰਾਜਪੁਰਾ। ਇੱਜ਼ਤਦਾਰ ਬੰਦੇ ਦਾ ਭੂਗੋਲ ਹੁੰਦਾ ਹੀ ਕਿੰਨਾ ਕੁ ਹੈ! ਕਿਸੇ ਨਾਲ ਲੜਾਈ ਨਹੀਂ, ਕਿਸੇ ਨਾਲ ਝਗੜਾ ਨਹੀਂ। ਤਹਿਸੀਲ ਤੇ ਜ਼ਿਲ੍ਹੇ ਦੀ ਕਚਹਿਰੀ ਤਾਂ ਇਕ ਪਾਸੇ ਰਹੀ, ਆਪਣਾ ਥਾਣਾ ਹੀ ਨਹੀਂ ਵੇਖਿਆ ਹੁੰਦਾ।

ਤਾਏ ਦਾ ਇਤਿਹਾਸ ਸਿੱਖ ਇਤਿਹਾਸ ਨਾਲੋਂ ਵੀ ਛੋਟਾ ਸੀ। ਮਾਤਾ ਗੁਜਰੀ, ਦਸਵੀਂ ਪਾਤਸ਼ਾਹੀ, ਚਾਰੇ ਸਾਹਿਬਜ਼ਾਦੇ ਤੇ ਸਰਹਿੰਦ ਤੱਕ ਸੀਮਤ। ਤਾਇਆ ਅਨੰਦਪੁਰ ਤੱਕ ਜਾ ਸਕਦਾ ਸੀ ਪਰ ਉਸ ਨੇ ਪਰਵਾਹ ਨਹੀਂ ਸੀ ਕੀਤੀ। ਉਸ ਦੇ ਕਹਿਣ ਅਨੁਸਾਰ ਸਾਰੇ ਗੁਰਧਾਮ ਇਕ ਬਰਾਬਰ ਸਨ।



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਉਂਜ ਵੀ ਉਸ ਦੇ ਪਿੰਡ ਢੋਲੇਵਾਲ ਦਾ ਬਾਹਰਲੀ ਸਭਿਅਤਾ ਨਾਲ ਵਾਸਤਾ ਨਹੀਂ ਸੀ। ਭੜੀ ਜਾ ਕੇ ਖੰਨੇ ਨੂੰ ਤਾਂਗਾ ਮਿਲਦਾ ਸੀ, ਬਸੀ ਪਠਾਣਾਂ ਤੋਂ ਰਾਜਪੁਰੇ ਨੂੰ ਗੱਡੀ ਤੇ ਸੰਘੋਲ ਪਹੁੰਚ ਕੇ ਲੁਧਿਆਣੇ ਨੂੰ ਬੱਸ।

ਬੰਗਲਾ ਦੇਸ਼ ਤਾਂ ਦੂਰ ਦੀ ਗੱਲ ਹੈ, ਉਸ ਨੇ ਪਟਿਆਲਾ ਨਹੀਂ ਸੀ ਤੱਕਿਆ, ਜਿਥੇ ਰਾਜਿਆਂ ਦੇ ਮਹਿਲ ਸਨ, ਬਾਰਾਂਦਰੀ ਸੀ ਤੇ ਦੂਖ ਨਿਵਾਰਨ ਸੀ। 'ਮੈਂ ਕਿਹੜਾ ਵੋਟਾਂ ਲੈਣੀਆਂ?' ਉਸ ਦਾ ਇੰਨਾ ਹੀ ਉਤਰ ਹੁੰਦਾ।

ਹਾਂ, ਬੰਗਾਲ ਦੇ ਜਾਦੂ ਬਾਰੇ ਉਸ ਨੇ ਕਿਸੇ ਕਿੱਸੇ 'ਚ ਪੜ੍ਹਿਆ ਸੀ। ਕਾਮਰੂਪ ਦੀਆਂ ਕਾਮਣੀਆਂ ਬਾਰੇ, ਕਾਲੀਆਂ ਅੱਖਾਂ ਕਾਲੇ ਵਾਲ। ਆਦਮੀ ਨੂੰ ਮੀਢਾ ਬਣਾ ਕੇ ਉਸ ਦੀ ਸਵਾਰੀ ਕਰਦੀਆਂ, ਪਰ ਕੀ ਲੈਣਾ ਸੀ ਕਿਸੇ ਦੀ ਸਵਾਰੀ ਬਣ ਕੇ? ਉਸ ਦੀ ਘਰ ਵਾਲੀ ਕਿਸ ਤੋਂ ਘੱਟ ਸੀ? ਧੀਆਂ ਸਨ, ਪੁੱਤਰ ਸਨ। ਪਿੰਡ ਸੀ, ਪਿੰਡ ਦੀ ਇੱਜ਼ਤ ਸੀ। ਉਸ ਦੇ ਕਿਹੜੀ ਨਕੇਲ ਨਹੀਂ ਸੀ ਪਈ ਹੋਈ? ਘਰੋਂ ਨਿਕਲਣਾ ਸੌਖਾ ਹੀ ਨਹੀਂ ਸੀ।

ਜਦੋਂ ਅਕਾਸ਼ਵਾਣੀ ਤੋਂ ਬੰਗਲਾ ਦੇਸ਼ ਦੇ ਹੁਸਨ ਨਾਲ ਅੱਤਿਆਚਾਰਾਂ ਦੀਆਂ ਖ਼ਬਰਾਂ ਆਉਂਦੀਆਂ ਤਾਂ ਉਹ ਕੇਵਲ ਦੋ ਅੱਖਰ ਬੋਲਦਾ, 'ਮੂਰਖ ਕਿਸੇ ਥਾਂ ਦੇ', ਤੇ ਮੁੜ ਆਪਣੇ ਕੰਮ ਲੱਗ ਜਾਂਦਾ। ਇਹ ਵੀ ਪਤਾ ਨਹੀਂ ਸੀ ਲਗਦਾ ਕਿ ਉਹ ਇਹ ਸ਼ਬਦ ਅੱਤਿਆਚਾਰ ਕਰਨ ਵਾਲਿਆਂ ਲਈ ਵਰਤਦਾ ਸੀ ਜਾਂ ਕਿਸੇ ਹੋਰ ਲਈ।

ਅੱਤਿਆਚਾਰ ਤਾਏ ਲਈ ਨਵੀਂ ਗੱਲ ਨਹੀਂ ਸੀ। ਰਾਜ ਅਧਿਕਾਰੀ ਤਾਂ ਪਰਜਾ 'ਤੇ ਅੱਤਿਆਚਾਰ ਕਰਦੇ ਹੀ ਆਏ ਹਨ। ਉਸ ਨੇ ਇਸ ਤੋਂ ਵੀ ਘੋਰ ਅੱਤਿਆਚਾਰ ਤੱਕੇ ਸਨ, ਜੋ ਉਸ ਨੂੰ ਕੱਲ੍ਹ ਵਾਂਗ ਚੇਤੇ ਸਨ। ਸੁਤੰਤਰਤਾ ਮਿਲਣੀ, ਪਾਕਿਸਤਾਨ ਬਣਨਾ ਤੇ ਵਸੋਂ ਦਾ ਤਬਾਦਲਾ। ਪਾਕਿਸਤਾਨ ਜਾਣ ਤੋਂ ਬਚਣ ਲਈ ਮੁਸਲਮਾਨਾਂ ਦਾ ਦੀਨ ਮੰਨਣਾ। ਉਸ ਦੇ ਆਪਣੇ ਪਿੰਡ ਢੋਲੇਵਾਲ ਦੇ ਮੁਸਲਮਾਨਾਂ ਦਾ ਪਾਕਿਸਤਾਨ ਜਾਣ ਦੀ ਥਾਂ ਧਰਮ ਬਦਲ ਲੈਣ ਦਾ ਫੈਸਲਾ। ਇੱਥੇ ਜੰਮੇ, ਇੱਥੇ ਪਲੇ, ਇੱਥੇ ਹੀ ਮਰਾਂਗੇ। ਢੋਲੇਵਾਲ ਦੀ ਮਿੱਟੀ ਉਨ੍ਹਾਂ ਨੂੰ ਮਾਂ ਦੀ ਕੁੱਖ ਵਾਂਗ ਸੀ। ਮਾਂ ਨੂੰ ਛੱਡ ਕੇ ਕੌਣ ਜਾਂਦਾ ਹੈ!

ਪਰ 'ਪੰਥ ਦੇ ਰਾਖੇ' ਢੋਲੇਵਾਲ ਆ ਵੜੇ ਸਨ-ਸਿਖਰ ਦੁਪਹਿਰੇ, ਕੜਕਦੀ ਧੁੱਪੇ। ਬਰਛੇ, ਛਵ੍ਹੀਆਂ ਤੇ ਬੰਦੂਕਾਂ। ਚੰਡੀ ਦੀ ਜੈ ਜੈ। ਬੋਲੇ ਸੋ ਨਿਹਾਲ। ਸਲ੍ਹਾ ਦੀ ਸਲ੍ਹਾ। ਹਰ ਮੁਸਲਮਾਨ ਹਰ ਹਿੰਦੂ ਦਾ ਦੁਸ਼ਮਣ। ਅਰਾਈਂ, ਗੁੱਜਰ, ਭਰਾਈ, ਮਰਾਸੀ-ਸਭ ਦੇ ਸਭ। ਕਿੱਥੇ ਨਿੱਕਾ ਜਿਹਾ ਪਿੰਡ, ਕਿੱਥੇ ਇਸ ਨੂੰ ਲੁੱਟਣ ਵਾਲਾ ਵੀਹ ਪਿੰਡਾਂ ਦਾ ਲਸ਼ਕਰ। ਗਹਿਣੇ ਬੋਝੇ, ਨਕਦੀ ਖੀਸੇ, ਗੱਭਰੂ ਕਤਲ, ਸੁੰਦਰੀਆਂ ਬੇਪੱਤ। ਹੱਥ ਜੁੜਦੇ ਸਨ, ਤਾਂ ਹੱਥ ਨਹੀਂ; ਸਿਰ ਨਿਵਦਾ ਸੀ ਤਾਂ ਸਿਰ ਨਹੀਂ। ਚਾਲੀ ਕਤਲ ਤੇ ਵੀਹ ਬੇਪੱਤੀਆਂ। ਨਸੀਰੋ ਕੀ ਤੇ ਬਖਤੋ ਕੀ। ਬੱਚੇ ਇੱਧਰ, ਮਾਂਵਾਂ ਉੱਧਰ। ਬਾਹਰੋਂ ਆਏ ਮਨ ਆਈ ਕਰ ਰਹੇ ਸਨ ਤੇ ਪਿੰਡ ਵਾਲੇ ਵੇਖ ਰਹੇ ਸਨ। ਸੈਨਾ ਦੀ ਸੈਨਾ ਅੱਗੇ ਪਿੰਡ ਵਾਲਿਆਂ ਦੀ ਪੇਸ਼ ਵੀ ਕੀ ਜਾਂਦੀ? ਸਾਰਾ ਪਿੰਡ ਖੁਸ਼ੀ ਹੋਇਆ ਖੜ੍ਹਾ ਸੀ, ਮੁਸਲਮਾਨ ਘੱਟ ਤੇ ਹਿੰਦੂ-ਸਿੱਖ ਉਨ੍ਹਾਂ ਤੋਂ ਵੱਧ। ਧਾੜਵੀਆਂ ਦਾ ਕਹਿਣਾ ਸੀ, ਉਹ ਦਸਵੇਂ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਦਾ ਬਦਲਾ ਲੈ ਰਹੇ ਸਨ, ਮਾਤਾ ਗੁਜਰੀ ਦਾ ਤੇ ਬੰਦੇ ਬਹਾਦਰ ਦਾ।

ਇਹ ਕਿਵੇਂ ਹੋਇਆ ਸੀ ਤੇ ਕਿਉਂ ਹੋਇਆ ਸੀ? ਕਿਸੇ ਕੋਲ ਵੀ ਇਸ ਦਾ ਕੋਈ ਉਤਰ ਨਹੀਂ ਸੀ। ਸਭ ਨੂੰ ਦੂਹਰਾ ਦੁੱਖ ਸੀ-ਬੰਦੇ ਮਰਨ ਦਾ ਵੱਖਰਾ ਤੇ ਪਿੰਡ ਵਾਲਿਆਂ ਦੀ ਮਰਜ਼ੀ ਤੋਂ ਬਿਨਾ ਮਰਨ ਦਾ ਵੱਖਰਾ।

ਪਿੰਡ ਦੀ ਇੱਜ਼ਤ ਸਾਂਝੀ ਹੁੰਦੀ ਹੈ ਤੇ ਸਾਂਝੀ ਇੱਜ਼ਤ ਲੁੱਟੀ ਜਾ ਚੁਕੀ ਸੀ। ਨਿਆਮਤ, ਨਸੀਰੋ ਤੇ ਬਖਤੋ ਨੂੰ ਧਾੜਵੀ ਉਧਾਲ ਕੇ ਲੈ ਗਏ ਸਨ। ਪਿੰਡ ਵਾਲੇ ਬੇਪੱਤ ਹੋ ਗਏ ਸਨ, ਭਰੇ ਮੇਲੇ ਵਿਚ ਬੇਪੱਤ। ਇਹ ਬੇਪੱਤੀ ਮੁਸਲਮਾਨਾਂ ਨਾਲੋਂ ਹਿੰਦੂ-ਸਿੱਖਾਂ ਦੀ ਵੱਧ ਸੀ। ਤਾਇਆ ਇਸ ਬੇਇੱਜ਼ਤੀ ਨੂੰ ਭੁਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਨੂੰ ਪੂਰੀਆਂ ਸੱਤ ਰਾਤਾਂ ਨੀਂਦ ਨਹੀਂ ਸੀ ਆਈ। ਪੂਰੇ ਸੱਤ ਦਿਨ ਉਹ ਕਿਸੇ ਮੁਸਲਮਾਨ ਦੇ ਮੱਥੇ ਨਹੀਂ ਸੀ ਲੱਗ ਸਕਿਆ। ਮੱਥੇ ਲਗਣ ਦੇ ਡਰੋਂ ਬਾਹਰ ਨਹੀਂ ਸੀ ਨਿਕਲਿਆ। ਮਸਾਂ ਸੱਤਵੇਂ ਦਿਨ ਉਸ ਦੇ ਮਨ ਨੂੰ ਸ਼ਾਂਤੀ ਮਿਲੀ ਸੀ; ਉਹ ਵੀ ਇਸ ਗੱਲੋਂ ਕਿ ਨਾਲ ਦੇ ਪਿੰਡ ਮੁੱਲਾਂਪੁਰ ਵਿਚ ਇਸ ਤੋਂ ਵੀ ਭੈੜਾ ਹਾਲ ਸੀ। ਮਕਾਨਾਂ ਦੀਆਂ ਇੱਟਾਂ, ਬਾਲੇ, ਸ਼ਤੀਰੀਆਂ, ਬੂਹੇ ਤੇ ਬਾਰੀਆਂ ਗਾਇਬ ਸਨ। ਮੁਰਦੇ ਬੂ ਮਾਰ ਰਹੇ ਸਨ। ਉਨ੍ਹਾਂ ਨੂੰ ਦੱਬਣ-ਫੂਕਣ ਵਾਲਾ ਕੋਈ ਨਹੀਂ ਸੀ ਮਿਲਿਆ। ਪਿੰਜਰਾਂ ਦੇ ਪਿੰਜਰ, ਲੱਤਾਂ-ਬਾਹਾਂ ਤੇ ਖੋਪਰੀਆਂ। ਜੋ ਲੋਥਾਂ ਮਲਬੇ ਵਿਚ ਦੱਬੀਆਂ ਗਈਆਂ ਸਨ, ਉਨ੍ਹਾਂ ਦੀ ਇੱਜ਼ਤ ਰਹਿ ਗਈ ਸੀ; ਬਾਕੀ ਬੇਪੱਤ ਸਨ-ਟੁੱਟੀਆਂ ਵੰਗਾਂ, ਲੀਰੋ ਲੀਰ ਸਲਵਾਰਾਂ, ਝੱਗੇ ਤੇ ਚੁੰਨੀਆਂ।

ਗਵਾਂਢੀ ਪਿੰਡ ਦੀ ਵਡੇਰੀ ਬੇਪੱਤੀ ਨੇ ਢੋਲੇਵਾਲ ਦੀ ਪੱਤ ਰੱਖ ਲਈ ਸੀ। ਉਸ ਬੇਪੱਤੀ ਦੇ ਟਾਕਰੇ ਉਤੇ ਢੋਲੇਵਾਲ ਦੀ ਬੇਇੱਜ਼ਤੀ ਕੁਝ ਵੀ ਨਹੀਂ ਸੀ। ਤਾਏ ਨੱਥਾ ਸਿੰਘ ਨੇ ਬੇਇੱਜ਼ਤੀ ਨੂੰ ਹਜ਼ਮ ਕਰਨ ਦਾ ਢੰਗ ਲੱਭ ਲਿਆ ਸੀ।

ਥੋੜ੍ਹੇ ਦਿਨਾਂ ਪਿੱਛੋਂ ਇਹ ਵੀ ਪਤਾ ਲੱਗ ਗਿਆ ਸੀ ਕਿ ਨਸੀਰੋ ਨੂੰ ਸੈਦਪੁਰੇ ਦਾ ਦਰਬਾਰਾ ਲੈ ਗਿਆ ਸੀ, ਨਿਆਮਤੋ ਨੂੰ ਦੂਲ੍ਹਆਂ ਦਾ ਬੰਤੂ ਤੇ ਬਖਤੋ ਨੂੰ ਚੜ੍ਹੀ ਵਾਲਾ ਸੰਤੂ। ਪਤਾ ਲੱਗਣ ਤੱਕ ਕੁੜੀਆਂ ਦੇ ਮਾਪੇ ਪਾਕਿਸਤਾਨ ਜਾ ਚੁਕੇ ਸਨ, ਤੇ ਕੁੜੀਆਂ ਉਨ੍ਹਾਂ ਦੇ ਘਰਾਂ ਦੀਆਂ ਦਾਸੀਆਂ ਹੋ ਚੁਕੀਆਂ ਸਨ। ਤਿੰਨ ਮਹੀਨੇ ਪੁਰਾਣੀ ਘਟਨਾ ਦਾ ਰੌਲਾ ਪਾਉਣ ਦੀ ਕੀ ਲੋੜ ਸੀ? ਗੱਲ ਆਈ-ਗਈ ਹੋ ਗਈ।

ਸਦਾ ਵਾਂਗ ਮੇਲੇ, ਛਿੰਜਾਂ ਤੇ ਰਾਸਾਂ ਪੈਣ ਲੱਗੀਆਂ। ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਨ ਨੇੜੇ ਆ ਗਿਆ ਤੇ ਗੁਰਧਾਮਾਂ ਦੀ ਰੌਣਕ ਵਧਣ ਲੱਗੀ। ਦੀਵਾਨ ਸਜੇ ਤੇ ਲੰਗਰ ਚਾਲੂ ਹੋ ਗਏ। ਕਵੀਸ਼ਰਾਂ, ਰਾਗੀਆਂ ਤੇ ਢਾਡੀਆਂ ਨੇ ਕਵੀਸ਼ਰੀ ਤੇ ਆਵਾਜ਼ ਦੇ ਜਾਦੂ ਨਾਲ ਇਨ੍ਹਾਂ ਘਟਨਾਵਾਂ ਦੀ ਬੇਸ਼ਰਮੀ ਨੂੰ ਸੂਰਮਗਤੀ ਵਿਚ ਬਦਲ ਦਿੱਤਾ। 'ਇੰਜਣ' ਨਾਂ ਦੇ ਕਵੀਸ਼ਰ ਨੇ ਬਹੁਤ ਵਧੀਆ ਬੰਦ ਰਚਿਆ, 'ਪੰਥ ਰੰਗੀਲੇ ਨੇ ਧਾਂਕਾਂ ਦੇਸ਼ ਵਿਚ ਪਾਈਆਂ।' ਜਿਥੇ ਜਾਂਦਾ, ਇਸੇ ਕਬਿੱਤ ਦੀ ਫਰਮਾਇਸ਼ ਹੁੰਦੀ। ਸਤਲੁਜ ਦੇ ਕੰਢੇ ਪਰਿਵਾਰ ਵਿਛੋੜਾ ਸਥਾਨ ਤੋਂ ਲੈ ਕੇ ਮਾਛੀਵਾੜਾ, ਚਮਕੌਰ, ਸਰਹਿੰਦ, ਬੱਸੀ, ਫਤਿਹਗੜ੍ਹ ਤੇ ਛੱਤ-ਬਨੂੜ ਤੱਕ 'ਇੰਜਣ' ਕਵੀ ਦਾ ਨਾਂ ਮਸ਼ਹੂਰ ਹੋ ਗਿਆ। ਉਸ ਦੀ ਕਵਿਤਾ ਛੱਕ-ਛੱਕ, ਸ਼ੂ-ਸ਼ੂ ਚਲਦੀ ਸੀ, ਇੰਜਣ ਵਾਂਗ।

ਇਸ ਸਾਲ ਸਭਾ ਦੇ ਮੇਲੇ ਵਿਚ ਬੜੀ ਭੀੜ ਸੀ। ਢੋਲੇਵਾਲ ਤਾਂ ਲਗਭਗ ਸਾਰੇ ਦਾ ਸਾਰਾ ਫਤਿਹਗੜ੍ਹ ਪੁੱਜਾ ਹੋਇਆ ਸੀ। ਕਵੀਸ਼ਰ ਕਵੀਸ਼ਰੀ ਕਰ ਰਹੇ ਸਨ। ਕਵੀਸ਼ਰੀ ਦੇ ਜਾਦੂ ਥੱਲੇ ਕਿਸੇ ਨੂੰ ਵੀ ਇਹ ਚੇਤੇ ਨਹੀਂ ਸੀ ਕਿ ਉਹਦੇ ਪਿੰਡੋਂ ਕਿੰਨੀਆਂ ਮੁਸਲਮਾਨ ਕੁੜੀਆਂ ਨੂੰ ਪੰਥ ਰੰਗੀਲਾ ਉਨ੍ਹਾਂ ਦੇ ਹੀ ਗੱਡੇ ਜੋੜ ਕੇ, ਉਨ੍ਹਾਂ ਉਤੇ ਹੀ ਲੱਦ ਕੇ ਲੈ ਗਿਆ ਸੀ। ਕਵੀ ਇੰਜਣ ਰਗਾਂ ਫੁਲਾ ਫੁਲਾ ਕੇ ਗਾ ਰਿਹਾ ਸੀ, 'ਪੰਥ ਰੰਗੀਲੇ ਨੇ ਧਾਂਕਾਂ ਦੇਸ਼ ਵਿਚ ਪਾਈਆਂ।' ਤੇ ਸਾਰੇ ਉਸ ਆਵਾਜ਼ ਦੇ ਜਾਦੂ ਵਿਚ ਮੁਗਧ ਸਨ।

"ਤੇਰੀ ਮਾਂ ਕਿਥੇ ਐ ਤੇ ਨਾਲੇ ਬਾਕੀ ਬੁੱਢੀਆਂ?" ਕਵਿਤਾ ਖਤਮ ਹੋਣ ਉਤੇ ਕਿਸੇ ਬਾਲਕ ਦੀ ਪਿੱਠ ਉਤੇ ਤਾਏ ਦਾ ਹੱਥ ਸੀ। "ਬੁਲਾ ਉਨ੍ਹਾਂ ਨੂੰ!" ਉਸ ਦੀ ਆਵਾਜ਼ ਦੱਬੀ ਦੱਬੀ ਸੀ।

ਤਾਇਆ ਕਦੋਂ ਆ ਗਿਆ ਸੀ ਤੇ ਉਸ ਨੂੰ ਪਿੰਡ ਦੀਆਂ ਬੁੱਢੀਆਂ ਨਾਲ ਕਿਹੜਾ ਜ਼ਰੂਰੀ ਕੰਮ ਆਣ ਪਿਆ ਸੀ? ਬਾਲਕ ਨੂੰ ਸਮਝ ਨਹੀਂ ਸੀ ਆ ਰਹੀ। ਉਹ ਕੀਰਤਨ ਸੁਣਦੀ ਮਾਂ ਦੇ ਕੰਨ ਵਿਚ ਘੁਸਰ ਮੁਸਰ ਕਰ ਕੇ ਬਾਹਰ ਤਾਏ ਕੋਲ ਆ ਗਿਆ। ਤਾਇਆ ਹਾਲੀ ਵੀ ਚੁੱਪ ਸੀ, ਗੰਭੀਰ। ਤਾਏ ਦੀ ਚੁੱਪ ਨੇ ਇੰਜਣ ਦੀ ਕਵੀਸ਼ਰੀ ਦਾ ਜਾਦੂ ਤੋੜ ਦਿੱਤਾ ਸੀ। ਤਾਇਆ ਕਿਸੇ ਨਾਲ ਕੋਈ ਗੱਲ ਸਾਂਝੀ ਕਰਨ ਲਈ ਤਿਆਰ ਨਹੀਂ ਸੀ। ਜ਼ਰੂਰ ਕੋਈ ਭਾਣਾ ਵਰਤ ਗਿਆ ਸੀ। ਸੰਤਾਲੀ ਦੇ ਕਤਲਾਂ ਵਰਗਾ। ਸੰਤਾਲੀ ਦੇ ਕਤਲਾਂ ਦੀਆਂ ਉਹ ਲਾਸ਼ਾਂ ਸਭ ਦੀਆਂ ਅੱਖਾਂ ਅੱਗੇ ਘੁੰਮਣ ਲੱਗੀਆਂ, ਜੋ ਪਿੰਡ ਵਾਲਿਆਂ ਨੇ ਤਕੀਏ ਵਿਚ ਸ਼ਤੀਰੀਆਂ ਚਿਣ ਕੇ ਇਕੱਠੀਆਂ ਹੀ ਫੂਕੀਆਂ ਸਨ। ਗੈਰ ਮੁਸਲਿਮ ਹੋਈਆਂ ਹਿੰਦੂ ਲਾਸ਼ਾਂ। ਚਾਲੀ ਲਾਸ਼ਾਂ ਦੇ ਸਾਂਝੇ ਸਿਵੇ ਦੀਆਂ ਲਾਟਾਂ ਨੇ ਹਵਾ ਦੇ ਧੱਫਿਆਂ ਵਿਚ ਲਿਪਟ ਕੇ ਤਕੀਏ ਦੇ ਅੰਬ ਦੀਆਂ ਹਰੀਆਂ ਟਹਿਣੀਆਂ ਨੂੰ ਲੂਹ ਸੁੱਟਿਆ ਸੀ।

"ਕੀ ਗੱਲ ਭਾਈਆ?" ਮਾਂ ਨੇ ਘੁੰਡ ਵਿਚੋਂ ਹੀ ਤਾਏ ਨੂੰ ਪੁੱਛਿਆ।

"ਕੁਝ ਨਹੀਂ, ਚਲੋ ਪਿੰਡ ਨੂੰ ਚੱਲੀਏ।" ਤਾਏ ਨੇ ਸੰਖੇਪ ਜਿਹਾ ਉਤਰ ਦਿੱਤਾ।

"ਸੁੱਖ ਤਾਂ ਹੈ?" ਤਾਈ ਨੇ ਪਤੀ ਕੋਲੋਂ ਦਾਅਵੇ ਨਾਲ ਪੁੱਛਿਆ।

"ਸੁੱਖ ਨੂੰ ਤਾਂ ਸੁੱਖ ਹੀ ਹੈ, ਪਰ ਤੁਹਾਡਾ ਗੁਰਦੁਆਰੇ ਠਹਿਰਨਾ ਠੀਕ ਨਹੀਂ। ਚਲੋ ਘਰ ਨੂੰ।" ਤਾਏ ਦੀ ਗੰਭੀਰਤਾ ਦਾ ਪ੍ਰਭਾਵ ਹੁਕਮ ਜਿਹਾ ਸੀ।

"ਫੇਰ ਵੀ?" ਤਾਈ ਨੇ ਜ਼ਿੱਦ ਕੀਤੀ।

"ਪਿੰਡ ਵਿਚ ਦੁਰਘਟਨਾ ਹੋ ਗਈ ਹੈ, ਬੰਦੇ ਮਾਰੇ ਗਏ ਹਨ। ਮਰਨ ਵਾਲੇ ਗਵਾਂਢੀ ਪਿੰਡਾਂ ਦੇ ਹਨ। ਉਨ੍ਹਾਂ ਪਿੰਡਾਂ ਵਿਚ ਖਬਰ ਪਹੁੰਚ ਗਈ ਤਾਂ ਤੁਹਾਨੂੰ ਕੋਈ ਸੱਟ ਫੇਟ ਲਾ ਸਕਦਾ ਹੈ। ਪਿੰਡ ਵਾਲਿਆਂ ਦਾ ਫੈਸਲਾ ਹੈ ਕਿ ਤੁਹਾਨੂੰ ਗੁਰਦੁਆਰੇ ਨਹੀਂ ਰੁਕਣਾ ਚਾਹੀਦਾ। ਮਰਦਾਂ ਬਿਨਾ ਤਾਂ ਉਕਾ ਹੀ ਨਹੀਂ।" ਤਾਏ ਨੇ ਗੱਲ ਸਪੱਸ਼ਟ ਕਰ ਦਿੱਤੀ ਅਤੇ ਬੁੱਢੀਆਂ ਤੇ ਬਾਲਾਂ ਨੂੰ ਨਾਲ ਤੋਰ ਲਿਆ।

ਤਾਇਆ ਅੱਗੇ ਅੱਗੇ ਸੀ ਤੇ ਬੁੱਢੀਆਂ ਬੱਚੇ ਪਿੱਛੇ ਪਿੱਛੇ। ਉਹ ਬਹੁਤੀ ਗੱਲ ਨਹੀਂ ਸੀ ਕਰ ਰਿਹਾ। ਗੱਲ ਕਰਨ ਵਾਲੀ ਵੀ ਨਹੀਂ ਸੀ, ਪਰ ਉਹ ਪੂਰੀ ਗੱਲ ਛੁਪਾ ਵੀ ਕਿਵੇਂ ਸਕਦਾ ਸੀ। ਫਤਿਹਗੜ੍ਹ ਤੋਂ ਢੋਲੇਵਾਲ ਦਾ ਪੈਂਡਾ ਪੂਰੇ ਪੰਜ ਕੋਹ ਸੀ। ਦੋ ਤਿੰਨ ਘੰਟੇ ਲਗਦੇ ਸਨ। ਤੁਰ ਕੇ ਜਾਣਾ ਸੀ। ਇੰਨੀ ਦੇਰ ਚੁੱਪ ਚਾਪ ਤੁਰਨਾ ਅਸੰਭਵ ਸੀ।

ਝਗੜੇ ਦਾ ਕਾਰਨ ਨਸੀਰੋ ਸੀ। ਤਾਏ ਦੀ ਧੀ ਤੇਜੋ ਦੀ ਸਹੇਲੀ। ਨਸੀਰੋ ਜਿਸ ਨੂੰ ਚਾਰ ਮਹੀਨੇ ਹੋਏ ਧਾੜਵੀ ਚੁੱਕ ਕੇ ਲੈ ਗਏ ਸਨ। ਉਹ ਧਾੜਵੀ ਜਿਨ੍ਹਾਂ ਦਾ ਨਾਂ 'ਇੰਜਣ' ਦੀ ਕਵੀਸ਼ਰੀ ਵਿਚ ਪੰਥ ਰੰਗੀਲਾ ਸੀ।

ਨਸੀਰੋ ਸੈਦਪੁਰੀਏ ਦਰਬਾਰੇ ਦੇ ਹੱਥ ਲੱਗ ਗਈ ਸੀ। ਦਰਬਾਰੇ ਨੇ ਉਸ ਨੂੰ ਆਪਣੇ ਘਰ ਵਸਾ ਲਿਆ ਸੀ। ਪਿੰਡ ਵਾਲਿਆਂ ਵਿਚੋਂ ਕਿਸੇ ਕਿਸੇ ਨੂੰ ਇਸ ਗੱਲ ਦੀ ਖਬਰ ਵੀ ਸੀ, ਪਰ ਕੋਈ ਕਿਸ ਕਿਸ ਦੀ ਰੱਖਿਆ ਕਰ ਸਕਦਾ ਸੀ। ਨਸੀਰੋ ਕੋਈ ਇਕੱਲੀ ਤਾਂ ਨਹੀਂ ਸੀ। ਉਹਦੇ ਨਾਲ ਪਿੰਡ ਦੀਆਂ ਹੋਰ ਵੀ 18-20 ਜਵਾਨ ਕੁੜੀਆਂ ਸਨ, ਅਣ ਵਿਆਹੀਆਂ ਜਾਂ ਸੱਜ ਵਿਆਹੀਆਂ, ਜੋ ਆਪਣੇ ਮਾਪਿਆਂ ਨੂੰ ਮਿਲਣ ਪੇਕੀਂ ਆਈਆਂ ਹੋਈਆਂ ਸਨ। ਪਿੰਡ ਦੇ ਹਰ ਪਿਉ ਦਾ ਬਹੁਤੀਆਂ ਧੀਆਂ ਵਾਲੇ ਪਿਓ ਵਾਲਾ ਹਾਲ ਸੀ। ਬਹੁਤੀਆਂ ਧੀਆਂ ਵਾਲਾ ਕਿਹੜੀ ਕਿਹੜੀ ਧੀ ਦੇ ਦੁੱਖ ਦਾ ਭਾਈਵਾਲ ਹੋ ਸਕਦਾ ਸੀ? ਤਾਏ ਦੀ ਤੇਜੋ ਆਪਣੀ ਸਹੇਲੀ ਲਈ ਰੋਂਦੀ ਸੀ ਤਾਂ ਤਾਇਆ ਕੀ ਕਰ ਸਕਦਾ ਸੀ!

ਪਰ ਹੁਣ ਤਾਂ ਉਹ ਗੱਲ ਖਤਮ ਹੋ ਚੁਕੀ ਸੀ। ਨਸੀਰੋ ਦਰਬਾਰੇ ਦੇ ਘਰੋਂ ਸੈਦਪੁਰੇ ਤੋਂ ਨੱਸ ਕੇ ਰਾਤੋ ਰਾਤ ਢੋਲੇਵਾਲ ਪਹੁੰਚ ਚੁਕੀ ਸੀ। ਉਹ ਸਿੱਧੀ ਤਾਏ ਦੇ ਘਰ ਆਪਣੀ ਸਹੇਲੀ ਤੇਜੋ ਨੂੰ ਆ ਮਿਲੀ ਸੀ। ਤਾਏ ਨੇ ਉਸ ਨੂੰ ਧੀਆਂ ਵਾਂਗ ਸਾਂਭ ਲਿਆ ਸੀ। ਜਿਥੇ ਤੇਜੋ, ਸੀਤੋ ਤੇ ਜੀਤੋ ਰੋਟੀ ਖਾਂਦੀਆਂ ਸਨ, ਉਥੇ ਇਕ ਧੀ ਹੋਰ ਖਾਣ ਲੱਗ ਪਈ ਸੀ। ਇਸ ਧੀ ਨੇ ਕਿਹੜਾ ਬੈਠੇ ਰਹਿਣਾ ਸੀ। ਅਮਨ ਅਮਾਨ ਹੋਣ 'ਤੇ ਉਸ ਦੇ ਮਾਪਿਆਂ ਨੇ ਉਸ ਨੂੰ ਆਪਣੇ ਕੋਲ ਲੈ ਜਾਣਾ ਸੀ। ਕੁਝ ਨਾ ਕੁਝ ਹੋ ਹੀ ਜਾਣਾ ਸੀ। ਨਾ ਵੀ ਹੁੰਦਾ ਤਾਂ ਵੀ ਦੁਖੀਆਰੀ ਧੀ ਘਰੋਂ ਤਾਂ ਨਹੀਂ ਸੀ ਕੱਢੀ ਜਾਂਦੀ। ਇਸ ਗੱਲ ਨੂੰ ਹੁਣ ਚਾਰ ਮਹੀਨੇ ਹੋ ਗਏ ਸਨ।

ਫਤਿਹਗੜ੍ਹ ਦੀ ਸਭਾ ਦੀ ਇਲਾਕੇ ਵਿਚ ਬਹੁਤ ਮਾਨਤਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਅਸਥਾਨ ਸੀ। ਬੰਦਾ ਬਹਾਦਰ ਨੇ ਸਰਹਿੰਦ ਦੇ ਸੂਬੇ ਤੋਂ ਬਦਲਾ ਲੈਣ ਸਮੇਂ ਸਰਹਿੰਦ ਤੇ ਬੱਸੀ ਦੇ ਇਸ ਇਲਾਕੇ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਸੀ। ਬੰਦਾ ਲੋਹੇ ਦਾ ਸੁਹਾਗਾ ਸੀ, ਜਿਸ ਨੇ ਮੁਗਲਾਂ ਨੂੰ ਆਪਣੇ ਪੈਰਾਂ ਵਿਚ ਮਧੋਲ ਦਿੱਤਾ ਸੀ। ਪੰਥ ਰੰਗੀਲੇ ਦੀਆਂ ਧਾਂਕਾਂ ਤੋਂ ਪਹਿਲਾਂ ਕਵੀ ਇੰਜਣ ਬੰਦੇ ਦੀ ਸੂਰਮਗਤੀ ਦੇ ਹੀ ਕਬਿੱਤ ਲਿਖਦਾ ਹੁੰਦਾ ਸੀ। ਸਭਾ ਵਿਚ ਇਹ ਗੱਲਾਂ ਰਾਗੀਆਂ-ਢਾਡੀਆਂ ਦੇ ਮੂੰਹੋਂ ਸੁਣ ਕੇ ਬੜਾ ਜੋਸ਼ ਆਉਂਦਾ ਸੀ। ਭਾਰਤੀ ਅਣਖ ਦੀਆਂ ਗੱਲਾਂ। ਗੱਭਰੂ ਮੁਟਿਆਰਾਂ ਤੇ ਬੱਚੇ ਬੁੱਢੇ ਸਭ ਸੁਣਨ ਆਉਂਦੇ ਸਨ।

ਸੈਦਪੁਰੀਏ ਦਰਬਾਰੇ ਤੇ ਉਸ ਦੇ ਸਾਥੀਆਂ ਨੇ ਨਸੀਰੋ ਨੂੰ ਮੁੜ ਚੁੱਕ ਲਿਜਾਣ ਦਾ ਫੈਸਲਾ ਕੀਤਾ ਹੋਇਆ ਸੀ ਪਰ ਪਿੰਡ ਅੱਗੇ ਉਨ੍ਹਾਂ ਦੀ ਪੇਸ਼ ਨਹੀਂ ਸੀ ਜਾਂਦੀ। ਕਿੱਥੇ ਪਿੰਡ ਦਾ ਪਿੰਡ, ਕਿੱਥੇ ਦੋ-ਚਾਰ ਬਦਮਾਸ਼! ਕਿੰਨੇ ਵੀ ਸੂਰਮੇ ਕਿਉਂ ਨਾ ਹੋਣ। ਇਕ ਇਕੱਲਾ ਦੋ ਗਿਆਰਾਂ।

ਸਭਾ ਵਾਲਾ ਦਿਨ ਪਿੰਡ ਉਤੇ ਧਾਵਾ ਬੋਲਣ ਲਈ ਬੜਾ ਯੋਗ ਸੀ। ਉਨ੍ਹਾਂ ਕੋਲ ਬਾਰਾਂ ਬੋਰ ਦਾ ਪਿਸਤੌਲ ਸੀ, ਦੋਨਾਲੀ ਬੰਦੂਕ ਤੇ ਥਰੀ ਨਾਟ ਥਰੀ ਦੀ ਰਾਈਫਲ। ਤਿੰਨ ਦੇ ਤਿੰਨ ਪੂਰੀ ਤਰ੍ਹਾਂ ਸ਼ਸਤਰਬੱਧ ਸਨ। ਸੈਦਪੁਰੀਆ ਦਰਬਾਰਾ, ਚੜ੍ਹੀ ਦਾ ਸੰਤੂ ਤੇ ਦੂਲ੍ਹਆਂ ਦਾ ਬੰਤੂ। ਉਨ੍ਹਾਂ ਕੋਲ ਦੋ ਘੋੜੀਆਂ ਸਨ, ਜੋ ਉਹ ਬਾਹਰ ਚਮਗਿੱਦੜਾਂ ਵਾਲੇ ਬਰੋਟੇ ਥੱਲੇ ਛੱਡ ਆਏ ਸਨ। ਉਨ੍ਹਾਂ ਨੂੰ ਪਤਾ ਸੀ, ਨਸੀਰੋ ਤੇ ਉਸ ਦੀਆਂ ਸਹੇਲੀਆਂ, ਤੇਜੋ ਹੋਰੀਂ, ਫਤਿਹਗੜ੍ਹ ਸਾਹਿਬ ਦੀ ਸਭਾ ਵਾਲਾ ਸਮਾਗਮ ਵੇਖਣ ਨਹੀਂ ਸਨ ਗਈਆਂ।

ਉਨ੍ਹਾਂ ਪਿੰਡ ਵਿਚ ਦਾਖਲ ਹੁੰਦਿਆਂ ਹੀ ਹਰੀਜਨਾਂ ਦੇ ਦੇਬੇ ਤੋਂ ਨਸੀਰੋ ਦਾ ਘਰ ਪੁੱਛਿਆ। ਦੇਬਾ ਉਨ੍ਹਾਂ ਦੀ ਨੀਅਤ ਸਮਝ ਗਿਆ। ਉਹ ਤਾਏ ਦੇ ਘਰ ਦੀ ਥਾਂ ਉਨ੍ਹਾਂ ਨੂੰ ਨਸੀਰੋ ਦੇ ਮਾਪਿਆਂ ਵਾਲੇ ਘਰ ਲੈ ਗਿਆ। ਇਹ ਕਹਿ ਕੇ ਕਿ ਨਸੀਰੋ ਆਪਣੇ ਘਰ ਹੀ ਰਹਿੰਦੀ ਸੀ, ਇਕੱਲੀ।

ਦਰਬਾਰਾ, ਬੰਤੂ ਤੇ ਪ੍ਰੀਤੂ ਜਦੋਂ ਨਸੀਰੋ ਦੇ ਵਿਹੜੇ ਵੜ ਗਏ ਤਾਂ ਦੇਬੇ ਨੇ ਬਾਹਰ ਦਾ ਕੁੰਡਾ ਲਾ ਕੇ ਸਾਰੇ ਪਿੰਡ ਨੂੰ ਖਬਰ ਕਰ ਦਿੱਤੀ। ਪਲਾਂ ਛਿਣਾਂ ਵਿਚ ਨਸੀਰੋ ਦੇ ਮਾਪਿਆਂ ਵਾਲੇ ਘਰ ਦੇ ਆਲੇ-ਦੁਆਲੇ ਸਾਰਾ ਪਿੰਡ ਇਕੱਠਾ ਹੋ ਗਿਆ। ਤਾਇਆ ਬੰਦੂਕ ਚੁੱਕ ਲਿਆਇਆ। ਕਿਸੇ ਕੋਲ ਬਰਛਾ, ਕਿਸੇ ਕੋਲ ਗੰਡਾਸੀ। ਹਥਿਆਰ ਹੀ ਹਥਿਆਰ ਚਮਕਣ ਲੱਗੇ। ਵੰਡ ਦੇ ਦਿਨਾਂ ਦੇ ਹਥਿਆਰ।

ਪਿੰਡ ਦੀ ਧੀ ਦੀ ਇੱਜ਼ਤ ਦਾ ਸਵਾਲ ਸੀ। ਇਸ ਵਿਚ ਵੰਡ ਦੇ ਦਿਨਾਂ ਦੀ ਬਦਲੇ ਦੀ ਭਾਵਨਾ ਰਲ ਗਈ ਸੀ। ਉਦੋਂ ਪੰਥ ਰੰਗੀਲਾ ਸਾਰੇ ਪਿੰਡ ਦੇ ਵੇਂਹਦਿਆਂ ਕਿੰਨੇ ਕਤਲ ਕਰ ਗਿਆ ਸੀ। ਉਦੋਂ ਪਿੰਡ ਦੇਖਦਾ ਹੀ ਰਿਹਾ ਗਿਆ ਸੀ। ਅੱਜ ਇਹ ਗੱਲ ਨਹੀਂ ਸੀ ਹੋਣ ਲੱਗੀ।

ਮਸਾਂ ਮਸਾਂ ਸ਼ਿਕਾਰ ਕਾਬੂ ਆਇਆ ਸੀ। ਕਿਸੇ ਨੇ ਕੋਈ ਰਾਹ ਰੋਕ ਲਿਆ, ਕਿਸੇ ਨੇ ਕੋਈ। ਬਾਕੀ ਛੱਤ ਉਤੇ ਜਾ ਚੜ੍ਹੇ। ਭੱਜ ਕੇ ਕਿਧਰ ਨੂੰ ਜਾਣਾ ਸੀ। ਬੰਤੂ ਤੇ ਪ੍ਰੀਤੂ ਦਲਾਨ ਵਿਚੋਂ ਹੀ ਬਾਹਰ ਨਹੀਂ ਸਨ ਨਿਕਲ ਰਹੇ। ਦਰਬਾਰੇ ਨੇ ਵਿਹੜੇ ਵਿਚੋਂ ਗੋਲੀ ਚਲਾਈ, ਪਰ ਛੱਤ ਵਾਲੇ ਬਨੇਰੇ ਪਿੱਛੇ ਹੋ ਗਏ। ਉਨ੍ਹਾਂ ਬਨੇਰੇ ਦੀਆਂ ਇੱਟਾਂ ਨਾਲ ਦਰਬਾਰੇ ਨੂੰ ਲਹੂ ਲੁਹਾਨ ਕਰ ਦਿੱਤਾ। ਬਾਹਰੋਂ ਕੁੰਡਾ ਖੁੱਲ੍ਹਣ 'ਤੇ ਉਸ ਨੇ ਭੱਜਣ ਦਾ ਯਤਨ ਕੀਤਾ ਤਾਂ ਪਿੰਡ ਦੇ ਮੁੰਡਿਆਂ ਨੇ ਹੱਟੀ ਕੋਲ ਢਾਹ ਲਿਆ। ਓਧਰ ਪ੍ਰੀਤੂ ਤੇ ਬੰਤੂ ਦਲਾਨ ਵਿਚੋਂ ਨਿਕਲਣ ਦਾ ਨਾਂ ਨਹੀਂ ਸੀ ਲੈਂਦੇ।

ਪਿੰਡ ਵਾਲਿਆਂ ਨੇ ਛੱਤ ਪਾੜ ਕੇ ਕੋਠੇ ਨੂੰ ਅੱਗ ਲਾਉਣ ਦਾ ਡਰਾਵਾ ਦਿੱਤਾ ਤਾਂ ਦੋਵੇਂ ਬਾਹਰ ਨਿਕਲਦੇ ਹੀ ਤਾਏ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ।

ਜਦੋਂ ਫਤਿਹਗੜ੍ਹ ਵਾਲੀਆਂ ਸੰਗਤਾਂ ਆਪਣੇ ਪਿੰਡ ਪਹੁੰਚੀਆਂ ਤਾਂ ਦੋ ਲਾਸ਼ਾਂ ਨਸੀਰੋ ਦੇ ਵਿਹੜੇ ਪਈਆਂ ਸਨ ਤੇ ਇਕ ਹੱਟੀਆਂ ਦੇ ਸਾਹਮਣੇ। ਪਿੰਡ ਦੇ ਕਿਸੇ ਬੰਦੇ ਨੂੰ ਕੋਈ ਚੋਟ ਨਹੀਂ ਸੀ ਆਈ। ਜੇ ਆ ਵੀ ਜਾਂਦੀ ਤਾਂ ਇਸ ਨਾਲ ਕੀ ਫਰਕ ਪੈਂਦਾ ਸੀ!

ਦਰਬਾਰੇ ਦੀ ਲਾਸ਼ ਕੋਲ ਦੋ-ਚਾਰ ਬੱਚਿਆਂ ਤੋਂ ਸਿਵਾ ਹੋਰ ਕੋਈ ਨਹੀਂ ਸੀ। ਇਕ ਸਿਪਾਹੀ ਉਸ ਦੀ ਰਾਖੀ ਬੈਠਾ ਸੀ ਤੇ ਇਕ ਹੋਰ ਸਿਪਾਹੀ ਨਸੀਰੋ ਦੇ ਵਿਹੜੇ ਸੰਤੂ ਤੇ ਬੰਤੂ ਦੀਆਂ ਲਾਸ਼ਾਂ ਦੀ ਰਾਖੀ।

ਤਾਇਆ ਚੁੱਪ ਸੀ। ਥਾਣੇ ਵਾਲਿਆਂ ਨੇ ਪਤਾ ਨਹੀਂ ਇਸ ਘਟਨਾ ਨੂੰ ਕਿਵੇਂ ਲੈਣਾ ਸੀ। ਜੋ ਮਰਜ਼ੀ ਕਰਦੇ। ਪਿੰਡ ਦੀ ਧੀ ਦੀ ਇੱਜ਼ਤ ਰਹਿ ਗਈ ਸੀ। ਸਾਰੇ ਪਿੰਡ ਨੇ ਇਕ ਮੁੱਠ ਹੋ ਕੇ ਰੱਖੀ ਸੀ। ਬਹਾਦਰੀ ਦੀ ਗੱਲ ਸੀ। ਸੂਰਮਗਤੀ ਵਾਲੀ, ਪਰ ਤਾਏ ਦੇ ਚਿਹਰੇ 'ਤੇ ਇਸ ਤਰ੍ਹਾਂ ਦੀ ਸੂਰਮਗਤੀ ਦਾ ਕੋਈ ਪ੍ਰਭਾਵ ਨਹੀਂ ਸੀ।

ਹੁਣ ਜਦੋਂ ਅਕਾਸ਼ਵਾਣੀ ਤੋਂ ਬੰਗਲਾ ਦੇਸ਼ ਦੇ ਮਾਸੂਮਾਂ ਨਾਲ ਅੱਤਿਆਚਾਰਾਂ ਦੀ ਖਬਰ ਆਉਂਦੀ ਸੀ ਤਾਂ ਤਾਏ ਦੇ ਮੂੰਹੋਂ ਕੇਵਲ ਇਕੋ ਹੀ ਸ਼ਬਦ ਨਿਕਲਦਾ ਸੀ, 'ਮੂਰਖ ਹਨ ਸਹੁਰੇ।'

ਇਹ ਕਹਾਣੀ ਬੰਗਲਾ ਦੇਸ਼ ਦੀ ਨਹੀਂ।




*1947 ਦੀ ਵੰਡ ਮੌਕੇ ਉਜਾੜੇ ਦਾ ਸ਼ਿਕਾਰ ਹੋਏ ਲੋਕਾਂ ਦਾ ਕਾਫਲਾ*

# ਕਿਆਮਤ

**ਲੜੀਵਾਰ ਨਾਵਲ**

**ਕਿਸ਼ਤ 10ਵੀਂ**

*ਹਰਮਹਿੰਦਰ ਚਾਹਲ ਦਾ ਨਾਵਲ 'ਕਿਆਮਤ' ਇਰਾਕ ਦੇ ਛੋਟੇ ਜਿਹੇ ਅਕੀਦੇ/ਕਬੀਲੇ ਜਾਜ਼ੀਦੀ ਨਾਲ ਸਬੰਧਤ ਕੁੜੀ ਆਸਮਾ ਦੇ ਜੀਵਨ ਦੁਆਲੇ ਬੁਣਿਆ ਗਿਆ ਹੈ। ਇਸ ਵਿਚ ਇਸਲਾਮਕ ਸਟੇਟ ਆਫ ਇਰਾਕ ਐਂਡ ਸੀਰੀਆ (ਆਈ. ਐਸ. ਆਈ. ਐਸ.) ਦੇ ਦਹਿਸ਼ਤਗਰਦਾਂ ਦੀਆਂ ਜ਼ਿਆਦਤੀਆਂ ਦਾ ਚਿੱਠਾ ਫਰੋਲਿਆ ਗਿਆ ਹੈ। ਇਰਾਕ ਵਿਚ ਸੱਦਾਮ ਹੁਸੈਨ ਦੇ ਜ਼ਮਾਨੇ ਵਿਚ ਇਨ੍ਹਾਂ ਲੋਕਾਂ 'ਤੇ ਬਹੁਤ ਕਹਿਰ ਵਾਪਰਿਆ, ਪਰ ਆਈ. ਐਸ. ਆਈ. ਐਸ. ਦੇ ਉਭਾਰ ਪਿਛੋਂ ਤਾਂ ਉਨ੍ਹਾਂ ਉਤੇ ਕਹਿਰ ਦੀ ਹੱਦ ਹੋ ਗਈ ਜਿਸ ਨੂੰ ਪੜ੍ਹ-ਸੁਣ ਕੇ ਕਾਲਜਾ ਮੂੰਹ ਨੂੰ ਆਉਂਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ ਕੁਝ ਅਰਸਾ ਪਹਿਲਾਂ ਚਾਹਲ ਦੀ ਇਕ ਹੋਰ ਲਿਖਤ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁਕੇ ਹਨ, ਜਿਸ ਵਿਚ ਉਸ ਨੇ ਅਲ-ਕਾਇਦਾ ਨਾਲ ਜੁੜੀ ਅਤੇ ਅਮਰੀਕਾ ਵਿਚ ਪੜ੍ਹਦੀ ਕੁੜੀ ਆਫੀਆ ਸਿੱਦੀਕੀ ਦੇ ਜੀਵਨ ਦੇ ਆਧਾਰ 'ਤੇ ਕਹਾਣੀ ਬੁਣੀ ਸੀ। ਆਫੀਆ ਨੂੰ 2010 ਵਿਚ 86 ਵਰ੍ਹਿਆਂ ਦੀ ਕੈਦ ਹੋਈ ਸੀ, ਉਹ ਅੱਜ ਕੱਲ੍ਹ ਅਮਰੀਕੀ ਜੇਲ੍ਹ ਵਿਚ ਬੰਦ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

## ਤੁਸੀਂ ਪੜ੍ਹ ਚੁਕੇ ਹੋ...

**ਇਰਾਕ ਦੇ ਇਕ ਹਿੱਸੇ 'ਤੇ ਆਈ. ਐਸ. ਆਈ. ਐਸ. ਦੇ ਕਬਜ਼ੇ ਪਿਛੋਂ ਜਾਜ਼ੀਦੀ ਕਬੀਲੇ ਦੇ ਲੋਕ ਉਜੜ-ਪੁੱਜੜ ਗਏ। ਅਤਿਵਾਦੀਆਂ ਦੇ ਹੱਥ ਆਈਆਂ ਜਾਜ਼ੀਦੀ ਕੁੜੀਆਂ ਰੁਲ ਰਹੀਆਂ ਹਨ। ਇਨ੍ਹਾਂ ਵਿਚੋਂ ਇਕ ਕੁੜੀ ਆਸਮਾ ਨੂੰ ਸੀਰੀਆ ਭੇਜਿਆ ਜਾ ਰਿਹਾ ਹੈ ਪਰ ਉਹ ਉਨ੍ਹਾਂ ਦੀ ਚੁੰਗਲ ਵਿਚੋਂ ਬਚ ਨਿਕਲਦੀ ਹੈ। ਉਸ ਨੂੰ ਆਪਣੇ ਘਰ ਅਤੇ ਘਰ ਦੇ ਜੀਆਂ ਦਾ ਚੇਤਾ ਆਉਂਦਾ ਹੈ, ਉਹ ਚੇਤਿਆਂ ਵਿਚ ਹੀ ਆਪਣੇ ਪਿੰਡ ਜਾ ਵੜਦੀ ਹੈ। ਇਹ ਉਹ ਸਮਾਂ ਹੈ ਜਦੋਂ ਅਮਰੀਕਾ ਨੇ ਸੱਦਾਮ ਹੁਸੈਨ ਦਾ ਤਖਤਾ ਪਲਟਣ ਲਈ ਇਰਾਕ ਉਤੇ ਹਮਲਾ ਕਰ ਦਿੱਤਾ ਸੀ। ਸੱਦਾਮ ਮਾਰਿਆ ਗਿਆ। ਨਵੀਂ ਹਕੂਮਤ ਆ ਗਈ ਪਰ ਉਦੋਂ ਹੀ ਸੁੰਨੀ ਮੁਸਲਮਾਨਾਂ ਦੇ ਕੁਝ ਧੜੇ ਦਹਿਸ਼ਤਪਸੰਦ ਬਣ ਗਏ ਅਤੇ ਸ਼ੀਆ ਮੁਸਲਮਾਨਾਂ ਤੇ ਜਾਜ਼ੀਦੀਆਂ 'ਤੇ ਕਹਿਰ ਢਾਹੁਣ ਲੱਗੇ। ਆਈ. ਐਸ. ਆਈ. ਐਸ. ਦੇ ਲੋਕ ਜਾਜ਼ੀਦੀਆਂ ਦੇ ਇਲਾਕੇ ਵਲ ਵਧਣ ਲੱਗੇ। ਇਕ ਦਿਨ ਆਸਮਾ ਦੇ ਪਿੰਡ ਨੂੰ ਘੇਰਾ ਪੈ ਗਿਆ ਅਤੇ ਸਭ ਨੂੰ ਟਰੱਕਾਂ ਵਿਚ ਲੱਦ ਕੇ ਲੈ ਗਏ। ਔਰਤਾਂ ਤੇ ਬੱਚਿਆਂ ਨੂੰ ਵੱਖ ਕਰਕੇ ਵੱਖ-ਵੱਖ ਥਾਂਈਂ ਭੇਜ ਦਿੱਤਾ। ਜਾਜ਼ੀਦੀ ਕੁੜੀਆਂ ਦੀ ਮੰਡੀ ਲਾਈ ਗਈ ਤੇ ਆਸਮਾ ਨੂੰ ਜੱਜ ਹਾਜੀ ਸਲਮਾਨ ਖਰੀਦ ਕੇ ਲੈ ਗਿਆ। ਉਸ ਦੇ ਕਬਜ਼ੇ ਵਿਚੋਂ ਭੱਜਣ ਦੀ ਕੋਸ਼ਿਸ਼ ਕਰਨ 'ਤੇ ਉਸ ਨੇ ਆਸਮਾ ਨੂੰ ਅਗਾਂਹ ਵੇਚ ਦਿੱਤਾ। ਹੁਣ ਪੜ੍ਹੋ ਇਸ ਤੋਂ ਅੱਗੇ...**

*(11)*

ਕਾਰ ਤੁਰੀ ਤਾਂ ਮੈਂ ਪਿੱਛੇ ਮੁੜ ਕੇ ਵੀ ਨਹੀਂ ਵੇਖਿਆ। ਸੋਚਿਆ, ਇਸ ਬੁਚੜਖਾਨੇ ਤੋਂ ਨਵੀਂ ਥਾਂ ਮਾੜੀ ਨਹੀਂ ਹੋਵੇਗੀ। ਥੋੜ੍ਹੀ ਦੇਰ ਪਿਛੋਂ ਹੀ ਕਾਰ ਸੜਕ ਕੰਢੇ ਰੁਕੀ। ਉਥੇ ਪਹਿਲਾਂ ਹੀ ਇਕ ਹੋਰ ਕਾਰ ਖੜ੍ਹੀ ਸੀ। ਉਸ ਕਾਰ 'ਚੋਂ ਗਾਰਡ ਬਾਹਰ ਆਇਆ ਤੇ ਮੇਰੇ ਵਾਲੀ ਤਾਕੀ ਕੋਲ ਆ ਹੁਕਮ ਦਿੰਦਿਆਂ ਬੋਲਿਆ, "ਚੱਲ ਬਾਹਰ ਨਿਕਲ ਤੇ ਉਸ ਕਾਰ 'ਚ ਬੈਠ।"



ਮੈਂ ਬਿਨਾ ਹੀਲ ਹੁੱਜਤ ਬੈਗ ਚੁਕ ਉਸ ਨਾਲ ਕਾਰ 'ਚ ਜਾ ਬੈਠੀ। ਇਹ ਟੈਕਸੀ ਸੀ ਜੋ ਨਵੀਂ ਉਮਰ ਦਾ ਮੁੰਡਾ ਚਲਾ ਰਿਹਾ ਸੀ। ਗਾਰਡ ਉਸ ਨਾਲ ਅੱਗੇ ਬੈਠ ਗਿਆ। ਮੈਂ ਪਿਛਲੀ ਸੀਟ 'ਤੇ ਬਹਿੰਦਿਆਂ ਪਿਛਾਂਹ ਢੋਹ ਲਾ ਲਈ। ਛੇਤੀ ਹੀ ਮੈਨੂੰ ਤੇਲ ਚੜ੍ਹਨ ਲੱਗਾ, ਮੈਂ ਕਿਹਾ, ਉਲਟੀ ਆ ਰਹੀ ਹੈ, ਕਾਰ ਰੋਕੋ। ਗਾਰਡ ਨੇ ਗਾਲ੍ਹ ਕੱਢੀ ਪਰ ਡਰਾਈਵਰ ਨੇ ਉਦੋਂ ਹੀ ਕਾਰ ਰੋਕ ਦਿੱਤੀ। ਬਹੁਤ ਜ਼ੋਰ ਦੀ ਉਲਟੀ ਆਉਂਦੀ ਮਹਿਸੂਸ ਹੋ ਰਹੀ ਸੀ ਪਰ ਅੰਦਰੋਂ ਕੁਝ ਨਹੀਂ ਸੀ ਨਿਕਲ ਰਿਹਾ। ਕੋਈ ਚੀਜ਼ ਵੀ ਤਾਂ ਨਹੀਂ ਸੀ ਖਾਧੀ ਪੀਤੀ। ਹੰਭ-ਹਾਰ ਕੇ ਮੈਂ ਡਿਗਦੀ ਢਹਿੰਦੀ ਕਾਰ 'ਚ ਵਾਪਸ ਆ ਬੈਠੀ। ਸੂਰਜ ਸਿਰ 'ਤੇ ਆ ਚੁਕਾ ਸੀ, ਪਿਆਸ ਨਾਲ ਬੁਰਾ ਹਾਲ ਹੋਣ ਲੱਗਾ। ਮੈਂ ਪਾਣੀ ਮੰਗਿਆ ਤਾਂ ਗਾਰਡ ਨੇ ਫਿਰ ਝਿੜਕਿਆ, "ਚੁੱਪ ਕਰਕੇ ਬੈਠੀ ਰਹਿ। ਪਾਣੀ ਬਿਨਾ ਮਰਨ ਨ੍ਹੀਂ ਲੱਗੀ।"

ਉਦੋਂ ਹੀ ਡਰਾਈਵਰ ਨੇ ਸ਼ੀਸ਼ੇ 'ਚੋਂ ਮੇਰੇ ਵਲ ਨਿਗ੍ਹਾ ਮਾਰੀ। ਮੈਂ ਉਸ ਦੇ ਚਿਹਰੇ 'ਤੇ ਉਭਰਦੇ ਤਰਸ ਭਾਵ ਵੇਖੇ। ਫਿਰ ਉਸ ਨੇ ਆਪਣੇ ਸਾਮਾਨ 'ਚੋਂ ਪਾਣੀ ਦੀ ਬੋਤਲ ਚੁੱਕ ਕੇ ਮੇਰੇ ਵਲ ਵਧਾਈ। ਮੈਂ ਬੋਤਲ ਫੜ ਘੁੱਟਾ-ਵਟੀ ਪੀਣ ਲੱਗੀ। ਥੋੜ੍ਹੀ ਦੂਰ ਹੀ ਗਏ ਸੀ ਕਿ ਅੰਦਰ ਫਿਰ ਹਲਚਲ ਮਹਿਸੂਸ ਹੋਈ। ਮੈਂ ਕਿਹਾ ਤਾਂ ਗਾਰਡ ਨੇ ਪਿੱਛੇ ਵਲ ਵੇਖਦਿਆਂ ਫਿਰ ਲੰਬੀ ਗਾਲ੍ਹ ਕੱਢੀ, ਡਰਾਈਵਰ ਨੇ ਫਿਰ ਕਾਰ ਰੋਕ ਲਈ। ਗਾਰਡ ਨੇ ਡਰਾਈਵਰ ਵਲ ਔਖ ਨਾਲ ਵੇਖਿਆ ਤਾਂ ਡਰਾਈਵਰ ਬੋਲਿਆ, "ਹਾਜੀ, ਮੈਂ ਨ੍ਹੀਂ ਚਾਹੁੰਦਾ, ਇਹ ਕਾਰ ਅੰਦਰ ਉਲਟੀ ਕਰੇ। ਮੈਨੂੰ ਕਾਰ ਰੋਕਣ ਨਾਲ ਕੋਈ ਫਰਕ ਨ੍ਹੀਂ ਪੈਂਦਾ।"

"ਪਰ ਮੈਨੂੰ ਪੈਂਦੈ ਨਾ।" ਇੰਨਾ ਕਹਿੰਦਿਆਂ ਉਹ ਪਿਛਾਂਹ ਨੂੰ ਝਾਕਦਾ ਕੜਕਿਆ, "ਚੱਲ ਜਾਹ ਬਾਹਰ। ਹੁਣ ਕਿਸ ਨੂੰ ਉਡੀਕਦੀ ਐਂ?"

ਮੈਂ ਸੜਕ ਕੰਢੇ ਜਾ ਬੈਠੀ। ਜਿਹੜਾ ਦੋ ਘੁੱਟਾਂ ਪਾਣੀ ਪੀਤਾ ਸੀ, ਉਹ ਨਿਕਲ ਗਿਆ। ਪੰਜ-ਚਾਰ ਮਿੰਟ ਬਹੁਤ ਔਖੀ ਹੁੰਦੀ ਰਹੀ। ਹੱਡ ਤਾਂ ਪਹਿਲਾਂ ਹੀ ਟੁੱਟੇ ਪਏ ਸਨ, ਹੁਣ ਮਿਹਦਾ ਵੈਰੀ ਬਣ ਗਿਆ ਸੀ। ਕਾਫੀ ਦੇਰ ਉਠ ਨਾ ਸਕੀ ਤਾਂ ਪਿਛੋਂ ਰਾਈਫਲ ਦਾ ਵੱਟ ਮੋਢੇ 'ਤੇ ਵੱਜਾ। ਮੈਂ ਅੱਗੇ ਨੂੰ ਚੌਫਾਲ ਡਿੱਗੀ। ਸੱਟ ਦੀ ਪੀੜ ਤਾਂ ਬਹੁਤ ਹੋਈ ਪਰ ਮੈਂ ਸੀ ਨਾ ਕੀਤੀ। ਡਿੱਗਦੀ ਢਹਿੰਦੀ ਵਾਪਸ ਕਾਰ 'ਚ ਆ ਬੈਠੀ। ਬੇਹੱਦ ਪਿਆਸ ਹੋਣ ਦੇ ਬਾਵਜੂਦ ਉਲਟੀ ਦੇ ਡਰੋਂ ਮੈਂ ਪਾਣੀ ਨਾ ਪੀਤਾ। ਇੰਨੇ ਨੂੰ ਅੱਗੇ ਚੈਕ ਪੁਆਇੰਟ ਆ ਗਿਆ। ਕਾਰ ਰੁਕ ਗਈ ਤਾਂ ਡਿਊਟੀ ਦੇ ਰਿਹਾ ਮਿਲੀਟੈਂਟ ਕਾਰ ਕੋਲ ਆਇਆ। ਮੇਰੇ ਵਲ ਵੇਖ ਗਾਰਡ ਨੂੰ ਝਈ ਲੈ ਕੇ ਪਿਆ, "ਉਏ ਤੇਰੀ ਬੀਵੀ ਨੰਗੇ ਮੂੰਹ ਬੈਠੀ ਐ। ਤੈਨੂੰ ਸ਼ਰਮ ਨ੍ਹੀਂ ਆਉਂਦੀ। ਆ ਅੰਦਰ ਚੱਲ।"

ਗਾਰਡ 'ਮੈਂ ਮੈਂ' ਕਰਨ ਲੱਗਾ ਪਰ ਮਿਲੀਟੈਂਟ ਬਿਨਾ ਉਸ ਦੀ ਗੱਲ ਸੁਣਿਆਂ ਉਸ ਨੂੰ ਹੁਕਮੀਆਂ ਲਹਿਜ਼ੇ 'ਚ ਦਫਤਰ ਵਲ ਲੈ ਤੁਰਿਆ। ਮੈਂ ਉਸ ਦੀ ਬੀਵੀ ਨਹੀਂ ਸੀ, ਇਸ ਕਰਕੇ ਮੇਰੇ 'ਤੇ ਬੁਰਕਾ ਪਹਿਨਣ ਦੀ ਪਾਬੰਦੀ ਨਹੀਂ ਸੀ ਪਰ ਗਾਰਡ ਚੰਗੀ ਤਰ੍ਹਾਂ ਸਮਝਾ ਨਾ ਸਕਿਆ, ਇਸ ਕਰਕੇ ਚੈਕ ਪੁਆਇੰਟ ਵਾਲੇ ਉਸ ਨੂੰ ਅੰਦਰ ਲੈ ਗਏ। ਪਿਛੇ ਡਰਾਈਵਰ ਨੇ ਮੇਰੇ ਵਲ ਤਰਸ ਭਰੀਆਂ ਨਿਗਾਹਾਂ ਨਾਲ ਵੇਖਦਿਆਂ ਪੁੱਛਿਆ, "ਬੀਬੀ ਕੌਣ ਐਂ ਤੂੰ? ਇਸ ਦੀ ਕੀ ਲੱਗਦੀ ਐਂ ਤੇ ਇਹ ਤੇਰੇ ਨਾਲ ਇਸ ਤਰ੍ਹਾਂ ਦਾ ਵਰਤਾਓ ਕਿਉਂ ਕਰ ਰਿਹਾ ਐ?"

"ਮੈਂ ਗੁਲਾਮ ਸਾਬੀਆ ਆਂ। ਇਹ ਮੈਨੂੰ ਖਰੀਦ ਕੇ ਲਿਆਇਐ।"

"ਓਹ!" ਉਸ ਨੇ ਹਉਕਾ ਭਰਦਿਆਂ ਕਿਹਾ ਤਾਂ ਮੈਨੂੰ ਲੱਗਾ ਕਿ ਉਸ ਨੂੰ ਮੇਰੇ ਨਾਲ ਹਮਦਰਦੀ ਹੈ। ਉਹ ਵੀਹ ਬਾਈ ਕੁ ਸਾਲ ਦਾ ਭਲਾਮਾਣਸ ਜਿਹਾ ਮੁੰਡਾ ਜਾਪਦਾ ਸੀ। ਉਸ ਦੀ ਉਮਰ ਵੇਖ ਕੇ ਲੱਗਾ, ਜਿਵੇਂ ਉਸ ਦਾ ਅਸਲੀ ਕਿੱਤਾ ਕੋਈ ਹੋਰ ਹੋਵੇ ਤੇ ਟੈਕਸੀ ਉਹ ਚਾਰ ਪੈਸੇ ਵਾਧੂ ਕਮਾਉਣ ਲਈ ਚਲਾ ਰਿਹਾ ਹੋਵੇ। ਮੈਂ ਪੁੱਛਿਆ, "ਆਪਣੇ ਬਾਰੇ ਵੀ ਕੁਛ ਦੱਸ?"

"ਮੇਰਾ ਨਾਂ ਕਾਦਰ ਐ। ਮੈਂ ਕਾਲਜ 'ਚ ਪੜ੍ਹਦਾ ਸੀ ਪਰ ਜਦੋਂ ਇਸਲਾਮਕ ਸਟੇਟ ਵਾਲੇ ਆਏ ਤਾਂ ਕਾਲਜ ਬੰਦ ਹੋ ਗਿਆ ਤੇ ਮੇਰੀ ਪੜ੍ਹਾਈ ਛੁੱਟ ਗਈ। ਗੁਜ਼ਾਰੇ ਲਈ ਕਿਰਾਏ ਦੀ ਟੈਕਸੀ ਚਲਾ ਰਿਹਾਂ ਪਰ ਤੂੰ ਇਸ ਦੀ ਗੁਲਾਮ ਕਿਉਂ ਐਂ? ਮੇਰਾ ਮਤਲਬ ਤੇਰਾ ਧਰਮ ਵਗੈਰਾ...।"

"ਮੈਂ ਸਿੰਜਾਰ ਵਾਲੇ ਪਾਸੇ ਤੋਂ ਜਾਜ਼ੀਦੀ ਆਂ। ਜਦੋਂ ਇਸਲਾਮਕ ਸਟੇਟ ਵਾਲੇ ਉਥੇ ਪਹੁੰਚੇ ਤਾਂ ਉਨ੍ਹਾਂ ਮੇਰੇ ਪਰਿਵਾਰ ਦੇ ਬਹੁਤੇ ਜੀਅ ਮਾਰ ਮੁਕਾਏ। ਹੋਰ ਕੁੜੀਆਂ ਨਾਲ ਮੈਨੂੰ ਵੀ ਉਹ ਮੋਸਲ ਲੈ ਆਏ। ਬਸ ਫਿਰ ਇਕ ਥਾਂ ਤੋਂ ਦੂਜੀ ਤੇ ਅਗਾਂਹ ਤੀਜੀ, ਇਵੇਂ ਹੀ ਵਿਕ ਰਹੀ ਆਂ।"

"ਉਂਜ ਤਾਂ ਮੈਂ ਵੀ ਸੁੰਨੀ ਆਂ ਪਰ ਮੈਨੂੰ ਇਸਲਾਮਕ ਸਟੇਟ ਵਾਲੇ ਪਸੰਦ ਨ੍ਹੀਂ। ਇਨ੍ਹਾਂ ਨੇ ਮੇਰੇ ਦੋਸਤ ਦਾ ਪਰਿਵਾਰ ਇਸ ਕਰਕੇ ਮਾਰ ਦਿੱਤਾ ਕਿ ਇਨ੍ਹਾਂ ਨੂੰ ਸ਼ੱਕ ਸੀ ਕਿ ਉਨ੍ਹਾਂ ਗੁਆਂਢੀ ਸ਼ੀਆ ਪਰਿਵਾਰ ਦੀ ਮਦਦ ਕੀਤੀ ਸੀ।" ਇੰਨਾ ਕਹਿੰਦਿਆਂ ਉਸ ਨੇ ਸਾਹਮਣੇ ਵੇਖਿਆ। ਗਾਰਡ ਦਫਤਰੋਂ ਬਾਹਰ ਨਿਕਲ ਰਿਹਾ ਸੀ। ਉਸ ਨੇ ਕਾਰ ਸਟਾਰਟ ਕਰਦਿਆਂ ਕਿਹਾ, "ਅੱਛਾ! ਅੱਲਾ ਭਲੀ ਕਰੂਗਾ।"

ਗਾਰਡ ਬੁੜ-ਬੁੜ ਕਰਦਾ ਕਾਰ 'ਚ ਬਹਿੰਦਿਆਂ ਹੀ ਹੋਈ-ਬੀਤੀ ਦੱਸਣ ਲੱਗਾ, "ਮੈਂ ਇਨ੍ਹਾਂ ਬੇਵਕੂਫਾਂ ਨੂੰ ਬਥੇਰਾ ਕਿਹਾ, ਮੈਂ ਇਸਲਾਮਕ ਸਟੇਟ ਦੇ ਕਮਾਂਡਰ ਦਾ ਗਾਰਡ ਆਂ। ਮੇਰੇ ਕਮਾਂਡਰ ਨੇ ਇਹਨੂੰ ਖਰੀਦਿਆ ਐ। ਮੈਂ ਤਾਂ ਇਹਨੂੰ ਕਮਾਂਡਰ ਦੇ ਘਰ ਤੱਕ ਪਹੁੰਚਾਉਣ ਜਾ ਰਿਹਾ ਆਂ ਪਰ ਛੇਤੀ ਕੀਤਿਆਂ ਮੰਨੇ ਈ ਨ੍ਹੀਂ। ਫਿਰ ਪਤਾ ਨ੍ਹੀਂ ਉਨ੍ਹਾਂ ਦੇ ਦਿਲ 'ਚ ਕੀ ਆਈ ਕਿ ਕਹਿੰਦੇ, ਜਾਹ।"

ਡਰਾਈਵਰ ਨੇ ਕੋਈ ਜੁਆਬ ਨਾ ਦਿੱਤਾ। ਵੀਹ-ਪੰਝੀ ਮਿੰਟ ਕਾਰ ਪੂਰੀ ਰਫਤਾਰ 'ਚ ਭੱਜੀ ਗਈ। ਅਚਾਨਕ ਬਾਹਰ ਵਲ ਵੇਖਦੇ ਗਾਰਡ ਨੇ ਉਚੀ ਆਵਾਜ਼ 'ਚ ਕਾਦਰ ਨੂੰ ਕਿਹਾ, "ਰੋਕੀਂ ਰੋਕੀਂ।" ਕਾਦਰ ਨੇ ਇਕਦਮ ਬਰੇਕ ਮਾਰੇ। ਗਾਰਡ ਨੇ ਉਸ ਨੂੰ ਕਿਹਾ, "ਕਾਰ ਪਿਛੇ ਲੈ ਜਾ।" ਨਾ ਮੈਂ ਸਮਝੀ ਅਤੇ ਨਾ ਹੀ ਕਾਦਰ ਕਿ ਗੱਲ ਕੀ ਹੈ। ਆਖਰ ਕਾਰ ਕਾਫੀ ਪਿੱਛੇ ਪਹੁੰਚ ਗਈ ਤਾਂ ਗਾਰਡ ਨੇ ਦੂਰ ਸੜਕ ਦੇ ਇਕ ਪਾਸੇ ਇਸ਼ਾਰਾ ਕਰਦਿਆਂ ਕਿਹਾ, "ਅਹੁ ਵੇਖ, ਕਿਸੇ ਦਾ ਬਰੀਫਕੇਸ ਡਿੱਗਿਆ ਪਿਆ।"



*ਸੀਰੀਆ ਲਿਜਾਈਆਂ ਜਾ ਰਹੀਆਂ ਜਾਜ਼ੀਦੀ ਕੁੜੀਆਂ।*

ਮੈਂ ਵੀ ਉਧਰ ਨਜ਼ਰ ਮਾਰੀ। ਸੜਕ ਤੋਂ ਕੁਝ ਕਦਮਾਂ ਪਾਸੇ ਲਾਲ ਰੰਗ ਦਾ ਸੋਹਣਾ ਬਰੀਫਕੇਸ ਪਿਆ ਸੀ। ਗਾਰਡ ਬਾਹਰ ਨਿਕਲ ਕੇ ਉਧਰ ਜਾਣ ਲੱਗਾ ਤਾਂ ਕਾਦਰ ਨੇ ਕਿਹਾ, "ਹਾਜੀ, ਕੋਈ ਸ਼ੱਕੀ ਚੀਜ਼ ਜਾਪਦੀ ਐ।"

"ਲੈ ਸ਼ੱਕ ਵਾਲੀ ਇਸ 'ਚ ਕਿਹੜੀ ਗੱਲ ਐ", ਕਹਿੰਦਿਆਂ ਗਾਰਡ ਬਰੀਫਕੇਸ ਵਲ ਤੁਰ ਪਿਆ। ਅਸੀਂ ਦੋਨੋਂ ਉਸ ਵਲ ਗਹੁ ਨਾਲ ਵੇਖ ਰਹੇ ਸੀ। ਗਾਰਡ ਨੇ ਆਪਣੀ ਰਾਈਫਲ ਗਲ ਪਾ ਲਈ ਤੇ ਝੁਕ ਕੇ ਬਰੀਫਕੇਸ ਦੇ ਦੋਨਾਂ ਪਾਸਿਆਂ ਦੇ ਲਾਕ ਦੱਬੇ ਤਾਂ ਉਹ ਖੁੱਲ੍ਹ ਗਏ। ਫਿਰ ਉਸ ਨੇ ਬਰੀਫਕੇਸ ਦਾ ਢੱਕਣ ਉਤਾਂਹ ਨੂੰ ਚੁੱਕਿਆ ਹੀ ਸੀ ਕਿ ਜ਼ੋਰਦਾਰ ਧਮਾਕਾ ਹੋਇਆ। ਮੇਰੀ ਚੀਕ ਨਿਕਲ ਗਈ। ਗਾਰਡ ਦਾ ਸਰੀਰ ਟੁਕੜੇ-ਟੁਕੜੇ ਹੁੰਦਾ ਦੂਰ ਤੱਕ ਜਾ ਖਿੰਡਿਆ। ਆਲੇ-ਦੁਆਲੇ ਧੂੰਆਂ ਫੈਲ ਗਿਆ। ਘਾਬਰਿਆ ਕਾਦਰ ਉਥੋਂ ਕਾਰ ਭਜਾ ਕੇ ਲੈ ਗਿਆ। ਅੱਗੇ ਖੱਬੇ ਹੱਥ ਮੁੜਦੀ ਸੜਕ 'ਤੇ ਕਾਫੀ ਦੂਰ ਜਾ ਕੇ ਉਸ ਨੇ ਸੜਕ ਕਿਨਾਰੇ ਕਾਰ ਰੋਕ ਕੇ ਮੇਰੇ ਵਲ ਵੇਖਦਿਆਂ ਪੁੱਛਿਆ, "ਹੁਣ ਕੀ ਕਰੀਏ?" ਉਸ ਦੇ ਚਿਹਰੇ 'ਤੇ ਘਬਰਾਹਟ ਸੀ। ਜਾਪਦਾ ਸੀ, ਜਿਵੇਂ ਮੈਨੂੰ ਉਮਰ 'ਚ ਵੱਡੀ ਸਮਝਦਾ ਮੈਥੋਂ ਸਲਾਹ ਮੰਗ ਰਿਹਾ ਹੋਵੇ। ਮੈਂ ਗੱਲ ਉਸੇ 'ਤੇ ਛੱਡਦਿਆਂ ਕਿਹਾ, "ਤੂੰ ਦੱਸ।"

"ਮੈਂ ਤਾਂ ਇਸ ਝਮੇਲੇ ਤੋਂ ਦੂਰ ਈ ਰਹਿਣਾ ਚਾਹੂੰਗਾ। ਕਿਸੇ ਪਾਸੇ ਦੀ ਮੋੜ ਘੋੜ ਕੇ ਵਾਪਸ ਚਲਾ ਜਾਊਂ ਪਰ ਤੂੰ ਵੇਖ ਲੈ, ਕੀ ਕਰਨਾ?"

"ਮੈਂ ਕੀ ਕਰ ਸਕਦੀ ਆਂ?"

"ਵੇਖ ਲੈ, ਜੇ ਭੱਜਣਾ ਚਾਹੇਂ ਤਾਂ ਭੱਜ ਲੈ।"

ਉਸ ਦਾ ਭੋਲਾਪਣ ਵੇਖ ਕੇ ਮੈਨੂੰ ਜਾਪਿਆ, ਮੇਰਾ ਭਰਾ ਖੈਰੀ ਬੋਲ ਰਿਹਾ ਹੋਵੇ। ਮੈਂ ਕਿਹਾ, "ਕਾਦਰ, ਭੱਜ ਕੇ ਮੈਂ ਕਿਥੇ ਜਾ ਸਕਦੀ ਆਂ। ਆਲੇ-ਦੁਆਲੇ ਹਰ ਪਾਸੇ ਇਸਲਾਮਕ ਸਟੇਟ ਵਾਲੇ ਹਰਲ-ਹਰਲ ਕਰਦੇ ਫਿਰਦੇ।"

ਉਹ ਕੁਝ ਦੇਰ ਸੋਚਦਾ ਰਿਹਾ। ਮੈਨੂੰ ਲੱਗਾ, ਉਹ ਮੇਰੀ ਮਦਦ ਤਾਂ ਕਰਨਾ ਚਾਹੁੰਦਾ ਹੈ ਪਰ ਕੋਈ ਰਾਹ ਨਹੀਂ ਲੱਭ ਰਿਹਾ। ਕੁਝ ਪਲ ਸੋਚਣ ਪਿਛੋਂ ਬੋਲਿਆ, "ਇਉਂ ਕਰਦੇ ਆਂ, ਇਥੇ ਨੇੜੇ ਈ ਮੇਰੀ ਖਾਲਾ ਦਾ ਘਰ ਐ। ਮੈਂ ਤੈਨੂੰ ਉਥੇ ਛੱਡ ਦਿੰਨਾਂ। ਰਾਤੀਂ ਟੈਕਸੀ ਸਟੈਂਡ ਵਾਲਿਆਂ ਦੇ ਹਵਾਲੇ ਕਰਕੇ ਮੈਂ ਆ ਜਾਵਾਂਗਾ। ਠੰਢੇ ਦਿਮਾਗ ਨਾਲ ਸੋਚਾਂਗੇ ਕਿ ਤੈਨੂੰ ਕਿਵੇਂ ਬਾਹਰ ਕੱਢ ਸਕਦੇ ਆਂ।"

ਮੇਰਾ ਉਸ ਨਾਲ ਕੋਈ ਲੰਬਾ ਚੌੜਾ ਵਾਹ ਵਾਸਤਾ ਨਹੀਂ ਸੀ ਪਰ ਉਸ ਦੀ ਨੀਅਤ 'ਤੇ ਮੈਨੂੰ ਕੋਈ ਸ਼ੱਕ ਨਹੀਂ ਸੀ। ਮੈਂ ਕਹਿ ਦਿੱਤਾ ਕਿ ਉਹ ਮੈਨੂੰ ਆਪਣੀ ਖਾਲਾ ਦੇ ਘਰ ਛੱਡ ਆਵੇ। ਉਸ ਨੇ ਕਾਰ ਤੋਰ ਲਈ ਤੇ ਕੁਝ ਦੇਰ ਬਾਅਦ ਸ਼ਹਿਰ ਦੇ ਇਕ ਪਾਸੇ ਦੀ ਬਸਤੀ 'ਚ ਆਪਣੀ ਖਾਲਾ ਦੇ ਘਰ ਅੱਗੇ ਕਾਰ ਜਾ ਰੋਕੀ। ਪਹਿਲਾਂ ਉਹ ਇਕੱਲਾ ਅੰਦਰ ਗਿਆ। ਪੰਜ-ਸੱਤ ਮਿੰਟਾਂ ਪਿਛੋਂ ਵਾਪਸ ਆ ਮੈਨੂੰ ਨਾਲ ਲੈ ਗਿਆ। ਉਸ ਦੀ ਖਾਲਾ, ਅਧਖੜ ਉਮਰ ਦੀ ਔਰਤ ਸੀ। ਮੈਨੂੰ ਉਸ ਵਲ ਵੇਖ ਕੇ ਭੈਅ ਜਿਹਾ ਆਇਆ। ਉਸ ਨੇ ਕਾਦਰ ਤੋਂ ਮੇਰੇ ਬਾਰੇ ਸੁਣ ਹੀ ਲਿਆ ਸੀ, ਫਿਰ ਵੀ ਉਸ ਦੀਆਂ ਨਜ਼ਰਾਂ 'ਚ ਮੇਰੇ ਲਈ ਕੋਈ ਹਮਦਰਦੀ ਨਾ ਦਿਸੀ। ਉਸ ਨੇ ਮੈਨੂੰ ਪੀਣ ਲਈ ਪਾਣੀ ਦਿੱਤਾ ਤੇ ਇਕ ਕਮਰੇ 'ਚ ਆਰਾਮ ਕਰਨ ਨੂੰ ਕਿਹਾ। ਨਾਲ ਹੀ ਉਸ ਨੇ ਹਦਾਇਤ ਕੀਤੀ ਕਿ ਕਮਰੇ 'ਚੋਂ ਬਾਹਰ ਨਾ ਨਿਕਲਾਂ। ਲੋੜ ਵੇਲੇ ਉਹ ਆਪ ਹੀ ਆਵੇਗੀ। ਕਾਦਰ ਜਾਂਦਾ ਹੋਇਆ ਮੇਰੇ ਕਮਰੇ 'ਚ ਆਇਆ। ਮੈਨੂੰ ਦਿਲਾਸਾ ਦਿੱਤਾ ਕਿ ਰਾਤ ਬਾਰਾਂ ਵਜੇ ਟੈਕਸੀ ਵਾਪਸ ਕਰਨ ਪਿਛੋਂ ਉਹ ਸਿੱਧਾ ਇਧਰ ਆਵੇਗਾ।

ਮੈਂ ਬੈਡ 'ਤੇ ਟੇਢੀ ਜਿਹੀ ਲੇਟ ਗਈ। ਕੂਲਰ ਲੱਗਾ ਹੋਇਆ ਸੀ। ਪਿਛਲੇ ਦਿਨ ਦੀ ਭੰਨੀ-ਟੁੱਟੀ ਨੂੰ ਝੱਟ ਨੀਂਦ ਨੇ ਘੇਰ ਲਿਆ। ਜਦੋਂ ਜਾਗ ਖੁੱਲ੍ਹੀ ਤਾਂ ਬਾਹਰ ਹਨੇਰਾ ਸੀ। ਮੈਂ ਇਧਰ ਉਧਰ ਨਿਗ੍ਹਾ ਮਾਰੀ ਪਰ ਕਾਦਰ ਦੀ ਖਾਲਾ ਜਾਂ ਹੋਰ ਕੋਈ ਨਜ਼ਰ ਨਾ ਆਇਆ। ਮੈਨੂੰ ਹੈਰਾਨੀ ਹੋਈ, ਖਾਲਾ ਨੇ ਮੁੜ ਕੇ ਮੇਰੀ ਖਬਰਸਾਰ ਵੀ ਨਾ ਲਈ। ਵਕਤ ਦਾ ਵੀ ਕੋਈ ਪਤਾ ਨਹੀਂ ਲੱਗ ਰਿਹਾ ਸੀ। ਵਾਪਸ ਬੈਡ 'ਤੇ ਪੈਂਦਿਆਂ ਖਿਆਲਾਂ ਦੇ ਘੋੜੇ ਦੁੜਾਉਣ ਲੱਗੀ। ਇੰਨੇ ਨੂੰ ਬਾਹਰ ਹਿਲਜੁਲ ਹੋਈ। ਫਿਰ ਦਰਵਾਜਾ ਖੜਕਿਆ। ਮੈਂ ਸੋਚਿਆ, ਖਾਲਾ ਹੀ ਹੈ ਤੇ ਅਗਾਂਹ ਹੋ ਕੁੰਡਾ ਖੋਲ੍ਹ ਦਿੱਤਾ। ਬਾਹਰ ਦੇਖਦਿਆਂ ਹੀ ਪੈਰਾਂ ਹੇਠੋਂ ਜਮੀਨ ਨਿਕਲ ਗਈ। ਇਸਲਾਮਕ ਸਟੇਟ ਦੇ ਚਾਰ ਮਿਲੀਟੈਂਟ ਖੜ੍ਹੇ ਸਨ। ਉਨ੍ਹਾਂ ਦੇ ਇਕ ਪਾਸੇ ਕਾਦਰ ਤੇ ਖਾਲਾ ਸੀ। ਦੋ ਜਣਿਆਂ ਨੇ ਅਗਾਂਹ ਹੋ ਕੇ ਮੈਨੂੰ ਬਾਹੋਂ ਫੜ ਲਿਆ। ਫਿਰ ਉਨ੍ਹਾਂ ਦੇ ਇੰਚਾਰਜ ਨੇ ਖਾਲਾ ਤੋਂ ਤਫਸੀਲ ਪੁੱਛੀ, ਉਹ ਬੋਲੀ, "ਥੋੜ੍ਹਾ ਹਨੇਰਾ ਹੁੰਦਿਆਂ ਈ ਇਸ ਨੇ ਮੇਰਾ ਬੂਹਾ ਖੜਕਾਇਆ। ਮੈਂ ਦਰਵਾਜਾ ਖੋਲ੍ਹਿਆ ਤਾਂ ਅੰਦਰ ਆਉਂਦਿਆਂ ਇਹ ਬੋਲੀ ਕਿ ਮੈਂ ਇਸ ਦੀ ਮਦਦ ਕਰਾਂ। ਇਹ ਜਾਜ਼ੀਦੀ ਲੜਕੀ ਐ ਤੇ ਕਿਸੇ ਦੇ ਚੁੰਗਲ 'ਚੋਂ ਭੱਜ ਕੇ ਆਈ ਐ। ਮੈਂ ਇਸ ਨੂੰ ਅੰਦਰ ਲੰਘਾ ਕੇ ਕਮਰੇ 'ਚ ਪਾ ਦਿੱਤਾ ਤੇ ਤੁਹਾਨੂੰ ਇਤਲਾਹ ਦਿੱਤੀ, ਕਿਉਂਕਿ ਇਸਲਾਮਕ ਸਟੇਟ ਦਾ ਹੁਕਮ ਮੰਨਣਾ ਮੇਰਾ ਪਹਿਲਾ ਫਰਜ਼ ਐ।"

"ਬਹੁਤ ਚੰਗਾ ਕੀਤਾ ਬੀਬੀ ਜੋ ਕਾਫਰ ਨੂੰ ਕਾਨੂੰਨ ਦੇ ਹਵਾਲੇ ਕੀਤਾ। ਤੂੰ ਅਸਲੀ ਮੁਸਲਮਾਨ ਐਂ। ਅੱਲਾ ਤੈਨੂੰ ਰਹਿਮਤਾਂ ਬਖਸ਼ੇਗਾ।" ਇੰਨਾ ਆਖ ਉਨ੍ਹਾਂ ਮੈਨੂੰ ਤੋਰ ਲਿਆ। ਇਹ ਤਾਂ ਮੈਂ ਸਮਝ ਹੀ ਚੁੱਕੀ ਸੀ ਕਿ ਕਾਦਰ ਦੀ ਖਾਲਾ ਨੇ ਮੈਨੂੰ ਮੁੜ ਕੇ ਇਸਲਾਮਕ ਸਟੇਟ ਦੇ ਹਵਾਲੇ ਕਰ ਦਿੱਤਾ ਹੈ ਪਰ ਨਾਲ ਹੀ ਮੈਨੂੰ ਇਹ ਵੀ ਤਸੱਲੀ ਸੀ ਕਿ ਖਾਲਾ ਨੇ ਬੜੇ ਢੰਗ ਨਾਲ ਕਹਾਣੀ ਘੜ ਕੇ ਕਾਦਰ ਨੂੰ ਬਚਾ ਲਿਆ ਹੈ। ਦਿਲ ਨੂੰ ਧਰਵਾਸ ਜਿਹਾ ਹੋਇਆ, ਭਲਾਮਾਣਸ ਕਾਦਰ ਇਸ ਝਮੇਲੇ 'ਚੋਂ ਬਚ ਰਿਹਾ। ਖੈਰ! ਉਹ ਮੈਨੂੰ ਜੀਪ 'ਚ ਬਿਠਾ ਕੇ ਲੈ ਤੁਰੇ। ਕੁਝ ਦੇਰ ਪਿਛੋਂ ਉਨ੍ਹਾਂ ਜੀਪ ਕਿਸੇ ਵੱਡੀ ਇਮਾਰਤ 'ਚ ਜਾ ਲਾਈ। ਜਿਸ ਕਮਰੇ 'ਚ ਮੈਨੂੰ ਭੇਜਿਆ, ਉਥੇ ਵੀਹ-ਪੰਝੀ ਮੇਰੇ ਵਰਗੀਆਂ ਹੋਰ ਬੈਠੀਆਂ ਸਨ। ਮੈਂ ਸਮਝ ਗਈ, ਮੈਨੂੰ ਇਸਲਾਮਕ ਸਟੇਟ ਵਾਲਿਆਂ ਨੇ ਕਿਸੇ ਸੈਂਟਰ 'ਚ ਲਿਆ ਕੇ ਛੱਡ ਦਿੱਤਾ ਹੈ। ਇਕ ਪਾਸੇ ਬਹਿੰਦਿਆਂ ਮੈਂ ਆਲੇ-ਦੁਆਲੇ ਵੇਖਣ ਲੱਗੀ। ਉਨ੍ਹਾਂ ਕੁੜੀਆਂ 'ਚੋਂ ਬਹੁਤੀਆਂ ਨਵੀਆਂ ਲਿਆਂਦੀਆਂ ਜਾਪਦੀਆਂ ਸਨ। ਮੈਨੂੰ ਉਨ੍ਹਾਂ ਵਲ ਵੇਖ ਕੇ ਅਫਸੋਸ ਹੋਇਆ ਕਿ ਮੈਂ ਜੋ ਕੁਝ ਭੁਗਤ ਚੁਕੀ ਹਾਂ, ਉਹ ਹੁਣ ਇਨ੍ਹਾਂ ਨਾਲ ਸ਼ੁਰੂ ਹੋਵੇਗਾ। ਕੋਈ ਕਿਸੇ ਨਾਲ ਗੱਲ ਘੱਟ ਹੀ ਕਰ ਰਹੀ ਸੀ, ਸਭ ਰੋ ਰਹੀਆਂ ਸਨ। ਇਕ ਪਾਸੇ ਮੈਂ ਇਕ ਬਜੁਰਗ ਔਰਤ ਨੂੰ ਦੋ ਜੁਆਕੜੀਆਂ ਨਾਲ ਬੈਠਿਆਂ ਵੇਖਿਆ ਤਾਂ ਮੈਨੂੰ ਹੈਰਾਨੀ ਹੋਈ। ਕਿਉਂਕਿ ਬੱਚੀਆਂ ਮਸਾਂ ਦਸ ਕੁ ਸਾਲਾਂ ਦੀਆਂ ਹੋਣਗੀਆਂ ਅਤੇ ਔਰਤ ਵਡੇਰੀ ਉਮਰ ਦੀ ਸੀ। ਮੈਂ ਉਸ ਕੋਲ ਜਾ ਬੈਠੀ, ਉਸ ਬਾਰੇ ਪੁੱਛਿਆ। ਉਸ ਨੇ ਦੱਸਿਆ ਕਿ ਉਸ ਨੂੰ ਸਿੰਜਾਰ ਵਲ ਦੇ ਕਿਸੇ ਪਿੰਡੋਂ ਲਿਆਂਦਾ ਗਿਆ ਹੈ। ਪਰਿਵਾਰ ਸਾਰਾ ਮਾਰਿਆ ਗਿਆ ਸੀ, ਬਸ ਉਸ ਦੀਆਂ ਇਹ ਦੋ ਕੁੜੀਆਂ ਹੀ ਬਚੀਆਂ ਸਨ। ਕੁੜੀਆਂ ਅਜੇ ਉਮਰ ਦੀਆਂ ਛੋਟੀਆਂ ਸਨ, ਇਸ ਕਰਕੇ ਇਸਲਾਮਕ ਸਟੇਟ ਦੇ ਕਾਨੂੰਨ ਅਨੁਸਾਰ ਉਨ੍ਹਾਂ ਨੂੰ ਮਾਂ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਸੀ। ਸੋ, ਜਦੋਂ ਤੱਕ ਉਹ ਥੋੜ੍ਹਾ ਵੱਡੀਆਂ ਨਹੀਂ ਹੋ ਜਾਂਦੀਆਂ, ਮਾਂ ਉਨ੍ਹਾਂ ਦੇ ਕੋਲ ਹੀ ਰਹੇਗੀ। ਪਿਛੋਂ ਉਨ੍ਹਾਂ ਨੂੰ ਵੇਚ ਦਿੱਤਾ ਜਾਵੇਗਾ। ਉਂਜ ਮੈਨੂੰ ਪਤਾ ਸੀ ਕਿ ਜਦੋਂ ਹੀ ਕੋਈ ਅਮੀਰ ਕਮਾਂਡਰ ਆਇਆ ਤਾਂ ਇਨ੍ਹਾਂ ਬੱਚੀਆਂ ਨੂੰ ਉਮਰ ਦੀ ਪਰਵਾਹ ਕੀਤੇ ਬਗੈਰ ਘੜੀਸ ਕੇ ਲੈ ਜਾਵੇਗਾ। ਉਹ ਔਰਤ ਮੈਨੂੰ ਕਹਿ ਰਹੀ ਸੀ ਕਿ ਮੈਂ ਉਸ ਦੀ ਕੋਈ ਮਦਦ ਕਰਾਂ। ਮੇਰੇ ਚਿਹਰੇ 'ਤੇ ਬੇਵਸੀ ਆ ਗਈ ਕਿ ਇਕ ਗੁਲਾਮ ਦੂਜੀ ਗੁਲਾਮ ਤੋਂ ਮਦਦ ਮੰਗ ਰਹੀ ਹੈ। ਖੈਰ! ਮੈਂ ਇਕ ਪਾਸੇ ਹੋ ਕੇ ਲੇਟ ਗਈ। ਡਰ ਲਹਿ ਚੁਕਾ ਸੀ। ਪਹਿਲਾਂ ਪਹਿਲਾਂ ਬੜੇ ਡਰ ਸਨ। ਵਿਕਣ ਦਾ ਡਰ, ਰੇਪ ਦਾ ਡਰ ਤੇ ਭੱਜਣ ਦਾ ਤੇ ਭੱਜਣ ਪਿਛੋਂ ਫੜੇ ਜਾਣ ਦਾ। ਹੁਣ ਤਾਂ ਇਹ ਸਭ ਮੇਰੇ ਨਾਲ ਵਾਪਰ ਚੁਕਾ ਸੀ।

ਪੈਂਦਿਆਂ ਹੀ ਮੈਨੂੰ ਨੀਂਦ ਨੇ ਘੇਰ ਲਿਆ। ਅਗਲੇ ਦਿਨ ਸਵੇਰ ਤੱਕ ਸੁੱਤੀ ਰਹੀ। ਫਿਰ ਦਸ ਕੁ ਵਜੇ ਇਮਾਰਤ ਦਾ ਗਾਰਡ ਅੰਦਰ ਆਇਆ ਤੇ ਪੁੱਛਿਆ, ਆਸਮਾ ਕੌਣ ਹੈ? ਮੈਂ ਉਠ ਕੇ ਖੜ੍ਹੀ ਹੋ ਗਈ ਤਾਂ ਉਸ ਨੇ ਮਗਰ ਆਉਣ ਨੂੰ ਕਿਹਾ। ਮੈਂ ਉਸ ਦੇ ਮਗਰ ਦਫਤਰ ਪਹੁੰਚ ਗਈ। ਅੰਦਰ ਦਾਖਲ ਹੋਈ ਸੀ ਕਿ ਇਕ ਜਣੇ ਨੇ ਖੜ੍ਹੇ ਹੁੰਦਿਆਂ ਮੇਰੇ ਖਿੱਚ ਕੇ ਚੁਪੇੜ ਮਾਰੀ। ਮੈਂ ਬਿਨਾ ਕੋਈ ਪ੍ਰਤੀਕ੍ਰਿਆ ਕੀਤਿਆਂ ਉਸ ਵਲ ਵੇਖਿਆ। ਉਹ ਬੋਲਿਆ, "ਮੈਂ ਅਬੂ ਜਮਾਇਆ ਆਂ। ਤੇਰਾ ਨਵਾਂ ਮਾਲਕ। ਮੈਂ ਤੈਨੂੰ ਹਾਜੀ ਸਲਮਾਨ ਤੋਂ ਖਰੀਦਿਆ ਸੀ। ਫਿਰ ਗਾਰਡ ਤੈਨੂੰ ਲੈਣ ਭੇਜਿਆ ਸੀ ਪਰ ਤੁਸੀਂ ਦੋਹਾਂ ਨੇ ਤਾਂ ਕਮਾਲ ਈ ਕਰ ਦਿੱਤੀ...।" ਗੱਲ ਕਰਦਾ ਉਹ ਰੁਕਿਆ ਤਾਂ ਮੈਂ ਬੜੀ ਹੈਰਾਨ ਹੋਈ। ਨਾਲ ਹੀ ਮੈਨੂੰ ਇਹ ਜਾਣਨ ਦੀ ਉਤਸਕਤਾ ਹੋਈ ਕਿ ਗਾਰਡ ਬਾਰੇ ਜਾਂ ਕਾਦਰ ਬਾਰੇ ਇਸ ਨੂੰ ਕੀ ਅਤੇ ਕਿਸ ਤਰ੍ਹਾਂ ਦੀ ਜਾਣਕਾਰੀ ਹੈ। ਉਸ ਨੇ ਆਪਣੇ ਨਾਲ ਦੇ ਵਲ ਵੇਖਦਿਆਂ ਦੱਸਣਾ ਸ਼ੁਰੂ ਕੀਤਾ, "ਪਹਿਲਾਂ ਮੇਰਾ ਹੀ ਗਾਰਡ ਮੈਨੂੰ ਧੋਖਾ ਦੇ ਕੇ ਇਸ ਨੂੰ ਲੈ ਕੇ ਭੱਜ ਨਿਕਲਿਆ। ਅੱਗੋਂ ਇਹ ਵੀ ਚਤਰ ਨਿਕਲੀ, ਗਾਰਡ ਨੂੰ ਚਕਮਾ ਦੇ ਫਰਾਰ

*(ਅਗਲੇ ਸਫੇ 'ਤੇ ਜਾਰੀ)*

**ਹਰਮਹਿੰਦਰ ਚਹਿਲ**
ਫੋਨ: 703-362-3239
chahals57@yahoo.com

ਹੋ ਗਈ। ਭਲਾ ਹੋਵੇ, ਉਸ ਔਰਤ ਦਾ ਜਿਸ ਕੋਲ ਇਸ ਨੇ ਜਾ ਕੇ ਪਨਾਹ ਮੰਗੀ ਸੀ। ਉਸ ਨੇ ਝੱਟ ਇਤਲਾਹ ਕਰ ਦਿੱਤੀ। ਉਹ ਇਸ ਨੂੰ ਫੜ ਕੇ ਇਥੇ ਲੈ ਆਏ। ਇਥੋਂ ਪੜਤਾਲ ਕਰਦਿਆਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਮੇਰੀ ਗੁਲਾਮ ਐ।"

"ਜਨਾਬ, ਤੁਹਾਡਾ ਗਾਰਡ ਕਿਥੇ ਐ ਹੁਣ?" ਉਸ ਦੇ ਕੋਲ ਬੈਠੇ ਨੇ ਪੁੱਛਿਆ ਤਾਂ ਅਬੂ ਜਮਾਇਆ ਦੱਸਣ ਲੱਗਾ, "ਉਸ ਦੀ ਭਾਲ ਜਾਰੀ ਐ ਪਰ ਭੱਜ ਕੇ ਜਾਊਗਾ ਕਿਥੇ। ਸਾਡੀ ਇਸਲਾਮਕ ਸਟੇਟ ਦੇ ਹੱਥ ਬੜੇ ਲੰਬੇ ਨੇ। ਅਸੀਂ ਤਾਂ ਉਸ ਨੂੰ ਪਤਾਲ 'ਚੋਂ ਵੀ ਕੱਢ ਲਿਆਉਣਾ।"

ਸੁਣ ਕੇ ਮੈਨੂੰ ਚੈਨ ਆਇਆ ਕਿ ਨਾ ਤਾਂ ਕਾਦਰ ਦਾ ਕਿਧਰੇ ਨਾਂ ਆਉਂਦਾ ਹੈ ਤੇ ਨਾ ਇਨ੍ਹਾਂ ਨੂੰ ਗਾਰਡ ਨਾਲ ਵਾਪਰੇ ਹਾਦਸੇ ਦਾ ਪਤਾ ਹੈ।

ਫਿਰ ਉਸ ਨੇ ਮੈਨੂੰ ਨਾਲ ਤੋਰ ਲਿਆ। ਅਸੀਂ ਬਾਹਰ ਖੜ੍ਹੀ ਕਾਰ 'ਚ ਜਾ ਬੈਠੇ। ਅੱਧੇ ਘੰਟੇ 'ਚ ਉਸ ਦੇ ਘਰ ਪਹੁੰਚ ਗਏ। ਉਸ ਨੇ ਝੱਟ ਕੀਮਤ ਵਸੂਲਣੀ ਸ਼ੁਰੂ ਕਰ ਦਿੱਤੀ। ਰਾਤ ਵੇਲੇ ਖਾਣ ਪੀਣ ਦਾ ਸਾਮਾਨ ਦੇ ਕੇ ਬਾਹਰੋਂ ਜੰਦਰਾ ਮਾਰ ਗਿਆ। ਮੈਂ ਅੰਦਰ ਹਨੇਰੇ ਅਤੇ ਤਪਦੇ ਘਰ 'ਚ ਪਈ ਰਹੀ। ਦੋ ਕੁ ਘੰਟਿਆਂ ਪਿਛੋਂ ਦਰਵਾਜਾ ਖੁੱਲ੍ਹਿਆ। ਇਹ ਅਬੂ ਜਮਾਇਆ ਨਹੀਂ, ਉਸ ਦਾ ਕੋਈ ਹੋਰ ਸਾਥੀ ਸੀ। ਦੋ ਘੰਟੇ ਮੇਰੇ ਕੋਲ ਗੁਜ਼ਾਰ ਕੇ ਉਹ ਵੀ ਬਾਹਰੋਂ ਜੰਦਰਾ ਮਾਰ ਗਿਆ। ਉਸ ਪਿਛੋਂ ਕੋਈ ਹੋਰ ਆਇਆ। ਇਸ ਤਰ੍ਹਾਂ ਦਿਨ ਰਾਤ, ਕਈ ਦਿਨ ਇਵੇਂ ਹੀ ਚੱਲਦਾ ਰਿਹਾ। ਨਾ ਕਿਧਰੇ ਨਹਾਉਣ ਧੋਣ ਦਾ ਪ੍ਰਬੰਧ, ਨਾ ਢੰਗ ਦਾ ਖਾਣਾ ਪੀਣਾ। ਮਨ ਜਿਵੇਂ ਮਰ ਹੀ ਗਿਆ ਸੀ। ਸਰੀਰ ਵੀ ਬਿਮਾਰ ਸੀ। ਜੀਅ ਕਰਦਾ, ਇਹ ਹੋਰ ਵੀ ਬਿਮਾਰ ਹੋ ਜਾਵੇ ਤਾਂ ਕਿ ਇਸ ਨਰਕ ਤੋਂ ਛੇਤੀ ਖਹਿੜਾ ਛੁੱਟੇ।

ਹਫਤੇ ਕੁ ਪਿਛੋਂ ਅਬੂ ਜਮਾਇਆ ਸਵੇਰ ਵੇਲੇ ਆਇਆ ਤੇ ਤਿਆਰ ਹੋਣ ਨੂੰ ਕਿਹਾ। ਤਿਆਰ ਮੈਂ ਕੀ ਹੋਣਾ ਸੀ, ਬਸ ਆਪਣਾ ਬੈਗ ਚੁੱਕ ਲਿਆ। ਉਸ ਨੇ ਸੈਂਟਰ ਵਿਚ ਛੱਡ ਦਿੱਤਾ। ਪਤਾ ਲੱਗਾ ਕਿ ਅਬੂ ਜਮਾਇਆ ਮੈਨੂੰ ਵਾਪਸ ਸੈਂਟਰ ਕੋਲ ਹੀ ਵੇਚ ਗਿਆ ਹੈ। ਹੁਣ ਜਦੋਂ ਤੱਕ ਅਗਲੀ ਮੰਡੀ ਨਹੀਂ ਲੱਗਦੀ ਜਾਂ ਸੈਂਟਰ 'ਚੋਂ ਕੋਈ ਹੋਰ ਮੈਨੂੰ ਖਰੀਦ ਕੇ ਨਹੀਂ ਲੈ ਜਾਂਦਾ, ਮੈਂ ਉਥੇ ਹੀ ਰਹਿਣਾ ਸੀ। ਤੀਜੇ ਦਿਨ ਮੰਡੀ ਲੱਗੀ ਪਰ ਹੈਰਾਨੀ ਦੀ ਗੱਲ ਸੀ ਕਿ ਦੋ ਘੰਟੇ ਤੱਕ ਕੋਈ ਮੇਰੇ ਵਲ ਨਾ ਆਇਆ। ਆਖਰ 'ਤੇ ਸੱਤਰਿਆ ਬਹੱਤਰਿਆ ਡਾਕਟਰ ਇਕਬਾਲ ਨੇੜੇ ਆਇਆ ਤੇ ਇੰਟਰਵਿਊ ਲੈਣ ਲੱਗਾ। ਨਾਂ, ਉਮਰ, ਪਿਛੋਂ ਕਿਥੋਂ ਤੇ ਇਥੇ ਕਿੰਨੀ ਦੇਰ ਤੋਂ, ਵਗੈਰਾ ਵਗੈਰਾ। ਆਖਰ ਉਸ ਮੈਨੂੰ ਪਸੰਦ ਕਰ ਲਿਆ। ਫਿਰ ਉਹੀ ਸਿਲਸਿਲਾ...। ਪਹਿਲਾਂ ਉਸ ਨੇ ਉਥੇ ਪੈਸੇ ਜਮਾਂ ਕਰਵਾਏ। ਅਗਲੇ ਦਿਨ ਜੱਜ ਦੇ ਜਾ ਕੇ ਹਲਫਨਾਮਾ ਦਿੰਦਿਆਂ ਮੈਨੂੰ ਖਰੀਦ ਲਿਆ। ਉਸ ਦੇ ਘਰ ਪਹਿਲਾਂ ਹੀ ਦੋ ਗੁਲਾਮ ਕੁੜੀਆਂ ਸਨ, ਜੋ ਸਿੰਜਾਰ ਤੋਂ ਹੀ ਸਨ। ਇਸ ਡਾਕਟਰ ਦਾ ਇਸਲਾਮਕ ਸਟੇਟ ਦੇ ਉਚ ਅਧਿਕਾਰੀਆਂ ਨਾਲ ਸਿੱਧਾ ਰਾਬਤਾ ਸੀ। ਇਸ ਦੇ ਘਰ ਨਾਮੀ ਕਮਾਂਡਰ ਆਉਂਦੇ ਸਨ। ਸਾਡਾ ਕਾਗਜ਼ੀ ਮਾਲਕ ਭਾਵੇਂ ਡਾਕਟਰ ਸੀ ਪਰ ਅਸਲ 'ਚ ਸਾਨੂੰ ਇਨ੍ਹਾਂ ਕਮਾਂਡਰਾਂ ਵਾਸਤੇ ਖਰੀਦਿਆ ਗਿਆ ਸੀ। ਉਹ ਦਿਨ ਰਾਤ ਆਉਂਦੇ, ਸਾਨੂੰ ਨੋਚਦੇ। ਫਰਾਰ ਹੋਣ ਦੀ ਸਕੀਮ ਫਿਰ ਤੋਂ ਮਨ 'ਚ ਉਸਲਵੱਟੇ ਲੈਣ ਲੱਗੀ। ਇਸ ਦੇ ਪੂਰਾ ਹੋਣ ਦਾ ਉਦੋਂ ਹੋਰ ਵੀ ਪੱਕ ਹੋ ਗਿਆ ਜਦੋਂ ਸਾਨੂੰ ਇਕੱਲੀਆਂ ਨੂੰ ਗੱਲਾਂ ਕਰਨ ਦਾ ਵਕਤ ਮਿਲ ਗਿਆ। ਉਨ੍ਹਾਂ 'ਚੋਂ ਵੱਡੀ ਉਮਰ ਦੀ ਕੁੜੀ ਜੋ ਚੰਗੀ ਪੜ੍ਹੀ-ਲਿਖੀ ਸੀ, ਦਾ ਨਾਂ ਵਾਅਲਾ ਸੀ। ਉਹਨੇ ਸਾਰੀ ਗੱਲ ਸੁਣਾਈ...।



ਜਾਜ਼ੀਦੀ ਕੁੜੀਆਂ ਦੇ ਹੱਕ ਵਿਚ ਕੀਤੇ ਰੋਸ ਵਿਖਾਵੇ ਦੀ ਝਲਕ।

ਹੁਣ ਤੱਕ ਘੱਟ ਗਿਣਤੀਆਂ, ਖਾਸਕਰ ਜਾਜ਼ੀਦੀਆਂ 'ਤੇ ਹੋ ਰਹੇ ਜ਼ੁਲਮਾਂ ਦੀ ਕਹਾਣੀ ਦੀ ਦੁਨੀਆਂ ਭਰ 'ਚ ਚਰਚਾ ਸੀ। ਯੂ.ਐਨ.ਓ. ਤੱਕ ਇਸ ਬਾਰੇ ਫਿਕਰਮੰਦ ਸਨ। ਦੁਨੀਆਂ ਦੀਆਂ ਕਈ ਸਮਾਜਸੇਵੀ ਜਥੇਬੰਦੀਆਂ ਇਸ ਪਾਸੇ ਸਰਗਰਮ ਹਨ। ਉਹ ਜਾਜ਼ੀਦੀ ਕੁੜੀਆਂ ਨੂੰ ਇਸਲਾਮਕ ਸਟੇਟ ਦੇ ਕਬਜ਼ੇ 'ਚੋਂ ਆਜ਼ਾਦ ਕਰਵਾਉਣ ਲਈ ਬਹੁਤ ਕੁਝ ਕਰ ਰਹੀਆਂ ਹਨ ਪਰ ਇਸਲਾਮਕ ਸਟੇਟ ਦੇ ਅੰਦਰ ਤੱਕ ਪਹੁੰਚਣਾ ਮੁਸ਼ਕਿਲ ਹੈ। ਫਿਰ ਵੀ ਹਰ ਸ਼ਹਿਰ 'ਚ ਇਸਲਾਮਕ ਸਟੇਟ ਦੇ ਵਿਰੋਧੀ, ਇਨ੍ਹਾਂ ਸਮਾਜਸੇਵੀ ਜਥੇਬੰਦੀਆਂ ਦੀ ਮਦਦ ਕਰ ਰਹੇ ਹਨ। ਆਂਢ-ਗੁਆਂਢ 'ਚ ਰਹਿੰਦੀਆਂ ਕੁੜੀਆਂ ਦੀ ਜਾਣਕਾਰੀ ਕਿਸੇ ਨਾ ਕਿਸੇ ਜ਼ਰੀਏ ਖਾਸ ਤੌਰ 'ਤੇ ਇਸੇ ਕੰਮ ਲਈ ਬਣਾਈ ਸਾਈਟ 'ਤੇ ਪਾਉਂਦੇ ਰਹਿੰਦੇ। ਇਸ ਨਾਲ ਹੁਣ ਤੱਕ ਕਾਫੀ ਕੁੜੀਆਂ ਆਜ਼ਾਦ ਕਰਵਾ ਲਈਆਂ ਹਨ ਪਰ ਵੱਡਾ ਅੜਿੱਕਾ ਇਸਲਾਮਕ ਸਟੇਟ ਦਾ ਤਸ਼ੱਦਦ ਹੈ। ਜਿਸ ਬਾਰੇ ਰਤਾ ਕੁ ਵੀ ਸ਼ੱਕ ਹੁੰਦਾ ਤਾਂ ਸਣੇ ਪਰਿਵਾਰ ਉਸ ਨੂੰ ਮਾਰ ਮੁਕਾਉਂਦੇ। ਹੁਣ ਤੱਕ ਤਕੜਾ ਨੈਟਵਰਕ ਬਣ ਚੁਕਾ ਹੈ ਜੋ ਫਰਾਰ ਹੋਈਆਂ ਕੁੜੀਆਂ ਦਾ ਰਾਹ ਦਸੇਰਾ ਬਣਦਾ ਹੈ। ਸਭ ਤੋਂ ਵੱਡੀ ਮੁਸ਼ਕਿਲ ਕੁੜੀਆਂ ਨੂੰ ਇਸਲਾਮਕ ਸਟੇਟ ਵਾਲਿਆਂ ਦੇ ਘਰਾਂ 'ਚੋਂ ਕੱਢਣਾ ਹੈ। ਵਾਅਲਾ ਹੋਰਾਂ ਦਾ ਉਨ੍ਹਾਂ ਦੇ ਕਿਸੇ ਰਿਸ਼ਤੇਦਾਰ ਰਾਹੀਂ ਨੈਟਵਰਕ 'ਚ ਨਾਂ ਆ ਗਿਆ ਸੀ। ਵਾਅਲਾ ਨੂੰ ਗੁਪਤ ਫੋਨ ਵੀ ਪਹੁੰਚ ਗਿਆ ਸੀ। ਇਹ ਕੂੜਾ ਢੋਣ ਵਾਲੇ ਟਰੈਕਟਰ ਦੇ ਡਰਾਈਵਰ ਕਾਰਨ ਸੰਭਵ ਹੋਇਆ ਸੀ। ਵਾਅਲਾ ਨੇ ਉਸੇ ਨੂੰ ਆਪਣੇ ਰਿਸ਼ਤੇਦਾਰ ਦਾ ਫੋਨ ਨੰਬਰ ਦਿੱਤਾ ਸੀ। ਰਿਸ਼ਤੇਦਾਰ ਨਾਲ ਗੱਲਬਾਤ ਹੋਈ ਤਾਂ ਸਕੀਮ ਅਗਾਂਹ ਵਧੀ। ਫਿਰ ਮੁਸ਼ਕਿਲ ਇਹ ਆਈ ਕਿ ਵਾਅਲਾ ਹੋਰਾਂ ਨੂੰ ਉਸ ਘਰ 'ਚੋਂ ਬਾਹਰ ਕਿਵੇਂ ਕੱਢਿਆ ਜਾਵੇ, ਕਿਉਂਕਿ ਘਰ ਦੀ ਨਿਸ਼ਾਨਦੇਹੀ ਨਹੀਂ ਸੀ। ਨੇੜੇ ਕਾਫੀ ਵੱਡਾ ਹਸਪਤਾਲ ਸੀ ਜਿਥੇ ਜ਼ਿਆਦਾ ਮਰੀਜ਼ ਇਸਲਾਮਕ ਸਟੇਟ ਦੇ ਲੜਾਕੇ ਹੀ ਹੁੰਦੇ ਸਨ। ਸਾਰਾ ਇਲਾਕਾ ਇਸਲਾਮਕ ਸਟੇਟ ਦਾ ਗੜ੍ਹ ਸੀ। ਫਿਰ ਨੈਟਵਰਕ ਦੇ ਕਿਸੇ ਬੰਦੇ ਨੇ ਵਾਅਲਾ ਨੂੰ ਗੁਪਤ ਸੁਨੇਹਾ ਭੇਜਿਆ ਕਿ ਉਹ ਕਿਸੇ ਬਹਾਨੇ ਹਸਪਤਾਲ ਆਵੇ। ਉਥੇ ਉਹ ਬੰਦਾ ਉਸ ਨੂੰ ਵੇਖੇਗਾ। ਫਿਰ ਉਹ ਉਸ ਦੇ ਮਗਰ ਮਗਰ ਡਾ. ਇਕਬਾਲ ਦੇ ਘਰ ਦੀ ਨਿਸ਼ਾਨਦੇਹੀ ਕਰੇਗਾ। ਜਦੋਂ ਇਕ ਵਾਰ ਉਸ ਘਰ ਦਾ ਪਤਾ ਲੱਗ ਗਿਆ ਤਾਂ ਉਹ ਅੱਗੇ ਦੀ ਕਾਰਵਾਈ ਕਰਨਗੇ।

ਜਦੋਂ ਸਾਰੀ ਗੱਲ ਸੁਣੀ ਤਾਂ ਮੈਂ ਬੜੀ ਹੈਰਾਨ ਹੋਈ ਤੇ ਪ੍ਰਸ਼ੰਸਾ ਕਰਦਿਆਂ ਵਾਅਲਾ ਨੂੰ ਕਿਹਾ, "ਵਾਅਲਾ, ਤੂੰ ਕਮਾਲ ਕਰ ਦਿੱਤੀ। ਇਹ ਤਾਂ ਕਿਸੇ ਨਾਲ ਇਕ ਬੋਲ ਮਿੱਠਾ ਨ੍ਹੀਂ ਬੋਲਦੇ ਪਰ ਤੂੰ ਬੁੱਢੇ ਡਾਕਟਰ ਦੀ ਅਤੀ ਨੇੜਲੀ ਬਣ ਚੁਕੀ ਐਂ।"

"ਆਸਮਾ, ਵਕਤ ਬੜਾ ਕੁਛ ਸਿਖਾ ਦਿੰਦੈ। ਮੈਂ ਤੁਹਾਡੇ ਤੋਂ ਬਹੁਤ ਪਹਿਲਾਂ ਦੀ ਇਸ ਨਰਕ 'ਚ ਆਈ ਹੋਈ ਆਂ। ਕਈ ਥਾਂਈਂ ਜਾਣ ਪਿਛੋਂ ਜਦੋਂ ਇਹ ਬੁੱਢਾ ਮਿਲਿਆ ਤਾਂ ਸੋਚਿਆ, ਇਸ ਦਾ ਦਿਲ ਜਿੱਤਾਂ। ਹੌਲੀ-ਹੌਲੀ ਮੈਂ ਉਸ ਦਾ ਵਿਸ਼ਵਾਸ ਪਾਉਣ 'ਚ ਕਾਮਯਾਬ ਰਹੀ ਆਂ; ਤਾਂ ਹੀ ਇਹ ਸਕੀਮ ਇਥੇ ਤੱਕ ਪਹੁੰਚੀ ਐ। ਹੁਣ ਜੇ ਸਿਰੇ ਚੜ੍ਹ ਜਾਵੇ ਤਾਂ ਆਪਾਂ ਤਿੰਨੋਂ ਆਜ਼ਾਦ ਹੋ ਜਾਵਾਂਗੀਆਂ।"

"ਪਰ ਕੀ ਪਤਾ ਕਿ ਇਹ ਤੈਨੂੰ ਹਸਪਤਾਲ ਲੈ ਕੇ ਜਾਵੇਗਾ ਕਿ ਨ੍ਹੀਂ?"

"ਆਪ ਭਾਵੇਂ ਨਾਲ ਨਾ ਜਾਵੇ ਪਰ ਮੈਨੂੰ ਭੇਜ ਜ਼ਰੂਰ ਦੇਵੇਗਾ। ਇਹੀ ਆਪਣਾ ਨਿਸ਼ਾਨਾ ਐਂ।"

"ਖੁਦਾ ਖੈਰ ਕਰੇ।"

ਅਸੀਂ ਗੱਲਬਾਤ ਰੋਕ ਦਿੱਤੀ, ਕਿਸੇ ਦੇ ਆਉਣ ਦਾ ਖੜਾਕ ਹੋਇਆ ਸੀ। ਫਿਰ ਉਸੇ ਰਾਤ ਵਾਅਲਾ ਨੂੰ ਸੁਨੇਹਾ ਮਿਲਿਆ ਕਿ ਕੱਲ੍ਹ ਨੂੰ ਦਿਨੇ ਦਸ-ਬਾਰਾਂ ਵਜੇ ਦੌਰਾਨ ਹਸਪਤਾਲ ਜਾਵੇ। ਵਾਅਲਾ ਨੇ ਰਾਤ ਵੇਲੇ ਹੀ ਪੀੜ ਦਾ ਡਰਾਮਾ ਸ਼ੁਰੂ ਕਰ ਦਿੱਤਾ। ਅਗਲੇ ਦਿਨ ਡਾ. ਇਕਬਾਲ ਨੇ ਉਸ ਨੂੰ ਹਸਪਤਾਲ ਭੇਜਣ ਦਾ ਇੰਤਜ਼ਾਮ ਕਰ ਦਿੱਤਾ। ਮੌਕਾ ਮੇਲ ਇਹ ਬਣਿਆ ਕਿ ਆਖਰ ਵੇਲੇ ਕੋਈ ਨਾ ਬਹੁੜਿਆ ਤਾਂ ਡਾਕਟਰ ਆਪ ਹੀ ਵਾਅਲਾ ਨੂੰ ਲੈ ਤੁਰਿਆ। ਉਤੋਂ ਉਸ ਨੇ ਦੂਸਰੀ ਕੁੜੀ ਨੂੰ ਵੀ ਨਾਲ ਲੈ ਲਿਆ। ਉਹ ਸਹੀ ਸਮੇਂ ਹਸਪਤਾਲ ਚਲੇ ਗਏ। ਵਾਅਲਾ ਨੂੰ ਜਿਥੇ ਜਾਣ ਦਾ ਕਿਹਾ ਗਿਆ ਸੀ, ਉਥੇ ਪਹੁੰਚ ਵੀ ਗਈ। ਫਿਰ ਕੀ ਹੋਇਆ, ਕਿਸੇ ਨੂੰ ਪਤਾ ਨਹੀਂ। ਮੈਨੂੰ ਤਾਂ ਸ਼ਾਮ ਵੇਲੇ ਆਏ ਇਕ ਕਮਾਂਡਰ ਤੋਂ ਪਤਾ ਲੱਗਾ ਕਿ ਦਿਨ ਵੇਲੇ ਹਸਪਤਾਲ 'ਤੇ ਅਮਰੀਕਨਾਂ ਨੇ ਹਵਾਈ ਹਮਲਾ ਕੀਤਾ ਹੈ। ਉਸ ਵੇਲੇ ਉਥੇ ਬਹੁਤ ਸਾਰੇ ਚੋਟੀ ਦੇ ਕਮਾਂਡਰ ਸਨ। ਕਈ ਮਾਰੇ ਗਏ। ਬੜੇ ਜ਼ਖਮੀ ਹੋਏ ਪਰ ਮੇਰੇ ਲਈ ਮਾੜੀ ਖਬਰ ਇਹ ਸੀ ਕਿ ਉਸ ਹਮਲੇ 'ਚ ਵਾਅਲਾ, ਦੂਸਰੀ ਕੁੜੀ ਅਤੇ ਡਾਕਟਰ ਸਭ ਮਾਰੇ ਗਏ। ਪਲੈਨ ਇਥੇ ਹੀ ਖਤਮ ਹੋ ਗਈ। ਉਸੇ ਸ਼ਾਮ ਡਾਕਟਰ ਦੇ ਘਰ ਹੋਰ ਕਮਾਂਡਰਾਂ ਦੀ ਮੀਟਿੰਗ ਹੋਈ। ਸਾਰੇ ਹਤਾਸ਼ ਸਨ, ਕਿਉਂਕਿ ਉਨ੍ਹਾਂ ਦਾ ਬਹੁਤ ਨੁਕਸਾਨ ਹੋ ਗਿਆ ਸੀ। ਉਨ੍ਹਾਂ ਦੀਆਂ ਗੱਲਾਂ ਨਾਲ ਮੈਨੂੰ ਕੋਈ ਮਤਲਬ ਨਹੀਂ ਸੀ ਪਰ ਜਦੋਂ ਵਿਚ ਮੇਰਾ ਜ਼ਿਕਰ ਆ ਗਿਆ ਤਾਂ ਮੈਂ ਚੁਕੰਨੀ ਹੋ ਕੇ ਸੁਣਨ ਲੱਗੀ।

ਕੋਈ ਕਹਿ ਰਿਹਾ ਸੀ, "ਆਪਣਾ ਬੜਾ ਨੁਕਸਾਨ ਹੋ ਗਿਐ। ਬੜੇ ਵੱਡੇ ਕਮਾਂਡਰ ਸ਼ਹੀਦ ਹੋ ਗਏ ਪਰ ਬਹੁਤਾ ਦੁੱਖ ਇਹ ਐ ਕਿ ਆਪਣਾ ਉਚ ਕੋਟੀ ਦਾ ਅਧਿਕਾਰੀ ਡਾ. ਇਕਬਾਲ ਸ਼ਹੀਦ ਹੋ ਗਿਆ।"

"ਇਹ ਘਾਟਾ ਕਦੇ ਵੀ ਪੂਰਾ ਨ੍ਹੀਂ ਹੋਣਾ।"

"ਹਾਜੀ ਅਮਰ, ਤੇਰਾ ਇਸ ਘਰ ਬਾਰੇ ਕੀ ਖਿਆਲ ਐ?" ਕਿਸੇ ਹੋਰ ਕਮਾਂਡਰ ਨੇ ਪੁੱਛਿਆ।

"ਸਾਨੂੰ ਇਹ ਟਿਕਾਣਾ ਛੱਡ ਦੇਣਾ ਚਾਹੀਦਾ। ਨਾਲੇ ਮੇਰਾ ਕੰਮ ਤਾਂ ਸੀਰੀਆ ਵਾਲਾ। ਉਥੇ ਦੇ ਜਹਾਦੀ ਭਰਾਵਾਂ ਨੂੰ ਗੁਲਾਮ ਕੁੜੀਆਂ ਦੀ ਲੋੜ ਐ। ਮੈਂ ਉਡੀਕ ਰਿਹਾਂ ਕਿ ਪੂਰੇ ਟਰੱਕ ਦਾ ਲੋਡ ਬਣ ਜਾਵੇ, ਫਿਰ ਹੀ ਉਧਰ ਜਾਵਾਂ।" ਹਾਜੀ ਅਮਰ ਦਾ ਉਤਰ ਸੀ।

"ਤੇਰਾ ਟੀਚਾ ਕੀ ਐ ਤੇ ਕਮੀ ਕੀ ਐ?"

"ਬਸ ਕੁਛ ਕੁ ਕੁੜੀਆਂ ਹੋਰ ਮਿਲ ਜਾਣ।"

"ਇਕ ਤਾਂ ਇਥੇ ਈ ਐ, ਤੂੰ ਲੈ ਜਾਹ।"

"ਪਰ ਇਹ ਤਾਂ ਡਾ. ਇਕਬਾਲ ਦੀ ਗੁਲਾਮ ਸਾਬੀਆ ਐ। ਮੈਂ ਕੁਛ ਨ੍ਹੀਂ ਕਹਿ ਸਕਦਾ।"

"ਡਾਕਟਰ ਤਾਂ ਹੁਣ ਰਿਹਾ ਨ੍ਹੀਂ। ਹੁਣ ਇਹ ਇਸਲਾਮਕ ਸਟੇਟ ਦੀ ਮਲਕੀਅਤ ਐ। ਤੂੰ ਲੈ ਜਾ, ਕਾਗਜ਼ੀ ਕਾਰਵਾਈ ਆਪੇ ਪੂਰੀ ਕਰ ਲਾਂਗੇ।"

"ਠੀਕ ਐ ਫਿਰ। ਦੋ ਗੁਲਾਮ ਮੇਰੇ ਘਰ ਹਨ, ਇਕ ਇਹ ਹੋ ਜਾਊ ਤੇ 55 ਸ਼ਹਿਰ ਵਿਚਲੇ ਸੈਂਟਰ 'ਚ ਡੱਕੀਆਂ ਹੋਈਆਂ ਨੇ। ਸੱਠ ਹੁੰਦਿਆਂ ਈ ਮੈਂ ਤੁਰ ਜਾਵਾਂਗਾ। ਨ੍ਹੀਂ ਤਾਂ ਇੰਨੀਆਂ ਈ ਲੈ ਜਾਵਾਂਗਾ। ਹੁਣ ਹੋਰ ਉਡੀਕ ਨ੍ਹੀਂ ਕਰ ਸਕਦੇ।"

"ਕਦੋਂ ਤੱਕ ਜਾਣਾ ਐਂ ਸੀਰੀਆ ਵਲ?"

"ਇਸੇ ਹਫਤੇ ਦੇ ਅਖੀਰ 'ਤੇ। ਚਲੋ ਸੱਦੋ ਇਸ ਲੌਂਡੀਆ ਨੂੰ।"

ਸੀਰੀਆ ਜਾਣ ਦਾ ਸੁਣ ਕੇ ਰੌਂਗਟੇ ਖੜ੍ਹੇ ਹੋ ਗਏ। ਮੈਨੂੰ ਪਤਾ ਸੀ, ਇਕ ਵਾਰ ਸੀਰੀਆ ਗਈ ਤਾਂ ਮੁੜ ਕੇ ਆਉਣ ਦਾ ਸੁਆਲ ਹੀ ਨਹੀਂ। ਇਥੋਂ ਫਰਾਰ ਹੋਣ ਦੀ ਉਮੀਦ ਤਾਂ ਕੀਤੀ ਜਾ ਸਕਦੀ ਸੀ ਪਰ ਸੀਰੀਆ ਤੋਂ ਬਿਲਕੁਲ ਨਹੀਂ। ਉਦੋਂ ਹੀ ਇਕ ਮਿਲੀਟੈਂਟ ਮੇਰੇ ਦਰਵਾਜੇ 'ਤੇ ਆ ਖੜ੍ਹਾ ਹੋਇਆ ਤੇ ਨਾਲ ਚੱਲਣ ਨੂੰ ਕਿਹਾ। ਮੈਂ ਉਠ ਕੇ ਤੁਰ ਪਈ। ਅੱਗੇ ਪੰਜ ਸੱਤ ਕਮਾਂਡਰ ਬੈਠੇ ਸਨ। ਇਕ ਨੇ ਖੜ੍ਹੇ ਹੁੰਦਿਆਂ ਕਿਹਾ, "ਮੈਂ ਹਾਜੀ ਅਮਰ ਆਂ। ਅੱਜ ਤੋਂ ਬਾਅਦ ਤੂੰ ਮੇਰੀ ਗੁਲਾਮ ਸਾਬੀਆ ਐਂ। ਆਪਣਾ ਸਮਾਨ ਚੁੱਕ ਲੈ।"

ਮੇਰਾ ਸਾਮਾਨ, ਬੈਗ ਮੇਰੇ ਮੋਢੇ ਲਟਕ ਰਿਹਾ ਸੀ। ਹਾਜੀ ਅਮਰ ਮੈਨੂੰ ਬਾਹਰ ਲੈ ਤੁਰਿਆ ਤੇ ਮੈਂ ਉਸ ਦੀ ਕਾਰ 'ਚ ਬਹਿ ਗਈ।

*(ਚਲਦਾ)*

## ਸਦੀ ਇੱਕੀਵੀਂ

*(ਇੱਕ ਹੋਰ ਨਵੇਂ ਸਾਲ ਨੂੰ ਸਲਾਮ)*

ਉਠੋ ਬਾਰੀਆਂ ਬੂਹੇ ਖੋਲ੍ਹੋ
ਨਿਕਲੋ ਬਾਹਰ ਦੇਖੋ ਸੁਣੋ ਜੋ
ਵਾਂਗ ਹਵਾ ਦੇ ਖਬਰ ਹੈ ਫਿਰ ਗਈ
ਗਲੀਆਂ, ਰਾਹਾਂ, ਜੂਹਾਂ 'ਤੇ।
ਧੂਮ ਧਾਮ ਧਰਤੀ ਅੰਬਰ 'ਤੇ
ਚਹਿਲ ਪਹਿਲ ਮੱਚ ਕੂਕ ਰਹੀ,
ਸਦੀ ਇੱਕੀਵੀਂ ਗੁਜ਼ਰ ਰਹੀ ਹੈ
ਆਦਮ ਦੀਆਂ ਬਰੂਹਾਂ 'ਤੇ।

ਪ੍ਰਸ਼ਨ ਜੋ ਪਿਆਰ ਤੇ ਰੋਗ 'ਚ
ਮਿਟ ਗਈ, ਰੇਖਾ ਉਤੇ ਉਗੇਗਾ,
ਹੀਰ-ਰਾਂਝੇ ਦੇ ਨਾਲ ਨਾਲ
ਉਹ ਚੂਚਕ ਤਾਈਂ ਵੀ ਪੁੱਜੇਗਾ।
ਵਾਰਿਸ ਸ਼ਾਹ ਦੀ ਹੀਰ ਉਤੇ
ਹੀਰਾਂ ਦਾ ਹਾਸਾ ਡੁੱਲ੍ਹੇਗਾ,
ਹੁਣ ਗੋਰਖਨਾਥ ਦੇ ਟਿੱਲੇ ਉਤੇ
ਹਸਪਤਾਲ ਇਕ ਖੁੱਲ੍ਹੇਗਾ।
ਜਿੱਥੇ ਮਨੋਵਿਗਿਆਨੀ ਦੂਰ ਕਰਨਗੇ
ਰੋਗ ਜੋ ਟਿਕ ਗਏ ਰੂਹਾਂ 'ਤੇ...।

ਹੁਣ ਬੱਕਰਾ ਜੋ ਬੁਲਾਵੇਗਾ
ਜਾਂ ਸ਼ੇਰ ਦਾ ਪੁੱਤ ਕਹਾਵੇਗਾ
ਉਹ ਬੰਦਾ ਪਿੰਡ ਦੀ ਅੱਖ ਸਾਹਮਣੇ
ਪਸੂ ਪਸੂ ਹੋ ਜਾਵੇਗਾ।
ਅਣਗਹਿਲੀ ਬੇਪਰਵਾਹੀ ਨੂੰ ਕਹਿ
ਦਿਲ ਖੁੱਲ੍ਹੋ ਕਹਿ ਵਡਿਆਵੇਗਾ
ਅਹ ਨਿੱਤਨੇਮ ਹਕੀਕਤ ਦੇ ਹੱਥੋਂ
ਖਾਖਾਂ 'ਤੇ ਥੱਪੜ ਖਾਵੇਗਾ।
ਹੁਣ ਸੋਚ ਨੇ ਭੰਗੜਾ ਪਾਉਣਾ ਹੈ
ਹਰ ਪਹਿਆਂ, ਰਾਹਾਂ, ਖੂਹਾਂ 'ਤੇ...।

ਜੋ ਪੰਡਾਂ ਅਸੀਂ ਫਰੋਲੀਆਂ ਨਾ
ਉਹ ਪੰਡਾਂ ਨਾ ਹੁਣ ਢੁੱਕਣੀਆਂ,
ਅਸੀਂ ਉਨ੍ਹਾਂ ਪਿੱਛੇ ਹੁਣ ਤੁਰ ਪੈਣਾ
ਜੋ ਦਿਲੋਂ ਉਮੰਗਾਂ ਉਠਣੀਆਂ।
ਜੋ ਦਿਲ 'ਚ ਹੈ ਉਹ ਕਹਿਣਾ ਹੈ
ਜੋ ਕਹਿਣਾ ਹੈ ਉਹ ਕਰਨਾ ਹੈ,
ਹੁਣ ਮਾਨਵਤਾ ਨੇ ਇੰਜ ਖੁੱਲ੍ਹਣਾ
ਜਿਉਂ ਕੋਈ ਚਟਾਨੋਂ ਝਰਨਾ ਹੈ।
ਦਿਲ ਵਿਚ ਦੱਬੇ ਭੇਦ ਸੱਭੇ
ਆ ਨੱਚ ਪੈਣੇ ਨੇ ਮੂੰਹਾਂ 'ਤੇ...।

ਜੋ ਗੱਡੀ ਅੜੀ ਹੈ ਸਦੀਆਂ ਤੋਂ
ਉਹਤੋਂ ਥੱਲੇ ਉਤਰ ਜਾਵਾਂਗੇ,
ਖੁਦ ਆਪਣੀ ਮੰਜ਼ਿਲ ਮਿੱਥਾਂਗੇ
ਖੁਦ ਨਵੀਆਂ ਪੈੜਾਂ ਪਾਵਾਂਗੇ।
ਜਿੱਥੇ ਲੋੜ ਹੈ ਸੋਚ ਦੁੜਾਉਣੇ ਦੀ
ਡਾਂਗ ਜੇ ਉਲਰੀ ਲਾਹਣਤ ਹੋਊ,
ਨਾ ਟੋਪੀ ਤੇ ਨਾ ਪਗੜੀ ਵਿਚ
ਹੁਣ ਇੱਜਤ ਸਿਆਣਪ ਵਿਚ ਵਸੂ।
ਹੁਣ ਹਰ ਬੰਦੇ ਦੀ ਵੁੱਕਤ ਹੋਊ
ਇਕਲੌਤਿਆਂ ਅਤੇ ਸਮੂਹਾਂ 'ਚੇ...।

ਹੁਣ ਬੇਕਦਰੇ ਜਿਹੇ ਰੁੱਖ ਬਣ ਕੇ
ਨਹੀਂ ਝੂਲਦੇ ਟੁੱਟਦੇ ਜਾਵਾਂਗੇ।
ਕਦ ਸਾਹ ਤੇ ਕਦ ਤੂਫਾਨ ਬਣੇ
ਹਰ ਹਵਾ ਤਾਈਂ ਸਮਝਾਵਾਂਗੇ।
ਹੱਥ ਖਿੱਚ ਕੇ ਪੂਜਾ ਦੇ ਵਿਚੋਂ
ਅਸਮਾਨ ਦੇ ਨਾਲ ਮਿਲਾਵਾਂਗੇ,
ਹੁਣ ਝੁਕਿਆ ਸਿਰ ਉਤਾਂਹ ਚੁੱਕ ਕੇ
ਹੋਣੀ ਸੰਗ ਮੱਥਾ ਲਾਵਾਂਗੇ।
ਫਿਰ ਤਰਕਾਂ ਦੀ ਬਰਸਾਤ ਹੋਊ
ਵਹਿਮਾਂ ਦੀਆਂ ਵਗਦੀਆਂ ਲੂਹਾਂ 'ਤੇ...।

ਜਦ ਜਸ਼ਨ ਮਨਾਏ ਅਰਥਾਂ ਦੇ
ਸਭ ਛੱਡ ਕੇ ਪੂਜਾ ਸ਼ਬਦਾਂ ਦੀ,
ਫਿਰ ਉਂਗਲਾਂ ਨੇ ਥਾਹ ਪਾ ਲੈਣੀ
ਚੱਲ ਰਹੇ ਵਕਤ ਦੀਆਂ ਨਬਜ਼ਾਂ ਦੀ।
ਨਾ ਚੋਣਾ ਲਹੂ ਕਿਤਾਬਾਂ 'ਚੋਂ
ਨਾ ਧਰਮ ਸਥਾਨਾਂ ਮਚਣਾ ਏ,
ਫਿਰ ਹਰ ਦਿਲ ਦੇ ਵਿਚ ਬੁੱਲ੍ਹੇ ਨੇ
ਕਰ ਥਈਆ ਥਈਆ ਨੱਚਣਾ ਏ।
ਫਿਰ 'ਪਾਲ' ਵੀ ਖੁੱਲ੍ਹ ਕੇ ਹੱਸੂਗਾ
ਖੁਦ ਆਪਣੇ ਦਿਲ ਦੀਆਂ ਧੁਨਾਂ 'ਤੇ।
ਸਦੀ ਇੱਕੀਵੀਂ ਆਣ ਢੁੱਕੀ ਹੈ
ਆਦਮ ਦੀਆਂ ਬਰੂਹਾਂ 'ਤੇ।

*-ਡਾ. ਸੁਖਪਾਲ ਸੰਘੇੜਾ*
*dr.sukhpal.sanghera@gmail.com*

---

## ਧੀਆਂ ਸੁੱਖ ਮੰਗਣ

ਖੈਰ ਪਰਮਾਤਮਾ ਤੋਂ ਸਦਾ ਇਹੋ ਮੰਗਦੇ ਹਾਂ
ਨਵਾਂ ਸਾਲ ਮੁਬਾਰਕਵਾਦ ਹੋਵੇ।
ਗਿੱਧੇ ਪਾਉਣ ਕੁੜੀਆਂ, ਗੱਭਰੂ ਪਾਉਣ ਭੰਗੜੇ
ਘੁੱਗ ਵਸਦਾ ਸਾਰਾ ਸੰਸਾਰ ਹੋਵੇ।
ਲੈ ਕੇ ਫਾਹਾ ਨਾ ਮਰੇ ਕਿਸਾਨ ਕੋਈ ਵੀ
ਘਰ ਕਿਸੇ ਦਾ ਨਾ ਬਰਬਾਦ ਹੋਵੇ।
ਧੀਆਂ ਸਦਾ ਸੁੱਖ ਮੰਗਣ ਮਾਪਿਆਂ ਦੀ
ਰੱਬਾ ਕਿਤੇ ਵੀ ਨਾ ਗਰਭਪਾਤ ਹੋਵੇ।
ਮਾਣਨ ਰੱਜ ਜੁਆਨੀਆਂ ਸਦਾ ਖੁਸ਼ ਰੱਖੇ
ਰੱਬ ਕਿਸੇ ਦਾ ਵੀ ਨਾ ਸੁਹਾਗ ਖੋਵੇ।
ਕਤਲੇਆਮ ਨਾ ਹੋਵੇ ਧਰਮ ਦੇ ਨਾਂ ਉਤੇ
ਕੋਈ ਦੰਗਾ ਨਾ ਕਿਤੇ ਫਸਾਦ ਹੋਵੇ।
ਗਲਤੀ ਮੰਨਣ ਲਈ ਸਦਾ ਤਿਆਰ ਬੰਦਾ
ਦੱਸ ਦੇਵੇ ਜੇ ਕਿਸੇ ਨੂੰ ਯਾਦ ਹੋਵੇ।
ਖੈਰ ਪਰਮਾਤਮਾ ਤੋਂ ਸਦਾ ਇਹੋ ਮੰਗਦੇ ਹਾਂ
ਨਵਾਂ ਸਾਲ ਮੁਬਾਰਕਵਾਦ ਹੋਵੇ।

*-ਹਰਦਿਆਲ ਸਿੰਘ ਚੀਮਾ, ਸਿਆਟਲ*

---

## ਅੱਜ ਦੀ ਗੱਲ

ਦਿਸ ਰਹੀ ਹੈ ਬਦਲਵਾਈ
ਲੱਗ ਰਹੀਆਂ ਕਨਸੋਆਂ ਨੇ।
ਧਰਮਾਂ ਦੇ ਨਿੱਤ ਨਾਹਰੇ ਗੂੰਜਣ
ਆ ਰਹੀਆਂ ਬਦਬੋਆਂ ਨੇ।
ਨਫਰਤ ਵਾਲੇ ਬੁੱਲੇ ਆਵਣ
ਲੋਅ ਮੋਹ ਦੀ ਬੁੱਝਦੀ ਜਾਵੇ।
ਤਬਾਹੀ ਵਾਲੇ ਐਟਮ ਬੰਬ ਨੂੰ
ਨਿੱਤ ਸ਼ੈਤਾਨ ਪਲੀਤਾ ਲਾਵੇ।
ਰਾਜ ਕਰਨ ਲਈ ਲੋਕਾਂ ਉਤੇ
ਆਪੋ ਵਿਚ ਲੜਾਇਆ ਜਾਂਦਾ।
ਨਵੇਂ ਨਿੱਤ ਪੁਆੜੇ ਪਾ ਕੇ
ਜਨਤਾ ਤਾਈਂ ਡਰਾਇਆ ਜਾਂਦਾ।
ਲੋਕ ਹੱਕਾਂ 'ਤੇ ਕਰਕੇ ਕਬਜ਼ਾ
ਲੋਕ ਰਾਜ ਦਾ ਢੋਲ ਵਜਾਵਣ।
ਹੱਕ ਸੱਚ ਲਈ ਜੇ ਕੋਈ ਬੋਲੇ
ਦੇਸ਼ ਧ੍ਰੋਹ ਦਾ ਕੇਸ ਬਣਾਵਣ।
ਚਾਲਾਂ ਜੇਕਰ ਲੋਕ ਨਾ ਸਮਝੇ
ਭਵਿੱਖ ਵਿਚ ਪਛਤਾਵਣਗੇ।
ਜੇ ਨਾ 'ਕੱਠੇ ਹੋ ਕੇ ਲੜਿਆ
ਤਾਂ ਨਰਕੀ-ਜੂਨ ਹੰਢਾਵਣਗੇ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

## ਪੇਂਡੂ ਕਲੇਸ਼ੀ: ਪੰਚ-ਸਰਪੰਚ

ਹਰ ਇਕ ਪਿੰਡ, ਹਰੇਕ ਮੁਹੱਲੇ
ਘੱਟੋ ਘੱਟ ਹੁੰਦਾ ਕਲੇਸ਼ੀ ਇਕ।
ਸਾਰੇ ਉਸ ਨੂੰ ਕਹਿਣ ਕਲੇਸ਼ੀ
ਦਿਨ-ਰਾਤ ਪਾਏ ਸਿਆਪੇ ਕਰੇ ਘਤਿੱਤ।
ਭਾਈ ਨਾਲ ਭਾਈ ਲੜਾਵੇ
ਤੇ ਸੱਜੇ ਨਾਲ ਖੱਬਾ ਵੀ,
ਨੂੰਹ-ਪੁੱਤਰ ਨੂੰ ਵੀ ਨਾ ਬਖਸ਼ੇ
ਦੇਵੇ ਲੀਕ ਵਿਚਾਲੇ ਖਿੱਚ...।

ਸਕਾ ਕਦੇ ਨਾ ਬਣੇ ਕਿਸੇ ਦਾ
ਯਾਰਾਂ ਦਾ ਹੀ ਤੱਕੇ ਪਿੱਛਾ।
ਮਿੱਤਰਾਂ ਦੀ ਪਤਨੀ ਨੂੰ ਭੰਡੇ
ਯਾਰ ਮਾਰ ਦੀ ਰੱਖੇ ਇੱਛਾ।
ਯਾਰਾਂ ਨੂੰ ਹੀ ਵਰਤ ਵਰਤ ਕੇ
ਪਿਛੋਂ ਮਾਰੇ ਢੂਹੀ 'ਚ ਲੱਤ...।

ਜੋ ਵੀ ਬੰਦੇ ਇਸ ਦੇ ਯਾਰ
ਸਾਰੇ ਹੀ ਬਦਨਾਮ ਨੇ ਹੁੰਦੇ।
ਪਹਿਲੇ ਕੀਤੇ ਚੰਗੇ ਕੰਮ ਵੀ
ਇਸ ਦੇ ਕਰ ਕੇ ਹਰਾਮ ਨੇ ਹੁੰਦੇ।
ਆਪਸ ਵਿਚ ਲੜਾ ਕੇ ਬਾਅਦ ਵਿਚ
ਓਹਲੇ ਹੱਸੇ ਤੇ ਜਾਣੇ ਟਿੱਚ...।

ਜਿੱਥੇ ਵੜ'ਜੇ ਘਪਲੇ ਕਰਦਾ
ਭਾਵੇਂ ਗੁਰਦੁਆਰਾ ਜਾਂ ਫਿਰ ਖੇਡਾਂ।
ਪੰਜੀ ਕਦੇ ਨਾ ਜੇਬੋਂ ਖਰਚੇ
ਘੜੰਮ ਚੌਧਰੀ, ਬੋਲੇ ਟੇਢਾ।
ਖੁਦ ਦੀ ਪੀੜ੍ਹੀ ਹੇਠਲਾ ਕੂੜਾ
ਗਵਾਂਢੀ ਬੂਹੇ ਜਾਵੇ ਸੁੱਟ...।

ਪਿੰਡ ਦੀ ਹਰ ਲੜਾਈ ਉਸ ਨੇ
ਚੁਗਲੀਆਂ ਕਰ ਕੇ ਨਿੱਤ ਪਵਾਈ।
ਕਈ ਘਰ ਬਰਬਾਦ ਨੇ ਕੀਤੇ
ਬਣ ਕੇ ਨਾਰਦ ਮੁਨੀ ਦਾ ਭਾਈ।
ਆਪਣਾ ਸਿਰ ਬਚਾ ਕੇ ਉਸ ਨੇ
ਬੇਗਾਨੇ ਮੋਢੇ ਵਰਤੇ ਨਿੱਤ।
ਹਰ ਇਕ ਪਿੰਡ, ਹਰੇਕ ਮੁਹੱਲੇ
ਘੱਟੋ ਘੱਟ ਹੁੰਦਾ ਕਲੇਸ਼ੀ ਇਕ।

## ਕਾਵਿ ਵਿਅੰਗ

ਕ੍ਰਿਸਮਸ ਡੇਅ 'ਤੇ ਗਿਫਟ ਭੇਜਣਾ
ਹਰਾ ਟਰੈਕਟਰ ਨਵਾਂ ਜੌਹਨਡੀਅਰ।
ਦੇਸ਼ ਆਏ ਦੀ ਕਰਾਂਗੇ ਸੇਵਾ
ਦੇਸੀ ਦਾਰੂ ਫੁੱਲ ਬਲੈਡਰ।
ਕੰਧ ਉਸੇ ਤਰ੍ਹਾਂ ਖੜ੍ਹੀ ਹੈ
ਭਾਵੇਂ ਬਦਲਿਆ ਗਿਐ ਕੈਲੰਡਰ।
ਮੌਤ ਹੋਈ ਸੜਕਾਂ 'ਤੇ ਸਸਤੀ
ਮਹਿੰਗਾ ਹੋ ਗਿਆ ਗੈਸ ਸਿਲੰਡਰ।
ਭਗਵੇਂ ਸਾਧੂ ਬਣੇ ਮੰਤਰੀ
ਹੱਥਾਂ ਵਿਚ ਖੂਨ ਕਮੰਡਰ।
ਸ਼ਹਿਰਾਂ ਦੇ ਨਾਂ ਬਦਲੇ ਜਾਂਦੇ
ਸਮਝ ਨਾ ਆਵੇ ਕੀ ਅਡੰਬਰ।
ਟੋਏ ਟਿੱਬੇ ਹੋਣਗੇ ਸਮਤਲ
ਉਠੂਗਾ ਜਦੋਂ ਲਾਲ ਬਵੰਡਰ।

*-ਜੁਗਰਾਜ ਗਿੱਲ, ਯੌਰਕ*
*ਫੋਨ: 704-257-6693*

# ਕੁਲਫੀ ਪਿਘਲਾਈਏ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਦੱਸੋ ਭਲਾ! ਭਰ ਸਰਦੀਆਂ ਵਿਚ ਲੋਕਾਂ ਦੀ ਠੰਡ ਨਾਲ ਕੁਲਫੀ ਜੰਮੀ ਜਾਂਦੀ ਹੈ ਤੇ ਏਧਰ ਮੈਂ ਇਸ ਦਾ ਜ਼ਿਕਰ ਕਰਕੇ ਪਾਠਕਾਂ ਵਿਚ ਹੋਰ ਕਾਂਬਾ ਛੇੜ ਰਿਹਾ ਹਾਂ। ਕੋਈ ਗੱਲ ਨਹੀਂ, ਇਨ੍ਹਾਂ ਦੇਸ਼ਾਂ ਵਿਚ ਉਲਟੀ ਗੰਗਾ ਵਹਿੰਦੀ ਹੈ। ਇਥੇ ਸਰਦੀਆਂ ਵਿਚ ਵੀ ਆਈਸ ਕਰੀਮ ਖਾਧੀ ਜਾਂਦੀ ਹੈ। ਨਾਲੇ ਜੇ ਗਰਮੀਆਂ ਵਿਚ ਚਾਹ ਗਰਮੀ ਨੂੰ ਮਾਰਦੀ ਹੈ ਤਾਂ ਕੁਲਫੀ ਕਿਉਂ ਨਹੀਂ ਠੰਡਕ ਨੂੰ ਮਾਰ ਸਕਦੀ? ਉਂਜ ਸੱਚ ਦੱਸਾਂ, ਵਿਚਲੀ ਗੱਲ ਕੁਝ ਹੋਰ ਹੈ। ਪਿਛਲੇ ਦਿਨੀਂ ਮੇਰਾ ਸੁਜਾਨ ਸਿੰਘ ਦੀ ਸ਼ਾਹਕਾਰ ਕਹਾਣੀ 'ਕੁਲਫੀ' ਦੁਬਾਰਾ ਪੜ੍ਹਨ ਨੂੰ ਦਿਲ ਕੀਤਾ। ਕਹਾਣੀ ਵਿਚ ਗੁਰਬਤ ਦਾ ਮਾਰਿਆ ਮੈਂ-ਪਾਤਰ ਦਾ ਬੇਟਾ ਕੁਲਫੀ ਨੂੰ ਤਰਸਦਾ ਇਸ ਲਈ ਲਿਲਕੜ੍ਹੀਆਂ ਕੱਢ ਰਿਹਾ ਹੈ, ਪਰ ਘਰ ਵਿਚ ਭੰਗ ਭੁਜਦੀ ਹੋਣ ਕਾਰਨ ਪਿਉ ਕੁਲਫੀ ਜੋਗੇ ਪੈਸੇ ਨਹੀਂ ਜੁਟਾ ਸਕਦਾ, ਇਸ ਲਈ ਟਾਲਮਟੋਲ ਕਰ ਰਿਹਾ ਹੈ। ਬੱਚੇ ਤੋਂ ਕਿਸੇ ਤਰ੍ਹਾਂ ਖਹਿੜਾ ਛੁਡਾ ਕੇ ਖੁਦ ਸੌਣ ਲਗਦਾ ਹੈ ਤਾਂ ਜੋ ਉਸ 'ਤੇ ਵਾਪਰਦਾ ਹੈ, ਉਸ ਦਾ ਬਿਆਨ ਲੇਖਕ ਦੇ ਸ਼ਬਦਾਂ ਵਿਚ ਹੀ ਪੜ੍ਹੋ,

"ਮਲਾਈ ਵਾਲੀ ਕੁਲਫੀ। ਠੰਢੀ-ਠਾਰ ਆਵਾਜ਼ ਵਿਚ ਕੁਲਫੀ ਵਾਲੇ ਨੇ ਹੋਕਾ ਦਿੱਤਾ। ਉਸ ਦੀ ਆਵਾਜ਼ ਕਿੰਨਾ ਚਿਰ ਮੇਰੇ ਕੰਨਾਂ ਵਿਚ ਗੂੰਜਦੀ ਰਹੀ। ਚਿੱਟੀ ਦੁੱਧ ਕੁਲਫੀ ਸਾਕਾਰ ਮੇਰੀਆਂ ਅੱਖਾਂ ਸਾਹਮਣੇ ਨੱਚਣ ਲੱਗੀ। ਮੇਰੇ ਮੂੰਹ ਵਿਚ ਪਾਣੀ ਆ ਗਿਆ। ਪੈਸੇ ਦੀ ਤੰਗੀ ਹਵਾਲਾਤ ਦੀ ਤੰਗੀ ਤੋਂ ਭੈੜੀ ਹੁੰਦੀ ਹੈ। ਮੈਂ ਆਪਣੇ ਦਿਲ ਦੀ ਚਾਹ ਤੋਂ ਬਚਣ ਲਈ 'ਕੁਲਫੀ' ਸ਼ਬਦ ਦੀ ਬਣਤਰ 'ਤੇ ਵਿਚਾਰ ਕਰਨ ਦੀ ਆੜ ਲੈ ਲਈ। ਕੁਫਲ ਦਾ ਅਰਥ ਜੰਦਰਾ, ਸੁਨਿਆਰਿਆਂ ਗਹਿਣਿਆਂ ਵਿਚ ਇਸ ਨੂੰ ਲਾ ਕੇ ਕੁਫਲ ਦਾ ਕੁਲਫੀ ਬਣਾ ਦਿੱਤਾ। ਕੁਲਫੀ ਨੂੰ ਵੀ ਟੀਨ ਦੇ ਸੱਚਿਆਂ ਵਿਚ ਬੰਦ ਕਰਕੇ ਜਮਾਇਆ ਜਾਂਦਾ ਹੈ-ਇਸ ਲਈ ਕੁਲਫੀ। ਤੇ ਇੱਦਾਂ ਹੌਲੀ ਹੌਲੀ, ਪਤਾ ਨਹੀਂ ਕਦੋਂ ਨੀਂਦ ਨੇ ਮੇਰਾ ਕੁਲਫੀ ਤੋਂ ਛੁਟਕਾਰਾ ਕਰ ਦਿੱਤਾ...।"

ਮੇਰਾ ਕੰਮ ਸਮਝੋ ਮੁਫਤ ਵਿਚ ਹੀ ਬਣ ਗਿਆ, ਇਸ ਵਾਰੀ ਕੁਲਫੀ ਸ਼ਬਦ ਦਾ ਹੀ ਜੰਦਰਾ ਖੋਲ੍ਹਿਆ ਜਾਵੇ, ਜਿਸ ਬਾਰੇ ਸੁਜਾਨ ਸਿੰਘ ਨੇ ਸੰਕੇਤ ਦੇ ਹੀ ਦਿੱਤਾ ਹੈ। ਆਪਾਂ ਆਪਣੇ ਬਾਲਪਨ ਵਿਚ ਜੋ ਕੁਲਫੀ ਖਾਂਦੇ ਰਹੇ ਹਾਂ, ਉਹ ਸਮਝੋ ਕੁਲਫੀ ਦਾ ਮਾਤਰ ਪ੍ਰਛਾਵਾਂ ਹੀ ਸੀ। ਇਹ ਡੱਕੇ ਦੁਆਲੇ ਜਮਾਇਆ ਹੋਇਆ ਨਿਰਾ ਰੰਗਦਾਰ ਮਿੱਠਾ ਪਾਣੀ ਹੀ ਹੁੰਦਾ ਸੀ, ਜਿਸ ਨੂੰ ਚੂਸ ਚੂਸ ਕੇ ਆਪਾਂ ਬਚਪਨ ਦੇ ਜ਼ਾਇਕੇ ਲਏ। ਅਫਸੋਸ ਹੁੰਦਾ ਸੀ ਕਿ ਕਾਸ਼ ਡੱਕਾ ਵੀ ਖਾਣਯੋਗ ਹੀ ਹੁੰਦਾ। ਅਮੀਰਜ਼ਾਦਿਆਂ ਵਾਲੀ ਮੇਵੇਦਾਰ ਕੁਲਫੀ ਦੁੱਧ ਤੋਂ ਬਣਦੀ ਹੁੰਦੀ ਹੈ। ਰਾਬੜੀ ਜਿਹੇ ਗਾੜ੍ਹੇ ਦੁੱਧ ਨੂੰ ਟੀਨ ਦੇ ਸੱਚਿਆਂ ਵਿਚ ਪਾ ਕੇ ਬਰਫ ਤੇ ਲੂਣ ਦੇ ਮਿਸ਼ਰਣ ਵਿਚਕਾਰ ਗੱਡ ਦਿੱਤਾ ਜਾਂਦਾ ਹੈ। ਮਟਕਾ ਕੁਲਫੀ ਨੂੰ ਮਟਕਿਆਂ ਵਿਚ ਰੱਖ ਕੇ ਜਮਾਇਆ ਜਾਂਦਾ ਹੈ।

ਭਾਰਤ ਵਿਚ ਖਾਣ ਪੀਣ ਵਾਲੀਆਂ ਬਹੁਤੀਆਂ ਵਧੀਆ ਚੀਜ਼ਾਂ ਜਿਵੇਂ ਸਮੋਸਾ, ਜਲੇਬੀ, ਬਰਫੀ, ਹਲਵਾ, ਸ਼ਰਬਤ, ਸ਼ਕਰਪਾਰੇ ਆਦਿ ਮੱਧ ਏਸ਼ੀਆ ਦੀ ਦੇਣ ਹਨ। ਇਹ ਖਿੱਤਾ ਪੰਜਾਬ ਦੇ ਨਾਲ ਹੀ ਲਗਦਾ ਹੋਣ ਕਰਕੇ ਕਈ ਚੰਗੇ ਚੋਸੇ ਚਿਰਾਂ ਤੋਂ ਹੀ ਭਾਰਤ ਵਿਚ ਆਉਣ ਲੱਗੇ ਸਨ, ਪਰ ਬਹੁਤਿਆਂ ਦਾ ਦਾਖਲਾ 16ਵੀਂ ਸਦੀ ਵਿਚ ਮੁਗਲ ਹਕੂਮਤ ਦੌਰਾਨ ਹੋਇਆ। ਮੁਗਲ ਬਾਦਸ਼ਾਹਾਂ ਦੇ ਖਾਨਸਾਮਿਆਂ ਨੇ ਭਾਰਤੀ ਅਤੇ ਮੱਧ ਏਸ਼ੀਆਈ ਪਕਵਾਨਾਂ ਦਾ ਮੇਲ ਕਰਾ ਕੇ ਨਵੇਂ ਵਿਅੰਜਨਾਂ ਦਾ ਵੀ ਤਜਰਬਾ ਕੀਤਾ। ਕੁਲਫੀ ਉਨ੍ਹਾਂ ਵਿਚੋਂ ਇੱਕ ਹੈ।

ਭਾਰਤ ਵਿਚ ਗਾੜ੍ਹੇ ਦੁੱਧ ਤੋਂ ਮਠਿਆਈਆਂ ਬਣਾਈਆਂ ਜਾਂਦੀਆਂ ਸਨ। ਮੁਗਲ ਖਾਨਸਾਮਿਆਂ ਨੇ ਗਾੜ੍ਹੇ ਦੁੱਧ ਵਿਚ ਮਿੱਠਾ ਪਾ ਕੇ ਜਮਾ ਦਿੱਤਾ। ਉਸ ਕਾਲ ਵਿਚ ਹਿਮਾਲਾ ਦੀਆਂ ਚੋਟੀਆਂ ਤੋਂ ਹਜ਼ਾਰ ਪੰਜ ਸੌ ਮੀਲ ਚੱਲ ਕੇ ਗੱਡਿਆਂ, ਕਿਸ਼ਤੀਆਂ ਰਾਹੀਂ ਅਤੇ ਕਈ ਵਾਰੀ ਪੈਦਲ ਹੀ ਰਾਜਧਾਨੀ ਤੇ ਹੋਰ ਮੈਦਾਨੀ ਇਲਾਕਿਆਂ ਤੱਕ ਬਰਫ ਪਹੁੰਚਾਈ ਜਾਂਦੀ ਸੀ। ਬਾਦਸ਼ਾਹਾਂ ਨੂੰ ਕਿਸ ਚੀਜ਼ ਦੀ ਕਮੀ ਹੁੰਦੀ ਹੈ, ਸਾਰੀ ਪਰਜਾ ਹੀ ਉਨ੍ਹਾਂ ਦਾ ਗੁਲੱਮ ਕਰਦੀ ਹੁੰਦੀ ਹੈ।





ਕੁਲਫਾ

ਇਸਲਾਮੀ ਦੌਰ ਵਿਚ ਫਾਰਸੀ ਸਰਕਾਰੀ ਭਾਸ਼ਾ ਸੀ। ਕੁਲਫੀ ਸ਼ਬਦ ਵੀ ਫਾਰਸੀ ਵਲੋਂ ਹੀ ਆਇਆ ਹੈ। ਫਾਰਸੀ ਵਿਚ ਇਸ ਦਾ ਰੂਪ 'ਕੁਫਲੀ' ਜਿਹਾ ਹੈ। ਇਸ ਭਾਸ਼ਾ ਵਿਚ ਇਸ ਦਾ ਇੱਕ ਅਰਥ ਹੈ, ਬਰਫ, ਜੈਲੀ ਆਦਿ ਜਮਾਉਣ ਵਾਲਾ ਸੱਚਾ। ਇਹ ਸੱਚਾ ਕਰੂਏ ਜਿਹਾ ਮਿੱਟੀ ਦਾ ਹੁੰਦਾ ਸੀ। ਮੁਸਲਮਾਨ ਵਿਆਹ ਸ਼ਾਦੀਆਂ ਦੌਰਾਨ ਇਨ੍ਹਾਂ 'ਕੁਫਲੀਆਨ' ਵਿਚ ਖੀਰ ਪਾ ਕੇ ਆਪਸ ਵਿਚ ਵਟਾਉਂਦੇ ਹਨ। ਭਾਰਤੀ ਭਾਸ਼ਾਵਾਂ ਵਿਚ ਕੁਫਲੀ ਸ਼ਬਦ ਦਾ ਵਰਣ-ਵਿਪਰੈ ਹੋ ਕੇ ਕੁਲਫੀ ਸ਼ਬਦ ਬਣਿਆ। ਕੁਲਫੀ ਦਾ ਪੁਲਿੰਗ ਕੁਲਫਾ ਵੀ ਹੁੰਦਾ ਹੈ, ਜੋ ਬਹੁਤ ਫੁੱਲਵੀਂ ਜਿਹੀ ਮਿੱਠੀ ਬਰਫ ਹੁੰਦੀ ਹੈ। ਇਹ ਕੋਈ ਬਹੁਤੀ ਜ਼ਾਇਕੇਦਾਰ ਨਹੀਂ ਹੁੰਦੀ, ਪਰ ਛੋਟੀ ਉਮਰੇ ਕੁਝ ਵੀ ਮਿੱਠਾ ਸਵਾਦ ਹੀ ਲਗਦਾ ਹੈ।

ਗੌਰਤਲਬ ਹੈ ਕਿ ਇੱਕ ਕਿਸਮ ਦੇ ਖੂਦਰੌ ਪੱਤਿਆਂ ਵਾਲੇ ਬੂਟੇ ਨੂੰ ਵੀ ਕੁਫਲਾ ਕਿਹਾ ਜਾਂਦਾ ਹੈ। ਇਸ ਦੇ ਪੱਤਿਆਂ ਨੂੰ ਚੁਲਾਈ, ਬਾਥੂ, ਤਾਂਦਲਾ ਆਦਿ ਵਿਚ ਪਾ ਕੇ ਇੱਕ ਤਰ੍ਹਾਂ ਦਾ ਬੇਰੁੱਤਾ ਮਿੱਸਾ ਸਾਗ ਬਣਾਇਆ ਜਾਂਦਾ ਹੈ। ਇਸ ਦੇ ਪੱਤਿਆਂ ਅਤੇ ਬੀਜਾਂ ਤੋਂ ਕੁਝ ਦੇਸੀ ਦਵਾਈਆਂ ਵੀ ਬਣਾਈਆਂ ਜਾਂਦੀਆਂ ਹਨ। ਕਹਿੰਦੇ ਹਨ, ਇਹ ਗਦੂਦਾਂ ਦਾ ਪੱਕਾ ਇਲਾਜ ਹੈ। ਹੈਦਰਾਬਾਦ ਵਿਚ ਇਸ ਕੁਲਫੇ ਵਿਚ ਮੀਟ ਪਾ ਕੇ ਇੱਕ ਪਕਵਾਨ ਬਣਾਇਆ ਜਾਂਦਾ ਹੈ, ਜਿਸ ਨੂੰ ਕੁਲਫਾ-ਗੋਸ਼ਤ ਆਖਦੇ ਹਨ। ਇਹ ਸ਼ਬਦ ਫਾਰਸੀ ਦੇ ਇਕ ਹੋਰ ਸ਼ਬਦ 'ਖੁਦਰਾ' ਦਾ ਵਿਗੜਿਆ ਰੂਪ ਹੈ, ਜੋ ਅੱਗੇ ਅਰਬੀ ਤੋਂ ਆਇਆ ਹੈ। ਇਸ ਤਰ੍ਹਾਂ ਇਸ ਦਾ ਕੁਲਫੀ ਸ਼ਬਦ ਨਾਲ ਕੋਈ ਲੈਣਾ-ਦੇਣਾ ਨਹੀਂ। ਇਹ ਅਰਬੀ ਖਰਫ ਤੋਂ ਬਣਿਆ, ਜਿਸ ਦਾ ਅਰਥ 'ਦਰਖਤ ਤੋਂ ਤੋੜਨਾ' ਹੁੰਦਾ ਹੈ। ਸਾਡੀਆਂ ਭਾਸ਼ਾਵਾਂ ਵਿਚ ਇਸ ਲਈ ਸਲੂਣਕ, ਲੋਣਿਆ ਜਿਹੇ ਸ਼ਬਦ ਵੀ ਹਨ।

ਕੁਲਫੀ ਸ਼ਬਦ ਅੱਗੇ ਕੁਫਲ ਨਾਲ ਜਾ ਜੁੜਦਾ ਹੈ, ਜੋ ਮੁਢਲੇ ਤੌਰ 'ਤੇ ਅਰਬੀ ਦਾ ਹੈ, ਪਰ ਫਾਰਸੀ ਰਾਹੀਂ ਭਾਰਤੀ ਭਾਸ਼ਾਵਾਂ ਵਿਚ ਦਾਖਲ ਹੋਇਆ। ਬਹੁਤ ਸਾਰੇ ਪਾਠਕ ਜਾਣਦੇ ਹੋਣਗੇ ਕਿ ਕੁਫਲ ਸ਼ਬਦ ਦਾ ਅਰਥ ਜਿੰਦਰਾ ਹੁੰਦਾ ਹੈ। ਇਸ ਦਾ ਵਰਣ-ਵਿਪਰੈ ਕੁਲਫ ਵੀ ਚਲਦਾ ਰਿਹਾ ਹੈ। ਉਰਦੂ ਦੇ ਜ਼ਮਾਨੇ ਵਿਚ ਕੁਫਲ ਸ਼ਬਦ ਆਮ ਜਾਣਿਆ ਜਾਂਦਾ ਸੀ। ਭਾਈ ਨੰਦ ਲਾਲ ਦੇ ਫਾਰਸੀ ਜ਼ਿੰਦਗੀਨਾਮਾ ਵਿਚ ਇਹ ਸ਼ਬਦ ਇਸਤੇਮਾਲ ਹੋਇਆ ਹੈ, 'ਕੁਫਲ ਬਿਕੁਸ਼ਾ ਅਜ਼ ਕੁਲੀਦਿ ਨਾਮਿ ਹੱਕ' ਅਰਥਾਤ ਪਰਮਾਤਮਾ ਦੀ ਗੁੱਝੀ ਦੌਲਤ ਵਾਲੇ ਜੰਦਰੇ ਨੂੰ ਖੋਲ੍ਹਣ ਲਈ ਨਾਮ ਦੀ ਕੁੰਜੀ ਲਾਓ। ਕਾਦਰ ਯਾਰ ਦੇ ਪੂਰਨ ਭਗਤ ਵਾਲੇ ਕਿੱਸੇ ਵਿਚ ਇਹ ਸ਼ਬਦ ਮਿਲਦਾ ਹੈ,

ਕਾਫ ਕੁਫਲ ਸੰਦੂਕ ਦਾ ਖੋਲ੍ਹ ਰਾਣੀ
ਭਰੀ ਬੋਰ ਉਲੱਦ ਕੇ ਢੇਰ ਕਰਦੀ।
ਹੀਰੇ, ਲਾਲ, ਜਵਾਹਰ ਤੇ ਹੋਰ ਮੋਤੀ
ਭਰੇ ਥਾਲ ਲਿਆਂਵਦੀ ਪੂਰ ਜ਼ਰਦੀ।

ਫਾਰਸੀ ਅਰਬੀ ਦਾ ਸ਼ੈਦਾਈ ਵਾਰਸ ਸ਼ਾਹ ਭਲਾ ਕਿਵੇਂ ਨਾ ਇਹ ਸ਼ਬਦ ਵਰਤਦਾ,

ਪਕੜ ਰਾਹ ਟੁਰਿਆ, ਹੰਝੂ ਨੈਣ ਰੋਵਣ
ਜਿਵੇਂ ਨਦੀ ਦਾ ਨੀਰ ਉਛੱਲਿਆ ਈ।
ਤੇਰੀ ਚੋਲੀ ਦੀਆਂ ਢਿੱਲੀਆਂ ਹੈਣ ਤਣੀਆਂ
ਤੈਨੂੰ ਕਿਸੇ ਮਹਿਬੂਬ ਪਥੱਲਿਆ ਈ।
ਕੁਫਲ ਜੰਦਰੇ ਤੋੜ ਕੇ ਚੋਰ ਵੜਿਆ
ਅੱਜ ਬੀੜਾ ਕਸਤੂਰੀ ਦਾ ਹੱਲਿਆ ਈ।
ਸੂਹਾ ਘੱਗਰਾ ਲਹਿਰਾਂ ਦੇ ਨਾਲ ਉਡੇ
ਬੋਕਬੰਦ ਦੋ-ਚੰਦ ਹੋ ਚੱਲਿਆ ਈ।

ਕੁਫਲ ਸ਼ਬਦ ਦਾ ਅਰਬੀ ਧਾਤੂ ਕਫਲ (ਕਾਫ-ਲਾਮ-ਮੀਮ) ਹੈ, ਜਿਸ ਵਿਚ ਬੰਨਣ, ਜੋੜਨ, ਥਰ ਬੱਝਣ, ਜਮਾਉਣ, ਮੁੜਨ ਦੇ ਭਾਵ ਹਨ। ਇਸ ਤੋਂ ਜੰਦਰੇ ਵਾਲੇ ਅਰਥ ਸਮਝ ਪੈਂਦੇ ਹਨ ਕਿਉਂਕਿ ਜੰਦਰਾ ਆਖਰ ਬੰਨਣ ਵਾਲਾ ਉਪਕਰਣ ਹੀ ਹੈ। ਅਜਿਤ ਵਡਨੇਰਕਰ ਅਨੁਸਾਰ ਕੁਲਫੀ ਸ਼ਬਦ ਵਿਚ ਵੀ ਇਹੋ ਬੰਨਣ ਦਾ ਭਾਵ ਹੈ। ਤਰਲ ਦੁੱਧ ਨੂੰ ਇਕ ਤਰ੍ਹਾਂ ਇਕੱਠਾ ਕਰਕੇ ਜਮਾ ਦਿੱਤਾ ਜਾਂਦਾ ਹੈ, ਸਮਝੋ ਬੰਨ ਦਿੱਤਾ ਜਾਂਦਾ ਹੈ। ਪਰ ਇਹ ਅਰਥ ਹੋਰ ਤਰ੍ਹਾਂ ਵੀ ਲਾਗੂ ਹੁੰਦਾ ਹੈ।

ਕੁਲਫੀ ਜਮਾਉਣ ਵਾਲੇ ਭਾਂਡੇ ਨੂੰ ਕੁਲਫੀ ਜਮਾਉਣ ਤੋਂ ਪਹਿਲਾਂ ਚੰਗੀ ਤਰ੍ਹਾਂ ਬੰਦ ਕੀਤਾ ਜਾਂਦਾ ਹੈ। ਅਸੀਂ ਪਹਿਲਾਂ ਦੱਸ ਚੁਕੇ ਹਾਂ ਕਿ ਅਰਬੀ ਫਾਰਸੀ ਵਿਚ ਕੁਫਲੀ ਦਾ ਇੱਕ ਅਰਥ 'ਬਰਫ, ਜੈਲੀ ਆਦਿ ਜਮਾਉਣ ਵਾਲਾ ਸੱਚਾ' ਵੀ ਹੈ ਤੇ ਕਰੂਆ ਵੀ। ਭਾਂਡੇ ਦੇ ਨਾਂ ਤੋਂ ਹੀ ਭਾਂਡੇ ਵਿਚ ਪਾਈ ਜਾਣ ਵਾਲੀ ਚੀਜ਼ ਦੇ ਨਾਂ ਦਾ ਵਿਕਸਿਤ ਹੋ ਜਾਣਾ ਅਲੋਕਾਰ ਗੱਲ ਨਹੀਂ। ਦੇਗ ਇੱਕ ਤਰ੍ਹਾਂ ਦਾ ਲੋਹੇ ਦਾ ਵੱਡਾ ਭਾਂਡਾ ਹੈ ਪਰ ਕਿਉਂਕਿ ਇਸ ਵਿਚ ਕੜਾਹ ਬਣਾਇਆ ਜਾਂਦਾ ਹੈ, ਇਸ ਲਈ ਦੇਗ ਦਾ ਵਿਕਸਿਤ ਅਰਥ ਕੜਾਹ ਵੀ ਹੈ। ਕੁਲਫਾ ਸ਼ਬਦ ਦਾ ਇੱਕ ਅਰਥ ਇਕ ਤਰ੍ਹਾਂ ਦਾ ਡੱਬਿਆਂ ਵਾਲਾ ਟਿਫਿਨ ਵੀ ਹੈ, ਕਿਉਂਕਿ ਇਸ ਦੇ ਡੱਬੇ ਇੱਕ ਕੁੰਡੀ ਜਿਹੀ ਨਾਲ ਬੰਨੇ ਹੋਏ ਹੁੰਦੇ ਹਨ।

ਦਰਅਸਲ ਕਾਫਲਾ ਸ਼ਬਦ ਵੀ ਉਪਰੋਕਤ ਧਾਤੂ ਨਾਲ ਜਾ ਜੁੜਦਾ ਹੈ। ਅਰਬੀ ਕ੍ਰਿਆ ਕਫਾਲਾ ਵਿਚ ਜਮ੍ਹਾਂ ਹੋਣ, ਜੁੜਨ, ਸਮੂਹ ਬਣਨ ਦਾ ਭਾਵ ਹੀ ਸਪੱਸ਼ਟ ਹੁੰਦਾ ਹੈ। ਕਾਫਲਾ ਇੱਕ ਤਰ੍ਹਾਂ ਲੋਕਾਂ ਦਾ ਜੁੜਿਆ, ਇਕੱਤਰ ਹੋਇਆ ਜਾਂ ਬੱਝਾ ਸਮੂਹ ਹੀ ਹੈ। ਹੀਰ ਵਾਰਸ ਵਿਚ ਸਹਿਤੀ ਦੇ ਬੋਲ ਹਨ,

ਮਗਰ ਤਿੱਤਰਾਂ ਦੇ ਅੰਨ੍ਹਾ ਬਾਜ਼ ਛੁੱਟੇ, ਜਾਇ ਚਿੰਮੜੇ ਦਾਂਦ ਪਤਾਲੂਆਂ ਨੂੰ।
ਅੰਨਾਂ ਭੇਜਿਆ ਅੰਬ ਅਨਾਰ ਵੇਖਣ
ਜਾਇ ਚਿੰਮੜੇ ਤੂਤ ਸੰਭਾਲੂਆਂ ਨੂੰ।
ਘਲਿਆ ਫੁੱਲ ਗੁਲਾਬ ਦਾ ਤੋੜ ਲਿਆਵੀਂ
ਜਾਇ ਲੱਗਾ ਹੈ ਲੈਣ ਕਚਾਲੂਆਂ ਨੂੰ।
ਅੰਨਾਂ ਮੋਹਰੀ ਲਾਈਏ ਕਾਫਲੇ ਦਾ
ਲੁਟਵਾਇਸੀ ਸਾਥ ਦਿਆਂ ਚਾਲੂਆਂ ਨੂੰ।



ਮਟਕਾ ਕੁਲਫੀ

## ਸਾਲ 2019 ਦੀ ਆਮਦ

ਸਾਲ ਨਵਾਂ ਅੱਜ ਚੜ੍ਹਿਆ ਏ
ਕਰੀਏ ਇਸ ਦਾ ਸਤਿਕਾਰ।
ਮਿਹਰ ਕਰੇ ਰੱਬ ਦੁਨੀਆਂ ਦੀ
ਇਹ ਖਿੜੀ ਰਹੇ ਗੁਲਜ਼ਾਰ।

ਵੀਹ ਸੌ ਅਠਾਰਾਂ ਵਿਦਾ ਹੋਇਆ
ਵੀਹ ਸੌ ਉਨੀ ਚੜ੍ਹਿਆ।
ਸਮੇਂ ਦੇ ਰੱਥ ਦੇ ਉਤੇ ਬਹਿ ਕੇ
ਆ ਦੁਨੀਆਂ ਵਿਚ ਵੜਿਆ।
ਨਵੇਂ ਸਮੇਂ ਦੇ ਨਵੇਂ ਸੁਨੇਹੜੇ
ਇਹ ਵੰਡੂ ਵਿਚ ਸੰਸਾਰ...।

ਧਰਮ ਦੇ ਨਾਂ 'ਤੇ ਦੁਨੀਆਂ ਦੇ ਵਿਚ
ਹੋਣ ਨਾ ਕਦੀ ਲੜਾਈਆਂ।
ਵੱਡੇ ਮੁਲਕ ਛੋਟਿਆਂ ਉਤੇ
ਕਰਨ ਨਾ ਕਦੀ ਚੜ੍ਹਾਈਆਂ।
ਸਭ ਧਰਮਾਂ, ਸਭ ਮਜਹਬਾਂ ਵਿਚ
ਸਦਾ ਬਣਿਆ ਰਹੇ ਪਿਆਰ...।

ਨਾ ਲੋਕੀਂ ਧੀਆਂ ਨੂੰ ਮਾਰਨ
ਨਾ ਕੋਈ ਇੱਜਤਾਂ ਲੁੱਟਣ।
ਨਾ ਪੁੱਤਰ ਨਸ਼ਿਆਂ ਵਿਚ ਡੁਬ ਕੇ
ਜੜ੍ਹ ਮਾਪਿਆਂ ਦੀ ਪੁੱਟਣ।
ਪਿੰਡ ਦੀਆਂ ਗਲੀਆਂ ਦੇ ਵਿਚ
ਖੇਡੇ ਫਿਰ ਅੱਲ੍ਹੜ ਮੁਟਿਆਰ...।

ਬਿਰਧ ਘਰਾਂ 'ਚ ਰੁਲਣ ਕਦੀ ਨਾ
ਜਨਮ ਦਾਤੀਆਂ ਮਾਂਵਾਂ।
ਉਹ ਮਾਂਵਾਂ ਜੋ ਧੁਪ ਵਿਚ ਸੜ ਕੇ
ਵੰਡਣ ਠੰਢੀਆਂ ਛਾਂਵਾਂ।
ਨਾ ਕੋਈ ਬਾਪੂ ਬੁਢੜੇ ਵਾਰੇ
ਰੋਵੇ ਧਾਹਾਂ ਮਾਰ...।

ਨਾ ਬਾਦਲ ਜਿਹਾ ਬੰਦਾ ਕੋਈ
ਮੁੜ ਦੁਨੀਆਂ ਵਿਚ ਆਵੇ।
ਨਾ ਪੰਜਾਬ ਦੇ ਪਾਣੀਆਂ ਤਾਈਂ
ਮੁੜ ਕੋਈ ਅੱਗ ਲਾਵੇ।
ਗੁਰੂ ਮਾਰਿਆਂ ਦਾ ਬੇੜਾ ਪਿਆ
ਡੁਬਦਾ ਵਿਚ ਮੰਝਧਾਰ...।
ਸਾਲ ਨਵਾਂ ਅੱਜ ਚੜ੍ਹਿਆ ਏ...।

ਹਿੰਦੂ, ਮੁਸਲਿਮ, ਸਿੱਖ, ਇਸਾਈ
ਇਕੱਠੇ ਵੱਸਣ ਸਾਰੇ।
ਕੋਈ ਪੜ੍ਹੇ ਨਮਾਜ ਆਪਣੀ
ਕੋਈ ਲਾਵੇ ਜੈਕਾਰੇ।
ਕੋਈ ਮੰਦਿਰ ਤੇ ਕੋਈ ਗਿਰਜੇ ਵਿਚ
ਰੱਬ ਨੂੰ ਕਰੇ ਪੁਕਾਰ...।

ਹਰ ਦਿਲ 'ਚੋਂ ਨਫਰਤ ਮੁਕ ਜਾਏ
ਮੁਕ ਜਾਏ ਬੇਈਮਾਨੀ।
ਹਰ ਬੰਦੇ ਦੇ ਅੰਦਰੋਂ ਮੁਕ ਜਾਏ
ਹਵਸ ਅਤੇ ਹੈਵਾਨੀ।
ਸੜਕਾਂ ਉਤੇ ਸੌਣ ਨਾ ਲੋਕ
ਦੇਹ ਸਭ ਨੂੰ ਘਰ ਬਾਰ...।

ਫਿਰ ਪਿੰਡਾਂ ਵਿਚ ਹੋਵੇ ਰੱਬ ਜੀ
ਹਰੀ ਭਰੀ ਹਰਿਆਲੀ।
ਰੁੱਖਾਂ ਦੀਆਂ ਕਤਾਰਾਂ ਹੋਵਣ
ਹਰ ਚਿਹਰੇ 'ਤੇ ਲਾਲੀ।
ਦੁੱਧ ਪੁੱਤ ਦੋਵੇਂ ਰਹਿਣ ਸੁਰੱਖਿਅਤ
ਸੁਖੀ ਵੱਸਣ ਪਰਿਵਾਰ...।

ਵੀਹ ਸੌ ਉਨੀ ਸਾਲ ਚੜ੍ਹਨ ਦੀਆਂ
ਸਭ ਨੂੰ ਦਿਆਂ ਵਧਾਈਆਂ।
ਰੱਬ ਦੀ ਮਿਹਰ ਬਣੀ ਰਹੇ ਸਭ 'ਤੇ
ਖੁਸ਼ੀਆਂ ਹੋਣ ਸਵਾਈਆਂ।
ਕਲਮ ਮੇਰੀ 'ਤੇ ਨਜ਼ਰ ਮਿਹਰ ਦੀ
ਸਦਾ ਰੱਖੀਂ ਕਰਤਾਰ...।
ਸਾਲ ਨਵਾਂ ਅੱਜ ਚੜ੍ਹਿਆ ਏ...।

'ਸੁਰਜੀਤ' ਤੇਰੀ, ਮੇਰੇ ਸਤਿਗੁਰ
ਇਹ ਕਰਦੀ ਏ ਅਰਦਾਸਾਂ।
ਭਾਰਤ-ਪਾਕਿ ਦੇ ਢਾਹ ਕੇ ਬਾਡਰ
ਪੂਰੀਆਂ ਕਰ ਦੇਹ ਆਸਾਂ।
ਜਾਣਾ ਏ ਕਰਤਾਰਪੁਰ ਮੈਂ
ਕਰਨ ਤੇਰੇ ਦੀਦਾਰ...।
ਸਾਲ ਨਵਾਂ ਅੱਜ ਚੜ੍ਹਿਆ ਏ
ਕਰੀਏ ਇਸ ਦਾ ਸਤਿਕਾਰ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

## ਅਰਦਾਸ

ਹੱਥ ਜੋੜ ਰੱਬਾ ਇਹੋ ਕਰਾਂ ਅਰਦਾਸ
ਹੋਣ ਸਾਰੇ ਖੁਸ਼ ਕੋਈ ਹੋਵੇ ਨਾ ਨਿਰਾਸ਼।
ਉਜੜੇ ਨਾ ਕੋਈ ਸਭ ਹੋਣ ਖੁਸ਼ਹਾਲ
ਸਭ ਲਈ ਖੁਸ਼ੀਆਂ ਲੈ ਕੇ ਆਵੇ
ਨਵਾਂ ਸਾਲ! ਨਵਾਂ ਸਾਲ!!

ਆਪਣਿਆਂ ਤੋਂ ਕੋਈ ਆਪਣਾ ਨਾ ਵੱਖ ਹੋਵੇ
ਸਾਰੇ ਹੋਣ ਖੁਸ਼, ਕਿਸੇ ਦੀ ਨਾ ਅੱਖ ਰੋਵੇ,
ਹੋਣ ਨਾ ਦੰਗੇ, ਕੋਈ ਆਵੇ ਨਾ ਭੁਚਾਲ...।
ਸੱਚ ਹੋਣ ਸਭ ਸੁਪਨੇ,
ਸਭ ਹੋਣ ਆਸਾਂ ਪੂਰੀਆਂ
ਕਿਸੇ ਦੀਆਂ ਦਿਲ 'ਚ
ਰਹਿਣ ਨਾ ਸੱਧਰਾਂ ਅਧੂਰੀਆਂ।
ਅੱਖਾਂ ਵਿਚ ਹੰਝੂ ਆਉਣ,
ਤਾਂ ਆਉਣ ਖੁਸ਼ੀ ਨਾਲ...।

ਮਿਲਣ ਉਹ ਸਾਰੇ, ਜੋ ਚਿਰਾਂ ਤੋਂ ਨੇ ਦੂਰ
ਕਿਸੇ ਨੂੰ ਮਿਲਣ ਲਈ ਕੋਈ ਹੋਵੇ ਨਾ ਮਜਬੂਰ।
ਕਦੇ ਕਿਸੇ ਗੱਲੋਂ ਕੋਈ ਮੱਚੇ ਨਾ ਬਵਾਲ...।

ਹਰ ਕੋਈ ਕਰੇ ਇਥੇ
ਇਕ ਦੂਜੇ ਨੂੰ ਪਿਆਰ ਜੇ
ਕਿੰਨਾ ਸੋਹਣਾ 'ਕੁਲਦੀਪ'
ਫਿਰ ਹੋ'ਜੇ ਸੰਸਾਰ ਇਹ।
ਨਫਰਤ ਭੁਲਾ ਕੇ ਹੋਵੇ
ਬੱਸ ਪਿਆਰ ਦਾ ਖਿਆਲ।
ਸਭ ਲਈ ਖੁਸ਼ੀਆਂ ਲੈ ਕੇ ਆਵੇ ਨਵਾਂ ਸਾਲ।

***-ਕੁਲਦੀਪ ਸਿੰਘ ਢਿੱਲੋਂ***
***ਫੋਨ: 91-98559-64276***

ੴ ਸਤਿਗੁਰ ਪ੍ਰਸਾਦਿ॥

ਪ੍ਰਥਮ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ ਬਚਨ 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥' ਉਤੇ ਪਹਿਰਾ ਦਿੰਦਿਆਂ 'ਚਾਰ ਮੂਏ ਤੋ ਕਿਆ ਹੁਆ ਜੀਵਿਤ ਕਈ ਹਜਾਰ॥' ਆਖ ਕੇ ਸਰਬੰਸ ਵਾਰਨ ਵਾਲੇ ਖਾਲਸਾ ਪੰਥ ਦੇ ਬਾਨੀ ਦਸ਼ਮੇਸ ਪਿਤਾ

# ਸਾਹਿਬ-ਏ-ਕਮਾਲ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 352ਵੇਂ ਪ੍ਰਕਾਸ਼ ਦਿਹਾੜੇ ਦੀ ਸੰਗਤਾਂ ਨੂੰ

# ਲੱਖ ਲੱਖ ਵਧਾਈ ਹੋਵੇ



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਫੋਨ: 847-330-1421



ਜੈਦੇਵ ਸਿੰਘ (ਸੱਤੀ) ਭੱਠਲ
(ਸ਼ਿਕਾਗੋ)



ਸੁਖਰਾਜ ਸਿੰਘ ਤੱਖਰ
(ਸ਼ਿਕਾਗੋ)

**Major Gurcharn Singh Jhaj**
**Jaidev Singh Bhattal & Sukhraj Singh Takher**

ਨਿਰਵਿਘਨ ਪ੍ਰਕਾਸ਼ਨ ਦੇ 20ਵੇਂ ਸਾਲ 'ਚ (ਪਹਿਲੀ ਜਨਵਰੀ 2000-2019)


# ਅਦਾਰਾ ਪੰਜਾਬ ਟਾਈਮਜ਼ ਦੇ ਸਟਾਫ, ਕਾਲਮਨਵੀਸਾਂ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਵਲੋਂ ਪਾਠਕਾਂ ਨੂੰ

# ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 352ਵੇਂ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ


'ਪੰਜਾਬ ਟਾਈਮਜ਼ ਨਾਈਟ'
4 ਮਈ 2019

ਐਟਲਾਂਟਿਸ ਬੈਂਕੁਇਟ
1273 N Rand Rd, Arlington Heights, IL 60004

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿਲੋਂ


ਪ੍ਰੋ. ਜੋਗਿੰਦਰ ਸਿੰਘ ਰਮਦੇਵ



ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਬਲਵਿੰਦਰ ਸਿੰਘ ਸੰਧੂ


ਜਗਦੀਸ਼ਰ ਸਿੰਘ ਕਲੇਰ


ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ



ਦਰਸ਼ਨ ਸਿੰਘ ਗਰੇਵਾਲ


ਜੈਦੇਵ ਸਿੰਘ ਭੱਠਲ


ਜੱਸੀ ਗਿੱਲ


ਸਰਵਣ ਸਿੰਘ ਟਿਵਾਣਾ


ਮਨਦੀਪ ਸਿੰਘ ਭੂਰਾ


ਅਯੁਧਿਆ ਸਲਵਾਨ


ਰਘਬੀਰ ਸਿੰਘ ਘੁੰਨ



ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ

## ਸਾਡੇ ਸਥਾਈ ਲੇਖਕ ਤੇ ਕਾਲਮਨਵੀਸ


ਗੁਲਜ਼ਾਰ ਸਿੰਘ ਸੰਧੂ


ਗੁਰਬਚਨ ਸਿੰਘ ਭੁੱਲਰ


ਤਰਲੋਚਨ ਸਿੰਘ ਦੁਪਾਲਪੁਰ


ਡਾ. ਗੁਰਨਾਮ ਕੌਰ


ਬੀਬੀ ਸੁਰਜੀਤ ਕੌਰ


ਡਾ. ਗੁਰਬਖਸ਼ ਸਿੰਘ ਭੰਡਾਲ


ਬਲਜੀਤ ਬਾਸੀ


ਹਰਪਾਲ ਸਿੰਘ ਪੰਨੂ


ਜਤਿੰਦਰ ਪਨੂੰ


ਬੂਟਾ ਸਿੰਘ


ਇਕਬਾਲ ਜੱਬੋਵਾਲ


ਐਸ. ਅਸ਼ੋਕ ਭੌਰਾ

ਪੰਜਾਬ ਟਾਈਮਜ਼

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

Published simultaneously from Chicago, California & New York.

Ph: 847-359-0746

*e-mail: punjabtimes1@sbcglobal.net, website: www.punjabtimesusa.com*